ੴ ਵਾਹਿਗੁਰੂ ਜੀ ਕੀ ਫ਼ਤਹਿ॥

ਖਾਲਿਸਤਾਨ ਦੀ ਲੋੜ ਕਿਉਂ?

ਸਰੂਪ ਸਿੰਘ ਨਾਰੰਗ

Published by:
SIKH EDUCATION COUNCIL U.K.
P.O. BOX. 18, HITCHIN, HERTFORDSHIRE, SG4 9JT U.K.
TEL: 0462 456797, 0582 766447, 081 572 6755

ੴ ਵਾਹਿਗੁਰੂ ਜੀ ਕੀ ਫਤਹਿ॥

ਖਾਲਿਸਤਾਨ ਦੀ ਲੋੜ ਕਿਉਂ?

ਸਰੂਪ ਸਿੰਘ ਨਾਰੰਗ

Published by:
SIKH EDUCATION COUNCIL U.K.
P.O. BOX 18, HITCHIN,
HERTFORDSHIRE, SG4 9JT U.K.

Sponsored by:
GURDWARA SRI GURU SINGH SABHA
HAVELOCK ROAD, SOUTHALL, MIDDX., U.K.

ਪ੍ਰਵੇਸ਼ ਦੁਆਰ

ਉਹ ਛਿਨ ਕਾਲਗਤੀ ਦਾ ਮਹਾਂਛਿਨ ਸੀ ਜਦ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅੰਤਹਕਰਣ ਵਿਚ ਖਾਲਸੇ ਦਾ ਅਤੇ ਖਾਲਸੇ ਦੇ ਦਰ-ਘਰ ਦਾ ਸਰੂਪ ਪ੍ਰਦੀਪਤ ਹੋਇਆ ਸੀ। ਉਨ੍ਹਾਂ ਨੇ ਵਾਹਿਗੁਰੂ ਅੱਗੇ ਪ੍ਰਾਰਥਨਾ ਕੀਤੀ:

ਨੌ ਲਖ ਆਰਾਕੀ ਮਿਲੇਂ, ਮਿਲੇਂ ਸਰਾਇਚ ਲਾਖ!
ਸਵਾ ਲਾਖ ਹਾਥੀ ਮਿਲੇਂ, ਦਿਓ ਪ੍ਰਭੂ ਅਭਿਲਾਖ!!

ਖਾਲਸੇ ਦੇ ਰਾਚਕ ਅਤੇ ਖਾਲਸੇ ਨੇ ਖਾਲਿਸਤਾਨ ਦੀ ਪ੍ਰਾਪਤੀ ਲਈ ਜੋ ਵਿਧੀਆਂ ਵਰਤੀਆਂ ਉਨ੍ਹਾਂ ਦੀ ਝਲਕ ਦਸਮ ਪਾਤਸ਼ਾਹ ਦੇ ਦਰਬਾਰੀ ਕਵੀ ਨੰਦ ਲਾਲ ਦੀ ਮੂਲ ਫ਼ਾਰਸੀ ਰਚਨਾ ਦੇ ਹੇਠਲੇ ਪੰਜਾਬੀ ਅਨੁਵਾਦ ਵਿਚ ਪ੍ਰਾਪਤ ਹੈ:

ਉਜੜੇ ਥੇਹ ਵਸਾਏ ਉਸਨੇ... ਗੌਰਵਗੜ੍ਹ ਰੁਸ਼ਨਾਏ ਉਸਨੇ,
ਦੋਖ-ਭਰਮ ਨਿਪਟਾਏ ਉਸਨੇ... ਵਿਦਿਆ-ਮੰਚ ਸਜਾਏ ਉਸਨੇ...
ਕਾਜ਼ੀ-ਪੰਡਿਤ-ਯੋਗੀ-ਮੁਲਾਂ ਚੋਖੇ ਦੂਰ ਹਟਾਏ ਉਸਨੇ...
ਬੰਧਨਯੁਕਤ ਬੰਦਿਆਂ ਸੰਦੇ ਲੋਹ-ਸਾਂਕਲ ਕਟਵਾਏ ਉਸਨੇ...

ਦਸਮ ਪਾਤਸ਼ਾਹ ਦਾ ਦਰਬਾਰੀ ਕਵੀ ਮੰਗਲ ਲਿਖਦਾ ਹੈ ਕਿ ਆਨੰਦਪੁਰ ਵਿਚ ਨਿੱਤ ਆਨੰਦ ਦਾ ਵਾਜਾ ਵੱਜਦਾ ਸੀ ਅਤੇ ਦਸਮ ਪਿਤਾ ਦੀ ਨੌਬਤ ਦੁੱਜਣਾਂ-ਦੁਸ਼ਮਣਾਂ ਨੂੰ ਰਾਤ ਦਿਨ ਸੌਣ ਨਹੀਂ ਦਿੰਦੀ ਸੀ।

ਅਹਿਮਦ ਸ਼ਾਹ ਬਟਾਲੀਆ ਆਪਣੀ ਪੁਸਤਕ 'ਤਾਰੀਖਿ- ਹਿੰਦ' ਵਿਚ ਲਿਖਦਾ ਹੈ ਕਿ ਰੋਪੜ ਤੋਂ ਉਪਰ ਪਹਾੜ ਦੇ ਨਾਲ ਨਾਲ ਵੀਹ ਕੋਹ ਲੰਮੀ ਪੱਟੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸਲਤਨਤ ਸੀ।

ਸੰਨ 1699 ਦੇ ਵਿਸਾਖੀ ਪੁਰਬ ਤੇ ਖਾਲਸਾ ਸਾਜਣ ਸਮੇਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਲੱਖਾਂ ਦੀ ਗਿਣਤੀ ਵਿਚ ਜੁੜੀ ਸੰਗਤ ਨੂੰ ਜੋ ਭਾਸ਼ਣ ਦਿੱਤਾ ਉਸਦਾ ਸਾਰਬੂਤ ਮੁਸਲਿਮ ਲਿਖਤਾਂ ਵਿਚ ਪ੍ਰਾਪਤ ਹੈ। 'ਤਾਰੀਖਿ-ਪੰਜਾਬ' ਦਾ ਲੇਖਕ ਬੂਟੇ ਸ਼ਾਹ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਸੰਗਤ ਨੂੰ ਕਿਹਾ ਕਿ 'ਦੂਈ-ਦਵੈਤ ਮੇਟ ਦਿਓ; ਬ੍ਰਹਮਾ, ਰਾਮ, ਕ੍ਰਿਸ਼ਨ ਅਤੇ ਹੋਰ ਦੇਵੀ-ਦੇਵਤਿਆਂ ਦੀ ਪੂਜਾ ਤਿਆਗ ਦਿਓ ਅਤੇ ਵੇਦ-ਸ਼ਾਸਤਰ ਅਤੇ ਗੰਗਾ-ਇਸ਼ਨਾਨ ਛੱਡ ਦਿਓ।' ਬੂਟੇ ਸ਼ਾਹ ਲਿਖਦਾ ਹੈ ਕਿ ਸਤਿਗੁਰੂ ਦਾ ਇਹ ਆਦੇਸ਼ ਸੁਣਕੇ ਬ੍ਰਾਹਮਣ, ਵੇਦ-ਪਾਠੀ ਅਤੇ ਸ਼ਾਸਤਰ-ਗਿਆਤਾ ਗੁੱਸੇ ਵਿਚ ਸੰਗਤ ਚੋਂ ਉਠ ਖੜੋਤੇ ਅਤੇ ਘਰਾਂ ਨੂੰ ਤੁਰ ਪਏ। ਉਨ੍ਹਾਂ ਨੇ ਕਿਹਾ ਕਿ ਇਕ ਛੋਕਰੇ ਦੇ ਕਹੇ ਅਸੀਂ ਪੂਰਵਜਾਂ ਦੀ ਮਰਯਾਦਾ ਤਿਆਗਣ ਲਈ ਤਿਆਰ ਨਹੀਂ ਹਾਂ। ਸੋ ਬ੍ਰਾਹਮਣਵਾਦ ਤਾਂ ਖਾਲਸੇ ਦੇ ਜਨਮ ਦਿਨ ਤੇ ਹੀ ਸਿਖੀ ਨਾਲੋਂ ਟੁੱਟ ਚੁੱਕਾ ਸੀ। ਬੂਟੇ ਸ਼ਾਹ ਲਿਖਦਾ ਹੈ ਕਿ ਬ੍ਰਾਹਮਣਾਂ ਦੀ ਹਾਲ-ਦੁਹਾਈ ਦੇ ਬਾਵਜੂਦ ਭੀ ਵੀਹ ਹਜ਼ਾਰ ਖੱਤਰੀ, ਵੈਸ਼ ਤੇ ਸੂਦਰ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ।

ਖਾਲਿਸਤਾਨ ਇਕ ਮਨੋਹਰ ਅਤੇ ਕਲਿਆਣਕਾਰੀ ਸੰਕਲਪ ਦੇ ਰੂਪ ਵਿਚ ਸਿਖ ਜਗਤ ਨੂੰ ਹਰਸ਼ਤ ਕਰਦਾ ਰਿਹਾ ਹੈ। ਖਾਲਿਸਤਾਨ ਦੀ ਸਿਰਜਨਾ ਲਈ ਵਿਚਾਰ ਅਤੇ ਤਲਵਾਰ ਦੋਹਾਂ ਦੀ ਲੋੜ ਹੈ। ਭਾਈ ਨੰਦ ਲਾਲ ਜੀ ਖਾਲਿਸਤਾਨ ਦੀ ਸਿਰਜਣਾ ਦਾ ਹੀਲਾ ਇਨ੍ਹਾਂ ਸ਼ਬਦਾਂ ਵਿਚ ਪਰਗਟ ਕਰ ਗਏ ਹਨ:

ਸਵਾ ਲਾਖ ਜਬ ਧੁਖੈ ਪਲੀਤਾ,
ਤਬੈ ਖਾਲਸੇ ਉਦੈ ਅਸਤ ਲੌ ਜੀਤਾ!

ਦਸਮ ਪਾਤਸ਼ਾਹ ਨੇ ਸੰਨ 1699 ਵਿਚ ਜੋ ਸਾਰ-ਉਪਦੇਸ਼ ਸੰਗਤ ਨੂੰ ਦਿੱਤਾ ਸੀ, ਉਹ ਖਾਲਸੇ ਦਾ ਬੀਜ-ਰੂਪ ਵਿਧਾਨ ਹੈ। ਖਾਲਸਾ ਸ਼ਾਸਤਰ ਤੇ ਸ਼ਸਤਰ ਦੇ ਸੰਗਮ ਚੋਂ ਉਪਜਿਆ ਸੀ ਅਤੇ ਸ਼ਾਸਤਰ-ਸ਼ਸਤਰ ਹੀ ਉਸਦੀ ਸਾਰਥਕ ਰਾਸ਼ੀ ਹੈ। ਖਾਲਿਸਤਾਨ ਦੀ ਪ੍ਰਾਪਤੀ ਲਈ ਕੁਰਬਾਨੀ ਦੀ ਲੋੜ ਹੈ, ਬਹਾਦਰੀ ਦੀ ਲੋੜ ਹੈ ਅਤੇ ਸਹਿਜ-ਸਿਆਣਪ ਦੀ ਲੋੜ ਹੈ:

ਜਬੈ ਖਾਲਸਾ ਧਰਮੈ ਹੋਈ, ਪ੍ਰਿਥਮੈ ਦੁਖ ਪੇਖੈਗਾ ਸੋਈ!
ਪੁਨ ਜਬ ਰਾਜ ਦਿਲੀ ਪਰ ਕਰਹੈਂ, ਪਾਵੈਂ ਸੁਖ, ਅਕਾਲ ਸਿਮਰ ਹੈਂ!

ਖਾਲਿਸਤਾਨ ਸੰਘਰਸ਼ ਨੂੰ ਫਲੀਭੂਤ ਕਰਨ ਲਈ ਵਿਦਵਾਨਾਂ ਅਤੇ ਖਾੜਕੂਆਂ ਦੀ ਪਰਸਪਰ ਇਕਸੁਰਤਾ ਦੀ ਲੋੜ ਹੈ।

ਸਰਦਾਰ ਸਰੂਪ ਸਿੰਘ ਨਾਰੰਗ ਜੀ ਨੇ ਆਪਣੀ ਪੁਸਤਕ 'ਖਾਲਿਸਤਾਨ ਦੀ ਲੋੜ ਕਿਉਂ?' ਦੁਆਰਾ ਖਾਲਿਸਤਾਨ ਲਹਿਰ ਦੀ ਸਾਹਿਤਿਕ ਕਿਆਰੀ ਵਿਚ ਮਹੱਤਵਪੂਰਣ ਯੋਗਦਾਨ ਪਾਇਆ ਹੈ। ਆਸ ਹੈ ਕਿ ਰਣ-ਭੂਮੀ ਵਿਚ ਜੋਹਰ ਵਿਖਾ ਰਹੇ ਸਾਡੇ ਨਿੱਕੇ-ਵੱਡੇ ਵੀਰ ਤੇ ਭੈਣਾਂ ਨਾਰੰਗ ਸਾਹਿਬ ਦੀ ਕਲਮੀ ਕਿਰਤ ਦੀ ਸਯੋਗ ਵਰਤੋਂ ਦੁਆਰਾ ਖਾਲਿਸਤਾਨ ਯੋਜਨਾ ਨੂੰ ਸੰਤੁਲਨ ਪ੍ਰਦਾਨ ਕਰਦੇ ਹੋਏ ਅਰਦਾਸ-ਹੁਲਾਸ ਅਤੇ ਭਾਵਨਾ-ਵਿਸ਼ਵਾਸ ਦੇ ਅੰਤਰਗਤ ਨਿਰੰਤਰ ਅੱਗੇ ਵਧਦੇ ਰਹਿਣਗੇ।

ਸਰਦਾਰ ਸਰੂਪ ਸਿੰਘ ਨਾਰੰਗ ਨੇ 'ਖਾਲਿਸਤਾਨ ਦੀ ਲੋੜ ਕਿਉਂ?' ਲਿਖਕੇ ਪੰਥ ਦੇ ਬੁੱਕ-ਸ਼ੈਲਫ ਤੇ ਭਾਈ ਕਾਨ੍ਹ ਸਿੰਘ ਨਾਭਾ ਲਿਖਿਤ 'ਹਮ ਹਿੰਦੂ ਨਹੀਂ' ਅਤੇ ਸਰਦਾਰ ਕਪੂਰ ਸਿੰਘ ਆਈ. ਸੀ. ਐੱਸ ਲਿਖਿਤ 'ਪਰਾਸ਼ਰ-ਪ੍ਰਸ਼ਨ' ਅਤੇ 'ਸਾਚੀ ਸਾਖੀ' ਜਿਸ ਕਤਾਰ ਵਿਚ ਸੁਸੱਜਤ ਸਨ ਉਸ ਵਿਚ ਇਕ ਨਵੇਂ ਕੀਮਤੀ ਨਗ ਦਾ ਵਾਧਾ ਕੀਤਾ ਹੈ।

ਸੱਚੇ ਪਾਤਸ਼ਾਹ ਅੱਗੇ ਅਰਦਾਸ ਹੈ ਕਿ ਪੰਥ-ਦਰਦੀ, ਗੁਰੂ-ਪਿਆਰੇ, ਸੁਹਿਰਦ ਮਿੱਤਰ ਸਰਦਾਰ ਸਰੂਪ ਸਿੰਘ ਨਾਰੰਗ ਦੀ ਕਲਮ ਖਾਲਿਸਤਾਨ ਸੰਘਰਸ਼ ਵਿਚ ਨਿਰੰਤਰ ਯੋਗਦਾਨ ਪਾਉਂਦੀ ਰਹੇ!

ਅਜੀਤ ਸਿੰਘ ਬਾਘਾ

ਸਿਖ ਐਜੂਕੇਸ਼ਨ ਕੌਂਸਲ ਵਲੋਂ ਕੁਝ ਸ਼ਬਦ

ਸੂਝਵਾਨ ਅਤੇ ਸ਼ਰਧਾਵਾਨ ਸੱਜਣ ਜਾਣਦੇ ਹਨ ਕਿ ਸਿਖੀ ਸ਼ਬਦ-ਵਿਚਾਰ ਅਤੇ ਸ਼ੁੱਧ-ਵਿਹਾਰ ਦਾ ਸੰਗਮ ਹੈ।

ਸਿਖੀ ਭ੍ਰਮਰ-ਗੁੰਜਾਰ ਅਤੇ ਸਿੰਘ-ਭਬਕਾਰ ਦਾ ਸਮਿਸ਼ਰਣ ਹੈ।

ਸਿਖੀ ਪਵਿੱਤਰਤਾ ਅਤੇ ਸੁੰਦਰਤਾ ਦੀ ਅਭੇਦਤਾ ਹੈ। ਸਿਖੀ ਇਸ ਲਈ ਅਲੂਣੀ ਸਿਲ ਹੈ ਕਿਉਂਕਿ ਦੁਨੀਆ ਸੁੱਚ-ਸੰਜਮ ਵਿਚ ਪ੍ਰਾਪਤ ਅਦ੍ਰਿਸ਼ਟ ਮਿਠਾਸ ਨੂੰ ਪਛਾਨਣ ਤੋਂ ਮਜਬੂਰ ਹੈ। ਦੁਨੀਆਂ ਸੁੱਚ-ਸੰਜਮ ਤੋਂ ਭੱਜਦੀ ਹੈ ਅਤੇ ਮਨਮੋਹਣੀਆਂ ਸੂਰਤਾਂ ਵੱਲ ਖਿਚੀ ਤੁਰੀ ਆਉਂਦੀ ਹੈ; ਪਰ ਭਗਤ ਜਨ ਓਥੇ ਵਿਚਰਨਾ ਲੋਚਦੇ ਹਨ ਜਿਥੇ ਸਹਜ ਅਤੇ ਸੂਹਜ ਇਕ ਦੂਜੇ ਵਿਚ ਸਮਾਵੇਸ਼ ਕਰਦੇ ਹਨ। ਓਥੇ ਸਮਦਰਸ਼ੀਆਂ ਦਾ ਪਹਿਰਾ ਹੈ, ਓਥੇ ਆਪਾ ਪਛਾਣ ਚੁੱਕੀਆਂ ਰੂਹਾਂ ਦਾ ਡੇਰਾ ਹੈ।

'ਅਤ੍ਰਿ ਸਿਮ੍ਰਿਤਿ' ਵਿਚ ਫੈਸਲਾ ਦਰਜ ਹੈ ਕਿ ਜੋ ਪ੍ਰਾਣੀ ਵੇਦ ਅਤੇ ਸਿਮ੍ਰਿਤੀ ਦਾ ਗਿਆਤਾ ਹੈ ਉਹ ਸੁਜਾਖਾ ਹੈ, ਜਿਸਨੂੰ ਵੇਦ ਦਾ ਗਿਆਨ ਨਹੀਂ ਉਹ ਕਾਣਾ ਹੈ, ਜੋ ਵੇਦ ਤੋਂ ਵਿਪ੍ਰੀਤ ਅਤੇ ਵਿਧਾਨ ਤੋਂ ਅਤੀਤ ਹੈ ਉਹ ਅੰਨ੍ਹਾ ਹੈ।

'ਅਤ੍ਰਿ ਸਿਮ੍ਰਿਤਿ' ਦੇ ਉਪਰੋਕਤ ਫੈਸਲੇ ਨਾਲ ਇਕਸੁਰ ਹੁੰਦੇ ਹੋਏ ਭਗਤ ਨਾਮਦੇਵ ਜੀ ਗੁਰੂ ਗ੍ਰੰਥ ਸਾਹਿਬ ਵਿਚ ਸੁਰਖਸ਼ਤ ਬਾਣੀ ਵਿਚ ਹਿੰਦੂ ਨੂੰ ਅੰਨ੍ਹਾ ਉਪਾਧੀ ਪ੍ਰਦਾਨ ਕਰਦੇ ਹਨ। ਇਸ ਬਚਨ ਦਾ ਅਰਥ ਭਾਵ ਇਹ ਹੈ ਕਿ ਹਿੰਦੂਆਂ ਨੇ ਧਰਮ ਅਤੇ ਨੀਤੀ ਰੂਪ ਦੋਵੇਂ ਨੇਤਰ ਗੰਵਾ ਲਏ ਹਨ। ਭਗਤ ਜੀ ਦੇ ਕਥਨ ਤੋਂ ਪਰਗਟ ਹੈ ਕਿ ਉਨ੍ਹਾਂ ਦੇ ਸਮੇਂ ਨੀਤੀ ਧਰਮ-ਸੰਯੁਗਤ ਨਹੀਂ ਸੀ। ਅਧਰਮ-ਸੰਯੁਗਤ ਨੀਤੀ ਨੂੰ ਧਰਮ-ਸੰਯੁਗਤ ਕਰਨਾ ਸਿਖ ਗੁਰੂ ਸਾਹਿਬਾਨ ਦੇ ਮਨੋਹਰ ਅਤੇ ਕਲਿਆਣਕਾਰੀ ਮੰਤਵ ਦੇ ਰੂਪ ਵਿਚ ਅਤੇ ਉਨ੍ਹਾਂ ਦੇ ਸਕ੍ਰਿਆਤਮਿਕ ਅਭਿਨੈ ਦੇ ਰੂਪ ਵਿਚ ਸਿਖੀ ਗੁਲਦਸਤਾ ਹਿੰਦੂਆਂ, ਮੁਸਲਮਾਨਾਂ ਅਤੇ ਹੋਰ ਕੌਮਾਂ ਲਈ ਪਿਛਲੇ ਪੰਜ ਸੌ ਵਰ੍ਹਿਆਂ ਵਿਚ ਸੰਸਾਰ ਨੂੰ ਮਿਠੀ ਮਹਿਕ ਵੰਡਦਾ ਆ ਰਿਹਾ ਹੈ। ਪਰ ਪ੍ਰੋਹਿਤਵਾਦ ਨੂੰ ਗੁਰੂ-ਭਗਤਾਂ ਦੀ ਇਹ ਰੀਤੀ ਪਸੰਦ ਨਹੀਂ ਆਈ। ਸਿਖ ਸਮਾਜ ਸਰਬ-ਜਮਾਤੀ ਸਮਾਜ ਹੈ, ਬ੍ਰਾਹਮਣ ਸਮਾਜ ਹਉਮੈ-ਗ੍ਰਸਤ ਸਮਾਜ ਹੈ। ਸਿਖ ਪੰਥ ਅਤੇ ਬ੍ਰਾਹਮਣ ਸਮਾਜ ਦਾ ਝਗੜਾ ਇਕ ਲੰਮਾ ਝਗੜਾ ਹੈ। ਬ੍ਰਾਹਮਣ ਸਮਾਜ ਸ਼੍ਰੇਣੀਬੱਧ ਅਤੇ ਜਾਤੀਬੱਧ ਸਮਾਜ ਹੈ। ਸਿਖ ਸਮਾਜ ਸ਼੍ਰੇਣੀਹੀਨ ਅਤੇ ਜਾਤੀਹੀਨ ਸਮਾਜ ਹੈ। ਦੇਵਤੇ ਅਤੇ ਰਾਕਸ਼ਸ ਅਨੰਤ ਕਾਲ ਤੋਂ ਇਕ ਦੂਜੇ ਨਾਲ ਯੁੱਧ ਕਰਦੇ ਆ ਰਹੇ ਹਨ। ਪਿਛਲੇ ਬਾਰਾਂ ਵਰ੍ਹਿਆਂ ਵਿਚ ਹਿੰਦੁਸਤਾਨ ਵਿਚ ਹੋ ਰਹੇ ਉਪਰੋਕਤ ਦੰਗਲ ਦੀਆਂ ਅਜੋਕੀਆਂ ਝਾਕੀਆਂ ਦੁਨੀਆਂ ਦੇਖ ਚੁੱਕੀ ਹੈ।

ਜੂਨ 1984 ਵਿਚ ਜੰਗ ਨੇ ਨਵੀਂ ਕਰਵਟ ਬਦਲੀ ਹੈ। ਨੌਵੇਂ ਪਾਤਸ਼ਾਹ ਨੇ ਜਰਵਾਣਿਆਂ ਦੇ ਪੈਰਾਂ

ਹੇਠ ਕੁਚਲੇ ਜਾ ਰਹੇ ਨਿਤਾਣਿਆਂ ਦੀ ਬਾਂਹ ਪਕੜੀ ਸੀ:

ਬਾਂਹ ਜਿਨ੍ਹਾਂ ਦੀ ਪਕੜੀਐ, ਸਿਰ ਦੀਜੈ ਬਾਂਹ ਨ ਛੋੜੀਐ।

ਸੰਨ 1763 ਵਿਚ ਸ੍ਰੀ ਅਕਾਲ ਤਖਤ ਦੇ ਸਾਹਮਣੇ ਸਰਬਤ ਖਾਲਸੇ ਨੇ ਗਰਮਤਾ ਕੀਤਾ ਸੀ ਕਿ ਲੰਗਰ ਪਿੱਛੋਂ ਛਕਾਂਗੇ, ਪਹਿਲੇ ਕਸੂਰੀਏ ਕਸੂਰਵਾਰ ਦੀ ਕੈਦ ਚੋਂ ਗਰੀਬ ਦੀ ਜੋਰੂ ਛੁਡਾਵਾਂਗੇ। ਇਹ ਸਭ ਕੁਝ ਹੋਇਆ ਪਰ ਸੰਨ 1947 ਵਿਚ ਜਦ ਬ੍ਰਾਹਮਣ ਵਰਗ ਦੇ ਹੱਥ ਰਾਜ-ਸੱਤਾ ਆਈ ਤਾਂ ਉਸਨੇ ਆਪਣੇ ਅੰਦਰ ਚਿਰੋਕਣੀ ਧੁਖ ਰਹੀ ਈਰਖਾ-ਅਗਨੀ ਨੂੰ ਪ੍ਰਚੰਡ ਭਾਂਬੜ ਵਿਚ ਬਦਲਨ ਦੀਆਂ ਤਿਆਰੀਆਂ ਆਰੰਭੀਆਂ ਅਤੇ ਆਪਣੇ ਹੱਥੀਂ ਸਿਰਜੇ ਹਵਨ-ਕੁੰਡ ਵਿਚ ਆਪਣੇ ਸਾਬਕਾ ਰਕਸ਼ਕਾਂ ਦਾ ਭਖਸ਼ਣ ਸ਼ੁਰੂ ਕੀਤਾ।

ਧਰਮਹੀਨ ਬ੍ਰਾਹਮਣ ਸਮਾਜ ਨੇ ਸਿਖ ਧਰਮ-ਧਾਮ ਦੀ ਮਰਯਾਦਾ ਭ੍ਰਸ਼ਟ ਕੀਤੀ। ਪਰਮ-ਪਾਵਨ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਗੁਰੂ-ਜਸ ਗਾਇਨ ਕਰਦੀਆਂ ਮਾਈਆਂ, ਬੀਬੀਆਂ, ਬੱਚੀਆਂ 'ਤੇ ਵਾਰ ਕੀਤੇ ਅਤੇ ਸੜਕਾਂ, ਚੌਕਾਂ ਤੇ ਵਿਚਰਦੇ ਸਿੱਖ ਜੁਆਨਾਂ ਤੇ ਬਜ਼ੁਰਗਾਂ ਨੂੰ ਸਰੀਏ ਦੀਆਂ ਨੋਕਾਂ ਵਿਚ ਪਰੋਇਆ।

ਉਪਰੋਕਤ ਸੰਦਰਭ ਦੀ ਕੁਛ ਕੁ ਛਾਣਬੀਣ ਗੁਰੂ-ਪਿਆਰੇ ਸਰੂਪ ਸਿੰਘ ਨਾਰੰਗ ਜੀ ਨੇ ਆਪਣੀ ਪੁਸਤਕ 'ਖਾਲਿਸਤਾਨ ਦੀ ਲੋੜ ਕਿਉਂ?' ਵਿਚ ਅੱਖਰਬੱਧ ਕਰਕੇ ਇਕ ਚਿਰ ਤੋਂ ਮਹਿਸੂਸ ਹੋ ਰਹੀ ਘਾਟ ਪੂਰੀ ਕੀਤੀ ਹੈ।

ਕਲਗੀਧਰ ਪਾਤਸ਼ਾਹ ਨੇ ਖਾਲਸਾ ਕੌਮ ਨੂੰ ਸਿਆਣਪ ਅਤੇ ਬਹਾਦਰੀ ਦਾ ਸੰਪੂਰਣ ਸੰਤੁਲਣ ਪ੍ਰਦਾਨ ਕੀਤਾ ਸੀ। ਗੁਰੂ ਸਾਹਿਬ ਨੇ ਪੰਥ ਨੂੰ ਪਵਿੱਤਰ ਜੁਝਾਰਵਾਦ ਬਖਸਿਆ ਸੀ। ਲੇਕਨ ਇਹ ਭੀ ਸੱਚ ਹੈ ਕਿ ਜੋ ਮਾਰਗ ਸਾਨੂੰ ਸਤਿਗੁਰੂਆਂ ਤੋਂ ਮਿਲਿਆ ਸੀ ਅਸੀਂ ਦੇਸ਼ਕਾਲ ਦੀਆਂ ਪ੍ਰਸਥਿਤੀਆਂ ਦੇ ਅੰਤਰਗਤ ਉਸਤੋਂ ਮੁੜ ਮੁੜ ਉਖੜਦੇ ਰਹੇ ਹਾਂ ਸਾਨੂੰ ਸਾਡੀ ਸੁਗਿਆਨ ਰਾਸ਼ੀ ਜੁੱਧ-ਭੂਮੀ ਵਿਚ ਆਪਣੇ ਸਭਿਆਚਾਰ ਦੀ ਰਾਖੀ ਕਰਦੇ ਸੁਹਿਰਦ ਸੁਦ੍ਰਿੜ ਖਾੜਕੂਆਂ ਵਿਚ ਜਿੰਨੀ ਮਾਤਰਾ ਵਿਚ ਵੰਡਣ ਦੀ ਲੋੜ ਸੀ ਸਾਡੇ ਵਿਦਵਾਨ ਉਸ ਟੀਚੇ ਤੱਕ ਆਪਣਾ ਫਰਜ਼ ਨਹੀਂ ਨਿਭਾ ਸਕੇ। ਵਿਦਵਾਨ ਥੋੜਾ-ਬਹੁਤ ਉਦਮ ਤਾਂ ਕਰਦੇ ਰਹੇ ਹਨ ਪਰ ਉਨ੍ਹਾਂ ਤੋਂ ਪ੍ਰਾਪਤ ਹੋਈ ਸੇਧ ਸਥਾਨਕ ਆਰਜ਼ੀ ਅਭਿਨੈ ਤੋਂ ਬਹੁਤ ਅੱਗੇ ਨਹੀਂ ਵਧ ਸਕੀ।

ਜੁਝਾਰੂ ਗਰੁੱਪਾਂ ਦੀ ਏਕਤਾ, ਜੁਝਾਰੂਆਂ ਦੇ ਦਿਲ-ਦਿਮਾਗ ਨੂੰ ਹਿਲੂਣਨ ਵਾਲੇ ਲੁੜੀਂਦੇ ਸੇਧ-ਸੁਨੇਹੇ ਅਸੀਂ ਉਨ੍ਹਾਂ ਨੂੰ ਪੂਰੀ ਮਾਤਰਾ ਵਿਚ ਪੁਜਦੇ ਨਹੀਂ ਕਰ ਸਕੇ। ਜੇ ਅਸੀਂ ਖਾੜਕੂ ਵੀਰਾਂ ਨੂੰ ਸੰਨ 1849 ਤੋਂ ਬਾਅਦ ਵਾਰ ਵਾਰ ਲਾਏ ਸਾਡੇ ਮੋਰਚਿਆਂ ਵਿਚ ਸਾਥੋਂ ਹੋਈਆਂ ਉਕਾਈਆਂ ਦੱਸਦੇ ਰਹਾਂਗੇ ਤਾਂ ਹੀ ਸਾਡੀ ਪ੍ਰੋਹਿਤਵਾਦ ਨਾਲ ਹੋ ਰਹੀ ਲੰਮੀ ਲੜਾਈ ਨੂੰ ਅਸੀਂ ਥੋੜ੍ਹੇ ਸਮੇ ਵਿਚ ਵੱਡੀ ਜਿੱਤ ਦਾ ਰੂਪ ਦੇ ਸਕਾਂਗੇ।

ਸਿੱਖ ਐਜੂਕੇਸ਼ਨ ਕੌਂਸਲ ਯੂ. ਕੇ. ਸ: ਸਰੂਪ ਸਿੰਘ ਜੀ ਵਲੋਂ ਤਿਆਰ ਹੋਈ 'ਖਾਲਿਸਤਾਨ ਦੀ ਲੋੜ ਕਿਉਂ?' ਨਾਮਕ ਪੁਸਤਕ ਦੇ ਰੂਪ ਵਿਚ ਉਨ੍ਹਾਂ ਦੀ ਗੌਰਵਮਈ ਪ੍ਰਾਪਤੀ ਦੀ ਉਨ੍ਹਾਂ ਨੂੰ ਵਧਾਈ ਦਿੰਦੀ ਹੋਈ ਏਥੇ ਪਾਠਕਾਂ ਨਾਲ ਕੁਛ ਬਚਨ ਕਰਨਾ ਚਾਹੁੰਦੀ ਹੈ।

ਸਿੱਖ ਐਜੂਕੇਸ਼ਨ ਕੌਂਸਲ ਦੀਆਂ ਪ੍ਰਸਤਾਵਤ ਗਤੀਵਿਧੀਆਂ ਦਾ ਮੁੱਖ ਉਦੇਸ਼ ਸਿਖ ਕੌਮ ਵਿਚ ਕਿਸੇ ਹੱਦ ਤੱਕ ਉਖੜ ਚੁੱਕਿਆ ਬੀਰਤਾ ਅਤੇ ਵਿਦਵਤਾ ਦਾ ਤਵਾਜ਼ਨ ਬਹਾਲ ਕਰਨਾ ਹੈ।

ਇਸ ਮਨੋਰਥ ਦੀ ਸਾਕਾਰਤਾ ਲਈ ਸਿਖ ਐਜੂਕੇਸ਼ਨ ਕੌਂਸਲ ਇੰਟਰਫੇਥ ਸਮਾਗਮਾਂ ਵਿਚ ਸਿਖ ਸੰਦੇਸ਼ ਅਪੜਾਉਣ ਲਈ, ਸਿਖ ਸਟੱਡੀ ਸਰਕਲ ਅਤੇ ਕੈਂਪ ਆਯੋਜਤ ਕਰਨ ਲਈ ਅਤੇ ਗੁੱਟ-ਨਿਰਲੇਪ ਰੂਪ ਵਿਚ ਸਿਖ ਸਾਹਿਤ ਉਸਾਰਨ ਅਤੇ ਪਰਚਾਰਨ ਲਈ, ਦੁਰੇਡੇ ਅਜਾਇਬ-ਘਰਾਂ ਅਤੇ ਪੁਸਤਕਾਲਿਆਂ ਦੇ ਤਹਿਖਾਨਿਆਂ ਵਿਚ ਲੁਕੀ ਸਿਖ ਇਤਿਹਾਸ ਨਾਲ ਸੰਬੰਧਤ ਸਮੱਗਰੀ ਸੰਗ੍ਰਹੀਤ ਅਤੇ ਸੰਚਿਤ ਕਰਨ ਲਈ ਪੰਥਕ ਸਹਿਯੋਗ ਦੇ ਅੰਤਰਗਤ ਸੰਭਵ ਹੀਲੇ ਤਲਾਸ਼ ਕਰ ਰਹੀ ਹੈ।

ਸਿਖ ਐਜੂਕੇਸ਼ਨ ਕੌਂਸਲ ਯੂ. ਕੇ. ਬਰਤਾਨੀਆ ਦੀ ਕਿਸੇ ਯੂਨੀਵਰਸਿਟੀ ਵਿਚ ਗੁਰੂ ਨਾਨਕ ਚੇਅਰ ਅਤੇ ਭਾਈ ਵੀਰ ਸਿੰਘ ਚੇਅਰ ਅਸਥਾਪਤ ਕਰਨ ਲਈ ਚੋਖੇ ਚਿਰ ਤੋਂ ਪ੍ਰਯਤਨਸ਼ੀਲ ਹੈ।

ਸਿਖ ਐਜੂਕੇਸ਼ਨ ਕੌਂਸਲ ਯੂ. ਕੇ. ਆਪਣੀ 'ਸਿਖ ਸੁਨੇਹਾ' ਨਾਮਕ ਪਤ੍ਰਿਕਾ ਦੁਆਰਾ ਸਿਖ ਨੌਜੁਆਨਾਂ ਨੂੰ ਸਿਖ ਕਦਰਾਂ-ਕੀਮਤਾਂ ਦੀ ਭਰਪੂਰ ਜਾਣਕਾਰੀ ਦੇਣ ਲਈ ਭੀ ਆਸ਼ਾਬੱਧ ਹੈ।

ਕੌਂਸਲ ਵਲੋਂ ਨਿਕਟ ਭਵਿੱਖ ਵਿਚ ਛਪ ਰਹੀਆਂ ਪੁਸਤਕਾਂ ਵਿਚ ਸ: ਅਜੀਤ ਸਿੰਘ ਬਾਘਾ ਲਿਖਿਤ ਅੰਗਰੇਜ਼ੀ ਪੁਸਤਕ The Form and Analysis of Sikh Dynamism ਸ਼ਾਮਿਲ ਹੈ। ਅਸੀਂ ਇਕ ਹੋਰ ਅੰਗਰੇਜ਼ੀ ਪੁਸਤਕ ਤਿਆਰ ਕਰਵਾ ਰਹੇ ਹਾਂ ਜਿਸਦਾ ਨਾਂ ਹੈ Salient Features of Sikhism ਹੈ। ਆਸ ਹੈ ਕਿ ਸਾਡੀਆਂ ਪ੍ਰਯੋਜਤ ਸਿਖ ਸਾਹਿਤ ਨਾਲ ਸੰਬੰਧਤ ਛਪ ਰਹੀਆਂ ਪੁਸਤਕਾਂ ਅਤੇ ਅਜਾਇਬ ਘਰਾਂ ਚੋਂ ਪ੍ਰਾਪਤ ਹੋ ਰਹੀਆਂ ਸਿਖ ਐਜੂਕੇਸ਼ਨ ਕੌਂਸਲ ਨਾਲ ਸੁਯੁਗਤ ਵਿਦਵਾਨਾਂ ਦੀਆਂ ਲਭਤਾਂ ਸਿਖ ਸੰਗਤ ਨੂੰ ਭਰਪੂਰ ਖੁਸ਼ੀ ਪ੍ਰਦਾਨ ਕਰਨਗੀਆਂ। ਸਾਡਾ ਪੈਂਡਾ ਔਖਾ ਹੈ ਪਰ ਸੰਗਤ ਦੇ ਸਹਿਯੋਗ ਤੇ ਆਸ਼੍ਰਤ ਅਸੀਂ ਤੇਜ਼ ਪੁਲਾਂਘਾਂ ਪੁੱਟਣ ਦੇ ਚਾਹਵਾਨ ਹਾਂ। ਸਿਖ ਲੋਚਾ ਦੀ ਸਾਕਾਰਤਾ ਸਾਡਾ ਮਿਸ਼ਨ ਹੈ। ਅਰਦਾਸ ਅਤੇ ਵਿਸ਼ਵਾਸ ਸਾਡੀ ਯਾਚਨਾ ਦੇ ਪਹੀਏ ਹਨ: ਸਾਧ ਸੰਗਤ ਦੀ ਸੁਹਿਰਦਤਾ-ਉਦਾਰਤਾ ਸਾਡੀ ਮੂਲ ਰਾਸ਼ੀ ਹੈ।

ਇਹ ਹੈ ਸਾਡੀਆਂ ਸੱਧਰਾਂ ਆਸ਼ਾਵਾਂ ਦਾ ਚਿੱਤਰ: ਇਹ ਹੈ ਸਾਡੀ ਤ੍ਰਿਸ਼ਨਾ-ਵੇਦਨਾ ਦਾ ਪਸਾਰ: ਇਹ ਹਨ ਸਾਡੇ ਹਾਵ-ਭਾਵ ਅਤੇ ਇਹ ਹਨ ਸਾਡੇ ਜ਼ਖਮੀ ਹੀਲੇ ਅਤੇ ਗਿੱਲੇ ਤੀਲੇ!

ਡਾ: ਪਰਗਟ ਸਿੰਘ

ਲੇਖਕ ਵਲੋਂ ਮੁਢਲੇ ਕੁਝ ਸ਼ਬਦ

ਜਿਸ ਕੌਮ ਕੋਲ ਆਪਣਾ ਸ਼ਾਨਦਾਰ ਇਤਿਹਾਸ ਹੋਵੇ, ਸ਼ਾਨਦਾਰ ਹੀ ਰਵਾਇਤਾਂ ਹੋਣ, ਨਵੇਕਲੀ ਤੇ ਵਿਗਿਆਨਕ ਅਧਿਆਤਮਕ ਜੀਵਨ ਫਿਲਾਸਫੀ ਹੋਵੇ, ਆਪਣੀ ਬੋਲੀ ਹੋਵੇ, ਆਪਣਾ ਸਭਿਆਚਾਰ ਹੋਵੇ ਅਤੇ ਆਪਣਾ ਇਲਾਕਾ ਹੋਵੇ ਪਰ ਆਪਣਾ ਘਰ ਨਾ ਹੋਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਕੌਮ ਨੂੰ ਕੋਈ ਘੁਣ ਲਗ ਚੁੱਕਾ ਹੈ।

ਇਥੇ ਇਹ ਵੀ ਸੁਆਲ ਉੱਠਦਾ ਹੈ ਕਿ ਇਤਨੇ ਵਿਸ਼ੇਸ਼ ਗੁਣਾਂ ਵਾਲੀ ਸਿਖ ਕੌਮ ਆਪਣੇ ਆਪ ਨੂੰ ਸੰਸਾਰ ਮੰਚ ਤੇ ਦ੍ਰਿਸ਼ਟਮਾਨ ਕਰਨ ਵਿਚ ਕਿਉਂ ਪਛੜ ਗਈ ਅਤੇ ਸੰਸਾਰ-ਬਰਾਦਰੀ ਅਜੇਹੀ ਪ੍ਰਸਿਧ ਕੌਮ ਨੂੰ ਅੱਤਵਾਦੀ ਅਤੇ ਵੱਖਵਾਦੀ ਦੀਆਂ ਐਨਕਾਂ ਨਾਲ ਕਿਉਂ ਵੇਖਣ ਲਗ ਪਈ ਹੈ?

ਮੁੜ੍ਹਕੋ ਮੁੜ੍ਹਕਾ ਹੋ ਕੇ ਸਿਖ ਕੌਮ ਨੇ, ਠੂਠੇ ਅੱਡ ਕੇ ਮੰਗਣ ਵਾਲੇ ਭੁੱਖੇ ਭਾਰਤ ਦਾ ਢਿੱਡ ਭਰਿਆ, ਅਰਬਾਂ ਰੁਪੈ ਦੀ ਵਿਦੇਸ਼ੀ ਕਰੰਸੀ ਬਚਾਈ, ਕਰੋੜਾਂ ਪੌਂਡ ਵਿਦੇਸ਼ਾਂ ਤੋਂ ਕਮਾਕੇ ਇਸਦੇ ਖਜ਼ਾਨੇ ਭਰੇ, ਪਾਕਿਸਤਾਨ ਨਾਲ ਲੜ ਕੇ ਤਿੰਨ ਲੜਾਈਆਂ ਜਿੱਤ ਕੇ ਦਿੱਤੀਆਂ — ਨਹੀਂ ਤਾਂ ਕਸ਼ਮੀਰ ਕਦੋਂ ਦਾ ਆਜ਼ਾਦ ਹੋ ਗਿਆ ਹੁੰਦਾ ਪਰ ਜਿਨ੍ਹਾਂ ਭੁਖਿਆਂ ਦਾ ਢਿਡ ਭਰਿਆ ਉਨ੍ਹਾਂ ਹੀ ਅਕ੍ਰਿਤਘਣਾਂ ਨੇ ਫੌਜਾਂ ਚਾੜ੍ਹ ਕੇ ਸਾਡੇ ਅਕਾਲ ਤਖਤ ਸਾਹਿਬ ਨੂੰ ਆ ਢਾਹਿਆ। ਦੇਸ਼ ਤੇ ਵਿਦੇਸ਼ ਵਿਚ ਸਾਨੂੰ ਅੱਤਵਾਦੀ ਤੇ ਵੱਖਵਾਦੀ ਕਹਿ ਕੇ ਭੰਡਿਆ। ਸਾਡਾ ਕਤਲਾਮ ਕਰਵਾਇਆ।

ਹੁਣ ਸੁਆਲ ਉਠਦਾ ਹੈ ਕਿ ਕੀ ਅਜ਼ਮਾਏ ਹੋਏ ਅਕ੍ਰਿਤਘਣ ਹਿੰਦੂ ਸਾਮਰਾਜ ਨੂੰ ਮੁੜ ਅਜ਼ਮਾਉਣ ਦੀ ਗਲਤੀ ਕਰਨੀ ਹੈ? ਕੀ ਡੰਗ ਮਾਰਨ ਵਾਲੇ ਸੱਪਾਂ ਨੂੰ ਅਜੇ ਵੀ ਦੁੱਧ ਪਿਆਈ ਜਾਣਾ ਹੈ? ਕੀ ਖਾਲਿਸਤਾਨ ਇਕ ਵਖਰਾ ਮੁਲਕ ਬਣਨ ਦੇ ਯੋਗ ਹੈ?

ਕੀ 'ਸਰਬਤ ਦਾ ਭਲਾ' ਮੰਗਣ ਵਾਲੀ ਸਿਖ ਕੌਮ ਨੂੰ ਮੂੰਹ ਵਿਚ ਰਾਮ ਰਾਮ ਤੇ ਬਗਲ ਵਿਚੋਂ ਛੁਰੀ ਕਢਕੇ ਮਾਰ ਦੇਣ ਵਾਲੀ ਕਸਾਈ ਕੌਮ ਤੋਂ ਚੰਗਿਆਈ ਦੀ ਆਸ ਰਖਣੀ ਚਾਹੀਦੀ ਹੈ?

ਇਸ ਪੁਸਤਕ ਵਿਚ ਅਜੇਹੇ ਬਹੁਤ ਸਾਰੇ ਸੁਆਲਾਂ ਦਾ ਜਵਾਬ ਦੇਣ ਦਾ ਇਕ ਨਿੱਕਾ-ਨਿਮਾਣਾ ਯਤਨ ਹੈ ਜੋ ਗੁਰੂ ਦੀ ਕਿਰਪਾ ਦੁਆਰਾ ਆਪਣੀ ਤੁੱਛ ਬੁਧੀ ਅਨੁਸਾਰ ਦੇਣ ਦੀ ਕੋਸ਼ਿਸ਼ ਹੈ।

ਮੈਂ ਇਥੇ ਇਹ ਸਪਸ਼ਟ ਕਰ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਮੈਂ ਕਿਸੇ ਸਿਆਸੀ ਪਾਰਟੀ, ਗਰੁੱਪ ਜਾਂ ਸੰਸਥਾ ਦਾ ਮੈਂਬਰ ਨਹੀਂ ਪਰ ਹਰ ਉਸ ਵਿਅਕਤੀ, ਗਰੁੱਪ, ਸੰਸਥਾ ਜਾਂ ਪਾਰਟੀ ਨਾਲ ਖੜਾ ਹਾਂ ਜੋ ਸਿਖ ਕੌਮ ਦੀ ਅਜ਼ਾਦ ਹਸਤੀ ਕਾਇਮ ਰਖਣ ਦੇ ਸ਼ੁਭਇਛਕ ਹਨ।

ਅਕਾਲੀ ਲੀਡਰਾਂ ਦੇ ਕੀਤੇ ਗੁਨਾਹਾਂ ਵਿਰੁਧ ਲਿਖਣ ਤੋਂ ਮੇਰਾ ਭਾਵ ਕੇਵਲ ਉਨ੍ਹਾਂ ਕੁਝ ਸੁਆਰਥ ਦੀ ਦਲਦਲ ਵਿਚ ਖੁੱਭੇ ਲੀਡਰਾਂ ਤੋਂ ਹੈ ਜਿਨ੍ਹਾਂ ਕੌਮ ਦੀ ਤਕਦੀਰ ਨੂੰ ਠੋਕਰਾਂ ਮਾਰ ਮਾਰ ਕੇ ਰੋਲਿਆ। ਜਿਨ੍ਹਾਂ ਦੇ ਮੋਢਿਆਂ ਤੇ ਪੈਰ ਰੱਖਕੇ ਇਹ ਲੀਡਰ ਬਣੇ ਉਨ੍ਹਾਂ ਦਾ ਹੀ ਇਨ੍ਹਾਂ ਮੁੱਲ ਵਟਿਆ।

ਅਕਾਲੀ ਵਰਕਰਾਂ ਦੀਆਂ ਕੌਮ ਲਈ ਦਿੱਤੀਆਂ ਕੁਰਬਾਨੀਆਂ ਤਾਂ ਸੁਨਹਿਰੀ ਅਖਰਾਂ ਵਿਚ ਲਿਖੀਆਂ ਜਾਣ ਵਾਲੀਆਂ ਹਨ।

ਮੈਂ ਸਿਖ ਐਜੂਕੇਸ਼ਨ ਕੌਂਸਲ ਯੂ. ਕੇ. ਦਾ ਖਾਸ ਤੌਰ ਤੇ ਰਿਣੀ ਹਾਂ ਜਿਨ੍ਹਾਂ ਇਹ ਪੁਸਤਕ ਛਪਵਾਉਣ ਦੀ ਜ਼ਿਮੇਵਾਰੀ ਲੈਕੇ ਅਤੇ ਖਾਲਿਸਤਾਨ ਸੰਘਰਸ਼ ਦੇ ਸਾਹਿਤਕ ਖੇਤਰ ਵਿਚ ਇਕ ਹੋਰ ਸ਼ਲਾਘਾਯੋਗ ਪੁਲਾਂਘ ਪੁਟਕੇ ਆਪਣੀਆਂ ਸਾਹਿਤਕ ਰਵਾਇਤਾਂ ਨੂੰ ਹੋਰ ਅਗੇ ਤੋਰਿਆ ਹੈ।

ਮੈਂ ਆਪਣਾ ਫ਼ਰਜ਼ ਪੂਰਾ ਨਹੀਂ ਕਰ ਰਿਹਾ ਹੋਵਾਂਗਾ ਜੇ ਮੈਂ ਆਈ. ਐਸ. ਵਾਈ. ਐੱਫ ਦੇ ਫਾਊਂਡਰ-ਪਰੈਜ਼ੀਡੈਂਟ ਅਤੇ ਸਿਖ ਐਜੂਕੇਸ਼ਨ ਕੌਂਸਲ ਦੇ ਰੂਹੇਰਵਾਂ ਡ: ਪਰਗਟ ਸਿੰਘ ਜੀ ਦਾ ਵਿਸ਼ੇਸ਼ ਤੌਰ ਤੇ ਧਨਵਾਦ ਨਾ ਕਰਾਂ, ਜਿਨ੍ਹਾਂ ਨੇ ਕੇਵਲ ਪੁਸਤਕ ਲਿਖਣ ਦੀ ਪ੍ਰੇਰਨਾ ਹੀ ਨਹੀਂ ਦਿੱਤੀ ਸਗੋਂ ਆਪਣੀ ਵਿਸ਼ਾਲ ਸਾਹਿਤਕ ਅਤੇ ਸਿਆਸੀ ਸੂਝਬੂਝ ਦੁਆਰਾ ਇਸ ਯੋਜਨਾ ਦੇ ਅੰਤਮ ਪੜਾਅ ਤਕ ਹਰ ਪੈਰ ਤੇ ਸੁਚੱਜੇ ਤੇ ਸੁਯੋਗ ਸੁਝਾਅ ਪ੍ਰਦਾਨ ਕੀਤੇ ਹਨ। ਮੇਰਾ ਪੂਰਨ ਵਿਸ਼ਵਾਸ ਹੈ ਕਿ ਸਾਹਿਤਕ ਅਤੇ ਸਿਆਸੀ ਸੂਝ ਰਖਣ ਵਾਲੇ ਅਜੇਹੇ ਆਗੂ ਹੀ ਕੌਮ ਨੂੰ ਸਹੀ ਸੇਧ ਦੇਕੇ ਵਰਤਮਾਨ ਸੰਕਟ ਵਿਚੋਂ ਕੱਢ ਸਕਦੇ ਹਨ।

ਇਹ ਪੁਸਤਕ ਸ਼ਾਇਦ ਹੀ ਇਸ ਰੂਪ ਵਿਚ ਆਪ ਤਕ ਪੁੱਜ ਸਕਦੀ ਜੇ ਸ: ਅਜੀਤ ਸਿੰਘ ਬਾਘਾ ਨੇ ਪੈਰ ਪੈਰ ਤੇ ਮੇਰੀ ਸਹਾਇਤਾ ਨਾ ਕੀਤੀ ਹੁੰਦੀ। ਆਪ ਪੰਥ ਦੇ ਮੰਨੇ ਹੋਏ ਵਿਦਵਾਨ ਹੋਣ ਦੇ ਨਾਲ ਨਾਲ ਇਕ ਖੋਜੀ ਇਤਿਹਾਸਕਾਰ ਵੀ ਹਨ ਜਿਹੜੇ ਕਈ ਪੁਸਤਕਾਂ ਵੀ ਲਿਖ ਚੁਕੇ ਹਨ। ਭਾਵੇਂ ਆਪ ਯੂ.ਕੇ. ਦੀਆਂ ਲਾਇਬਰੇਰੀਆਂ ਅਤੇ ਬ੍ਰਿਟਿਸ਼ ਮਿਊਜ਼ੀਅਮ ਵਿਚ ਪਏ ਹੋਏ ਪੁਰਾਣੇ ਤੇ ਅਣਛਪੇ ਇਤਿਹਾਸ ਦੀ ਖੋਜ ਵਿਚ ਲੱਗੇ ਹੋਏ ਹਨ ਤਾਂ ਵੀ ਹਰ ਮੌਕੇ ਤੇ ਮੈਨੂੰ ਲੋੜ ਅਨੁਸਾਰ ਇਨ੍ਹਾਂ ਆਪਣਾ ਕੀਮਤੀ ਵਕਤ ਦੇਕੇ ਰਿਣੀ ਬਣਾਇਆ ਜਿਸ ਲਈ ਮੈਂ ਦਿਲੋਂ ਧਨਵਾਦੀ ਹਾਂ।

ਹੋਰ ਜਿਨ੍ਹਾਂ ਵੀਰਾਂ ਭੈਣਾਂ ਨੇ, ਸਿੱਧੇ ਜਾਂ ਅਸਿੱਧੇ ਢੰਗ ਨਾਲ ਇਸ ਪੁਸਤਕ ਨੂੰ ਅੰਤਮ ਰੂਪ ਦੇਣ ਤਕ, ਇਸ ਵਿਚ ਹਿਸਾ ਪਾਇਆ ਹੈ ਮੈਂ ਉਨ੍ਹਾਂ ਸਭ ਦਾ ਧਨਵਾਦੀ ਹਾਂ।

ਅੰਤਮ ਫ਼ੈਸਲਾ ਦੇਣ ਵਾਲੇ ਜੱਜ ਤਾਂ ਸੁਹਿਰਦ ਪਾਠਕ ਹੀ ਹੋਇਆ ਕਰਦੇ ਹਨ। ਮੇਰਾ ਇਹ ਯਤਨ ਤਾਂ ਹੀ ਸਫਲ ਹੋਵੇਗਾ ਜੇ ਸਿਖ ਵੀਰਾਂ ਤੇ ਭੈਣਾਂ ਦੇ ਮਨਾਂ ਚੋਂ ਹਿੰਦੂ ਸਾਮਰਾਜੀ ਪ੍ਰੈੱਸ ਵਲੋਂ ਪਾਏ ਗਏ ਭੁਲੇਖਿਆਂ ਨੂੰ ਇਹ ਦੂਰ ਕਰ ਸਕਣ ਵਿਚ ਸਹਾਈ ਹੋ ਸਕਿਆ।

ਅੰਤ ਵਿਚ ਪਾਠਕਾਂ ਅਗੇ ਬੇਨਤੀ ਹੈ ਕਿ ਇਸ ਪੁਸਤਕ ਨੂੰ ਪੜ੍ਹਦਿਆਂ ਜਿਹੜੀਆਂ ਵੀ ਭੁੱਲਾਂ ਜਾਂ ਤਰੁਟੀਆਂ ਸਾਹਮਣੇ ਆਉਣ ਉਹ ਲਿਖ ਕੇ ਭੇਜਣ ਦੀ ਖੇਚਲ ਕਰਨੀ। ਆਪ ਦੇ ਦਿੱਤੇ ਸੁਝਾਅ ਹੋਰ ਚੰਗੇਰਾ ਲਿਖ ਸਕਣ ਦੀ ਪ੍ਰੇਰਨਾ ਬਣਨਗੇ।

ਹਾਰਦਿਕ ਧਨਵਾਦ ਸਹਿਤ

ਸਰੂਪ ਸਿੰਘ ਨਾਰੰਗ

ਸਵੈਯਾ

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ,
ਨਿਸਚੈ ਕਰਿ ਆਪਨੀ ਜੀਤ ਕਰੋਂ॥
ਅਰੁ ਸਿਖਹੋ ਆਪਨੇ ਹੀ ਮਨ ਕੌ,
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ॥੨੩੧॥

ਗੁਰੂ ਗੋਬਿੰਦ ਸਿੰਘ ਸਾਹਿਬ

ਸਮਰਪਣ

ਇਹ ਪੁਸਤਕ, ਉਨ੍ਹਾਂ ਸਾਰੇ ਜੁਝਾਰੂ ਸਿਘ, ਸਿਘਣੀਆਂ ਬੱਚਿਆਂ, ਬੱਚੀਆਂ ਅਤੇ ਬਜੁਰਗਾਂ ਨੂੰ ਸਮਰਪਤ ਹੈ ਜਿਨ੍ਹਾਂ ਨੇ ਖਾਲਿਸਤਾਨ ਸੰਘਰਸ਼ ਵਿਚ ਆਪਣੀਆਂ ਜਾਨਾਂ ਵਾਰੀਆਂ ਤੇ ਵਾਰ ਰਹੇ ਹਨ।

ਤਤਕਰਾ

ਭਾਗ-ਪਹਿਲਾ

ਖਾਲਸਾ ਕੌਮ ਤੇ ਸੁਤੰਤਰਤਾ

ਖਾਲਸੇ ਦੇ ਇਤਹਾਸ ਤੇ ਇਕ ਝਾਤ

ਗੁਰੂ ਨਾਨਕ ਸਾਹਿਬ ਨੇ ਸੰਸਾਰ ਵਿਚ ਪਹਿਲੀ ਵਾਰ ਰਾਜਨੀਤਕ ਇਨਕਲਾਬ ਲਿਆਉਣ ਵਾਸਤੇ ਸਭਿਆਚਾਰਕ ਇਨਕਲਾਬ ਦੀ ਨੀਂਹ ਰਖੀ। ਇਸ ਇਨਕਲਾਬ ਰਾਹੀਂ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਉਹ ਵਿਅਕਤੀ ਜਾਂ ਵਿਅਕਤੀਆਂ ਦਾ ਸਮਾਜ ਸਿਰਜਿਆ ਜਿਸ ਦੇ ਹੱਥ ਵਿਚ ਰਾਜਸੀ ਸ਼ਕਤੀ ਸੌਂਪਣੀ ਸੀ। ਇਸਦਾ ਮੁੱਖ ਨਿਸ਼ਾਨਾ ਇਕ ਅਜਿਹਾ ਵਿਅਕਤੀ (ਗੁਰਮੁਖ, ਪਿਛੋਂ ਖਾਲਸਾ) ਸਿਰਜਣ ਦਾ ਸੀ ਜਿਹੜਾ ਕਿਸੇ ਲਾਲਚ ਵੱਸ ਰਾਜ ਨਾ ਕਰੇ ਸਗੋਂ ਲੋਕ ਹਿਤਾਂ ਲਈ ਆਪਣਾ ਫਰਜ਼ ਨਿਭਾਏ ਅਤੇ ਜਿਸਦਾ ਆਸ਼ਾ ਇਸ ਤਰ੍ਹਾਂ ਹੋਵੇ:

ਰਾਜ ਨਾ ਚਾਹਉ ਮੁਕਤਿ ਨਾ ਚਾਹਉ ਮਨਿ ਪ੍ਰੀਤ ਚਰਨ ਕਮਲਾਰੇ
* * * * * *

ਜੇ ਰਾਜ ਦੇਹਿ ਤ ਕਵਨ ਵਡਾਈ।

ਜੇ ਭੀਖ ਮੰਗਾਵਹਿ ਤ ਕਿਆ ਘਟ ਜਾਈ।
* * * * * *

ਜੇ ਤਖਤ ਬੈਸਾਲਹਿ ਤਉ ਦਾਸ ਤੁਮਾਰੇ।

ਇਹ ਸੀ ਮੁੱਖ ਕਾਰਨ ਜਿਸ ਕਰਕੇ ਗੁਰੂ ਸਾਹਿਬ ਨੇ ਰਾਜ ਸ਼ਕਤੀ ਸਿਰਜਣ ਤੋਂ ਪਹਿਲਾਂ, ਉਹ ਵਿਅਕਤੀ (ਗੁਰਮੁਖ, ਪਿਛੋਂ ਖਾਲਸਾ) ਸਿਰਜਿਆ ਤੇ ਰਾਜਸੀ ਸਿਧਾਂਤ ਕਾਇਮ ਕੀਤੇ ਤਾਂ ਜੋ ਰਾਜਸੀ ਸ਼ਕਤੀ ਉਸ ਗੁਰਮੁਖ ਖਾਲਸੇ ਦੇ ਹਥ ਵਿਚ ਸੁਰਖਿਅਤ ਰਹਿ ਸਕੇ ਅਤੇ ਇਸ ਤਰ੍ਹਾਂ ਸਿਰਜੀ ਰਾਜ ਸ਼ਕਤੀ ਭ੍ਰਿਸ਼ਟਾਚਾਰ ਦੀ ਖੱਡ ਵਿਚ ਨਾ ਡਿਗ ਸਕੇ।

ਇੰਗਲੈਂਡ ਦੇ ਸ਼ਾਨਦਾਰ ਇਨਕਲਾਬ (Glorious Revolution) ਤੋਂ ਸੱਠ ਸਾਲ ਪਹਿਲਾਂ, ਸੰਨ 1627—28 ਈਸਵੀ ਤਕ, ਸਿਖ ਸਭਿਆਚਾਰਕ ਇਨਕਲਾਬ ਨੇ ਆਪਣੇ ਤਿਆਰ ਕੀਤੇ ਵਿਅਕਤੀਆਂ (ਗੁਰਮੁਖਾਂ) ਨੂੰ ਜਾਗਰਤੀ ਦੀ ਇਸ ਪੱਧਰ ਤਕ ਪਹੁੰਚਾ ਦਿੱਤਾ ਸੀ ਕਿ ਜਿਹੜੇ ਵਿਅਕਤੀ ਛੁਰੀ ਨਾਲ ਗੰਢਾ ਚੀਰਨਾ ਪਾਪ ਸਮਝਦੇ ਸਨ, ਤਲਵਾਰਾਂ, ਖੰਡਿਆਂ ਅਤੇ ਬੰਦੂਕਾਂ ਨਾਲ ਹਥਿਆਰਬੰਦ ਹੋ ਕੇ, ਵਕਤ ਦੀ ਮਹਾਨ ਸ਼ਕਤੀ-ਸ਼ਾਲੀ ਮੁਗਲ ਹਕੂਮਤ ਵਿਰੁੱਧ ਡਟ ਖਲੋਤੇ ਸਨ ਅਤੇ ਮਗਰੋਂ ਖਾਲਸਾ ਸਾਜਣ ਸਮੇਂ ਲੋਕਾਂ ਦੀ ਸੁਤੰਤਰਤਾ ਦਾ ਐਲਾਨ ਵੀ ਕਰ ਦਿੱਤਾ ਗਇਆ ਸੀ।

ਸਿਖ ਇਨਕਲਾਬ ਮਗਰੋਂ ਆਏ ਇਨਕਲਾਬਾਂ ਦਾ ਸਿਧਾਂਤ, ਬੰਦੂਕ ਦੀ ਨਾਲੀ ਨਾਲ ਰਾਜਸੀ ਸ਼ਕਤੀ ਸਿਰਜਣੀ ਤੇ ਉਸ ਮਗਰੋਂ ਸਭਿਆਚਾਰਕ ਇਨਕਲਾਬ ਲਿਆਉਣ ਦਾ ਸੀ।

ਫਰਾਂਸੀਸੀ ਇਨਕਲਾਬ ਸੰਨ 1789 ਈਸਵੀ ਵਿਚ ਸ਼ੁਰੂ ਹੋ ਕੇ 1795 ਈਸਵੀ ਤਕ ਆਪਣਾ ਮੂੰਹ-ਮੁਹਾਂਦਰਾ ਵਿਗਾੜ ਬੈਠਾ ਸੀ। ਨੈਪੋਲੀਅਨ ਦੀ ਇਕ ਠੋਕਰ ਨਾਲ ਫਿਰ ਇਕ-ਪੁਰਖੀ ਰਾਜ ਕਾਇਮ ਹੋ ਗਇਆ ਸੀ।

1917 ਈਸਵੀ ਵਿਚ ਰੂਸੀ ਇਨਕਲਾਬ ਆਉਣ ਮਗਰੋਂ ਸਟਾਲਿਨ ਨੇ ਲਖਾਂ ਬੇਗੁਨਾਹ ਲੋਕਾਂ ਦਾ

ਖੂਨ ਵਹਾ ਕੇ, ਦਹਿਸ਼ਤ ਫੈਲਾ ਕੇ, ਲੋਕਾਂ ਨੂੰ ਗੁਲਾਮੀ ਦੇ ਸੰਗਲਾਂ ਵਿਚ ਜਕੜੀ ਰਖਿਆ ਜਿਹੜੇ ਹੁਣੇ ਹੁਣੇ ਟੁੱਟਣੇ ਸ਼ੁਰੂ ਹੋਏ ਹਨ।

ਚੀਨ (1948) ਵਿਚ ਵੀ ਰਾਜਨੀਤਕ ਇਨਕਲਾਬ ਮਗਰੋਂ ਸਭਿਆਚਾਰਕ ਇਨਕਲਾਬ ਲਿਆਉਣ ਵਾਲੀ ਮੈਡਮ ਮਾਓ ਅਜੇ ਤਕ ਜੇਲ ਦੀਆਂ ਸਲਾਖਾਂ ਪਿਛੇ ਸੜ ਰਹੀ ਹੈ।

ਇਸ ਕਾਰਨ ਹੀ ਗੁਰੂ ਸਾਹਿਬ ਨੇ ਪਹਿਲਾਂ ਸਭਿਆਚਾਰਕ ਇਨਕਲਾਬ ਲਿਆ ਕੇ ਚੇਤੰਨ ਮਨੁਖ (ਗੁਰਮੁਖ) ਸਿਰਜਿਆ ਜਿਸ ਨੇ ਸੰਸਾਰ ਦੇ ਇਤਹਾਸ ਵਿਚ ਅਜੇਹੀਆਂ ਪਿਰਤਾਂ ਪਾਈਆਂ ਜਿਨ੍ਹਾਂ ਦੀ ਮਿਸਾਲ ਕਿਸੇ ਦੇਸ਼, ਕਿਸੇ ਕੌਮ ਜਾਂ ਕਿਸੇ ਧਰਮ ਦੇ ਇਤਹਾਸ ਵਿਚ ਨਹੀਂ ਮਿਲਦੀ। ਖਾਲਸੇ ਨੇ ਚਰਖੜੀਆਂ ਉਤੇ, ਆਰਿਆਂ ਥਲੇ, ਮੈਦਾਨਾਂ ਵਿਚ ਗੋਲੀਆਂ, ਤੀਰਾਂ ਤੇ ਤਲਵਾਰਾਂ ਸਾਹਮਣੇ, ਤੋਪਾਂ ਸਾਹਮਣੇ ਅਤੇ ਰਾਜ-ਸਿੰਘਾਸਣ ਉਤੇ ਵੀ ਆਪਣੀਆਂ ਸ਼ਾਨਦਾਰ ਖਾਲਸਈ ਰਿਵਾਇਤਾਂ ਨੂੰ ਬਰਕਰਾਰ ਰਖਿਆ ਹੈ।

ਜੇਕਰ ਏਸ ਸਿਖ ਇਨਕਲਾਬ ਨੂੰ 'ਧਰਮ' ਕਹਿਣਾ ਹੈ ਤਾਂ ਇਸ ਨੂੰ ਇਸਲਾਮ ਅਤੇ ਬ੍ਰਾਹਮਣਵਾਦ ਦੇ ਧਰਮਾਂ ਨਾਲੋਂ ਵਖਰਾ ਰਖਕੇ ਵਿਚਾਰਨਾ ਪਵੇਗਾ। ਸਿਖ ਧਰਮ ਇਕ ਨਿਰਾਲਾ ਧਰਮ ਹੈ। ਇਹ ਧਾਰਮਕ, ਸਮਾਜਕ ਅਤੇ ਰਾਜਨੀਤਕ ਕਦਰਾਂ-ਕੀਮਤਾਂ ਦਾ ਸੁਮੇਲ ਹੈ।

ਇਸ ਨਿਰਾਲੇ ਧਰਮ ਵਿਚ ਨਾ ਤਾਂ ਕੋਈ 'ਮਲੇਛ' ਹੈ ਤੇ ਨਾਹੀ ਕੋਈ 'ਕਾਫ਼ਿਰ', ਨਾ ਕੋਈ ਬ੍ਰਾਹਮਣ ਹੈ ਤੇ ਨਾਹੀ ਸ਼ੂਦਰ ਤੋਂ ਵੈਸ਼। ਇਸ ਧਰਮ ਵਿਚ ਅਮੀਰ ਤੇ ਗਰੀਬ, ਉਚ ਤੇ ਨੀਚ ਸਭ ਬਰਾਬਰ ਇਕੋ ਪਿਤਾ ਦੇ ਪੁਤਰ ਹਨ। 'ਏਕ ਪਿਤਾ ਏਕਸ ਕੇ ਹਮ ਬਾਰਿਕ' ਤੇ 'ਸਭੇ ਸਾਂਝੀਵਾਲ ਸਦਾਇਨਿ' ਵਰਗੇ ਵਿਗਿਆਨਕ ਸਿਧਾਂਤ, ਰਾਜੇ ਰੰਕ ਨੂੰ ਇਕੋ ਥਾਂ ਤੇ ਇਕਠਿਆਂ ਬੈਠਣਾ ਸਿਖਾਉਣ ਵਾਲੀਆਂ 'ਸੰਗਤ' ਤੇ 'ਪੰਗਤ' ਦੀਆਂ ਅਦੁਤੀ ਪ੍ਰੰਪਰਾਵਾਂ ਅਤੇ 'ਭਗਤੀ' ਤੇ 'ਸ਼ਕਤੀ' ਦਾ ਸੰਗਮ ਸੰਸਾਰ ਦੇ ਕਿਸੇ ਹੋਰ ਧਰਮ ਵਿਚ ਨਹੀਂ ਮਿਲਦੇ।

ਸੰਨ 1699 ਈਸਵੀ ਦੇ ਸਾਲ ਦੀ ਵਿਸਾਖੀ ਵਾਲੇ ਦਿਨ ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਸਿਖ ਇਤਿਹਾਸ ਨੂੰ ਇਕ ਅਜੇਹਾ ਨਿਰਾਲਾ ਇਨਕਲਾਬੀ ਮੋੜ ਦਿੱਤਾ ਜਿਸ ਨਾਲ ਸਦੀਆਂ ਤੋਂ ਮਨੁੱਖਤਾ ਨੂੰ ਪਏ ਗੁਲਾਮੀ ਦੇ ਸੰਗਲ ਇਸ ਵਡਭਾਗੇ ਦਿਨ ਟੁੱਟ ਕੇ ਪਰ੍ਹੇ ਜਾ ਪਏ।

ਬ੍ਰਾਹਮਣਵਾਦ ਦੀਆਂ ਜਾਤਪਾਤ ਤੇ ਛੂਤਛਾਤ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਸਦੀਆਂ ਤੋਂ ਪਸ਼ੂਆਂ ਵਾਂਗ ਸੇਵਾ ਕਰਦੇ ਆ ਰਹੇ ਸ਼ੂਦਰ ਤੇ ਬਰਾਦਰੀ ਵਿਚੋਂ ਛੇਕੇ ਹੋਏ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਆਪਣੇ ਜੀਵਨ ਵਿਚ ਪਹਿਲੀ ਵਾਰ ਮਨੁਖ ਹੋ ਸਕਣ ਦਾ ਅਹਿਸਾਸ ਹੋਇਆ। ਦਸਮ ਪਾਤਸ਼ਾਹ ਨੇ ਉਚ ਨੀਚ ਦੇ ਜਾਤੀ ਵਿਤਕਰਿਆਂ ਦੇ ਟੋਏ ਟਿੱਬੇ ਪਧਰੇ ਕਰ ਕੇ ਸਮਾਨਤਾ ਤੇ ਬਰਾਬਰਤਾ ਦੀ ਲੜੀ ਵਿਚ ਪਰੋ ਕੇ ਅੰਮ੍ਰਿਤ ਦੀ ਪਾਹੁਲ ਦੀ ਦਾਤ ਬਖਸ਼ੀ ਜਿਸ ਨੂੰ ਛਕਣ ਲਈ ਇਸੇ ਵਿਸਾਖੀ ਵਾਲੇ ਦਿਨ ਸੂਰਮੇ ਸਿਰ ਤਲੀ ਤੇ ਧਰਕੇ ਮੈਦਾਨ ਵਿਚ ਨਿਤਰੇ — ਐਸੇ ਨਿਤਰੇ ਕਿ ਆਉਣ ਵਾਲੀ (18ਵੀਂ) ਸਦੀ ਨੂੰ ਇਕ ਕਰਾਮਾਤਾਂ ਦੀ ਸਦੀ ਬਣਾਕੇ ਰਖ ਦਿਤਾ। ਇਨ੍ਹਾਂ ਸਿਰਲਥ ਸੂਰਮਿਆਂ ਨੇ ਆਪਣੀ ਸੂਰਬੀਰਤਾ, ਮਰਦਾਨਗੀ, ਦਲੇਰੀ, ਕੁਰਬਾਨੀ, ਦ੍ਰਿੜਤਾ ਅਤੇ ਆਪਣੇ ਸਬਰ ਦੀਆਂ ਧੁੰਮਾਂ ਪਾ ਦਿਤੀਆਂ ਸੰਸਾਰ ਵਿਚ।

ਇਹਨਾਂ ਬਹਾਦਰ ਸੂਰਬੀਰਾਂ ਦੇ ਸਿਰਾਂ ਦੇ ਮੁੱਲ ਪਾਏ ਗਏ। ਇਨ੍ਹਾਂ ਨੂੰ ਆਰਿਆਂ ਨਾਲ ਦੋ-ਫਾੜ ਚੀਰ ਕੇ ਧਮਕਾਇਆ ਗਿਆ। ਇਨ੍ਹਾਂ ਦੇ ਬੰਦ ਬੰਦ ਕੱਟਕੇ ਦਹਿਸ਼ਤ ਦੇ ਖੌਫ਼ਨਾਕ ਨਜ਼ਾਰੇ ਵਿਖਾਏ ਗਏ। ਇਨ੍ਹਾਂ ਦੇ ਸਿਰਾਂ ਤੋਂ ਖੋਪਰੀਆਂ ਉਤਾਰੀਆਂ ਗਈਆਂ, ਇਨ੍ਹਾਂ ਦਾ ਜੰਬੂਰਾਂ ਨਾਲ ਮਾਸ ਨੋਚਿਆ

ਗਿਆ, ਇਨ੍ਹਾਂ ਨੂੰ ਅਸਹਿ ਤੇ ਅਕਹਿ ਤਸੀਹੇ ਦਿੱਤੇ ਗਏ। ਇਨ੍ਹਾਂ ਹਸ ਹਸ ਕੇ ਮੌਤ ਨੂੰ ਜਫੀਆਂ ਪਾਈਆਂ, ਪਹਾੜਾਂ ਤੇ ਜੰਗਲਾਂ ਵਿਚ ਰਹਿਕੇ ਦਰਖਤਾਂ ਦੇ ਪੱਤੇ ਖਾ ਕੇ ਗੁਜ਼ਾਰਾ ਕੀਤਾ, ਫਾਕੇ ਕੱਟੇ ਅਤੇ ਮਾਸੂਮ ਬੱਚਿਆਂ ਦੇ ਟੋਟੇ ਟੋਟੇ ਕਰਵਾਕੇ ਬਹਾਦਰ ਸਿੰਘਣੀਆਂ ਨੇ ਗਲਾਂ ਵਿਚ ਹਾਰ ਪਵਾਏ, ਖੰਨੀ ਖੰਨੀ ਰੋਟੀ ਖਾ ਕੇ ਸਵਾ ਸਵਾ ਮਣ ਦੇ ਪੀਸਣ ਪੀਸੇ ਪਰ ਇਨ੍ਹਾਂ ਬਹਾਦਰ ਸਿੰਘਾਂ ਤੇ ਸਿੰਘਣੀਆਂ ਨੇ ਸਿਖੀ ਅਣਖ, ਸਿਦਕ, ਦ੍ਰਿੜਤਾ ਅਤੇ ਖਾਲਸਈ ਆਦਰਸ਼ਕ ਨਿਸ਼ਾਨਿਆਂ ਦੀ ਚੰਗਿਆੜੀ ਨੂੰ ਮਘਿਆਈ ਰਖਿਆ। ਕਰੜੇ ਤੋਂ ਕਰੜੇ ਸਮੇਂ ਵੀ ਇਨ੍ਹਾਂ ਆਪਣੀਆਂ ਕੌਮੀ ਖਾਲਸਈ ਰਿਵਾਇਤਾਂ ਨੂੰ ਸੀਨੇ ਨਾਲ ਲਾਈ ਰਖਿਆ।

ਇਹਨਾਂ ਸੂਰਬੀਰਾਂ ਨੇ ਜਾਬਰ ਤੇ ਖੂਨਖਾਰ ਮੁਗਲ ਰਾਜ ਜੜ੍ਹੋਂ ਉਖੇੜ ਕੇ ਰੱਖ ਦਿੱਤਾ। ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਵਰਗੇ ਅਜਿੱਤ ਜਰਨੈਲਾਂ ਨੂੰ ਨਾ ਕੇਵਲ ਲੱਕ ਤੋੜਵੀਂ ਹਾਰ ਦੇਕੇ ਲੋਹੇ ਦੇ ਚਣੇ ਚਬਾਏ ਸਗੋਂ ਸਦੀਆਂ ਤੋਂ ਭਾਰਤ ਨੂੰ ਲੁੱਟਣ ਵਾਲੇ ਧਾੜਵੀਆਂ ਲਈ ਸਦਾ ਵਾਸਤੇ ਫੌਲਾਦੀ ਦੀਵਾਰ ਖੜੀ ਕਰਕੇ ਜਮਰੌਦ ਦੇ ਕਿਲੇ ਤੇ ਖਾਲਸਈ ਝੰਡਾ ਜਾ ਲਹਿਰਾਇਆ। ਦੱਰਾ ਖੈਬਰ, ਬੋਲਾਨ ਤੇ ਟੋਚੀ ਆਦਿ ਮੂਹਰੇ ਫੌਲਾਦੀ ਕੰਧ ਖੜੀ ਕਰ ਦਿੱਤੀ। ਹਰ ਸਾਲ ਇਧਰੋਂ ਆ ਕੇ ਲੁੱਟਣ ਵਾਲੇ ਜਰਵਾਣੇ ਪਰਤ ਕੇ ਇਧਰ ਤਕਣ ਦਾ ਹੀਆ ਨ ਕਰ ਸਕੇ ਸਗੋਂ ਕਾਬਲ ਤੇ ਉਸ ਤੋਂ ਅਗਲੀਆਂ ਵਾਦੀਆਂ ਸਿੰਘਾਂ ਦੇ ਜੈਕਾਰਿਆਂ ਅਤੇ ਇਨ੍ਹਾਂ ਦੇ ਘੋੜਿਆਂ ਦੀਆਂ ਟਾਪਾਂ ਨਾਲ ਕੰਬ ਉਠੀਆਂ। ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਪੰਜੇ ਵਿਚੋਂ ਹਜ਼ਾਰਾਂ ਹਿੰਦੂ ਔਰਤਾਂ ਨੂੰ ਛੁੜਾ ਕੇ ਉਨ੍ਹਾਂ ਦੇ ਘਰੋ-ਘਰੀ ਪਹੁੰਚਾਇਆ ਜਿਨ੍ਹਾਂ ਨੂੰ ਇਹ ਲੁਟੇਰੇ ਗਜ਼ਨੀ ਦੇ ਬਾਜ਼ਾਰਾਂ ਵਿਚ ਟਕੇ ਟਕੇ ਤੇ ਨੀਲਾਮ ਕਰਿਆ ਕਰਦੇ ਸਨ। ਖਾਲਸੇ ਦੀਆਂ ਇਹ ਕੁਰਬਾਨੀਆਂ ਤੇ ਰਿਵਾਇਤਾਂ ਸਿਖ ਕੌਮ ਲਈ ਅੱਜ ਚਾਨਣ ਮੁਨਾਰੇ ਦਾ ਕੰਮ ਦੇ ਰਹੀਆਂ ਹਨ।

ਖਾਲਸੇ ਦਾ ਅਜ਼ਾਦੀ ਵਿਚ ਪਾਇਆ ਹਿਸਾ

ਇਸ ਵਿਚ ਜ਼ਰਾ ਸੰਦੇਹ ਨਹੀਂ ਕਿ ਨਿਮਕ ਹਰਾਮ ਤੇ ਗੱਦਾਰ ਡੋਗਰਿਆਂ ਨੇ ਆਪਣੀ ਗਦਾਰੀ ਤੇ ਵਿਸਾਹਘਾਤ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਸਾਂਝੇ ਪੰਜਾਬੀ ਰਾਜ ਦੀਆਂ ਜੜ੍ਹਾਂ ਵੱਢੀਆਂ ਅਤੇ ਅੰਗਰੇਜ਼ੀ ਸਾਮਰਾਜ ਨੂੰ ਪੰਜਾਬ ਵਿਚ ਦਾਖਲ ਕਰਕੇ ਸਿਖ ਕੌਮ ਨੂੰ ਗੁਲਾਮੀ ਦੀਆਂ ਬੇੜੀਆਂ ਪੁਆਈਆਂ; ਪਰੰਤੂ ਸਿਖ ਸੂਰਮਿਆਂ ਨੇ ਅੰਗਰੇਜ਼ਾਂ ਤੇ ਸਿਖਾਂ ਦੀਆਂ ਲੜਾਈਆਂ ਵਿਚ ਆਪਣੀ ਬਹਾਦਰੀ, ਜੁਰਅਤ ਅਤੇ ਦ੍ਰਿੜਤਾ ਨਾਲ ਇਕ ਵਾਰ ਅੰਗਰੇਜ਼ ਜਰਨੈਲਾਂ ਦੇ ਮੂੰਹ ਭੁਆਕੇ ਰਖ ਦਿੱਤੇ ਸਨ ਅਤੇ ਉਨ੍ਹਾਂ ਦੇ ਅਜਿੱਤ ਹੋਣ ਦੇ ਭਰਮ ਮਿਟਾਕੇ ਰਖ ਦਿੱਤੇ ਸਨ। ਸਿਖਾਂ ਦੀ ਮਰਦਾਨਗੀ, ਦਲੇਰੀ ਤੇ ਕੁਰਬਾਨੀਆਂ ਦੀਆਂ ਧੁੰਮਾਂ ਲੰਡਨ ਤਕ ਪੈ ਗਈਆਂ ਸਨ।

ਸਿਖ ਰਾਜ ਦੇ ਪਤਨ ਮਗਰੋਂ, ਅੰਗਰੇਜ਼ੀ ਰਾਜ-ਕਾਲ ਸਮੇਂ ਵੀ, ਸੁਤੰਤਰਤਾ ਦੀ ਭਾਵਨਾ ਜਿਤਨੀ ਸਿਖ ਕੌਮ ਦੇ ਹਿਰਦਿਆਂ ਅੰਦਰ ਬਲਵਾਨ ਹੋ ਕੇ ਉਭਰਦੀ ਰਹੀ ਹੈ ਇਤਨੀ ਭਾਰਤ ਦੀ ਹੋਰ ਕਿਸੇ ਕੌਮ ਅੰਦਰ ਨਹੀਂ। ਜਿਥੇ ਬਾਕੀ ਦਾ ਭਾਰਤ, ਹਜ਼ਾਰ ਸਾਲਾਂ ਤੋਂ ਵੀ ਵਧ, ਕਦੇ ਗੋਰੀਆਂ ਤੇ ਗਜਨੀਆਂ ਦਾ, ਕਦੇ ਖਿਲਜੀਆਂ ਤੇ ਤੁਗਲਕਾਂ ਦਾ, ਕਦੇ ਲੋਧੀਆਂ ਤੇ ਮੁਗਲਾਂ ਦਾ ਅਤੇ ਕਦੇ ਫਰਾਂਸੀਸੀਆਂ ਤੇ ਅੰਗਰੇਜ਼ਾਂ ਦਾ ਗੁਲਾਮ ਬਣਿਆ ਆ ਰਿਹਾ ਸੀ, ਉਥੇ ਸਿਖਾਂ ਨੇ ਕੇਵਲ 98 ਸਾਲਾਂ ਦੀ ਗੁਲਾਮੀ ਕੱਟੀ; ਅਤੇ ਗੁਲਾਮੀ ਕੱਟੀ ਵੀ ਤਾਂ ਜਦੋ-ਜਹਿਦ ਕਰਦਿਆਂ। ਹਜ਼ਾਰਾਂ ਸਾਲਾਂ ਤੋਂ ਭਾਰਤ ਤੇ ਪਈ ਗੁਲਾਮੀ ਦੀ ਛੱਟ ਲਾਹੁਣ ਲਈ ਵੀ ਸਭ ਤੋਂ ਪਹਿਲਾਂ ਅਜ਼ਾਦੀ ਦਾ ਝੰਡਾ ਸਿਖਾਂ ਨੇ ਹੀ ਉੱਚਾ ਕੀਤਾ ਸੀ।

ਅੰਗਰੇਜ਼ਾਂ ਅਤੇ ਸਿਖਾਂ ਦੀ ਦੂਜੀ ਜੰਗ ਪਿਛੋਂ ਭਾਈ ਮਹਾਰਾਜ ਸਿੰਘ ਜੀ ਨੇ ਆਖਰੀ ਦਮ ਤੱਕ ਆਜ਼ਾਦੀ ਦਾ ਸੰਘਰਸ਼ ਜਾਰੀ ਰੱਖਿਆ। ਇਨ੍ਹਾਂ ਨੂੰ 28 ਦਿਸੰਬਰ 1849 ਨੂੰ ਗ੍ਰਿਫਤਾਰ ਕਰਕੇ 9 ਜੂਨ 1850 ਨੂੰ ਸਿੰਘਾਪੁਰ ਨਿਊ ਜੇਲ ਵਿਚ ਬੰਦ ਕਰ ਦਿੱਤਾ ਗਿਆ ਜਿੱਥੇ ਉਹ 5 ਜੁਲਾਈ 1856 ਨੂੰ ਆਜ਼ਾਦੀ ਲਈ ਕੈਦ ਕਟਦਿਆਂ ਪ੍ਰਾਣ ਤਿਆਗ ਗਏ।

ਇਸਤਰ੍ਹਾਂ ਹੀ ਬਾਬਾ ਰਾਮ ਸਿੰਘ ਜੀ ਨੇ ਅੰਗਰੇਜ਼ੀ ਸਾਮਰਾਜ ਦੀ ਅਥਾਰਟੀ ਨੂੰ ਕਬੂਲਣ ਤੋਂ ਇਨਕਾਰ ਕਰ ਦਿੱਤਾ ਸੀ। ਜਦੋਂ 1857 ਈਸਵੀ ਦੇ ਗਦਰ ਦੇ ਭੰਨੇ ਹੋਏ ਲੋਕ ਉੱਠਣ ਜੋਗੇ ਨਹੀਂ ਸਨ ਉਦੋਂ 1864 ਈਸਵੀ ਵਿਚ ਬਾਬਾ ਰਾਮ ਸਿੰਘ ਜੀ ਨੇ ਆਜ਼ਾਦੀ ਦੇ ਟੱਪਿਆਂ ਦੀ ਅਜੇਹੀ ਹੇਕ ਛੇੜੀ ਕਿ ਹਰ ਪਾਸਿਉਂ ਗਿੱਧੇ ਪਾਉਂਦੇ ਸਿਖ ਸੂਰਮੇ ਮੈਦਾਨ ਵਿਚ ਜੂਝਣ ਲਈ ਆ ਨਿੱਤਰੇ ਅਤੇ 1872 ਈਸਵੀ ਵਿਚ ਮਲੇਰਕੋਟਲੇ ਲਾਗੇ ਜਮਾਲਪੁਰ ਦੀ ਰਖ ਵਿਚ 68 ਸਿੰਘ ਸੂਰਮਿਆਂ ਨੇ ਤੋਪਾਂ ਅਗੇ ਛਾਤੀਆਂ ਤਾਣ ਕੇ ਸ਼ਹੀਦੀਆਂ ਪਾਈਆਂ।

ਉਸਦੇ ਮਗਰੋਂ ਭਾਵੇਂ ਕਿਸਾਨਾਂ ਦਾ ਵਿਦਰੋਹ ਸੀ ਜਾਂ ਗਦਰ ਪਾਰਟੀ ਦੀਆਂ ਬਗਾਵਤਾਂ, ਬਜਬਜ ਦੇ ਘਾਟ ਤੇ ਕਾਮਾ ਗਾਟਾ ਮਾਰੂ ਦੇ ਆਜ਼ਾਦੀ ਦੇ ਪਰਵਾਨਿਆਂ ਦਾ ਕਤਲਾਮ ਸੀ ਜਾਂ 'ਪਗੜੀ ਸੰਭਾਲ ਜੱਟਾ' ਦੇ ਸੁਤੰਤਰਤਾ ਦੇ ਹਲੂਣੇ, ਕਾਲੇ ਪਾਣੀ ਦੀਆਂ ਉਮਰ ਕੈਦਾਂ ਸਨ ਜਾਂ ਸਥਾਨਕ ਮੁਸ਼ੱਕਤਾਂ ਵਾਲੀਆਂ ਉਮਰ ਕੈਦਾਂ ਸਨ, ਕੂਕਿਆਂ ਦੇ ਅੰਦੋਲਨ ਸਨ ਜਾਂ ਅਕਾਲੀਆਂ ਦੇ ਮੋਰਚੇ, ਜੱਲਿਆਂ ਵਾਲੇ ਬਾਗ ਵਿਚ ਖੇਡੀ ਖੂਨ ਦੀ ਹੋਲੀ ਸੀ ਜਾਂ ਨਨਕਾਣਾ ਸਾਹਿਬ ਦਾ ਖੂਨੀ ਸਾਕਾ, ਗੁਰੂ ਕੇ ਬਾਗ ਦਾ ਮੋਰਚਾ ਸੀ ਜਾਂ ਗੰਗਸਰ ਜੈਤੋ ਦਾ ਮੋਰਚਾ, ਸਿਖ ਸੂਰਮੇ ਹੀ ਹਮੇਸ਼ਾਂ ਹਰ ਮੁਹਾਜ਼ ਤੇ ਮੂਹਰਲੀ ਕਤਾਰ ਵਿਚ ਡਟਕੇ ਖਲੋਤੇ ਸਨ।

ਅੰਗਰੇਜ਼ਾਂ ਨੇ ਅਜੇਹੇ ਵਹਿਸ਼ੀਆਨਾ ਅਤਿਆਚਾਰ ਕੀਤੇ ਕਿ ਉਨ੍ਹਾਂ ਦੇ ਪਾਦਰੀ ਵੀ ਨਿਹੱਥੇ ਸਿੱਖਾਂ ਉੱਤੇ ਜ਼ੁਲਮ ਵੇਖਕੇ ਕੁਰਲਾ ਉਠੇ ਸਨ ਅਤੇ ਅੰਗਰੇਜ਼ ਹਾਕਮਾਂ ਨੂੰ ਫਿਟਕਾਰਾਂ ਪਾਈਆਂ ਸਨ। ਸਾਰਾ ਪੰਜਾਬ ਤੇ ਸਾਰਾ ਹਿੰਦੁਸਤਾਨ ਤਾਂ ਕੀ ਸਾਰੀ ਬਾਹਰ ਦੀ ਦੁਨੀਆਂ ਵੀ ਕੁਰਲਾ ਉਠੀ ਸੀ ਅੰਗਰੇਜ਼ਾਂ ਦੇ ਢਾਹੇ ਕਹਿਰਾਂ ਤੋਂ।

ਸਿੱਖਾਂ ਨੇ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਹੱਸ ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ, ਲਾਠੀਆਂ ਖਾ ਖਾ ਕੇ ਬੇਹੋਸ਼ ਹੋਏ, ਗੋਲੀਆਂ ਨਾਲ ਆਪਣੇ ਘਾਣ ਕਰਵਾਏ ਅਤੇ ਆਪਣੀਆਂ ਉਮਰਾਂ ਕਾਲੇ ਪਾਣੀ ਦੀ ਕੈਦ ਵਿਚ ਗਾਲ ਦਿੱਤੀਆਂ। ਇਨ੍ਹਾਂ ਸੂਰਬੀਰਾਂ ਨੂੰ ਤੋਪਾਂ ਨਾਲ ਬੰਨ੍ਹ ਕੇ ਫੀਤਾ ਫੀਤਾ ਕਰਕੇ ਧਮਕਾਇਆ ਗਇਆ। ਗੋਲੀਆਂ ਨਾਲ ਭੁੰਨ ਭੁੰਨ ਕੇ ਡਰਾਇਆ ਗਇਆ। ਝੂਠੇ ਮੁਕਦਮਿਆਂ ਤੇ ਸ਼ਾਜਿਸ਼ਾਂ ਵਿਚ ਫਸਾ ਕੇ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਜਾਂ ਉਮਰ ਭਰ ਜੇਲ੍ਹਾਂ ਵਿਚ ਗਾਲਿਆ ਗਿਆ ਪਰੰਤੂ ਇਨ੍ਹਾਂ ਜਾਨਵਾਰੂ ਸੂਰਮਿਆਂ ਨੇ ਅੰਗਰੇਜ਼ੀ ਸਾਮਰਾਜ ਦੇ ਸਾਰੇ ਜ਼ੁਲਮ ਦੇ ਹਥਿਆਰ ਖੁੰਢੇ ਕਰਕੇ ਰੱਖ ਦਿੱਤੇ ਅਤੇ ਅੰਗਰੇਜ਼ਾਂ ਨੂੰ ਆਪਣਾ ਬੋਰੀਆ ਬਿਸਤਰਾ ਗੋਲ ਕਰਨ ਤੇ ਮਜਬੂਰ ਕਰ ਦਿੱਤਾ।

ਅੰਗਰੇਜ਼ੀ ਸਾਮਰਾਜ ਵਿਰੁੱਧ ਅਜ਼ਾਦੀ ਦੇ ਸੰਗਰਾਮ ਵਿਚ 121 ਦੇਸ਼ ਭਗਤਾਂ ਨੂੰ ਫ਼ਾਂਸੀ ਦਿੱਤੀ ਗਈ ਜਿਨ੍ਹਾਂ ਵਿਚੋਂ 93 ਸਿਖ ਸਨ। ਬਾਕੀ ਦਾ ਸਾਰਾ ਭਾਰਤ ਕੇਵਲ 28 ਸ਼ਹੀਦ ਹੀ ਪੈਦਾ ਕਰ ਸਕਿਆ। ਇਸੇ ਸੰਘਰਸ਼ ਵਿਚ 2646 ਆਜ਼ਾਦੀ ਦੇ ਪਰਵਾਨਿਆਂ ਨੂੰ ਕਾਲੇ ਪਾਣੀ ਦੀ ਉਮਰ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ, 2147 ਸਿਖ ਸਨ। ਬਾਕੀ ਦੇ ਸਾਰੇ ਹਿੰਦੁਸਤਾਨ ਵਿਚੋਂ ਸਾਰੀਆਂ ਕੌਮਾਂ ਕੇਵਲ 499 ਦੇਸ਼ ਭਗਤ ਸਾਹਮਣੇ ਲਿਆ ਸਕੀਆਂ।

ਜੱਲਿਆਂ ਵਾਲੇ ਬਾਗ਼ ਵਿਚ ਜਨਰਲ ਡਾਇਰ ਦੀ ਵਹਿਸ਼ੀਆਨਾ ਖੂਨ ਦੀ ਖੇਡੀ ਹੋਲੀ ਵਿਚ 1300 ਨਿਹੱਥੇ ਤੇ ਨਿਰਦੋਸ਼ਾਂ ਨੂੰ ਸ਼ਹੀਦ ਕੀਤਾ ਗਇਆ ਸੀ ਜਿਨ੍ਹਾਂ ਵਿਚੋਂ 799 ਸਿਖ ਸੂਰਮੇ ਸਨ। ਅਜ਼ਾਦ ਹਿੰਦ ਫੌਜ, ਜਿਸ ਨੇ ਅੰਗਰੇਜ਼ੀ ਸਰਕਾਰ ਅੰਦਰ ਹਲਚਲ ਮਚਾ ਦਿੱਤੀ ਸੀ, ਵਿਚ 60 ਫ਼ੀਸਦੀ ਸਿਖ ਜਵਾਨ ਤੇ ਅਫਸਰ ਸਨ, ਜਿਸਦਾ ਜਨਰਲ ਮੋਹਨ ਸਿੰਘ ਸੀ। ਸੰਨ 1914 ਵਿਚ ਬਾਬਾ ਗੁਰਦਿਤ ਸਿੰਘ ਦੇ ਕਾਮਾ ਗਾਟਾ ਮਾਰੂ ਜਹਾਜ਼ ਵਿਚ 376 ਦੇਸ਼ ਭਗਤ ਸਨ ਜਿਨ੍ਹਾਂ ਵਿਚੋਂ 355 ਸਿਖ ਸਨ। ਬਜਬਜ ਘਾਟ ਤੇ ਗੋਲੀਆਂ ਨਾਲ ਭੁੰਨੇ ਗਏ 113 ਦੇਸ਼ ਭਗਤਾਂ ਵਿਚੋਂ 67 ਸਿਖ ਸਨ। ਜਦ ਇਹ ਖਬਰ ਵਿਦੇਸ਼ਾਂ ਵਿਚ ਪਹੁੰਚੀ ਤਾਂ ਇਕ ਹੋਰ 170 ਸਿੰਘਾਂ ਦਾ ਜਥਾ ਪੰਜਾਬ ਪਹੁੰਚਿਆ ਜਿਨ੍ਹਾਂ ਨੂੰ ਤਸੀਹੇ ਦੇ ਦੇ ਕੇ ਮਿੰਟਗੁਮਰੀ ਤੇ ਮੁਲਤਾਨ ਦੀਆਂ ਜੇਲ੍ਹਾਂ ਵਿਚ ਡੱਕ ਦਿੱਤਾ ਗਇਆ ਸੀ। ਇਸ ਮਗਰੋਂ ਮਾਰਚ 1915 ਤਕ ਵਖ ਵਖ ਦੇਸ਼ਾਂ ਤੋਂ 3125 ਹੋਰ ਸਿੰਘ ਪੰਜਾਬ ਪਹੁੰਚ ਗਏ ਸਨ।

ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਹੱਸ ਹੱਸ ਕੇ ਮੌਤ ਨੂੰ ਮਖੌਲਾਂ ਕਰਨ ਵਾਲੇ ਸ਼ਹੀਦ, ਸਿਖ ਕੌਮ ਦੇ ਹੀ ਤਾਂ ਚਾਨਣ ਮੁਨਾਰੇ ਹਨ। ਨਿੱਥਿਆਂ ਅਤੇ ਨਿਰਦੋਸ਼ਾਂ ਨੂੰ ਕਤਲ ਕਰਵਾਉਣ ਵਾਲੇ ਜਨਰਲ ਓਡਵਾਇਰ ਤੋਂ ਇੰਗਲੈਂਡ ਵਿਚ ਆ ਕੇ ਪੂਰੇ 21 ਸਾਲ ਬਾਅਦ ਬਦਲਾ ਲੈਣ ਵਾਲਾ ਊਧਮ ਸਿੰਘ ਵੀ ਤਾਂ ਸਿਖ ਸੂਰਮਾ ਹੀ ਸੀ।

ਗੁਰਦਵਾਰਾ ਲਹਿਰ (1921-1924) ਦੌਰਾਨ ਜਿਸ ਬਹਾਦਰੀ ਤੇ ਦ੍ਰਿੜਤਾ ਨਾਲ ਸਿਖ ਸੂਰਮਿਆਂ ਨੇ ਜਾਬਰ ਅੰਗਰੇਜ਼ੀ ਸਾਮਰਾਜ ਨਾਲ ਟੱਕਰ ਲਈ ਸੀ ਉਸਨੂੰ ਵੇਖਕੇ ਉਸ ਵੇਲੇ ਦੇ ਹਿੰਦੂ ਤੇ ਮੁਸਲਮਾਨ ਲੀਡਰਾਂ ਨੇ ਉਂਗਲਾਂ ਮੂੰਹ ਵਿਚ ਪਾ ਲਈਆਂ ਸਨ। ਕੁਝ ਟੂਕਾਂ ਦੇਣੀਆਂ ਠੀਕ ਸਮਝੀਆਂ ਹਨ ਤਾਂ ਜੋ ਤਾਕਤ ਦੇ ਨਸ਼ੇ ਵਿਚ ਅੰਨ੍ਹੇ ਹੋਏ ਹਿੰਦੂ ਸਾਮਰਾਜ ਦੀਆਂ ਅੱਖਾਂ ਤੋਂ ਪੱਟੀ ਖੁਲ੍ਹ ਸਕੇ ਅਤੇ ਉਹ ਸਿਖ ਕੌਮ ਨੂੰ ਹੋਰ ਚਣੌਤੀਆਂ ਦੇਣ ਦੀ ਭੁੱਲ ਨਾ ਕਰੇ:

1. ਮੈਂ ਪ੍ਰਨਾਮ ਕਰਦਾ ਹਾਂ ਅਕਾਲੀਆਂ ਨੂੰ ਜਿਨ੍ਹਾਂ ਦੇਸ਼ ਦੀ ਅਜ਼ਾਦੀ ਲਈ ਘੋਲ ਆਰੰਭਿਆ ਹੈ ਅਤੇ ਅਜ਼ਾਦੀ ਲਈ ਲੜ ਰਹੇ ਹਨ।

ਪੰਡਤ ਮੋਤੀ ਲਾਲ ਨਹਿਰੂ

2. ਗੁਰੂ ਕੇ ਬਾਗ ਵਿਚੋਂ ਹੀ ਦੇਸ਼ ਸੁਤੰਤਰਤਾ ਦੀ ਲਹਿਰ ਉਠੀ ਹੈ ਅਤੇ ਹੁਣ ਇਸੇ ਨੇ ਹੀ ਦੇਸ਼ ਨੂੰ ਸੁਤੰਤਰ ਕਰਾਣਾ ਹੈ।

ਪੰਡਤ ਮਦਨ ਮੋਹਨ ਮਾਲਵੀਆ

3. ਸਿਖ ਕੌਮ ਦਾ ਜਨਮ ਦੇਸ਼ ਦੀ ਸੁਤੰਤਰਤਾ ਲਈ ਹੋਇਆ ਹੈ ਅਤੇ ਇਹਨਾਂ ਵੀਰਾਂ ਦੇ ਹੁੰਦਿਆਂ ਦੇਸ਼ ਹੁਣ ਬਹੁਤੀ ਦੇਰ ਗੁਲਾਮ ਨਹੀਂ ਰਹਿ ਸਕਦਾ। ਇਹ ਮੇਰਾ ਪੱਕਾ ਵਿਸ਼ਵਾਸ ਬਣ ਗਿਆ ਹੈ।

ਦਾਦਾਭਾਈ ਨਾਰੋਜੀ, ਪ੍ਰਧਾਨ ਕਾਂਗਰਸ

4. ਅਜ਼ਾਦੀ ਹਰ ਇਕ ਦਾ ਹੱਕ ਹੈ, ਅਸੀਂ ਕੁਪੱਤਰ ਹਾਂ ਪਰ ਅਕਾਲੀ ਸਪੁੱਤਰ ਹਨ ਜਿਹੜੇ ਕਿ ਆਪਣੇ ਇਸ ਹੱਕ ਲਈ ਲੜ ਰਹੇ ਹਨ।

ਲਾਲਾ ਲਾਜਪਤ ਰਾਏ

5. ਮੈਨੂੰ ਦੇਸ਼ ਅਜ਼ਾਦ ਕਰਾਣ ਦਾ ਨੁਸਖਾ ਮਿਲ ਗਿਆ ਹੈ, ਗੁਰਦਵਾਰਾ ਅਜ਼ਾਦ ਹੋ ਗਿਆ, ਮੁਬਾਰਕ ਹੋਵੇ। ਹੁਣ ਦੇਸ਼ ਵੀ ਤੁਸੀਂ ਹੀ ਅਜ਼ਾਦ ਕਰਾਣਾ ਹੈ।

ਐਮ. ਕੇ. ਗਾਂਧੀ

ਇਹ ਤਾਰ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਤਰਨਤਾਰਨ ਗੁਰਦਵਾਰੇ ਦੇ ਪਹਿਲੇ ਸ਼ਹੀਦ ਸ: ਹਜ਼ਾਰਾ ਸਿੰਘ ਦੀ ਬੀਰਤਾ ਸੁਣ ਕੇ ਅਕਾਲੀ ਦਲ ਨੂੰ ਦਿੱਤੀ ਸੀ। ਦੂਸਰੀ ਤਾਰ ਉਸ ਨੇ 1922 ਵਿਚ ਚਾਬੀਆਂ ਦੇ ਮੋਰਚੇ ਦੀ ਸਫਲਤਾ ਤੇ ਦਿੱਤੀ ਸੀ:

> ਦੇਸ਼ ਨੇ ਸੁਤੰਤਰਤਾ ਦੀ ਪਹਿਲੀ ਫੈਸਲਾਕੁਨ ਲੜਾਈ ਜਿੱਤ ਲਈ ਹੈ। ਮੈਂ ਸਿਖ ਕੌਮ ਨੂੰ ਵਧਾਈ ਦੇਂਦਾ ਹਾਂ।

ਐਮ. ਕੇ. ਗਾਂਧੀ

ਗਾਂਧੀ ਦੀਆਂ ਇਹ ਦੋਵੇਂ ਤਾਰਾਂ ਕਾਂਗਰਸ ਤੇ ਅਕਾਲੀ ਦਲ ਦੇ ਰੀਕਾਰਡ ਵਿਚ ਮੌਜੂਦ ਹਨ।

ਉਪਰ ਦਿੱਤੇ ਅੰਕੜੇ ਸਿਖ ਕੌਮ ਦੀ ਅਜ਼ਾਦੀ ਦੀ ਤਾਂਘ ਦੇ ਮੂੰਹ ਬੋਲਦੇ ਸਬੂਤ ਹਨ, ਜ਼ਬਾਨੀ ਜਮਾ ਖਰਚ ਨਹੀਂ। ਸਿਖ ਕੌਮ ਨੇ ਅੰਗਰੇਜ਼ੀ ਸਾਮਰਾਜ ਦੇ ਅਜੇਹੇ ਦੰਦ ਖੱਟੇ ਕੀਤੇ ਸਨ ਕਿ ਹਾਊਸ ਆਫ਼ ਕਾਮਨਜ਼ ਵਿਚ ਉਨ੍ਹਾਂ ਦਿਨਾਂ 'ਚ ਹਰ ਵੇਲੇ ਹਲਚਲ ਮਚੀ ਰਹਿੰਦੀ ਸੀ। ਅੰਗਰੇਜ਼ ਨੂੰ ਇਹ ਚੰਗੀ ਤਰ੍ਹਾਂ ਅਨੁਭਵ ਹੋ ਗਿਆ ਸੀ ਕਿ ਸਿਖ ਕੌਮ ਦੀ ਆਜ਼ਾਦੀ ਦੀ ਭਾਵਨਾ ਦੀਆਂ ਕੁਝ ਆਖਰੀ ਹੱਦਾਂ ਹਨ ਜਿਨਾਂ ਨੂੰ ਪਾਰ ਕਰਨਾ ਆਪਣੀ ਮੌਤ ਆਪ ਸਹੇੜਨਾ ਹੈ। ਇਸ ਗਲ ਦੀ ਪੁਸ਼ਟੀ 1944 ਈਸਵੀ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਰਹਿ ਚੁੱਕੇ ਡਿਪਟੀ ਕਮਿਸ਼ਨਰ ਮਿਸਟਰ ਮੂਨ ਦੀ ਪੁਸਤਕ 'ਡੀਵਾਈਡ ਐਂਡ ਕੁਇਟ' ਚੋਂ ਮਿਲਦੀ ਹੈ:

> ਅੰਮ੍ਰਿਤਸਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਇਹ ਹਦਾਇਤ ਹੁੰਦੀ ਸੀ ਕਿ ਉਹ ਸਿਖ ਕੌਮ ਦੇ ਧਾਰਮਕ ਮੁਆਮਲਿਆਂ ਵਿਚ ਦਖਲ ਦੇਣ ਤੋਂ ਗੁਰੇਜ਼ ਕਰੇ ਅਤੇ ਸਿਖਾਂ ਪ੍ਰਤੀ ਆਪਣੇ ਆਪ ਨੂੰ ਹਾਕਮ ਸਮਝਣ ਦੀ ਥਾਂ ਇਕ ਰਾਜਦੂਤ ਦੇ ਰੂਪ ਵਿਚ ਵੇਖੇ।

ਸਿਖਾਂ ਨੇ ਅਜ਼ਾਦੀ ਦੇ ਚੱਲ ਰਹੇ ਸੰਘਰਸ਼ ਵਿਚ ਚਾਹੇ ਉਹ ਸ਼ਾਂਤਮਈ ਸੀ ਤੇ ਚਾਹੇ ਹਥਿਆਰਬੰਦ, ਸਭ ਤੋਂ ਅਗਲੀ ਕਤਾਰ ਵਿਚ ਖੜ੍ਹਕੇ ਆਪਣੀਆਂ ਜਾਨਾਂ ਵਾਰੀਆਂ। ਸ਼ਾਂਤਮਈ ਜਦੋ-ਜਹਿਦ ਵਿਚ ਸੌ ਸੌ ਲਾਠੀਆਂ ਤੇ ਕੋਰੜੇ ਖਾ ਕੇ ਵਾਹਿਗੁਰੂ ਵਾਹਿਗੁਰੂ ਕਰਦੇ ਹੋਏ ਬੇਹੋਸ਼ ਤਾਂ ਹੋ ਗਏ ਪਰ ਅਕਾਲ ਤਖਤ ਸਾਹਿਬ ਤੇ ਸ਼ਾਂਤਮਈ ਦੇ ਕੀਤੇ ਆਪਣੇ ਪ੍ਰਣ ਨਹੀਂ ਤੋੜੇ।

ਅੰਗਰੇਜ਼ ਭਜਿਆ ਵੀ ਉਦੋਂ ਸੀ ਜਦੋਂ ਉਸ ਨੂੰ ਇਹ ਅਨੁਭਵ ਹੋ ਗਿਆ ਸੀ ਕਿ ਆਮ ਲੋਕਾਂ ਦੇ ਨਾਲ ਨਾਲ ਫੌਜ ਵਿਚ ਵੀ ਬਗਾਵਤ ਹੋਣੀ ਸ਼ੁਰੂ ਹੋ ਗਈ ਸੀ ਅਤੇ ਵਕਤ ਆਉਣ ਤੇ ਇਥੋਂ ਕੋਈ ਵੀ ਅੰਗਰੇਜ਼ ਬਚਕੇ ਨਹੀਂ ਨਿਕਲ ਸਕੇਗਾ। ਇਹ ਸਨ ਮੁਖ ਕਾਰਨ ਜਦੋਂ ਅੰਗਰੇਜ਼ ਨੂੰ ਅਜ਼ਾਦੀ ਦੇਣ ਤੇ ਮਜਬੂਰ ਹੋਣਾ ਪਿਆ ਸੀ। ਚਰਖੇ ਕੱਤਿਆਂ ਤੇ ਭੁੱਖ ਹੜਤਾਲਾਂ ਨਾਲ ਅੰਗਰੇਜ਼ ਕਦੀ ਅਜ਼ਾਦੀ ਦੇਣ ਵਾਲਾ ਨਹੀਂ ਸੀ। ਦੇਸ਼ ਦੀ ਵੰਡ ਵੇਲੇ ਸਿਖ ਕੌਮ ਨਾਲ ਕੀਤੇ ਵਾਹਦੇ ਅਤੇ ਵੰਡ ਹੋਣ ਤੇ ਜੋ ਸਿਖ ਕੌਮ ਨਾਲ ਬੀਤੀ ਅਤੇ ਜਿਹੋ ਜੇਹੀ ਅਜ਼ਾਦੀ ਸਿਖ ਕੌਮ ਨੂੰ ਮਿਲੀ ਆਦਿ ਅਗਲੇ ਕਾਂਡਾਂ ਵਿਚ ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸਿਖ ਇਕ ਵਖਰੀ ਕੌਮ ਦੇ ਪਖੋਂ

ਇਹ ਇਕ ਹਾਸੋਹੀਣੀ ਗੱਲ ਹੈ ਕਿ ਹਜ਼ਾਰ ਸਾਲ ਤੋਂ ਵੀ ਵਧ ਗੁਲਾਮ ਰਹਿ ਚੁੱਕੀ ਕੌਮ ਨੂੰ ਜਿਸ ਕੌਮ ਨੇ ਲਖਾਂ ਜਾਨਾਂ ਵਾਰ ਕੇ ਅਜ਼ਾਦ ਕਰਾਇਆ, ਅੱਜ ਉਹ ਅਜ਼ਾਦ ਹੋਈ ਕੌਮ, ਅਜ਼ਾਦ ਕਰਾਉਣ ਵਾਲਿਆਂ ਨੂੰ ਇਕ ਕੌਮ ਮੰਨਣ ਤੋਂ ਵੀ ਨਾਬਰ ਹੈ।

ਅੱਜ ਉਨ੍ਹਾਂ ਸਿਖਾਂ ਨੂੰ ਇਕ ਕੌਮ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਜਿਨ੍ਹਾਂ ਦੀ ਕੌਮ ਅੱਜ ਤੋਂ ਡੇਢ ਸੌ ਸਾਲ ਤੋਂ ਵੀ ਘਟ ਸਮਾਂ ਪਹਿਲਾਂ ਯੂਰਪ ਦੇ ਕਿਸੇ ਮੁਲਕ ਤੋਂ ਵੀ ਵਡੇ ਤੇ ਵਿਸ਼ਾਲ ਰਾਜ ਦੀ ਮਾਲਕ ਸੀ ਅਤੇ ਜਿਸਦੀਆਂ ਸੰਸਾਰ ਦੇ ਪ੍ਰਸਿਧ ਮੁਲਕਾਂ, ਜਿਵੇਂ ਕਿ ਇੰਗਲੈਂਡ, ਫਰਾਂਸ, ਰੂਸ, ਚੀਨ, ਈਰਾਨ ਅਤੇ ਅਫਗਾਨਿਸਤਾਨ ਆਦਿ ਨਾਲ 'ਸਰਕਾਰ ਖਾਲਸਾ' ਦੇ ਨਾਂ ਨਾਲ ਬਾਕਾਇਦਾ ਸੰਧੀਆਂ ਸਨ, ਜਿਸਦੇ ਮਹਾਰਾਜੇ ਨੂੰ ਇੰਗਲੈਂਡ ਦੇ ਬਾਦਸ਼ਾਹ ਨੇ ਅਜੇ ਕੱਲ੍ਹ ਹੀ ਸੰਨ 1831 ਵਿਚ ਪੰਜ ਵਧੀਆ ਘੋੜੇ ਅਤੇ ਸ਼ਾਨਦਾਰ ਗੱਡੀ ਤੋਹਫੇ ਵਜੋਂ ਭੇਜਕੇ ਮਾਣ ਪ੍ਰਾਪਤ ਕੀਤਾ ਸੀ।

ਆਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਹਿੰਦੂ ਬਹੁਗਿਣਤੀ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਤੇ ਹਿੰਦੂ ਵਿਦਵਾਨਾਂ ਨੇ ਸਿਖ ਕੌਮ ਦੀ ਹੋਂਦ ਨੂੰ ਖਤਮ ਕਰਨ ਦੇ ਮਨਸੂਬਿਆਂ ਅਧੀਨ ਸਿਖਾਂ ਨੂੰ ਕੇਸਾਧਾਰੀ ਹਿੰਦੂ ਕਹਿਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਗੁਰਮਤ ਤੋਂ ਕੋਰੇ ਕੁਝ ਟੁਕੜਬੋਚ ਸਿਖ ਸਰੂਪ ਲੀਡਰ ਵੀ ਅਜੇਹੀਆਂ ਬੇਥਵੀਆਂ ਦਲੀਲਾਂ ਦੇਕੇ ਮਾਲਕ ਦੀ ਬੋਲੀ ਬੋਲਦੇ ਰਹੇ ਹਨ।

ਇਸ ਲਈ ਇਹ ਉਚਿਤ ਤੇ ਅਵੱਸ਼ਕ ਹੋ ਜਾਂਦਾ ਹੈ ਕਿ ਅਜੇਹੀਆਂ ਭੁਲੇਖਾ-ਪਾਊ ਥੋਥੀਆਂ ਦਲੀਲਾਂ ਅਤੇ ਚਣੌਤੀਆਂ ਨੂੰ ਸੰਸਾਰ ਦੇ ਪ੍ਰਸਿਧ ਰਾਜਨੀਤਕ ਵਿਗਿਆਨੀਆਂ ਵਲੋਂ ਮਿਥੇ ਗਏ ਅਸੂਲਾਂ ਦੇ ਮਿਆਰ ਅਤੇ ਪਰਮਾਣਤ ਸਿਧਾਂਤਕ ਮਾਪ-ਤੋਲ ਤੇ ਪਰਖਿਆ ਜਾਵੇ ਤਾਂ ਜੋ ਆਪਣਿਆਂ ਅਤੇ ਬਿਗਾਨਿਆਂ ਦੋਹਾਂ ਦੇ ਮਨਾਂ ਵਿਚ ਪਾਏ ਜਾ ਰਹੇ ਭੁਲੇਖਿਆ ਨੂੰ ਦੂਰ ਕੀਤਾ ਜਾ ਸਕੇ।

ਆਉ ਹੁਣ ਅਸੀਂ ਵੇਖੀਏ ਕਿ ਸੰਸਾਰ ਦੇ ਕੁਝ ਪ੍ਰਸਿਧ ਤੇ ਚੋਣਵੇਂ ਵਿਗਿਆਨੀ ਕੌਮ ਦੀ ਪ੍ਰੀਭਾਸ਼ਾ ਕਿਸਤਰ੍ਹਾਂ ਕਰਦੇ ਹਨ:—

1. ਬਰਗਸ (Burgess) ਅਨੁਸਾਰ ਕੌਮ ਉਹ ਜਨ-ਸਮੂਹ ਹੁੰਦਾ ਹੈ ਜੋ ਨਸਲੀ (Ethnic) ਏਕਤਾ ਵਿਚ ਬੰਧਿਆ ਹੋਇਆ ਹੋਵੇ ਅਤੇ ਇਕੋ ਥਾਂ ਤੇ ਵਸਦਾ ਹੋਵੇ।

2. ਪ੍ਰੇਡੀਅਰ (Predier) ਮੁਤਾਬਕ ਨਸਲ, ਜਾਤ, ਭਾਸ਼ਾ ਅਤੇ ਧਾਰਮਕ ਏਕਤਾ ਹੀ ਅਜੇਹੇ ਤੱਤ ਹਨ ਜੋ ਕੌਮ ਬਣਾਉਂਦੇ ਹਨ।

3. ਰੈਮਜ਼ੇ ਮੁਈਰ (Ramsey Muir) ਅਨੁਸਾਰ ਕੌਮ ਲੋਕਾਂ ਦਾ ਉਹ ਸਮੂਹ ਹੈ ਜਿਨ੍ਹਾਂ ਅੰਦਰ ਇਕ ਦੂਜੇ ਨਾਲ ਵਿਸ਼ੇਸ਼ ਬੰਧਨਾਂ ਵਿਚ ਬੰਧੇ ਹੋਣ ਦਾ ਇਹਸਾਸ ਪ੍ਰਬਲ ਹੋਵੇ, ਜੋ ਇਕੱਠੇ ਰਹਿਣ ਵਿਚ ਖੁਸ਼ੀ ਤੇ ਆਪਸੀ ਫੁੱਟ ਵਿਚ ਗਮੀ ਮਹਿਸੂਸ ਕਰਦੇ ਹੋਣ ਅਤੇ ਜਿਨ੍ਹਾਂ ਲਈ ਉਨ੍ਹਾਂ ਲੋਕਾਂ ਦੀ ਗੁਲਾਮੀ ਅਸਹਿ ਹੋਵੇ ਜੋ ਉਨ੍ਹਾਂ ਨਾਲ ਅਜੇਹੇ ਬੰਧਨਾਂ ਦੀ ਸਾਂਝ ਨਾ ਰਖਦੇ ਹੋਣ।

4. ਹੇਜ਼ ਕਾਰਲਟਨ (Hayes Carleton) ਉਨ੍ਹਾਂ ਲੋਕਾਂ ਦੇ ਜਮਾਤੀ ਇਕੱਠ ਨੂੰ ਕੌਮ ਕਹਿੰਦਾ ਹੈ ਜੋ ਇਕ ਭਾਸ਼ਾ ਬੋਲਦੇ ਹੋਣ, ਸਾਂਝੇ ਇਤਹਾਸਕ ਵਿਰਸੇ ਤੇ ਮਾਣ ਕਰਦੇ ਹੋਣ ਅਤੇ ਜਿਨ੍ਹਾਂ ਅੰਦਰ ਇਹ ਅਹਿਸਾਸ ਪ੍ਰਬਲ ਹੋਵੇ ਕਿ ਉਹ ਇਕ ਐਸੀ ਨਿਆਰੀ ਸਭਿਅਤਾ ਦੇ ਵਾਰਸ ਹਨ ਜਿਸ ਦੇ ਵਿਕਾਸ ਵਿਚ ਉਨ੍ਹਾਂ ਦੇ ਧਰਮ ਅਤੇ ਰਾਜਨੀਤੀ ਨੇ ਵਿਸ਼ੇਸ਼ ਹਿੱਸਾ ਪਾਇਆ ਹੋਇਆ

ਹੈ।

5. ਬ੍ਰਾਈਸ (Bryce) ਉਸ ਜਨ-ਸਮੂਹ ਨੂੰ ਕੌਮ ਗਿਣਦਾ ਹੈ ਜਿਸ ਨੇ ਆਪਣੇ ਆਪ ਨੂੰ ਸੁਤੰਤਰਤਾ ਜਾਂ ਸੁਤੰਤਰਤਾ ਦੀ ਇੱਛਾ ਰਖਣ ਵਾਲੀ ਰਾਜਨੀਤਕ ਸੰਸਥਾ ਦੇ ਰੂਪ ਵਿਚ ਸੰਗਠਤ ਕਰ ਲਿਆ ਹੋਵੇ।

ਉਪਰ ਦਿੱਤੀਆਂ ਕੌਮ ਦੀਆਂ ਕੁਝ ਪ੍ਰੀਭਾਸ਼ਾਵਾਂ ਦਾ ਜੋ ਮੂਲ ਤੱਤ ਨਿਕਲਦਾ ਹੈ ਉਸਨੂੰ ਸੰਖੇਪ ਰੂਪ ਵਿਚ ਅਸੀਂ ਹੇਠ ਲਿਖੇ ਤਿੰਨ ਹਿਸਿਆਂ ਵਿਚ ਵੰਡ ਸਕਦੇ ਹਾਂ:

1. ਕਿਸੇ ਲੋਕ-ਸਮੂਹ ਵਿਚ ਸੁਤੰਤਰ ਮਜ਼ਹਬੀ ਏਕਤਾ ਦਾ ਹੋਣਾ, ਭਾਸ਼ਾਈ ਏਕਤਾ ਦਾ ਹੋਣਾ ਅਤੇ ਸਮਾਜਕ ਅਭਿੰਨਤਾ ਤੇ ਇਸ ਦੀ ਚੇਤਨਤਾ ਦਾ ਹੋਣਾ।
2. ਉਸ ਲੋਕ-ਸਮੂਹ ਦਾ ਕਿਸੇ ਖਾਸ ਖੇਤਰ ਵਿਚ ਇਕਠੇ ਰਹਿਣਾ, ਸਾਂਝਾ ਇਕ ਨਿਸ਼ਾਨਾ ਹੋਣਾ ਅਤੇ ਸਾਂਝੀਆਂ ਦਿੱਤੀਆਂ ਕੁਰਬਾਨੀਆਂ ਤੇ ਪ੍ਰਾਪਤੀਆਂ ਦਾ ਇਤਹਾਸਕ ਵਿਰਸਾ ਹੋਣਾ।
3. ਸਾਂਝੇ ਵਿਰਸੇ ਦੀ ਰਖਿਆ ਤੇ ਕੌਮੀ ਸੰਕਟ ਵੇਲੇ ਆਪਸੀ ਮਤਭੇਦ ਭੁਲਾ ਕੇ ਇਕ ਹੋ ਜਾਣ ਦੀ ਭਾਵਨਾ ਅਤੇ ਆਪਣੇ ਕੌਮੀ ਸਰੂਪ ਨੂੰ ਸਦਾ ਕਾਇਮ ਰਖਣ ਦਾ ਨਿਸ਼ਾਨਾ ਹੋਣਾ।

ਆਓ ਜ਼ਰਾ ਹੁਣ ਵੇਖੀਏ ਕਿ ਸਿਖ ਕੌਮ ਸੰਸਾਰ ਦੇ ਪ੍ਰਸਿਧ ਵਿਗਿਆਨੀਆਂ ਦੇ ਕੌਮ ਦੇ ਪ੍ਰਾਮਾਣਤ ਸਿਧਾਂਤਕ ਆਧਾਰ ਤੇ ਪੂਰੀ ਉਤਰਦੀ ਹੈ ਕਿ ਨਹੀਂ।

ਸਿਖ ਧਰਮ ਇਕ ਨਿਰਾਲਾ ਵਿਗਿਆਨਕ ਧਰਮ ਹੈ। ਇਹ ਬਾਹਮਣਵਾਦ ਤੇ ਇਸਲਾਮ ਨਾਲੋਂ ਬਿਲਕੁਲ ਵਖਰੀ ਕਿਸਮ ਦਾ ਧਰਮ ਹੈ। 'ਏਕ ਪਿਤਾ ਏਕਸ ਕੇ ਹਮ ਬਾਰਿਕ' ਅਤੇ 'ਸਭੇ ਸਾਂਝੀਵਾਲ ਸਦਾਇਨਿ' ਦੇ ਸਿਧਾਤਾਂ ਸਾਹਮਣੇ ਸੰਸਾਰ ਦੇ ਸਾਰੇ ਮਨੁਖ ਬਰਾਬਰ ਤੇ ਭਰਾ ਭਰਾ ਹਨ:

ਅਵਲਿ ਅਲਾ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕਉਨ ਮੰਦੇ।

ਰਾਜੇ ਤੇ ਰੰਕ ਨੂੰ ਇਕੋ ਥਾਂ ਤੇ ਇਕੱਠੇ ਬੈਠਣਾ ਸਿਖਾਉਣ ਵਾਲੀਆਂ 'ਸੰਗਤ ਤੇ ਪੰਗਤ' ਦੀਆਂ ਅਦੁਤੀ ਸੰਸਥਾਵਾਂ ਅਤੇ ਭਗਤੀ ਤੇ ਸ਼ਕਤੀ ਦਾ ਸੁਮੇਲ ਸੰਸਾਰ ਦੇ ਕਿਸੇ ਹੋਰ ਧਰਮ ਵਿਚ ਨਹੀਂ ਮਿਲਦਾ।

ਮੱਕੇ (ਰੱਬ ਦੇ ਘਰ) ਦੇ ਦਰਸ਼ਨ ਕਰਨ ਦਾ ਅਧਿਕਾਰ ਮੁਸਲਮਾਨਾਂ ਤੋਂ ਛੁੱਟ ਹੋਰ ਕਿਸੇ ਨੂੰ ਨਹੀਂ ਹੈ। ਇਸੇ ਤਰ੍ਹਾਂ ਹਿੰਦੂਆਂ ਦੇ ਮੰਦਰ (ਭਗਵਾਨ ਦੇ ਘਰ) ਭਗਵਾਨ ਦੇ ਹੀ ਪੈਦਾ ਕੀਤੇ ਮੁਸਲਮਾਨ ਤੇ ਸ਼ੂਦਰ ਦੇ ਜਾਣ ਨਾਲ ਅਪਵਿੱਤਰ ਹੋ ਜਾਂਦੇ ਹਨ।

ਮੁਸਲਮਾਨਾਂ ਦੀ ਜ਼ਬਾਨ ਰਾਮ ਜਾਂ ਈਸ਼ਵਰ ਕਹਿਣ ਨਾਲ ਨਾਪਾਕ ਹੋ ਜਾਂਦੀ ਹੈ ਅਤੇ ਹਿੰਦੂਆਂ ਦੇ ਕੰਨ ਖੁਦਾ ਜਾਂ ਅਲਾ ਹੂ ਅਕਬਰ ਦੀ ਅਵਾਜ਼ ਨਾਲ ਅਪਵਿੱਤਰ ਹੋ ਜਾਂਦੇ ਹਨ ਪਰ ਸਿਖਾਂ ਦੇ ਸਰਬ-ਉਤਮ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ੇ ਸਾਰੀ ਮਨੁੱਖਤਾ ਲਈ ਚੌਪਟ ਖੁੱਲ੍ਹੇ ਪਏ ਹਨ, ਜਿਥੇ 'ਸਭੇ ਸਾਂਝੀਵਾਲ ਸਦਾਇਨਿ' ਦੀ ਇਲਾਹੀ ਬਾਣੀ ਦੇ ਫੁਹਾਰੇ ਤਪਦੀਆਂ ਰੂਹਾਂ ਨੂੰ ਠਾਰ ਰਹੇ ਹਨ ਅਤੇ ਜਿਥੇ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ, ਮੁਸਲਮਾਨ ਤੇ ਈਸਾਈ ਆਦਿ ਸਭ ਧਰਮਾਂ ਦੇ ਲੋਕਾਂ ਨੂੰ 'ਜੀ ਆਇਆਂ' ਆਖਿਆ ਜਾਂਦਾ ਹੈ, ਜਿੱਥੇ ਉਚ ਨੀਚ ਅਤੇ ਜਾਤਪਾਤ ਦੇ ਭਿੰਨ ਭੇਦ ਸਮਾਨਤਾ ਅਤੇ ਬਰਾਬਰਤਾ ਵਿਚ ਬਦਲ ਜਾਂਦੇ ਹਨ।

ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਸਿਖ ਧਰਮ ਦੀ ਵਿਲੱਖਣਤਾ ਨੂੰ ਇਤਨੇ ਸਪਸ਼ਟ ਤੇ ਨਿਖਰਵੇਂ ਸ਼ਬਦਾਂ ਵਿਚ ਅੰਕਤ ਕੀਤਾ ਹੈ ਕਿ ਕਿਸੇ ਕਿਸਮ ਦੇ ਸ਼ੱਕ ਦੀ ਪਰਛਾਈਂ ਤੱਕ ਨਹੀਂ ਰਹਿਣ ਦਿੱਤੀ। ਸਿਖ ਧਰਮ ਦੀ ਵਿਲੱਖਣਤਾ ਦੀਆਂ ਹਜ਼ਾਰਾਂ ਟੂਕਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਆਪਣੇ ਮੁਖ ਵਿਸ਼ੇ ਦੀ ਹੱਦ ਵਿਚ ਰਹਿੰਦਿਆਂ ਕੁਝ ਹੀ ਟੂਕਾਂ ਦਿੱਤੀਆਂ ਜਾ ਰਹੀਆਂ ਹਨ:

> **ਵਰਤ ਨ ਰਹਉ ਨ ਮਹ ਰਮਦਾਨਾ। ਤਿਸੁ ਸੇਵੀ ਜੋ ਰਖੈ ਨਿਦਾਨਾ।**
> **ਏਕੁ ਗੁਸਾਈ ਅਲਹੁ ਮੇਰਾ। ਹਿੰਦੂ ਤੁਰਕ ਦੁਹਾਂ ਨੇਬੇਰਾ।**
> **ਹਜ ਕਾਬੈ ਜਾਉ ਨ ਤੀਰਥ ਪੂਜਾ। ਏਕੋ ਸੇਵੀ ਅਵਰੁ ਨ ਦੂਜਾ।**
> **ਪੂਜਾ ਕਰਉ ਨ ਨਿਵਾਜ ਗੁਜਾਰਉ। ਏਕ ਨਿਰੰਕਾਰ ਲੇ ਰਿਦੈ ਨਮਸਕਾਰਉ।**
> **ਨਾ ਹਮ ਹਿੰਦੂ ਨ ਮੁਸਲਮਾਨ। ਅਲਹ ਰਾਮ ਕੇ ਪਿੰਡੁ ਪਰਾਨ।**
>
> ਭੈਰਉ ਮਹਲਾ ੫, ਗੁਰੂ ਗ੍ਰੰਥ ਸਾਹਿਬ

> **ਮੈ ਨ ਗਨੇਸਹਿ ਪ੍ਰਿਥਮ ਮਨਾਊਂ। ਕਿਸਨ ਬਿਸਨ ਕਬਹੂੰ ਨ ਧਿਆਊਂ।**
>
> ਕ੍ਰਿਸ਼ਨਾਵਤਾਰ, ਦਸਮ ਗ੍ਰੰਥ

> **ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨ ਮਾਨਯੋ।**
>
> ਰਾਮਾਵਤਾਰ, ਦਸਮ ਗ੍ਰੰਥ

> **ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ। ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ।**
>
> ਆਸਾ ਮਹਲਾ ੫, ਗੁਰੂ ਗ੍ਰੰਥ ਸਹਿਬ

> **ਹਿੰਦੂ ਅੰਨ੍ਹਾ ਤੁਰਕੂ ਕਾਣਾ। ਦੁਹਾਂ ਤੇ ਗਿਆਨੀ ਸਿਆਣਾ।**
>
> ਗੋਂਡ ਨਾਮ ਦੇਵ ਜੀ, ਗੁਰੂ ਗ੍ਰੰਥ ਸਾਹਿਬ

> **ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ। ਨਾਰਦਿ ਕਹਿਆ ਸਿ ਪੂਜ ਕਰਾਂਹੀ।**
> **ਅੰਧੇ ਗੁੰਗੇ ਅੰਧ ਅੰਧਾਰੁ। ਪਾਥਰੁ ਲੇ ਪੂਜਹਿ ਮੁਗਧ ਗਵਾਰ।**
> **ਓਹਿ ਜਾ ਆਪਿ ਡੁਬੇ ਤੁਮ ਕਹਾ ਤਰਾਵਣਹਾਰੁ।**
>
> **ਰਾਗ ਬਿਹਾਗੜਾ ਮਹਲਾ ੧, ਗੁਰੂ ਗ੍ਰੰਥ ਸਾਹਿਬ**

ਇਤਨੇ ਸਾਫ ਤੇ ਸਪਸ਼ਟ ਸਿਧਾਂਤਕ ਹਵਾਲਿਆਂ ਦੇ ਸਾਹਮਣੇ ਵੀ ਜੇ ਕੋਈ ਨਾਂ ਮੰਨੇ ਤਾਂ ਆਪਣੀਆਂ ਅੱਖਾਂ ਉੱਤੇ ਪੱਟੀ ਬੰਨ੍ਹ ਕੇ ਦਿਨ ਨੂੰ ਰਾਤ ਕਹਿਣ ਵਾਲੀ ਅਗਿਆਨਤਾ ਨਾਲ ਆਪਣੇ ਆਪ ਨੂੰ ਤਾਂ ਧੋਖਾ ਦੇ ਸਕਦਾ ਹੈ ਪਰੰਤੂ ਦੂਜਿਆਂ ਨੂੰ ਨਹੀਂ।

ਮੈਕਾਲਿਫ, ਕਨਿੰਘਮ, ਲਤੀਫ, ਡਨਕਨ ਗਰੀਨਲੀਜ਼ ਆਦਿ ਨਿਰਪੱਖ ਇਤਹਾਸਕਾਰਾਂ ਨੇ ਸਿਖ ਧਰਮ ਅਤੇ ਕੌਮ ਦੇ ਸੁਤੰਤਰ ਸਰੂਪ ਦੀ ਆਪਣੀਆਂ ਪੁਸਤਕਾਂ ਵਿਚ ਪ੍ਰੋੜ੍ਹਤਾ ਕੀਤੀ ਹੈ। ਗੁਰੂ ਹਰਿ ਗੋਬਿੰਦ ਸਾਹਿਬ ਦਾ ਸਮਕਾਲੀ ਇਤਹਾਸਕਾਰ ਮੁਹਸਨ ਫ਼ਾਨੀ ਆਪਣੀ ਪੁਸਤਕ 'ਦਬਿਸਤਾਨਿ ਮਜ਼ਾਹਿਬ' ਵਿਚ ਸਿਖਾਂ ਸੰਬੰਧੀ ਇਜ ਲਿਖਦਾ ਹੈ:

> ਗੁਰੂ ਨਾਨਕ ਜੀ ਦੇ ਸਿਖ ਹਰ ਗੁਰੂ ਸਾਹਿਬ ਨੂੰ ਗੁਰੂ ਨਾਨਕ ਦੇਵ ਜੀ ਦਾ ਰੂਪ ਹੀ ਸਮਝਦੇ ਹਨ ਅਤੇ ਉਹ ਮੂਰਤੀ ਪੂਜਾ ਦੇ ਵਿਰੋਧੀ ਹਨ। ਨਾ ਤਾਂ ਉਹ ਹਿੰਦੂ ਅਵਤਾਰਾਂ ਵਿਚ ਵਿਸ਼ਵਾਸ ਰਖਦੇ ਹਨ ਅਤੇ ਨਾਹੀ ਉਹ ਸੰਸਕ੍ਰਿਤ ਜ਼ਬਾਨ ਨੂੰ ਪੜ੍ਹਦੇ ਹਨ ਜੋ ਹਿੰਦੂਆਂ ਵਲੋਂ ਦੇਵਤਿਆਂ ਦੀ ਜ਼ਬਾਨ ਮੰਨੀ ਜਾਂਦੀ ਹੈ। ਸਿਖ ਮਤ ਦੇ ਅਨੁਆਈਆਂ ਦਾ ਹਿੰਦੂ ਮੰਤਰਾਂ ਵਿਚ

ਵਿਸ਼ਵਾਸ ਨਹੀਂ ਹੈ।

ਇਕ ਹੋਰ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਸੰਨ 1764-65 ਵਿਚ ਅਹਿਮਦ ਸ਼ਾਹ ਅਬਦਾਲੀ ਦੇ ਸਤਵੇਂ ਹਮਲੇ ਸਮੇਂ ਮੀਰ ਨਸੀਰ ਖਾਂ ਦੀ ਜਹਾਦੀ ਫੌਜ ਨਾਲ ਪੰਜਾਬ ਆਇਆ ਸੀ। ਉਹ ਆਪਣੀ ਪੁਸਤਕ 'ਜੰਗ ਨਾਮਾ' ਵਿਚ ਸਿਖਾਂ ਸੰਬੰਧੀ ਇੰਜ ਲਿਖਦਾ ਹੈ:-

> ਇਨ੍ਹਾਂ ਦਾ ਪੰਥ ਨਾਨਕ ਤੋਂ ਸ਼ੁਰੂ ਹੋਇਆ ਹੈ ਜਿਸਨੇ ਸਿਖਾਂ ਨੂੰ ਨਿਰਾਲਾ ਪੰਥ ਦਿੱਤਾ ਹੈ। ਉਸ ਤੋਂ ਬਾਅਦ ਗੋਬਿੰਦ ਸਿੰਘ ਗੁਰੂ ਹੋਇਆ ਜਿਸ ਤੋਂ ਇਨ੍ਹਾਂ ਨੂੰ ਸਿੰਘ ਪਦਵੀ ਪ੍ਰਾਪਤ ਹੋਈ।
>
> ਇਹ ਹਿੰਦੂਆਂ ਵਿਚੋਂ ਨਹੀਂ ਹਨ, ਇਨ੍ਹਾਂ ਦਾ ਪੰਥ ਵਖਰਾ ਹੈ।

ਉਪਰੋਕਤ ਪ੍ਰਮਾਣ ਸਿਖ ਧਰਮ ਤੇ ਸਿਖ ਕੌਮ ਦੀ ਸੁਤੰਤਰ ਹਸਤੀ ਵਿਚ ਕੋਈ ਸ਼ੰਕਾ ਬਾਕੀ ਨਹੀਂ ਰਹਿਣ ਦਿੰਦੇ।

ਹਿੰਦੂ ਧਰਮ ਸੰਸਾਰ ਨੂੰ ਦੁਖਾਂ ਤੇ ਪਾਪਾਂ ਦਾ ਘਰ, ਮਨੁਖੀ ਜੀਵਨ ਨੂੰ ਕਰਮਾਂ ਦਾ ਭੋਗ ਮੰਨਦਾ ਹੈ, ਇਸਤਰੀ ਮਾਇਆ ਆਦਿ ਤੋਂ ਛੁਟਕਾਰਾ ਪਾਉਣ ਲਈ ਅਤੇ ਸਮਾਜਕ ਫਰਜ਼ਾਂ ਨੂੰ ਪਿਠ ਦੇਕੇ ਜੋਗੀ ਜਾਂ ਸਨਿਆਸੀ ਬਣਕੇ ਜੰਗਲਾਂ ਤੇ ਪਹਾੜਾਂ ਵਿਚ ਜਾ ਲੁਕਣ ਦੀ ਪ੍ਰੇਰਨਾ ਦਿੰਦਾ ਹੈ ਪਰ ਸਿਖ ਧਰਮ ਇਸਦੇ ਉਲਟ ਸੰਸਾਰ ਨੂੰ ਕਰਤੇ ਦੀ ਸੱਤ ਰਚਨਾ ਮੰਨਕੇ, ਕਿਰਤ ਕਰਨ, ਵੰਡ ਛਕਣ ਅਤੇ ਸਮਾਜਕ ਸੇਵਾ ਨੂੰ ਮੁਕਤੀ ਦਾ ਸਾਧਨ ਮੰਨਦਾ ਹੈ।

ਗੁਰੂ ਸਾਹਿਬ ਨੇ 'ਸੰਗਤ' ਤੇ 'ਪੰਗਤ' ਦੀਆਂ ਸੰਸਥਾਵਾਂ ਰਾਹੀਂ ਊਚ ਨੀਚ, ਛੂਤ ਛਾਤ ਅਤੇ ਕਰਮ ਕਾਂਡੀ ਵਿਤਕਰਿਆਂ ਦੇ ਸਮਾਜੀ ਕੋੜ੍ਹ ਨੂੰ ਦੂਰ ਕੀਤਾ ਅਤੇ ਸਦੀਆਂ ਤੋਂ ਪਸ਼ੂਆਂ ਵਾਂਗ ਸੇਵਾ ਕਰਦੇ ਆ ਰਹੇ ਸ਼ੂਦਰਾਂ, ਨੀਵੀਆਂ ਜਾਤੀਆਂ ਤੇ ਦੁਰਕਾਰੇ ਹੋਏ ਲੋਕਾਂ ਨੂੰ ਆਪਣੇ ਜੀਵਨ ਵਿਚ ਪਹਿਲੀ ਵਾਰ ਮਨੁਖ ਹੋ ਸਕਣ ਦਾ ਅਹਿਸਾਸ ਕਰਾਇਆ। ਬ੍ਰਾਹਮਣਵਾਦ ਦੇ ਊਚ ਨੀਚ ਦੇ ਜਾਤੀ ਵਿਕਰਿਆਂ ਦੇ ਟੋਏ ਟਿਬੇ ਪਧਰੇ ਕਰਕੇ ਮਨੁੱਖਤਾ ਨੂੰ ਸਮਾਨਤਾ ਤੇ ਬਰਾਬਰਤਾ ਦੀ ਲੜੀ ਵਿਚ ਪਰੋਇਆ। ਭਾਰਤੀ ਉਪ-ਮਹਾਂਦੀਪ ਦੇ ਸਮਾਜਕ ਪਿਛੋਕੜ ਵਿਚ ਇਹ ਇਕ ਐਸਾ ਇਨਕਲਾਬ ਸਾਬਤ ਹੋਇਆ ਜਿਸਨੇ ਪਿਛਲੇ ਹਜ਼ਾਰ ਸਾਲ ਦੇ ਇਤਿਹਾਸ ਦਾ ਮੂੰਹ ਮੋੜ ਕੇ ਰੱਖ ਦਿੱਤਾ।

ਬ੍ਰਾਹਮਣਵਾਦ ਸਦੀਆਂ ਤੋਂ ਇਸਤਰੀ ਨੂੰ ਮਾਇਆ, ਬਾਘਨੀ, ਪੈਰ ਦੀ ਜੁੱਤੀ ਅਤੇ ਕਾਮਨੀ ਕਹਿਕੇ ਦੁਰਕਾਰਦਾ ਰਿਹਾ ਹੈ। ਤੁਲਸੀ ਜੀ ਆਪਣੇ ਰਾਮ ਚਰਿਤ ਮਾਨਸ ਵਿਚ ਇਸਤਰੀ ਸੰਬੰਧੀ ਆਪਣੇ ਵਿਚਾਰ ਇੰਜ ਦਿੰਦੇ ਹਨ:

ਢੋਰ, ਗੰਵਾਰ, ਸ਼ੂਦਰ ਅਰ ਨਾਰੀ
ਇਹ ਸਭ ਤਾੜਨ ਕੇ ਅਧਕਾਰੀ।

ਸਿੱਖ ਕੌਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਇਸਤਰੀ ਨੂੰ ਘ੍ਰਿਣਾ ਦੇ ਪਹਾੜਾਂ ਥਲਿਉਂ ਕਢ ਕੇ ਉਦੋਂ ਇਸਦੇ ਆਦਰਨੀਯ ਅਸਥਾਨ ਤੇ ਲਿਆ ਖੜਾ ਕੀਤਾ ਸੀ ਜਦੋਂ ਇਨ੍ਹਾਂ ਪਛਮੀ ਦੇਸ਼ਾਂ ਵਿਚ ਵੀ ਇਸਤਰੀ ਇਕ ਦਾਸੀ ਤੋਂ ਵਧ ਕੁਝ ਨਹੀਂ ਸੀ ਸਮਝੀ ਜਾਂਦੀ। ਗੁਰੂ ਸਾਹਿਬ ਨੇ ਵਕਤ ਦੀ ਸਮਾਜਕ ਜ਼ਮੀਰ ਨੂੰ ਝੰਜੋੜਿਆ ਅਤੇ ਚਿਤਾਵਨੀ ਦਿੱਤੀ ਕਿ:

ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।

ਸਿੱਖ ਸਮਾਜ ਵਿਚ ਇਸਤਰੀ ਦੀ ਬਰਾਬਰਤਾ ਦੀਆਂ ਸ਼ਾਨਦਾਰ ਮਿਸਾਲਾਂ ਹਨ। ਮਹਾਰਾਜਾ ਰਣਜੀਤ

ਸਿੰਘ ਦੇ ਮਿਸਲਾਂ ਨਾਲ ਆਪਸੀ ਝਗੜਿਆਂ ਨੂੰ ਨਿਪਟਾਉਣ ਵਿਚ ਸਦਾ ਕੌਰ ਦੀ ਸਿਆਸੀ ਸੂਝਬੂਝ ਦਾ ਹੱਥ ਸੀ। ਸਿਖ ਮਿਸਲਾਂ ਅੰਦਰ ਸਿਆਸੀ ਤੇ ਫੌਜੀ ਕਾਰਵਾਈਆਂ ਵਿਚ ਇਸਤਰੀਆਂ ਦਾ ਉੱਘਾ ਹਿਸਾ ਸੀ।

1793 ਵਿਚ ਸਾਹਿਬ ਕੌਰ ਨੂੰ ਪਟਿਆਲਾ ਦਾ ਮੁਖ ਮੰਤਰੀ ਬਣਾਇਆ ਗਿਆ ਸੀ ਜਿਸ ਨੇ ਲੋੜ ਪੈਣ ਤੇ ਨੰਗੀ ਤਲਵਾਰ ਸੂਤਕੇ ਫੌਜ ਦੀ ਅਗਵਾਈ ਵੀ ਕੀਤੀ ਸੀ। ਮਾਈ ਭਾਗੋ ਦਾ ਨਾਂ ਕਿਤਨਾ ਪ੍ਰਸਿਧ ਹੈ! ਇਸੇ ਤਰ੍ਹਾਂ ਭਾਰਤ ਦੇ ਇਤਿਹਾਸ ਵਿਚ ਵੀ ਸਿਖ ਇਸਤਰੀ ਨੇ ਸਭ ਤੋਂ ਪਹਿਲਾਂ ਸੰਨ 1925 ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੋਟ ਪਾ ਸਕਣ ਦਾ ਮਾਣ ਪ੍ਰਾਪਤ ਕੀਤਾ।

ਧਾਰਮਕ ਤੇ ਸਮਾਜਿਕ ਵਿਲੱਖਣਤਾ ਦੇ ਨਾਲ ਨਾਲ ਭਾਸ਼ਾ (ਮਾਂ ਬੋਲੀ) ਕਿਸੇ ਫਿਰਕੇ ਦੇ ਕੌਮੀ ਸਰੂਪ ਨੂੰ ਸੰਗਠਨ ਤੇ ਮਜਬੂਤ ਬਨਾਉਣ ਵਿਚ ਮੁਖ ਆਧਾਰ ਮੰਨੀ ਗਈ ਹੈ। ਇਸੇ ਸੰਕਲਪ ਨੂੰ ਮੁਖ ਰਖਦਿਆਂ ਸਾਰੇ ਗੁਰੂ ਸਾਹਿਬਾਨ ਨੇ ਆਪਣੇ ਵਿਚਾਰਾਂ ਨੂੰ ਮੁੱਖ ਰੂਪ ਵਿਚ ਮਾਂ ਬੋਲੀ ਪੰਜਾਬੀ ਵਿਚ ਹੀ ਪ੍ਰਗਟਾਇਆ ਅਤੇ ਬ੍ਰਾਹਮਣਾਂ ਅਨੁਸਾਰ ਦੇਵਤਿਆਂ ਦੀ ਜ਼ਬਾਨ ਸੰਸਕ੍ਰਿਤ ਦਾ ਤਿਆਗ ਕੀਤਾ।

ਗੁਰੂ ਸਾਹਿਬਾਨ ਨੇ ਅਧਿਆਤਮਕ ਅਤੇ ਮਿਥਿਹਾਸਿਕ ਫਿਲਾਸਫੀ ਦੀਆਂ ਡੂੰਘਾਈਆਂ ਨੂੰ ਸਰਲ ਤੇ ਸਾਦਾ ਪੰਜਾਬੀ ਦੀਆਂ ਨਿੱਕੀਆਂ ਤੁੱਕਾਂ ਵਿਚ ਬਿਆਨ ਕੀਤਾ ਤਾਂ ਜੋ ਇਸਨੂੰ ਸਾਧਾਰਨ ਮਨੁਖ ਵੀ ਅਸਾਨੀ ਨਾਲ ਸਮਝ ਸਕੇ।

ਭਾਵੇਂ ਪੰਜਾਬੀ ਇਥੇ ਹਜ਼ਾਰਾਂ ਸਾਲਾਂ ਤੋਂ ਬੋਲੀ ਜਾਂਦੀ ਰਹੀ ਸੀ ਪਰੰਤੂ ਇਸ ਬੋਲੀ ਦਾ ਅਜੋਕਾ ਸਰੂਪ ਅਤੇ ਇਸਦੀ ਗੁਰਮਖੀ ਲਿਪੀ ਗੁਰੂ ਸਾਹਿਬਾਨ ਦੀ ਹੀ ਦੇਣ ਹੈ। ਸਿਖ ਕੌਮ ਦੇ ਧਾਰਮਕ ਗਰੰਥ ਇਸੇ ਵਿਚ ਹੋਣ ਕਰਕੇ, ਇਹ ਬੋਲੀ ਸਿਖ ਕੌਮ ਦੀ ਬੋਲੀ ਸਮਝੀ ਜਾਂਦੀ ਹੈ। ਸੋ ਸਿਖ ਕੌਮ ਇਸ ਕਸਵੱਟੀ ਤੇ ਵੀ ਪੂਰੀ ਉਤਰਦੀ ਹੈ।

ਸਿਖ ਕੌਮ ਦਾ ਜਨਮ ਪੰਜਾਬ ਵਿਚ ਹੀ ਹੋਇਆ। ਸ੍ਰੀ ਗੁਰੂ ਗੋਬਿਦ ਸਿੰਘ ਜੀ ਤੋਂ ਬਿਨਾਂ ਸਾਰੇ ਗੁਰੂ ਸਾਹਿਬਾਨ ਦੀ ਪ੍ਰਕਾਸ਼ ਭੂਮੀ ਵੀ ਪੰਜਾਬ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਵੀ ਬਾਲ ਅਵਸਥਾ ਵਿਚ ਪੰਜਾਬ ਆ ਗਏ ਸਨ।

ਪੰਜਾਬ ਤੋਂ ਹੀ ਸੰਗਤ ਤੇ ਪੰਗਤ ਦੀਆਂ ਅਦੁਤੀ ਸੰਸਥਾਵਾਂ ਚਲੀਆਂ। ਖਾਲਸੇ ਦਾ ਜਨਮ ਵੀ ਇਥੋਂ ਹੀ ਹੋਇਆ ਅਤੇ ਖਾਲਸਾ ਇਥੇ ਹੀ ਵਿਚਰਿਆ। ਇਥੋਂ ਹੀ ਸਾਰੀਆਂ ਗੁਰੀਲਾ ਲੜਾਈਆਂ ਲੜੀਆਂ ਅਤੇ ਇਥੋਂ ਦੀ ਹੀ ਧਰਤੀ ਦੇ ਜ਼ਰੇ ਜ਼ਰੇ ਨੂੰ ਆਪਣੇ ਖੂਨ ਨਾਲ ਸਿੰਜਿਆ। ਇਥੋਂ ਹੀ ਦੇਸ਼ ਅਜ਼ਾਦ ਕਰਾਇਆ। ਸਿਖ ਕੌਮ ਦਾ ਸਾਰੇ ਦਾ ਸਾਰਾ ਇਤਿਹਾਸ ਪੰਜਾਬ ਦੁਆਲੇ ਘੁੰਮਦਾ ਹੈ। ਸਿਖ ਕੌਮ ਤੇ ਪੰਜਾਬ ਨੂੰ ਇਕ ਦੂਜੇ ਤੋਂ ਵੱਖ ਕੀਤਾ ਹੀ ਨਹੀਂ ਜਾ ਸਕਦਾ। ਜਿਤਨੀ ਦੇਰ ਤਕ ਇਕ ਵੀ ਸਿਖ ਜ਼ਿੰਦਾ ਹੈ ਪੰਜਾਬ ਜ਼ਿੰਦਾ ਹੈ। ਜਿਤਨੀ ਦੇਰ ਤਕ ਪੰਜਾਬ ਜ਼ਿੰਦਾ ਹੈ ਸਿਖ ਵੀ ਜ਼ਿੰਦਾ ਹੈ। ਪੰਜਾਬ ਤਾਂ ਜ਼ਿੰਦਾ ਹੈ ਹੀ ਗੁਰੂਆਂ ਦੇ ਨਾਮ ਸਦਕੇ ਜਿਵੇਂ ਕਿ ਪ੍ਰੋ: ਪੂਰਨ ਸਿੰਘ ਨੇ ਲਿਖਿਆ ਹੈ:

ਪੰਜਾਬ ਨਾ ਹਿਦੂ ਨਾ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ ਤੇ।

ਪੰਜਾਬ ਸਿਖਾਂ ਦਾ ਹੋਮਲੈਂਡ (ਘਰ) ਵੀ ਹੈ ਤੇ ਹੋਲੀਲੈਂਡ (ਪੁੰਨ ਭੂਮੀ) ਵੀ। ਦੇਸ਼ ਦੀ ਵੰਡ ਮਗਰੋਂ ਪੱਛਮੀ ਪੰਜਾਬ ਤੋਂ ਆਏ ਸਿਖ ਪੂਰਬੀ ਪੰਜਾਬ ਵਿਚ ਹੀ ਆ ਕੇ ਵੱਸੇ। ਸਿਖ ਕੌਮ ਦੀ ਤਿੰਨ ਚੌਥਾਈ

ਵੱਸੋਂ ਪੰਜਾਬ ਵਿਚ ਹੀ ਰਹਿੰਦੀ ਹੈ। ਸਿਖ ਸੰਸਾਰ ਦੇ ਕਿਸੇ ਵੀ ਹਿਸੇ ਵਿਚ ਜਾ ਵਸੇ ਉਸ ਦਾ ਦਿਲ ਤੇ ਉਸਦੀ ਆਤਮਾ ਸਦਾ ਪੰਜਾਬ ਨਾਲ ਜੁੜੀ ਰਹਿੰਦੀ ਹੈ।

ਕਿਸੇ ਕੌਮ ਦੇ ਭਵਿੱਖ ਦਾ ਸਾਂਝਾ ਕੌਮੀ ਨਿਸ਼ਾਨਾ ਹੋਣਾ ਕੌਮ ਦੀਆਂ ਬੁਨਿਆਦੀ ਅਤੇ ਮੁਢਲੀਆਂ ਸ਼ਰਤਾਂ ਵਿਚੋਂ ਇਕ ਜ਼ਰੂਰੀ ਸ਼ਰਤ ਹੈ। ਸਾਂਝੇ ਕੌਮੀ ਨਿਸ਼ਾਨੇ ਦੀ ਪਾਣ ਦਿਤੇ ਬਿਨਾਂ ਕਿਸੇ ਵੀ ਪੜਾਅ ਤੇ ਆਕੇ ਕੌਮੀ ਏਕਤਾ ਦਾ ਧਾਗਾ ਟੁੱਟ ਜਾਂਦਾ ਹੈ ਅਤੇ ਕੌਮੀ ਮਾਲਾ ਦੇ ਸਾਰੇ ਮਣਕੇ ਸਾਰੇ ਪਾਸੇ ਖਿਲਰ ਜਾਂਦੇ ਹਨ। ਖਿਲਰੇ ਹੋਏ ਇਹ ਮਣਕੇ ਠੋਕਰਾਂ ਖਾ ਖਾ ਕੇ ਅਲੋਪ ਹੋ ਜਾਂਦੇ ਹਨ। ਦੁਨੀਆਂ ਵਿਚ ਸ਼ਾਇਦ ਹੀ ਹੋਰ ਕੋਈ ਅਜੇਹੀ ਕੌਮ ਹੋਵੇ ਜਿਸਦਾ ਕੌਮੀ ਨਿਸ਼ਾਨਾ ਉਸਦੇ ਹਰ ਮੈਂਬਰ ਦੇ ਹਿਰਦੇ ਵਿਚ ਉਕਰਿਆ ਹੋਇਆ ਹੋਵੇ ਜਿਵੇਂ ਕਿ ਸਿਖ ਕੌਮ ਦੇ ਹਰ ਮੈਂਬਰ ਦੇ ਹਿਰਦੇ 'ਤੇ ਉੱਕਰਿਆ ਹੋਇਆ ਹੈ।

ਸਿਖ ਕੌਮ ਦੇ ਗੁਰੂ ਸਾਹਿਬਾਨ ਦੀ ਦੂਰਦ੍ਰਿਸ਼ਟੀ ਅਤੇ ਅਲੌਕਿਕ ਸੂਝਬੂਝ ਨੇ ਸਿਖ ਕੌਮ ਦੇ ਧਾਰਮਕ ਸਭਿਆਚਾਰ ਤੇ ਰਾਜਨੀਤਕ ਭਵਿੱਖ ਦਾ ਨਿਸ਼ਾਨਾ ਇਸਦੇ ਮੂਲ ਸਿਧਾਂਤਾਂ ਵਿਚ ਹੀ ਉਲੀਕ ਦਿੱਤਾ ਹੋਇਆ ਹੈ। ਸਿਖ ਧਰਮ ਜਿਥੇ ਇਸਦੀ ਆਤਮਕ ਅਗਵਾਈ ਕਰਦਾ ਹੈ ਉਥੇ ਇਸਦੇ ਰਾਜਨੀਤਕ ਤੇ ਸਮਾਜਕ ਹੱਕਾਂ ਤੇ ਪਹਿਰਾ ਵੀ ਦਿੰਦਾ ਹੈ।

ਧਰਮ ਨਿਜੀ ਤੇ ਸਮਾਜਕ ਜੀਵਨ ਦੀ ਪ੍ਰੇਰਨਾ ਦਾ ਸੋਮਾ ਹੁੰਦਾ ਹੈ। ਪਰ ਇਹ ਰਾਜਸੱਤਾ ਤੋਂ ਬਿਨਾਂ ਚੱਲ ਨਹੀਂ ਸਕਦਾ। ਇਸੇ ਲਈ ਗੁਰੂ ਸਾਹਿਬਾਨ ਨੇ ਖਾਲਸੇ ਨੂੰ ਇਹ ਗਲ ਚੰਗੀ ਤਰ੍ਹਾਂ ਦ੍ਰਿੜ ਕਰਾ ਦਿੱਤੀ ਸੀ:

ਰਾਜ ਬਿਨਾ ਨਹਿ ਧਰਮ ਚਲੇ ਹੈ, ਧਰਮ ਬਿਨਾਂ ਸਭ ਦਲੇ ਮਲੇ ਹੈ।

ਧਰਮ ਦੀ ਰਾਖੀ ਦੇ ਉਚਿਤ ਪ੍ਰਬੰਧ ਲਈ ਰਾਜ ਸੱਤਾ ਦਾ ਹੋਣ ਲਾਜ਼ਮੀ ਹੈ। ਇਸ ਕਥਨ ਦੀ ਪੁਸ਼ਟੀ ਤਾਂ ਇਥੋਂ ਹੀ ਹੋ ਜਾਂਦੀ ਹੈ ਕਿ ਅੱਜ ਸਿਖਾਂ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਕਾਤਲਾਂ ਤੇ ਬੁੱਚੜਾਂ ਦੇ ਦਰਸ਼ਨ ਕਰਨੇ ਪੈਂਦੇ ਹਨ ਜੋ ਤਲਾਸ਼ੀਆਂ ਲੈਕੇ ਜ਼ਲੀਲ ਕਰਨ ਮਗਰੋਂ ਹਰਿਮੰਦਰ ਸਾਹਿਬ ਦਾਖਲ ਹੋਣ ਦਿੰਦੇ ਹਨ। ਇਨ੍ਹਾਂ ਕਾਰਨਾਂ ਕਰਕੇ ਹੀ ਸਿਖ ਕੌਮ ਦੇ ਭਵਿੱਖ ਦਾ ਨਿਸ਼ਾਨਾ ਤਾਂ ਦਸਮ ਪਾਤਸ਼ਾਹ ਦੇ ਸਮੇਂ ਤੋਂ ਹੀ ਉਲੀਕ ਦਿਤਾ ਗਇਆ ਸੀ:

ਰਾਜ ਕਰੇਗਾ ਖਾਲਸਾ, ਆਕੀ ਰਹੇ ਨ ਕੋਇ।

ਅਜ ਵਾਂਗ, ਅਠਾਰਵੀਂ ਸਦੀ ਵਿਚ, ਉਪਰੋਕਤ ਮਿਥੇ ਹੋਏ ਆਦਰਸ਼ਕ ਨਿਸ਼ਾਨੇ ਦੀ ਪ੍ਰਾਪਤੀ ਲਈ, ਜਦੋਂ ਸਿਖ ਕੌਮ ਜਿੰਦਗੀ ਤੇ ਮੌਤ ਦੇ ਸੰਘਰਸ਼ ਵਿਚ ਜੂਝ ਰਹੀ ਸੀ ਉਦੋਂ ਇਨ੍ਹਾਂ ਸਿਖ ਸੂਰਮਿਆਂ ਦੇ ਸਿਰਾਂ ਦੇ ਮੁੱਲ ਪਾਏ ਗਏ, ਇਨ੍ਹਾਂ ਦੇ ਬੰਦ ਬੰਦ ਕੱਟ ਕੇ ਧਮਕਾਇਆ ਗਇਆ ਪਰੰਤੂ ਇਨ੍ਹਾਂ ਸਾਰੇ ਜ਼ੁਲਮਾਂ ਤੇ ਜਬਰਾਂ ਦੇ ਬਾਵਜੂਦ ਸਿਖ ਸੂਰਮੇ ਆਪਣੇ ਨਿਸ਼ਾਨੇ ਤੋਂ ਨਹੀਂ ਥਿੜਕੇ। ਇਕ ਅਜੇਹਾ ਵਕਤ ਵੀ ਆਇਆ ਕਿ ਸਿਖਾਂ ਦੀ ਗਿਣਤੀ ਘਟ ਕੇ ਦੋ ਹਜ਼ਾਰ ਤਕ ਰਹਿ ਗਈ ਸੀ। ਇਨ੍ਹਾਂ ਸੂਰਮਿਆਂ ਆਪਣੀ ਜਦੋਜਹਿਦ ਉਦੋਂ ਤਕ ਜਾਰੀ ਰਖੀ ਜਦੋਂ ਤਕ ਕਿ ਇਨ੍ਹਾਂ ਆਪਣਾ ਰਾਜ ਕਾਇਮ ਨਾ ਕਰ ਲਿਆ।

ਗੁਰੂ ਸਾਹਿਬਾਨ ਨੇ ਜਿੱਥੇ ਸਿਖ ਕੌਮ ਦੇ ਭਵਿੱਖ ਦੇ ਨਿਸ਼ਾਨੇ ਇਸ ਦੇ ਬੁਨਿਆਦੀ ਸਿਧਾਂਤਾਂ ਵਿਚ ਉਲੀਕੇ ਉਥੇ ਉਨ੍ਹਾਂ ਨੇ ਇਨ੍ਹਾਂ ਨਿਸ਼ਾਨਿਆਂ ਤਕ ਪਹੁੰਚਣ ਲਈ ਸੇਧ ਵੀ ਦਿੱਤੀ ਅਤੇ ਚਿਤਾਵਨੀ ਵੀ:

ਕੋਈ ਕਿਸੀ ਕੋ ਰਾਜ ਨ ਦੇ ਹੈ। ਜੋ ਲੇ ਹੈ ਨਿਜ ਬਲ ਸੇ ਲੈ ਹੈ।

ਸਿਖ ਕੌਮ ਦਾ ਕੁਰਬਾਨੀ ਦੀ ਹਰ ਭਠੀ ਵਿਚੋਂ ਸਟੀਲ ਬਣਕੇ ਨਿਕਲਣ ਅਤੇ ਕੁਝ ਹਜ਼ਾਰ ਸਿਖਾਂ ਦਾ ਲੱਖਾਂ ਦੀ ਮੁਗਲ ਫੌਜੀ ਤਾਕਤ ਨੂੰ ਜੜ੍ਹੋਂ ਉਖਾੜ ਦੇਣ ਪਿਛੇ ਖਾਲਸੇ ਦੇ ਕੌਮੀ ਨਿਸ਼ਾਨੇ ਦੀ ਕਮਾਲ ਦੀ ਦ੍ਰਿੜਤਾ ਅਤੇ ਸਹੀ ਸੇਧ ਹੀ ਤਾਂ ਸੀ। ਇਸਦੀ ਪੁਸ਼ਟੀ ਲਈ ਇਕ ਹੋਰ ਮਿਸਾਲ ਹਾਜ਼ਰ ਹੈ।

ਜਦੋਂ ਮੁਗਲ ਹਾਕਮਾਂ ਤੇ ਅਹਿਮਦਸ਼ਾਹ ਅਬਦਾਲੀ ਨੇ ਖਾਲਸੇ ਦੇ ਕਰਾਰੇ ਹੱਥ ਵੇਖੇ ਅਤੇ ਉਨ੍ਹਾਂ ਦੇ ਜ਼ੁਲਮ ਤੇ ਦਬਾਅ ਨਾਲ ਖਾਲਸਾ, ਦੱਬੀ ਹੋਈ ਲਾਟ ਵਾਂਗ, ਪਹਿਲਾਂ ਨਾਲੋਂ ਵੀ ਵਧ ਉਭਰਕੇ ਸਾਹਮਣੇ ਆਉਣ ਲਗ ਪਇਆ ਤਾਂ ਉਨ੍ਹਾਂ ਖਾਲਸੇ ਨੂੰ ਨਵਾਬੀ ਦੇਣ ਦੀ ਪੇਸ਼ਕਸ਼ ਕੀਤੀ ਪਰੰਤੂ ਖਾਲਸੇ ਨੇ ਬਿਨਾਂ ਝਿਜਕ ਠੁਕਰਾ ਕੇ ਰੱਖ ਦਿੱਤੀ ਅਤੇ ਇਜ ਜਵਾਬ ਦਿੱਤਾ:

ਹਮ ਰਾਖਤ ਪਾਤ ਸ਼ਾਹੀ ਦਾਵਾ। ਜਾ ਇਤ ਕੋ ਜਾ ਅਗਲੇ ਪਾਵਾ।
ਸਰਬ ਧਰਤ ਔ ਧਵਲ ਡੁਲਾਇ। ਸਤਿਗੁਰ ਬਚਨ ਨ ਖਾਲੀ ਜਾਇ।
ਪਾਤਿਸਾਹੀ ਛੋਡ ਕਿਮ ਲਹੈਂ ਨਵਾਬੀ। ਪਰਾਧੀਨ ਜਿਹ ਮਾਹਿ ਖਰਾਬੀ।

ਰਤਨ ਸਿਘ ਭੰਗੂ, ਪ੍ਰਾਚੀਨ ਗਰੰਥ ਪਰਕਾਸ਼

ਜਦ ਨਵਾਬੀ ਦਰਬਾਰ ਵਿਚ ਹਾਜ਼ਰ ਹੋ ਗਈ ਤਾਂ 'ਦਰ ਤੇ ਆਏ ਨੂੰ ਦੁਰਕਾਰਨਾ ਖਾਲਸਈ ਰਿਵਾਇਤ ਦੇ ਉਲਟ' ਦੇ ਉਦੇਸ਼ ਨੂੰ ਕਾਇਮ ਰਖਦਿਆਂ ਹੋਇਆਂ ਇਹ ਫੈਸਲਾ ਕੀਤਾ ਗਇਆ ਕਿ ਨਵਾਬੀ ਗੁਰਸਿਖ ਘਾਹੀ ਕਪੂਰ ਸਿੰਘ ਨੂੰ ਦੇ ਦਿੱਤੀ ਜਾਵੇ। ਘਾਹੀ ਕਪੂਰ ਸਿੰਘ ਨੇ ਵੀ, ਪੰਥ ਦੇ ਹੁਕਮ ਅਨੁਸਾਰ, ਨਵਾਬੀ ਕਬੂਲਣ ਤੋਂ ਪਹਿਲਾਂ ਪੰਜਾਂ ਪਿਆਰਿਆਂ ਦੇ ਚਰਨਾਂ ਨਾਲ ਛੁਹਾਏ ਜਾਣ ਦੀ ਸ਼ਰਤ ਰੱਖੀ ਅਤੇ ਮਗਰੋਂ ਕਬੂਲੀ। ਇਹ ਸੀ ਖਾਲਸਈ ਕਿਰਦਾਰ ਅਤੇ ਕੌਮੀ ਨਿਸ਼ਾਨੇ ਦਾ ਦ੍ਰਿੜ ਸੰਕਲਪ ਅਤੇ ਖਾਲਸੇ ਦੀ ਸਾਰੀ ਸ਼ਕਤੀ ਦਾ ਸੋਮਾ ਜਿਸ ਕਰਾਮਾਤਾਂ ਕਰ ਵਿਖਾਈਆਂ ਅਤੇ ਸੰਸਾਰ ਦੇ ਕੌਮਾਂ ਦੇ ਇਤਿਹਾਸ ਵਿਚ ਨਵੀਆਂ ਪਿਰਤਾਂ ਪਾਈਆਂ।

ਸੋ ਕੌਮੀ ਨਿਸ਼ਾਨੇ ਦਾ ਦ੍ਰਿੜ ਸੰਕਲਪ ਜਿਤਨਾ ਸਿਖ ਕੌਮ ਅੰਦਰ ਰਿਹਾ ਹੈ ਉਸਦੀ ਮਿਸਾਲ ਵੀ ਦੁਨੀਆਂ ਦੀ ਕਿਸੇ ਹੋਰ ਕੌਮ ਦੇ ਇਤਿਹਾਸ ਵਿਚ ਨਹੀਂ ਮਿਲਦੀ। ਸੋ ਬਹੁਗਿਣਤੀ ਵਿਚ ਕਿਸੇ ਇਕ ਖਿੱਤੇ ਵਿਚ ਰਹਿਣ, ਸਾਂਝਾ ਨਿਸ਼ਾਨਾ ਹੋਣ ਅਤੇ ਸਾਂਝੀਆਂ ਦਿੱਤੀਆਂ ਕੁਰਬਾਨੀਆਂ ਅਤੇ ਪ੍ਰਾਪਤੀਆਂ ਦੇ ਸਾਂਝੇ ਪਿਛੋਕੜ ਹੋਣ ਦੀ ਕਸਵੱਟੀ ਤੇ ਵੀ ਸਿਖ ਕੌਮ ਪੂਰੀ ਉਤਰਦੀ ਹੈ।

ਕਿਸੇ ਕੌਮ ਅੰਦਰ ਮਤਭੇਦ ਹੋਣਾ ਉਸਦੀ ਜੀਉਂਦੀ ਜਾਗਦੀ ਕੌਮ ਹੋਣ ਦੀ ਨਿਸ਼ਾਨੀ ਹੈ। ਆਪਸੀ ਮਤਭੇਦ ਹੋਣਾ ਉਦੋਂ ਬਹੁਤ ਮਾੜੀ ਗੱਲ ਹੈ ਜਦੋਂ ਉਹ ਕੌਮਘਾਤਕ ਬਣ ਜਾਵੇ। ਸਿਖ ਕੌਮ ਅੰਦਰ ਵੀ ਕਈ ਵਾਰੀ ਆਪਸੀ ਮਤਭੇਦਾਂ ਦੀਆਂ ਦਰਾੜਾਂ ਆਈਆਂ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਮਗਰੋਂ ਤੱਤ ਖਾਲਸੇ ਅਤੇ ਬੰਦਈ ਖਾਲਸੇ ਵਿਚਕਾਰ, ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਪਟਿਆਲਾ ਦੇ ਆਲਾ ਸਿੰਘ ਤੇ ਹੋਰਨਾਂ ਸਰਦਾਰਾਂ ਵਿਚਕਾਰ ਅਤੇ ਸ: ਜੱਸਾ ਸਿੰਘ ਆਹਲੂਵਾਲੀਏ ਅਤੇ ਸ: ਜੱਸਾ ਸਿੰਘ ਰਾਮ ਗੜ੍ਹੀਏ ਸਮੇਤ ਸਰਦਾਰਾਂ ਵਿਚਕਾਰ ਮਤਭੇਦ ਬਹੁਤ ਵਧ ਗਏ ਸਨ ਪਰੰਤੂ ਜਦ ਕਦੀ ਵੀ ਪੰਥ ਤੇ ਸਮੁੱਚੀ ਕੌਮ ਦੀ ਹਸਤੀ ਨੂੰ ਖਤਰਾ ਪੈਦਾ ਹੋਇਆ ਸਾਰੇ ਆਪਣੇ ਮਤਭੇਦਾਂ ਨੂੰ ਇਕ ਪਾਸੇ ਰਖ ਕੇ ਸਰਬਤ ਖਾਲਸੇ ਦੇ ਝੰਡੇ ਹੇਠਾਂ ਇਕੱਠੇ ਹੋਏ ਅਤੇ ਦੁਸ਼ਮਣ ਨਾਲ ਇਕੱਠਿਆਂ ਲੋਹਾ ਲਿਆ।

ਇਸੇ ਤਰ੍ਹਾਂ ਅੰਗਰੇਜ਼ੀ ਰਾਜ ਸਮੇਂ ਅਤੇ ਅਜ਼ਾਦੀ ਮਗਰੋਂ ਵੀ ਕੁਝ ਹਦ ਤਕ ਇਹ ਕੌਮੀ ਸੰਕਲਪ ਕੰਮ ਕਰਦਾ ਰਿਹਾ ਹੈ। ਚਾਹੇ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮਸਲਾ ਸੀ ਜਾਂ ਰਕਾਬ ਗੰਜ ਗੁਰਦਵਾਰੇ ਦੀ ਕੰਧ ਦਾ, ਚਾਹੇ ਕਿਰਪਾਨ ਤੇ ਪਾਬੰਦੀ ਦਾ ਮਸਲਾ ਸੀ ਜਾਂ ਗੁਰਦਵਾਰਿਆਂ ਵਿਚ

ਸਰਕਾਰੀ ਦਖਲਅੰਦਾਜ਼ੀ ਦਾ, ਚਾਹੇ ਭ੍ਰਿਸ਼ਟਾਚਾਰੀ ਮਹੰਤਾਂ ਤੋਂ ਗੁਰਦਵਾਰੇ ਅਜ਼ਾਦ ਕਰਾਉਣ ਦਾ ਮਸਲਾ ਸੀ ਜਾਂ ਪੰਜਾਬ ਦੀ ਕਿਰਸਾਨੀ ਦੇ ਹੱਕਾਂ ਦਾ ਮਸਲਾ ਸੀ, ਸਿਖ ਚਾਹੇ ਕਾਂਗਰਸੀ ਸੀ ਜਾਂ ਅਕਾਲੀ, ਕੌਮੀ ਹਿੱਤਾਂ ਵੇਲੇ ਕਰੀਬ ਕਰੀਬ ਸਾਰੇ ਇਕੱਠੇ ਹੋ ਜਾਂਦੇ ਰਹੇ।

ਸੋ ਉਪਰੋਕਤ ਤਥਾਂ ਤੋਂ ਸਪਸ਼ਟ ਹੈ ਕਿ ਸਿਖ ਕੌਮ ਨਾ ਕੇਵਲ ਸੰਸਾਰ ਦੇ ਪ੍ਰਸਿਧ ਵਿਗਿਆਨੀਆਂ ਵਲੋਂ ਮਿਥੇ ਅਸੂਲਾਂ ਤੇ ਪਰਮਾਣਤ ਸਿਧਾਂਤਾਂ ਤੇ ਪੂਰੀ ਉਤਰਦੀ ਹੈ ਸਗੋਂ ਇਹ ਕੌਮ ਕੁਝ ਵਿਸ਼ੇਸ਼ ਗੁਣਾਂ ਦੀ ਵੀ ਧਾਰਨੀ ਹੈ ਜਿਹੜੇ ਇਸਨੂੰ ਸੰਸਾਰ ਦੀਆਂ ਦੂਜੀਆਂ ਕੌਮਾਂ ਨਾਲੋਂ ਨਿਖੇੜਦੇ ਹਨ:

ੳ. ਸਾਰੀ ਕੌਮ ਦੇ ਮੈਂਬਰਾਂ ਦੇ ਨਾਂ ਨਾਲ 'ਸਿੰਘ' ਤੇ 'ਕੌਰ' ਦਾ ਲਿਖੇ ਜਾਣਾ ਇਕ ਅਜੇਹੀ ਵਿਸ਼ੇਸ਼ਤਾ ਹੈ ਜੋ ਹੋਰ ਕਿਸੇ ਕੌਮ ਵਿਚ ਨਹੀਂ ਹੈ।

ਅ. ਪਗੜੀ ਦਾ ਸਾਂਝਾ ਪਹਿਰਾਵਾ।

ੲ. ਸਾਰੀ ਦੁਨੀਆਂ ਦੀਆਂ ਕੌਮਾਂ ਦੇ ਮੈਂਬਰਾਂ ਨੂੰ ਇਕ ਕਤਾਰ ਵਿਚ ਖੜੇ ਕੀਤਿਆਂ ਸਭ ਤੋਂ ਸੌਖੀ ਤੇ ਦੂਰੋਂ ਹੀ ਪਛਾਣ ਕੇਵਲ ਸਾਬਤ ਸੂਰਤ ਸਿਖ (ਸਿਖ ਕੌਮ) ਦੀ ਹੀ ਹੋ ਸਕਦੀ ਹੈ।

ਸ. ਸਿਖ ਦੁਨੀਆਂ ਦੇ ਜਿਸ ਹਿਸੇ ਵਿਚ ਵੀ ਹੋਵੇ, ਉਹ ਆਪਣੀ ਅਰਦਾਸ ਦੁਆਰਾ ਘੱਟੋਘੱਟ ਦਿਨ ਵਿਚ ਇਕ ਵਾਰੀ ਆਪਣੇ ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਕੇ ਯਾਦ ਕਰਦਾ ਹੈ। ਸਿਖ ਕੌਮ ਦੇ ਨਿਸ਼ਾਨੇ 'ਰਾਜ ਕਰੇਗਾ ਖਾਲਸਾ' ਦੇ ਸੰਕਲਪ ਨੂੰ ਦੁਹਰਾਉਂਦਾ ਹੈ, ਬਿਰਦ ਕੀ ਪੈਜ ਤੇ ਪੰਥ ਕੀ ਜੀਤ ਦੇ ਸੰਕਲਪ ਦੀ ਯਾਦ ਤਾਜ਼ੀ ਕਰਦਾ ਹੈ, ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ ਦੀ ਸ਼ੁਭ ਕਾਮਨਾ ਕਰਦਾ ਹੈ ਅਤੇ ਸਰਬੱਤ ਦਾ ਭਲਾ ਮੰਗਣਾ ਵੀ ਕੇਵਲ ਸਿਖ ਕੌਮ ਦੇ ਹਿੱਸੇ ਹੀ ਆਇਆ ਹੈ।

ਉਂਜ ਤਾਂ ਬਹੁਤ ਸਾਰੇ ਪੱਛਮੀ ਇਤਹਾਸਕਾਰਾਂ ਨੇ ਸਿਖ ਕੌਮ ਸੰਬੰਧੀ ਬਹੁਤ ਕੁਝ ਲਿਖਿਆ ਹੈ ਪਰੰਤੂ ਇਥੇ ਭਾਰਤ ਦੇ ਕੁਝ ਹਿੰਦੂ ਇਤਹਾਸਕਾਰਾਂ ਅਤੇ ਮੁਸਲਮਾਨ ਸਮਕਾਲੀ ਇਤਹਾਸਕਾਰਾਂ ਦੇ ਵਿਚਾਰ ਦੇਣਾ ਵਧੇਰੇ ਉਚਿਤ ਰਹੇਗਾ। ਇਨ੍ਹਾਂ ਸਾਰੇ ਇਤਹਾਸਕਾਰਾਂ ਨੇ ਸਿਖਾਂ ਦੇ ਇਕ ਬਹਾਦਰ ਕੌਮ ਹੋਣ ਦੀ ਪੁਸ਼ਟੀ ਇਸ ਕੀਤੀ ਹੈ:

> ਸਿਖ ਗੁਰੂ ਸਾਹਿਬਾਨ ਦੇ ਸੰਘਰਸ਼ ਦਾ ਉਦੇਸ਼ ਨਵੀਆਂ ਚਣੌਤੀਆਂ ਦੇ ਮੁਕਾਬਲੇ ਲਈ ਦਲਿਤ ਅਤੇ ਮਜ਼ਲੂਮ ਲੋਕਾਂ ਵਿਚੋਂ ਇਕ ਸ੍ਵੈਭਰੋਸੇ ਵਾਲੀ ਨਵੀਂ ਕੌਮ ਦੀ ਉਸਾਰੀ ਸੀ।
>
> —ਹਰੀ ਰਾਮ ਗੁਪਤਾ
>
> ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਨੂੰ ਇਕ ਮਾਰਸ਼ਲ ਕੌਮ ਬਣਾਇਆ।
>
> —ਐਨ. ਕੇ. ਸਿਨਹਾ
>
> ਸਿਖ ਹੀ ਇਕ ਐਸੀ ਕੌਮ ਹੈ ਜੋ ਆਪਣੇ ਬਾਹਰਲੇ ਸਰੂਪ ਕਾਰਨ ਸਹਿਜੇ ਹੀ ਪਹਿਚਾਣੀ ਜਾਂਦੀ ਹੈ।
>
> —ਨਿਰਾਦ ਚੌਧਰੀ
>
> ਸਮਾਜ ਸੁਧਾਰ ਦੇ ਜਿਨ੍ਹਾਂ ਅਸੂਲਾਂ ਦੀ ਆਧਾਰ-ਸ਼ਿਲਾ ਗੁਰੂ ਨਾਨਕ ਦੇਵ ਜੀ ਨੇ ਰਖੀ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਉੱਪਰ ਹੀ ਇਕ ਨਵੀਂ ਕੌਮ ਦੀ ਉਸਾਰੀ ਕਰਕੇ ਇਸ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਇਆ ਸੀ।
>
> —ਡਾਕਟਰ ਗੋਕਲ ਚੰਦ ਨਾਰੰਗ

ਸਿਖ ਕੌਮ ਦਾ ਜਨਮ ਦੇਸ਼ ਦੀ ਸੁਤੰਤਰਤਾ ਲਈ ਹੋਇਆ ਹੈ ਅਤੇ ਇਨ੍ਹਾਂ ਵੀਰਾਂ ਦੇ ਹੁੰਦਿਆਂ ਦੇਸ਼ ਹੁਣ ਬਹੁਤੀ ਦੇਰ ਗੁਲਾਮ ਨਹੀਂ ਰਹਿ ਸਕਦਾ। ਇਹ ਮੇਰਾ ਪੱਕਾ ਵਿਸ਼ਵਾਸ ਬਣ ਗਿਆ ਹੈ।

—ਦਾਦਾ ਭਾਈ ਨਾਰੋਜੀ ਪ੍ਰਧਾਨ ਕਾਂਗਰਸ

ਜਿਸ ਦੇਸ਼ ਕੋਲ ਸਿਖਾਂ ਜੇਹੀ ਸ਼ਹੀਦਾਂ ਦੀ ਕੌਮ ਮੌਜੂਦ ਹੋਵੇ, ਉਹ ਦੇਸ਼ ਬਹੁਤੀ ਦੇਰ ਗੁਲਾਮ ਨਹੀਂ ਰਹਿ ਸਕਦਾ।

—ਪੱਟਾਭਾਈ ਸੀਤਾ ਰਾਮਈਆ

ਸੁਤੰਤਰਤਾ ਦੀ ਪਹਿਲੀ ਲੜਾਈ ਜਿੱਤ ਲਈ ਗਈ ਹੈ। ਮੈਂ ਸਿਖ ਕੌਮ ਨੂੰ ਵਧਾਈ ਦੇਂਦਾ ਹਾਂ।

—ਐਮ. ਕੇ. ਗਾਂਧੀ

(ਚਾਬੀਆਂ ਦੇ ਮੋਰਚੇ ਸਮੇਂ ਹੋਈ ਸਫਲਤਾ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਜਨਵਰੀ 1923 ਵਿਚ ਗਾਂਧੀ ਨੇ ਉਪਰੋਕਤ ਤਾਰ ਦਿੱਤੀ ਸੀ।)

ਗੁਰੂ ਗੋਬਿੰਦ ਸਿਘ ਜੀ ਨੇ ਉਸ ਨਿਜ਼ਾਮ ਦੀ ਬੁਨਿਆਦ ਆਪ ਹੀ ਰਖ ਦਿੱਤੀ ਸੀ ਛੇਤੀ ਹੀ ਮਗਰੋਂ ਜਿਸਦੀ ਸਰਦਾਰੀ ਸਿਖ ਕੌਮ ਨੇ ਪੰਜਾਬ ਵਿਚ ਇਸਲਾਮ ਦੇ ਖੰਡਰਾਂ ਤੇ ਕਾਇਮ ਕਰ ਲਈ ਸੀ।

—ਲਤੀਫ਼

ਰਾਜਸੀ ਪੱਖੋਂ ਯਹੂਦੀਆਂ ਤੋਂ ਬਿਨਾਂ ਸਿਖ ਮੱਤ ਹੀ ਦੁਨੀਆਂ ਵਿਚੋਂ ਇਕ ਐਸਾ ਮਜ਼ਹਬ ਹੈ ਜਿਸਨੇ ਇਕ ਨਵੀਂ ਕੌਮ ਨੂੰ ਜਨਮ ਦਿੱਤਾ।

—ਡਾਕਟਰ ਹਯੂਮ, ਵਰਲਡਜ਼ ਲਿਵਿੰਗ ਰਿਲਿਜਨਜ਼

ਇਤਨੇ ਸਪਸ਼ਟ ਪਰਮਾਣਾਂ ਸਾਹਮਣੇ ਭਾਵੇਂ ਕਿਸੇ ਸ਼ਕ ਦੀ ਗੁੰਜਾਇਸ਼ ਬਾਕੀ ਨਹੀਂ ਰਹਿ ਜਾਂਦੀ ਫਿਰ ਵੀ ਬ੍ਰਾਹਮਣ ਵਰਗ ਵਲੋਂ ਦਿੱਤੀਆਂ ਜਾ ਰਹੀਆਂ ਥੋਥੀਆਂ ਦਲੀਲਾਂ ਤੇ ਵਿਚਾਰ ਕਰ ਲੈਣਾ ਵੀ ਕੋਈ ਮਾੜੀ ਗੱਲ ਨਹੀਂ। ਇਨ੍ਹਾਂ ਵਲੋਂ ਮੁਖ ਦਲੀਲ ਇਹ ਦਿਤੀ ਜਾਂਦੀ ਹੈ ਕਿ ਸਿਖ ਹਿੰਦੂਆਂ ਵਿਚੋਂ ਨਿਕਲੇ ਹਨ, ਇਸ ਲਈ ਸਿਖ ਹਿੰਦੂ ਕੌਮ ਦਾ ਹੀ ਅੰਗ ਹਨ।

ਆਉ ਹੁਣ ਅਸੀਂ ਸਭ ਤੋਂ ਪਹਿਲਾਂ ਇਸ ਦਲੀਲ ਤੇ ਵੀਚਾਰ ਕਰੀਏ। ਜੰਮਣ ਵੇਲੇ ਬੱਚਾ ਕੇਵਲ ਇਕ ਮਨੁੱਖ ਹੁੰਦਾ ਹੈ: ਨਾ ਹਿੰਦੂ ਤੇ ਨਾਹੀ ਮੁਸਲਮਾਨ, ਨਾ ਈਸਾਈ ਅਤੇ ਨਾਹੀ ਸਿਖ। ਇਹੀ ਕਾਰਨ ਹੈ ਕਿ ਨਵੇਂ ਜੰਮੇ ਬੱਚੇ ਨੂੰ ਕੁਝ ਸਮੇਂ ਮਗਰੋਂ ਆਪਣੇ ਆਪਣੇ ਧਰਮ ਅਨੁਸਾਰ ਉਸ ਧਰਮ ਦੀਆਂ ਰਹੁ-ਰੀਤਾਂ ਰਾਹੀਂ ਉਸ ਧਰਮ ਵਿਚ ਪ੍ਰਵੇਸ਼ ਦਿੱਤਾ ਜਾਂਦਾ ਹੈ।

ਹਿੰਦੂ ਧਰਮ ਅਨੁਸਾਰ ਜੰਞੂ ਪਾਏ ਬਿਨਾਂ ਕੋਈ ਹਿੰਦੂ ਨਹੀਂ ਬਣ ਸਕਦਾ। ਸਿਖ ਕੌਮ ਦੇ ਬਾਨੀ, ਜਗਤ ਅਵਤਾਰ ਗੁਰੂ ਨਾਨਕ ਸਾਹਿਬ ਨੇ ਤਾਂ ਜੰਞੂ ਪਾਉਣ ਤੋਂ ਵੀ ਇਨਕਾਰ ਕਰ ਦਿੱਤਾ ਸੀ। ਫਿਰ ਉਹ ਹਿੰਦੂ ਕਿਵੇਂ ਹੋਏ? ਗੁਰੂ ਅਰਜਨ ਸਾਹਿਬ ਨੇ 'ਨਾ ਹਮ ਹਿੰਦੂ ਨ ਮੁਸਲਮਾਨ' ਡੰਕੇ ਦੀ ਚੋਟ ਨਾਲ ਐਲਾਨਿਆ ਸੀ। ਜੇ ਸਾਡੇ ਬਾਨੀ ਹੀ ਹਿੰਦੂ ਨਹੀਂ ਸਨ ਤਾਂ ਅਸੀਂ ਕਿਵੇਂ ਹਿੰਦੂ ਹੋ ਗਏ?

ਗੁਰੂ ਸਾਹਿਬ ਤਾਂ ਸਾਰੀ ਦੁਨੀਆਂ ਦੇ ਰਹਿਬਰ ਬਣਕੇ ਆਏ ਅਤੇ ਉਹਨਾਂ ਬ੍ਰਾਹਮਣਵਾਦ ਦੇ ਕਰਮ ਕਾਂਡੀ ਅਤੇ ਭੇਖੀ ਜੀਵਨ ਦਾ ਥਾਂ ਥਾਂ ਤੇ ਆਪਣੀ ਬਾਣੀ ਵਿਚ ਖੰਡਨ ਕੀਤਾ।

ਇਸੇ ਦਲੀਲ ਨੂੰ ਸਪਸ਼ਟ ਕਰਨ ਲਈ ਮੈਂ ਤਿੰਨ ਸਵਾਲਾਂ ਦੇ ਜਵਾਬ ਉਨ੍ਹਾਂ ਭਦਰ ਪੁਰਸ਼ਾਂ ਤੋਂ ਪੁੱਛਣ ਦੀ ਆਗਿਆ ਲੈਂਦਾ ਹਾਂ:

1. ਈਸਾਈ ਯਹੂਦੀਆਂ ਵਿਚੋਂ ਨਿਕਲੇ ਹਨ। ਕੀ ਤੁਸੀਂ ਅਜ ਸੰਸਾਰ ਦੇ ਸਾਰੇ ਈਸਾਈਆਂ ਨੂੰ ਯਹੂਦੀ ਆਖੋਗੇ?
2. ਮੁਸਲਮਾਨ ਅਰਬ ਵਿਚ ਕੁਰੈਸ਼ੀ ਈਸਾਈਆਂ ਤੇ ਯਹੂਦੀਆਂ ਵਿਚੋਂ ਨਿਕਲੇ। ਕੀ ਅੱਜ ਅਰਬੀ ਮੁਸਲਮਾਨਾਂ ਨੂੰ ਕੁਰੈਸ਼ੀ ਈਸਾਈ ਜਾਂ ਯਹੂਦੀ ਕਿਹਾ ਜਾ ਸਕਦਾ ਹੈ?
3. ਇਸੇ ਤਰ੍ਹਾਂ ਹਿੰਦੁਸਤਾਨ ਵਿਚ ਬਹੁਤ ਸਾਰੇ ਮੁਸਲਮਾਨ ਤੇ ਈਸਾਈ ਹਿੰਦੂਆਂ ਤੋਂ ਬਣੇ ਹਨ। ਕੀ ਅੱਜ ਤੁਸੀਂ ਹਿੰਦੁਸਤਾਨ ਦੇ ਮੁਸਲਮਾਨ ਤੇ ਈਸਾਈਆਂ ਨੂੰ ਹਿੰਦੂ ਕਹਿ ਸਕਦੇ ਹੋ?

ਜੇ ਉਪਰਲੇ ਤਿੰਨਾਂ ਸਵਾਲਾਂ ਦਾ ਜਵਾਬ 'ਨਹੀਂ' ਵਿਚ ਹੈ ਤਾਂ ਫਿਰ ਸਿਖ ਹਿੰਦੂ ਕਿਵੇਂ ਹੋਏ?

ਇਕ ਹੋਰ ਦਲੀਲ ਦਿੱਤੀ ਜਾਂਦੀ ਹੈ ਕਿ ਸਿੱਖਾਂ ਦੇ ਹਿੰਦੂਆਂ ਨਾਲ ਰਿਸ਼ਤੇ ਨਾਤੇ ਅਤੇ ਭਾਈਚਾਰਕ ਸੰਬੰਧ ਹਨ, ਇਸ ਲਈ ਸਿਖ ਹਿੰਦੂਆਂ ਦਾ ਹੀ ਅੰਗ ਹਨ।

ਇਹ ਵੀ ਇਕ ਥੋਥੀ ਦਲੀਲ ਹੈ। ਗੁਰਮਤ ਤੋਂ ਕੋਰੇ ਤੇ ਬ੍ਰਾਹਮਣਵਾਦੀ ਪ੍ਰਭਾਵ ਹੇਠਾਂ ਜੇ ਕੁਝ ਸਿਖ-ਸਰੂਪ ਲੋਕਾਂ ਦੇ ਸਿਖ ਮਰਯਾਦਾ ਵਿਰੁੱਧ ਰਿਸ਼ਤੇ ਨਾਤੇ ਹੋਏ ਵੀ ਹਨ ਤਾਂ ਇਹ ਗੁਰਮਤ ਦੀ ਉਲੰਘਣਾ ਕੀਤੀ ਗਈ ਹੈ ਪਰੰਤੂ ਸਿਖਾਂ ਲਈ ਤਾਂ ਸਾਫ਼ ਤੇ ਸਪਸ਼ਟ ਆਦੇਸ਼ ਇਸ ਪ੍ਰਕਾਰ ਹਨ:

ੳ. ਨਾਤਾ ਗੁਰੂ ਕੇ ਸਿਖ ਨਾਲ ਕਰੇ

—ਰਹਿਤਨਾਮਾ ਭਾਈ ਚੌਪਾ ਸਿੰਘ

ਅ. ਕੰਨਯਾ ਕੋ ਮਾਰੇ, ਮੋਨੇ ਕੋ ਕੰਨਯਾ ਦੇਵੇ, ਸੋ ਤਨਖਾਹੀਆ

ਸਿਖ ਕੋ ਸਿਖ ਪੁਤ੍ਰੀ ਦਈ, ਸੁਧਾ ਸੁਧਾ ਮਿਲ ਜਾਇ।
ਦਈ ਭਾਦਣੀ ਕੋ ਸੁਤਾ ਅਹਿ ਮੁਖ ਅਮੀ ਚੁਆਇ।

—ਰਹਿਤਨਾਮਾ ਭਾਈ ਦੇਸਾ ਸਿੰਘ

ੲ. ਕੰਨਯਾ ਦੇਵੈ ਸਿਖ ਕੋ, ਲੇਵੈ ਨਹਿ ਕੁਝ ਦਾਮ।
ਸੋਈ ਮੇਰਾ ਸਿਖ ਹੈ, ਪਹੁੰਚੇਗੋ ਮਮਧਾਮ।

—ਗੁਰਪਰਤਾਪ ਸੂਰਜ

ਕਈ ਵਾਰੀ ਰਸਮਾਂ ਰਿਵਾਜਾਂ ਵਿਚ ਹਿੰਦੂਆਂ ਨਾਲ ਸਾਂਝ ਦੀ ਦਲੀਲ ਦੇ ਕੇ ਵੀ ਸਿਖਾਂ ਨੂੰ ਹਿੰਦੂਆਂ ਦਾ ਹਿਸਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਰੰਤੂ ਅਸਲੀਅਤ ਤਾਂ ਇਹ ਹੈ ਕਿ ਸਿਖ ਮਰਯਾਦਾ ਅਤੇ ਹਿੰਦੂਆਂ ਦੇ ਫੋਕਟੀ ਕਰਮਕਾਂਡੀ ਢੌਂਗ ਵਿਚਕਾਰ ਜ਼ਮੀਨ ਅਸਮਾਨ ਜਿੰਨਾ ਫਰਕ ਹੈ। ਹਿੰਦੂ ਸਮਾਜ ਵਿਚ ਜੰਮਣ ਮਰਣ ਨਾਲ ਜੋ ਰਸਮ ਰਿਵਾਜ ਜੁੜੇ ਹੋਏ ਹਨ ਉਹ ਇਸ ਪ੍ਰਕਾਰ ਹਨ:

ਜੰਮਣ ਨਾਲ ਸੂਤਕ

ਜਿਸ ਘਰ ਵਿਚ ਕੋਈ ਬੱਚਾ ਜੰਮੇ ਉਸਨੂੰ ਸੂਤਕੀ ਘਰ ਜਾਣਕੇ ਅਪਵਿੱਤਰ ਸਮਝਿਆ ਜਾਂਦਾ ਹੈ। ਸੂਤਕ ਨਿਕਲਣ ਤਕ ਖਾਣ ਪੀਣ ਦੀ ਵਰਤੋਂ ਉਸ ਘਰ ਨਾਲ ਮਨ੍ਹਾ ਹੈ ਅਤੇ ਸੂਤਕੀ ਨਾਲ ਛੂਹ

ਜਾਣਾ ਭਿੱਟ ਸਮਝੀ ਜਾਂਦੀ ਹੈ। ਸੂਤਕ ਵਖ ਵਖ ਜਾਤੀਆਂ ਦਾ ਵਖ ਵਖ ਸਮੇਂ ਮਗਰੋਂ ਨਿਕਲਦਾ ਹੈ ਜਿਸ ਨੂੰ ਕੇਵਲ ਬ੍ਰਾਹਮਣ ਹੀ ਕਢ ਸਕਦਾ ਹੈ। ਬ੍ਰਾਹਮਣ ਦੇ ਘਰੋਂ ਸੂਤਕ ਦਸ ਦਿਨਾਂ ਮਗਰੋਂ, ਖਤਰੀ ਦੇ ਘਰੋਂ ਬਾਰਾਂ ਦਿਨਾਂ ਮਗਰੋਂ, ਵੈਸ਼ ਦੇ ਘਰੋਂ ਪੰਦਰਾਂ ਦਿਨਾਂ ਮਗਰੋਂ ਅਤੇ ਸ਼ੂਦਰ ਦੇ ਘਰੋ ਤੀਹ ਦਿਨਾਂ ਮਗਰੋਂ ਨਿਕਲਦਾ ਹੈ। ਬਾਦਸ਼ਾਹ ਰਾਜੇ ਦੇ ਘਰ ਸੂਤਕ ਹੁੰਦਾ ਹੀ ਨਹੀਂ। ਅਜੇਹੀਆਂ ਥੋਥੀਆਂ ਕਰਮਕਾਂਡੀ ਦਲੀਲਾਂ ਨੂੰ ਅੱਜ ਦੇ ਵਿਗਿਆਨਕ ਯੁਗ ਵਿਚ ਕੌਣ ਮੰਨੇਗਾ?

ਗੁਰਮਤ ਅਨੁਸਾਰ ਜੰਮਣਾ ਮਰਨਾ ਵਾਹਿਗੁਰੂ ਦੇ ਹੁਕਮ ਅਨੁਸਾਰ ਹੈ। ਇਸੇ ਕਾਰਨ ਗੁਰੂ ਸਾਹਿਬ ਨੇ ਝੂਠੇ ਤੇ ਪਖੰਡੀ ਸੂਤਕੀ ਕਰਮਕਾਂਡ ਦਾ ਖੰਡਨ ਕੀਤਾ ਅਤੇ ਲੋਭ ਵਿਚ ਆਕੇ ਝੂਠ ਬੋਲ ਕੇ ਪਰਾਏ ਧਨ ਤੇ ਅੱਖ ਰਖਣ ਵਾਲੇ ਅਸਲੀ ਸੂਤਕਾਂ ਵਲ ਧਿਆਨ ਦਿਵਾਇਆ:

ਮਨ ਕਾ ਸੂਤਕ ਲੋਭੁ ਹੈ ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰਤ੍ਰਿਅ ਪਰ ਧਨ ਰੂਪੁ॥

ਵਾਰ ਆਸਾ, ਗੁਰੂ ਗ੍ਰੰਥ ਸਾਹਿਬ

ਗੁਰਮਤ ਵਿਚ ਜਨਮ ਸੰਸਕਾਰ

ਗੁਰਮਤ ਵਿਚ ਸੂਤਕ ਪਾਤਕ ਦੇ ਕਰਮ ਕਾਂਡਾਂ ਦਾ ਕੋਈ ਥਾਂ ਨਹੀਂ ਹੈ। ਸਤਿਨਾਮ ਵਾਹਿਗੁਰੂ ਦੇ ਜਾਪ ਤੇ ਮੂਲਮੰਤਰ ਦੀ ਗੁੜ੍ਹਤੀ ਦੇ ਕੇ ਸ਼ੁਕਰਾਨੇ ਵਜੋਂ ਸ਼ਬਦ ਪੜ੍ਹੇ ਜਾਂਦੇ ਹਨ। ਗੁਰਮਤ ਅਨੁਸਾਰ ਬਾਕੀ ਸਾਰੇ ਸੂਤਕ ਭਰਮ ਹਨ:-

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ॥

ਵਾਰ ਆਸਾ, ਗੁਰੂ ਗ੍ਰੰਥ ਸਾਹਿਬ

ਗੁਰੂ ਸਾਹਿਬਾਨ ਨੇ ਸਾਫ਼ ਤੇ ਸਪਸ਼ਟ ਸ਼ਬਦਾਂ ਵਿਚ ਸਿਖ ਧਰਮ ਨੂੰ ਇਨ੍ਹਾਂ ਵਹਿਮਾਂ ਭਰਮਾਂ ਤੋਂ ਦੂਰ ਰਖਿਆ ਹੈ।

ਭੱਦਣ ਜਨੇਊ ਸੰਸਕਾਰ

ਇਹ ਹਿਦੂ ਮਤ ਦੇ ਦੋ ਬੁਨਿਆਦੀ ਸੰਸਕਾਰ ਹਨ। ਪਹਿਲਾ ਹੈ ਭੱਦਣ ਜਾਂ ਮੁੰਡਨ ਸੰਸਕਾਰ ਅਤੇ ਦੂਜਾ ਜਨੇਊ ਸੰਸਕਾਰ। ਹਿਦੂ ਧਰਮ ਅਨੁਸਾਰ ਮੁੰਡਨ ਜਨਮ ਤੋਂ ਤਿੰਨ ਸਾਲਾਂ ਮਗਰੋਂ ਕਰਵਾਣਾ ਜ਼ਰੂਰੀ ਹੈ। ਪਰੰਤੂ ਜਨੇਊ ਪਾਣ ਦੇ ਵਕਫ਼ਿਆਂ ਵਿਚ ਸੂਤਕ ਦੇ ਵਕਫ਼ਿਆਂ ਵਾਂਗ ਫ਼ਰਕ ਹੈ। ਬ੍ਰਾਹਮਣ ਲਈ ਅਠਵੇਂ, ਖਤਰੀ ਲਈ ਗਿਆਰਵੇਂ ਅਤੇ ਵੈਸ਼ ਲਈ ਬਾਰਵੇਂ ਸਾਲ ਵਿਚ ਜਨੇਊ ਪਾਣਾ ਜ਼ਰੂਰੀ ਹੈ। ਫਿਰ ਜਨੇਊ ਦੀ ਬਣਤਰ ਵਿਚ ਵੀ ਫਰਕ ਚਾਹੀਦਾ ਹੈ: ਬ੍ਰਾਹਮਣ ਲਈ ਕਪਾਹ ਦਾ, ਖਤਰੀ ਲਈ ਅਲਸੀ ਦੀ ਸਣੀ ਦਾ ਅਤੇ ਵੈਸ਼ ਲਈ ਉੱਨ ਦਾ। ਸ਼ੂਦਰ ਤੇ ਆਵਰਣ ਜਾਤੀਆਂ ਨੂੰ ਜਨੇਊ ਪਾਣ ਦੀ ਆਗਿਆ ਹੀ ਨਹੀਂ।

ਸਿਖ ਦ੍ਰਿਸ਼ਟੀਕੋਣ

ਸਿਖ ਧਰਮ ਵਿਚ ਭੱਦਣ ਕਤਈ ਤੌਰ ਤੇ ਮਨ੍ਹਾ ਹੈ। ਰੋਮ ਤਕ ਛੇਦਣ ਵਾਲਾ ਵੀ ਪਤਿਤ ਕਰਾਰ ਦਿੱਤਾ ਜਾਂਦਾ ਹੈ। ਗੁਰਮਤ ਅਨੁਸਾਰ ਅਜੇਹਾ ਮਨੁੱਖ ਸਿਖ ਅਖਵਾਉਣ ਦਾ ਹਕਦਾਰ ਹੀ ਨਹੀਂ ਹੈ। ਇਸੇ ਤਰ੍ਹਾਂ ਜਨੇਊ ਪਹਿਨਣ ਦੀ ਸਿਖ ਧਰਮ ਵਿਚ ਸਖਤ ਮਨਾਹੀ ਹੈ। ਸਿਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਜਨੇਊ ਪਾਣ ਵਾਲੇ ਅਤੇ ਪੁਆਉਣ ਵਾਲੇ ਦੋਹਾਂ ਦਾ ਖੰਡਨ ਕੀਤਾ ਹੈ।

ਸਿਖਾਂ ਅੰਦਰ ਖਾਲਸਾ-ਕਰਨ ਸੰਸਕਾਰ ਅਥਵਾ ਅੰਮ੍ਰਿਤ ਛਕਣਾ ਹਰ ਗੁਰਸਿਖ ਲਈ ਜ਼ਰੂਰੀ ਹੈ। ਸਿਖ ਧਰਮ ਵਿਚ ਅੰਮ੍ਰਿਤ ਛਕਣਾ ਗੁਰੂ ਦੇ ਘਰ ਜੰਮਣ ਦਾ ਪ੍ਰਤੀਕ ਹੈ।

ਪੰਜ ਪਿਆਰਿਆਂ ਦਾ ਪੰਜ ਬਾਣੀਆਂ ਦਾ ਪਾਠ ਕਰਕੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜ ਵਿਕਾਰਾਂ ਦਾ ਪਰਹਾਰ ਕਰਕੇ, ਸੱਤ, ਸੰਤੋਖ, ਦਇਆ, ਧਰਮ ਤੇ ਧੀਰਜ ਦੇ ਗੁਣਾਂ ਨੂੰ ਉਪਜਾ ਕੇ, ਅਨੰਦ ਸਾਹਿਬ ਰਾਹੀਂ ਅੰਮ੍ਰਿਤ ਛਕਣ ਵਾਲੇ ਦੀ ਅਨੰਦ ਪ੍ਰਾਪਤੀ ਕਰਕੇ 'ਸਤਿਗੁਰੂ ਮੈਂ ਪਾਇਆ' ਦਾ ਦਾਵੇਦਾਰ ਬਣਕੇ, 'ਖਾਲਸਾ ਅਕਾਲ ਪੁਰਖ ਕੀ ਫੌਜ' ਨਾਅਰਾ ਲਾ ਕੇ, 'ਨਿਸਚੈ ਕਰਿ ਅਪਨੀ ਜੀਤ ਕਰੋਂ' ਦਾ ਧਾਰਨੀ ਬਣਕੇ, 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਦੇ ਜੈਕਾਰਿਆਂ ਦੀ ਗੂੰਜ ਸੁਣਕੇ, ਕੇਸਾਂ ਵਿਚ ਅੰਮ੍ਰਿਤ, ਨੇਤ੍ਰਾਂ ਵਿਚ ਅੰਮ੍ਰਿਤ, ਹਿਰਦੇ ਵਿਚ ਅੰਮ੍ਰਿਤ, ਜੈਕਾਰਿਆਂ ਦੇ ਬੋਲ ਨਾਲ ਅੰਮ੍ਰਿਤ ਤੇ ਬਾਹਰੋਂ ਅੰਮ੍ਰਿਤੋ ਅੰਮ੍ਰਿਤ ਹੋ ਨਿਬੜਨ ਵਾਲਾ ਖਾਲਸਾ 'ਅੰਮ੍ਰਿਤ ਪੀਵੈ ਅਮਰੁ ਸੁ ਹੋਇ' ਤੇ 'ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ' ਦਾ ਸੁਭਾਗ ਪ੍ਰਾਪਤ ਕਰ ਲੈਂਦਾ ਹੈ।

ਅੰਮ੍ਰਿਤ ਛਕਣ ਮਗਰੋਂ ਇਹ ਖਾਲਸਾ ਮੈਦਾਨ ਵਿਚ ਫੌਲਾਦੀ ਸੂਰਮਾ, ਸਮਾਜਕ ਜੀਵਨ ਵਿਚ ਸ਼ਰਬਤ ਵਾਂਗ ਮਿਠਾ ਅਤੇ ਨਿਮ੍ਰਤਾ ਦੀ ਮੂਰਤ ਬਣ ਜਾਂਦਾ ਹੈ। ਜਿਵੇਂ ਪਤਾਸੇ ਅੰਮ੍ਰਿਤ ਦੇ ਪਾਣੀ ਵਿਚ ਘੁਲ ਮਿਲਕੇ ਆਪਣੇ ਨਿੱਕੇ ਵਡੇ ਸਰੂਪ ਨੂੰ ਗਵਾ ਲੈਂਦੇ ਹਨ ਤਿਵੇਂ ਇਹ ਅੰਮ੍ਰਿਤ ਛਕਣ ਵਾਲੇ ਸਿਘ ਜਾਤ-ਪਾਤ ਤੇ ਊਚ ਨੀਚ ਦੇ ਵਖੇਵਿਆਂ ਨੂੰ ਖੋਰ ਕੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਇਲਾਹੀ ਨਗਮੇ ਗਾਉਂਦੇ ਆਪਣੀ ਵਿਲੱਖਣ ਕੌਮੀ ਹਸਤੀ ਵਿਚ ਪ੍ਰਵੇਸ਼ ਕਰਦੇ ਹਨ।

ਹਿੰਦੂ ਧਰਮ ਵਿਚ ਵਿਆਹ ਸੰਸਕਾਰ

ਮਨੂ ਅਨੁਸਾਰ ਅੱਠ ਪ੍ਰਕਾਰ ਦੇ ਵਿਆਹ ਮੰਨੇ ਗਏ ਹਨ। ਪ੍ਰੋਹਤ ਜਾਂ ਪੰਡਤ ਤੋਂ ਟੇਵੇ ਕੁੰਡਲੀਆਂ ਵਿਖਾਕੇ, ਮਹੂਰਤ ਕਢਵਾਏ ਬਿਨਾਂ ਵਿਆਹ ਨਹੀਂ ਕੀਤਾ ਜਾ ਸਕਦਾ।

ਟੇਵੇ ਤੇ ਕੁੰਡਲੀਆਂ ਲਿਖੇ ਤਾਂ ਪੰਡਤ, ਟੇਵੇ ਕੁੰਡਲੀਆਂ ਪੜ੍ਹੇ ਤਾਂ ਪੰਡਤ, ਸੰਜੋਗ ਢੁਕਵੇਂ ਜਾਂ ਅਢੁਕਵੇਂ ਦੀ ਤਸਦੀਕ ਕਰੇ ਤਾਂ ਪੰਡਤ, ਸਾਹੇ ਮਿਥੇ ਤਾਂ ਪੰਡਤ, ਵਿਆਹ ਪੜ੍ਹਾਏ ਤਾਂ ਪੰਡਤ। ਜਦ ਹਰ ਸੰਸਕਾਰ ਵਿਚ ਪੰਡਤ ਪ੍ਰਧਾਨ ਹੈ ਤਾਂ ਇਹ ਢੁਕਵੀਂ ਫੀਸ ਮਿਲਣ ਤੇ ਕਈਆਂ ਦੇ ਸੰਜੋਗ ਤੋੜਨ ਅਤੇ ਕਈਆਂ ਦੇ ਗੰਢਣ ਦੀ ਵੀ ਪੂਰੀ ਕੋਸ਼ਿਸ ਕਰਦਾ ਹੈ।

ਮੁੰਡੇ ਕੁੜੀ ਦੀ ਚੋਣ ਭਾਵੇਂ ਮਾਤਾ ਪਿਤਾ ਹੀ ਕਰਨ ਪਰ ਆਖਰੀ ਫੈਸਲਾ ਤਾਂ ਪੰਡਤ ਦੀ ਮੁਹਰ ਲੱਗ ਕੇ ਹੀ ਹੋਣਾ ਹੈ। ਜੇ ਪੰਡਤ ਜੀ ਨਾ ਹੋਣ ਤਾਂ ਹਿੰਦੂ ਰੀਤੀ ਅਨੁਸਾਰ ਵਿਆਹ ਹੀ ਨਹੀਂ ਹੋ ਸਕਦਾ।

ਵਿਆਹ ਲਈ ਫਿਰ ਵੇਦੀਆਂ ਗੱਡੀਆਂ ਜਾਂਦੀਆਂ ਹਨ। ਮੁੰਡੇ ਕੁੜੀ ਨੂੰ ਖਾਰੇ ਬਿਠਾਇਆ ਜਾਂਦਾ ਹੈ। ਅਗਨੀ ਕੁੰਡ ਬਣਾਕੇ ਹਵਨ ਕੀਤਾ ਜਾਂਦਾ ਹੈ। ਅੱਗ ਦੁਆਲੇ ਮੁੰਡੇ ਕੁੜੀ ਨੂੰ ਸੱਤ ਫੇਰੇ ਦਿੱਤੇ ਜਾਂਦੇ ਹਨ, ਮੰਤਰ ਉਚਾਰੇ ਜਾਂਦੇ ਹਨ ਜਿਨਾਂ ਦੇ ਅਰਥ ਪੰਡਤ ਜੀ ਆਪ ਵੀ ਸ਼ਾਇਦ ਹੀ ਜਾਣਦੇ ਹੋਣ।

ਗੁਰੂ ਸਾਹਿਬ ਨੇ ਅਜੇਹੇ ਭਾੜੇ ਦੇ ਵਿਆਹ ਕਰਾਉਣ ਵਾਲਿਆਂ ਨੂੰ ਤਾੜਨਾ ਕੀਤੀ ਹੈ ਅਤੇ ਇਸ ਤਰ੍ਹਾਂ ਕਮਾਏ ਧਨ ਦੇ ਖਾਣ ਦੀ ਨਿਖੇਧੀ ਕੀਤੀ ਹੈ:

ਲੈ ਭਾੜਿ ਕਰੇ ਵੀਆਹੁ, ਕਢਿ ਕਾਗਲੁ ਦਸੇ ਰਾਹੁ।

ਵਾਰ ਆਸਾ, ਮਹਲਾ ੧, ਗੁਰੂ ਗ੍ਰੰਥ ਸਾਹਿਬ

ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤ ਧਾਨਿ ਖਾਧੈ ਤੇਰਾ ਜਨਮੁ ਗਇਆ।

ਆਸਾ ਪਟੀ, ਮਹਲਾ ੩, ਗੁਰੂ ਗ੍ਰੰਥ ਸਾਹਿਬ

ਗੁਰਮਤ ਵਿਚ ਵਿਆਹ ਸੰਸਕਾਰ

ਸਿਖ ਧਰਮ ਵਿਚ ਵਿਆਹ ਸੰਸਕਾਰ ਨੂੰ ਅਨੰਦ ਕਾਰਜ ਦਾ ਨਾਂ ਦਿੱਤਾ ਗਿਆ ਹੈ ਅਤੇ ਵਿਆਹ ਸੰਸਕਾਰ ਦਾ ਅਰਥ ਕੇਵਲ ਗ੍ਰਹਿਸਤ ਵਿਚ ਪ੍ਰਵੇਸ਼ ਕਰਨਾ ਹੀ ਨਹੀਂ ਹੈ ਸਗੋਂ 'ਹਰਨਾਮੈ ਕੇ ਹੋਵਹੁ ਜੋੜੀ' ਅਨੁਸਾਰ ਅਨੰਦ ਦੇ ਮਾਲਕ ਵਾਹਿਗੁਰੂ ਦੇ ਹੁਕਮ ਮੁਤਾਬਿਕ 'ਏਕ ਜੋਤਿ ਦੁਏ ਮੂਰਤੀ' ਦੇ ਸਿਧਾਂਤ ਦੇ ਧਾਰਨੀ ਬਣਕੇ ਇਸ ਸੰਸਾਰ ਨੂੰ ਇਕ ਸੁਖਾਵੀਂ ਥਾਂ ਬਨਾਉਣਾ ਹੈ।

ਸਰੀਰਕ ਸੰਬੰਧ ਤਾਂ ਪਸ਼ੂ ਵੀ ਰਖ ਲੈਂਦੇ ਹਨ ਪਰੰਤੂ ਆਤਮਿਕ ਸੰਬੰਧਾਂ ਲਈ ਪਰਸਪਰ ਤਿਆਗ ਤੇ ਪਿਆਰ ਦੀ ਲੋੜ ਹੁੰਦੀ ਹੈ ਜਿਸ ਲਈ ਆਪਾ ਵਾਰਨਾ ਪੈਂਦਾ ਹੈ। ਆਪਾਂ ਵਾਰ ਕੇ ਹੀ ਸੁਭਾਵਾਂ ਦੀ ਇਕਸੁਰਤਾ ਦੀ ਅਵਸਥਾ ਬਣਦੀ ਹੈ। ਸੁਭਾਵਾਂ ਦੀ ਇਕਸੁਰਤਾ ਤਦੇ ਸੰਭਵ ਹੈ ਜੇ, 'ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ' ਅਥਵਾ 'ਪਤੀ ਕੇਵਲ ਪਤਨੀ ਲਈ' ਅਤੇ 'ਪਤਨੀ ਕੇਵਲ ਪਤੀ ਲਈ' ਦੇ ਸਿਧਾਂਤ ਦੇ ਧਾਰਨੀ ਬਣਨ।

ਪਛੱਮੀ ਦੇਸ਼ ਅਜ ਆਰਥਕ ਉੱਨਤੀ ਦੀਆਂ ਪੁਲਾਂਘਾਂ ਪੁਟਕੇ, ਆਪਣਾ ਆਰਥਕ ਜੀਵਨ ਪਧਰ ਜਿਥੇ ਬਹੁਤ ਉਚਿਆਂ ਕਰਨ ਵਿਚ ਸਫਲ ਹੋਏ ਹਨ ਉਥੇ 'ਏਕ ਜੋਤਿ ਦੁਇ ਮੂਰਤੀ' ਦੇ ਸਿਧਾਂਤ ਦੀ ਅਣਹੋਂਦ ਕਾਰਨ, ਆਪਣੇ ਗ੍ਰਹਿਸਤੀ ਜੀਵਨ ਦੇ ਘੋੜੇ ਦੀ ਇਕਸੁਰਤਾ ਕਾਇਮ ਰਖਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੁੰਦੇ ਜਾ ਰਹੇ ਹਨ। ਇਹੀ ਕਾਰਨ ਹੈ ਕਿ ਇਨ੍ਹਾਂ ਮੁਲਕਾਂ ਵਿਚ 80 ਫੀਸਦੀ ਲੋਕ, ਆਪਣੇ ਵਿਆਹ ਦੇ ਪਹਿਲੇ ਦੋ ਸਾਲਾਂ ਵਿਚ ਹੀ ਤਲਾਕ ਦੇ ਲੈ ਕੇ ਵਖ ਹੋ ਜਾਂਦੇ ਹਨ।

ਸਿਖ ਧਰਮ ਇਸ ਗਲ ਤੇ ਫ਼ਖਰ ਕਰ ਸਕਦਾ ਹੈ ਕਿ ਸਿਖਾਂ ਦੇ ਗੁਰੂ ਸਾਹਿਬਾਨ ਨੇ ਇਸ ਦੇ ਸਿਧਾਂਤਾਂ ਵਿਚ ਸਾਫ਼ ਸ਼ਬਦਾਂ ਵਿਚ ਅੰਕਤ ਕਰ ਦਿੱਤਾ ਹੋਇਆ ਹੈ:

ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ

ਵਾਰ ਆਸਾ, ਮਹਲਾ ੧, ਗੁਰੂ ਗ੍ਰੰਥ ਸਾਹਿਬ

ਪਰ ਤ੍ਰਿਆ ਰੂਪੁ ਨ ਪੇਖੈ ਨੇਤ੍ਰ।

ਗਉੜੀ ਸੁਖਮਨੀ ਮਹਲਾ ੫, ਗੁਰੂ ਗ੍ਰੰਥ ਸਾਹਿਬ

ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੈਯਹੁ।
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂ ਨ ਜੈਯਹੁ।

ਚਿਤਰੋਪਖਾਜਾਨ, ਦਸਮ ਗ੍ਰੰਥ

ਸਿਖ ਧਰਮ ਵਿਚ ਕੁੰਡਲੀਆਂ ਦਾ ਵਹਿਮ ਭਰਮ ਵੀ ਨਹੀਂ ਹੈ ਅਤੇ ਨਾ ਹੀ ਕੋਈ ਥਿਤ, ਵਾਰ ਜਾਂ

ਸਾਹੇ ਕਢਾਉਣ ਦੀ ਲੋੜ ਹੈ। ਸਿਖ ਮਤ ਵਿਚ ਪ੍ਰੋਹਤਚਾਰੀ ਦੀ ਕੋਈ ਥਾਂ ਨਹੀਂ ਹੈ। ਇਸ ਸਿਧੀ-ਸਾਦੀ ਗੁਰਮਤ ਮਰਯਾਦਾ ਨੂੰ ਕੋਈ ਵੀ ਤਿਆਰ ਬਰ ਤਿਆਰ ਸਿਘ ਨਿਭਾ ਸਕਦਾ ਹੈ। ਰਾਗੀ ਜਾਂ ਪਰਚਾਰਕ ਲੋੜ ਅਨੁਸਾਰ ਬੁਲਾਏ ਜਾ ਸਕਦੇ ਹਨ। ਗੁਰੂ ਗਰੰਥ ਸਾਹਿਬ ਦੁਆਲੇ ਚਾਰ ਲਾਵਾਂ ਫੇਰੇ (ਪ੍ਰਕਰਮਾ ਕਰਕੇ) ਲਏ ਜਾਂਦੇ ਹਨ। ਜੀਵਨ ਦੇ ਇਸ ਵਿਸ਼ੇਸ਼ ਸੰਸਕਾਰ ਵਿਚ ਵੀ ਬੁਨਿਆਦੀ ਤੇ ਬਹੁਤ ਵਡਾ ਫਰਕ ਹੈ, ਹਿਦੂ ਰੀਤੀ ਨਾਲੋਂ।

ਹਿਦੂਆਂ ਵਿਚ ਇਸਤਰੀ ਸ਼ੂਦਰ ਦਾ ਦਰਜਾ ਰਖਦੀ ਹੈ ਪਰ ਸਿਖਾਂ ਵਿਚ ਇਹ ਬਰਾਬਰ ਦੀ ਸਾਥਣ ਹੈ। ਹਿਦੂਆਂ ਵਿਚ ਪਤੀ ਮਰ ਜਾਣ ਤੇ ਦੂਸਰਾ ਵਿਆਹ ਕਰਨ ਦੀ ਆਗਿਆ ਨਹੀਂ ਸਗੋਂ ਪਤੀ ਨਾਲ ਸਤੀ ਹੋਣ ਦਾ ਆਦੇਸ਼ ਹੈ ਪਰ ਸਿਖਾਂ ਵਿਚ ਅਜਿਹਾ ਨਹੀਂ। ਹਿਦੂਆਂ ਵਿਚ ਔਰਤ ਨੂੰ ਦੂਜੇ ਵਿਆਹ ਦੀ ਚਿਤਵਨੀ ਕਰਨਾ ਵੀ ਪਾਪ ਹੈ ਪਰੰਤੂ ਸਿਖ ਧਰਮ ਵਿਚ ਉਪਰੋਕਤ ਹਾਲਾਤ ਵਿੱਚ ਦੂਜੇ ਵਿਆਹ ਦੀ ਖੁੱਲ੍ਹ ਹੈ।

ਸਿਖ ਧਰਮ ਵਿਚ ਧਾਰਮਕ ਸਿਖਿਆ ਲੈਣ ਤੇ ਦੇਣ ਵਿਚ ਇਸਤਰੀ ਨੂੰ ਪੂਰਨ ਅਧਿਕਾਰ ਹਨ ਜਿਹੜੇ ਦੁਨੀਆਂ ਦਾ ਸਭ ਤੋਂ ਵਧ ਪ੍ਰਸਿੱਧ ਈਸਾਈ ਧਰਮ ਵੀ ਹੁਣ ਤਕ ਇਸਤਰੀ ਨੂੰ ਨਹੀਂ ਦੇ ਸਕਿਆ, ਹਿਦੂਆਂ ਦੀ ਤਾਂ ਗੱਲ ਹੀ ਛਡੋ। ਈਸਾਈ ਧਰਮ ਵਿਚ ਅਜੇ ਵੀ ਇਸਤਰੀ ਅਗਵਾਈ ਨਹੀਂ ਕਰ ਸਕਦੀ।

ਹਿਦੂ ਧਰਮ ਵਿਚ ਮਿਰਤਕ ਸੰਸਕਾਰ

ਸਿਖਾਂ ਨੂੰ ਹਿਦੂ ਸਾਬਤ ਕਰਨ ਲਈ ਬ੍ਰਾਹਮਣਵਾਦ ਵਲੋਂ ਕਈ ਵਾਰ ਮਿਰਤਕ ਸੰਸਕਾਰ ਦੀ ਸਾਂਝ ਦੀ ਦਲੀਲ ਵੀ ਦਿੱਤੀ ਜਾਂਦੀ ਹੈ। ਹਿਦੂ ਧਰਮ ਅਨੁਸਾਰ ਮਿਰਤਕ ਨਾਲ ਸੰਬੰਧਤ ਸੰਸਕਾਰ ਜਿਵੇਂ ਕਿ ਪਿਡ ਭਰਾਣੇ, ਗਰੜ ਪੁਰਾਣ ਦੀ ਕਥਾ ਅਤੇ ਸ਼ਰਾਧ ਕਰਾਣੇ ਆਦਿ ਵੀ ਸ਼ਾਮਲ ਹਨ ਪਰੰਤੂ ਇਹ ਸਭ ਕਰਮ ਸਿਖ ਧਰਮ ਵਿਚ ਵਿਵਰਜਿਤ ਹਨ। ਹਿਦੂਆਂ ਅਨੁਸਾਰ ਮਿਰਤਕ ਦੀਆਂ ਅਸਥੀਆਂ ਗੰਗਾ ਵਿਚ ਜਾਣੀਆਂ ਜ਼ਰੂਰੀ ਹਨ ਜਿਥੇ ਪਾਂਡੇ ਮਿਰਤਕ ਦੀ ਆਤਮਾ ਨੂੰ ਸੁਖ ਪਹੁੰਚਾਣ ਲਈ ਕਈ ਢੋਂਗ ਰਚਾਂਦੇ ਹਨ ਪਰੰਤੂ ਸਿਖ ਧਰਮ ਅਨੁਸਾਰ ਮਿਰਤਕ ਦੀਆਂ ਅਸਥੀਆਂ ਕਿਸੇ ਵੀ ਵਗਦੇ ਦਰਿਆ ਦੇ ਪਾਣੀ ਵਿਚ ਭੇਟ ਕੀਤੀਆਂ ਜਾ ਸਕਦੀਆਂ ਹਨ।

ਗੁਰਮਤ ਵਿਚ ਮਿਰਤਕ ਸੰਸਕਾਰ

ਗੁਰਮਤ ਅਨੁਸਾਰ ਮਿਰਤਕ ਪਿਛੋਂ ਵਧ ਤੋਂ ਵਧ ਦਸਾਂ ਦਿਨਾਂ ਮਗਰੋਂ ਅੰਤਮ ਅਰਦਾਸ ਕਰਣਾ ਉਚਿਤ ਹੈ। ਰੋਣ ਧੋਣ ਦੀ ਥਾਂ ਕੀਰਤਨ ਜਾਂ ਸੁਣਨ ਦਾ ਆਦੇਸ਼ ਹੈ। ਹੇਠ ਲਿਖੀਆਂ ਕੁਝ ਟੂਕਾਂ ਗਿਆਨੀ ਗਿਆਨ ਸਿੰਘ ਰਚਿਤ 'ਪੰਥ ਪਰਕਾਸ਼' ਵਿਚੋਂ ਦਿੱਤੀਆਂ ਹਨ ਜੋ ਸਿਖ ਧਰਮ ਦੀਆਂ ਰਹੁ ਰੀਤਾਂ ਤੇ ਚੰਗੀ ਤਰ੍ਹਾਂ ਚਾਨਣਾ ਪਾਉਂਦੀਆਂ ਹਨ:

ਹਿਦੂ ਤੁਰਕਨ ਤੇ ਹੈ ਨਯਾਰਾ। ਰਚੋ ਪੰਥ ਜਹਿ ਬਲੀ ਅਪਾਰਾ।
ਬਯਾਹ ਨਿਕਾਹ ਨ ਏਹ ਕਰੈ ਹੈਂ। ਜੁਗਤ ਅਨੰਦ ਅਨੰਦ ਪੜੈ ਹੈਂ।
ਸਿੰਘ ਸਿੰਘਣੀ ਜੋ ਮਰ ਜੈ ਹੈਂ। ਬਾਂਟਤ ਹਲਵਾ ਤੁਰਤ ਬਨੈ ਹੈਂ।
ਕਿਰਿਆ ਕਰਮ ਕਰਾਵਤ ਨਾਹੀਂ। ਹਡੀ ਪਾਂਯ ਨ ਗੰਗਾ ਮਾਹੀਂ।
ਕਰਤ ਦਸਹਰਾ ਗ੍ਰੰਥ ਪੜਾਵਤ। ਅਸਨ ਬਸਨ ਗਰੀਬਨ ਦਯਾਵਤ।

ਕੰਠੀ, ਜੰਞੂ, ਤਿਲਕ ਨ ਧਰ ਹੈਂ। ਬੁਤ ਪ੍ਰਸਤੀ ਕਦੇ ਨ ਕਰ ਹੈਂ।
ਏਕ ਰਬ ਕੀ ਕਰਤ ਬੰਦਗੀ। ਰਖਤ ਨ ਔਰਨ ਕੀ ਮੁਛੰਦਗੀ।
ਵੇਦ ਪੁਰਾਨ ਕਤੇਬ ਕੁਰਾਨ। ਪੜਤ ਸੁਨਤ ਨਹ ਮਾਨਤ ਕਾਨ।
ਗੁਰੂ ਨਾਨਕ ਜੋ ਕਥੀ ਕਲਾਮ। ਤਾਂ ਪਰ ਰਖਤ ਇਮਾਨ ਤਮਾਮ।
....

ਇਕ ਹੀ ਬਰਤਨ ਮੈਂ ਸਭ ਕਾਹੂੰ। ਆਬ ਹਯਾਤ ਪਿਲਾਵਤ ਤਾਹੂੰ
....

ਮਾਨਤ ਹੈ ਨਿਜ ਮਜ਼ਹਬ ਚੰਗੇਰਾ, ਹਿੰਦੂ ਕਹੇ ਤੇ ਖਿਝਤ ਵਧੇਰਾ
ਰੀਤ ਹਿੰਦੂਆਂ ਵਾਕੀ ਜੇਤੀ, ਤਜ ਰਾਖੀ ਇਨ ਸਭ ਬਿਧ ਤੇਤੀ।

ਉਂਜ ਤਾਂ ਹਿੰਦੂ ਬਹੁਗਿਣਤੀ ਇਹ ਕਹਿੰਦੀ ਹੈ ਕਿ ਸਿਖ ਹਿੰਦੂ ਹਨ ਪਰੰਤੂ ਸੰਨ 1937 ਵਿਚ ਜਦੋਂ ਅਛੂਤਾਂ ਦੇ ਸਿਖ ਬਣ ਜਾਣ ਦੀ ਖਬਰ ਗਾਂਧੀ ਨੂੰ ਮਿਲੀ ਸੀ ਤਾਂ ਉਸਨੇ ਆਪਣੀ ਅਖਬਾਰ 'ਯੰਗ ਇੰਡੀਆ' ਵਿਚ ਇਸ ਦੀ ਵਿਰੋਧਤਾ ਇਉਂ ਕੀਤੀ ਸੀ:

ਅਛੂਤਾਂ ਦਾ ਸਿਖੀ ਵਿਚ ਪ੍ਰਵੇਸ਼ ਹਿੰਦੂ ਧਰਮ ਤੋਂ ਪਤਿੱਤ ਹੋਣ ਦੇ ਤੁੱਲ ਹੈ।

ਜੇ ਅਛੂਤਾਂ ਦੇ ਸਿਖ ਬਣ ਜਾਣ ਨਾਲ ਹਿੰਦੂ ਧਰਮ ਪਤਿਤ ਹੋ ਸਕਦਾ ਹੈ ਤਾਂ ਸਿਖਾਂ ਨੂੰ ਹਿੰਦੂ ਕਹਿਣ ਨਾਲ ਤਾਂ ਹਿੰਦੂ ਧਰਮ ਭ੍ਰਿਸ਼ਟ ਹੋ ਜਾਣਾ ਚਾਹੀਦਾ ਹੈ।

ਅੰਤ ਵਿਚ ਸਿਖਾਂ ਨੂੰ ਹਿੰਦੂ ਕਹਿਣ ਵਾਲਿਆਂ ਤੋਂ ਇਹ ਪੁੱਛਣ ਦੀ ਆਗਿਆ ਲੈਂਦੇ ਹਾਂ ਕਿ ਜੇ ਸਿਖ ਕੇਸਾਧਾਰੀ ਹਿੰਦੂ ਹਨ ਤਾਂ ਦੇਸ਼ ਤੇ ਵਿਦੇਸ਼ਾਂ ਵਿਚ ਤੁਹਾਡਾ ਸਾਰਾ ਪ੍ਰੈੱਸ, ਰੇਡੀਓ ਅਤੇ ਟੀ.ਵੀ. ਸਿਖ ਖਾੜਕੂਆਂ ਨੂੰ ਸਿਖ ਅਤਿਵਾਦੀ ਦੀ ਥਾਂ ਹਿੰਦੂ ਅੱਤਵਾਦੀ ਕਿਉਂ ਨਹੀਂ ਲਿਖਦੇ ਤੇ ਬੋਲਦੇ?

ਅਸਲੀਅਤ ਤਾਂ ਇਹ ਹੈ ਕਿ ਹਿੰਦੂ ਬਹੁਗਿਣਤੀ ਕਥਿਤ ਅਛੂਤਾਂ ਨੂੰ ਵੀ ਗੁਲਾਮ ਬਣਾਈ ਰਖਣਾ ਚਾਹੁੰਦੀ ਹੈ ਅਤੇ ਸਿਖਾਂ ਤੇ ਮੁਸਲਮਾਨਾਂ ਨੂੰ ਵੀ। ਹਿੰਦੂ ਸਿਖ ਕੌਮ ਦੀ ਹੋਂਦ ਨੂੰ ਹੌਲੀ ਹੌਲੀ ਖਤਮ ਕਰਨ ਦੇ ਸੁਪਨੇ ਲੈ ਰਹੇ ਹਨ।

ਸਿਖ ਕੌਮ ਨੂੰ ਖਤਮ ਕਰਨ ਦੇ ਸੁਪਨੇ ਲੈਣ ਵਾਲੇ ਅਜਿਹੇ ਸੁਪਨੇ ਲੈਂਦੇ ਲੈਂਦੇ ਆਪ ਹੀ ਇਕ ਸੁਪਨਾ ਬਣਕੇ ਰਹਿ ਗਏ ਅਤੇ ਸਿਖ ਕੌਮ ਗੁਰੂ ਦੀ ਕਿਰਪਾ ਨਾਲ ਅੱਜ ਵੀ ਉਸੇ ਤਰ੍ਹਾਂ ਅੱਟਲ ਤੇ ਅਡੋਲ ਖੜੀ ਹੈ।

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਸਿੱਟਾ ਨਿਕਲਦਾ ਹੈ ਕਿ ਕੁਝ ਹਿੰਦੂ ਵਿਦਵਾਨਾਂ ਨੇ, ਸਿਖਾਂ ਨੂੰ ਹਿੰਦੂ ਸਾਬਤ ਕਰਨ ਲਈ ਸਿਖ ਮਰਯਾਦਾ ਤੇ ਸਿਖ ਪਰੰਪਰਾਵਾਂ ਨੂੰ ਅਖੋਂ ਉਹਲੇ ਕਰਕੇ ਫੋਕਟ ਉਕਤੀਆਂ-ਯੁਕਤੀਆਂ ਹੀ ਮਾਰੀਆਂ ਹਨ। ਇਨ੍ਹਾਂ ਦੀਆਂ ਦਿੱਤੀਆਂ ਦਲੀਲਾਂ ਢਕੌਂਸਲਿਆਂ ਤੋਂ ਵਧ ਕੁਝ ਨਹੀਂ ਸਾਬਤ ਹੁੰਦੀਆਂ।

ਸਿਖ ਕੌਮ ਸੰਸਾਰ ਦੀ ਇਕ ਵਿਲੱਖਣ ਕੌਮ ਹੈ ਜੋ 'ਕੌਮ' ਦੇ ਹਰ ਮਿਆਰ ਤੇ ਪੂਰਾ ਉਤਰਦੀ ਹੈ ਪਰੰਤੂ ਜੋ ਘਟਗਿਣਤੀ ਕਾਰਨ, ਅੰਤਰਰਾਸ਼ਟਰੀ ਸਾਜ਼ਿਸ਼ਾਂ ਕਾਰਨ, ਬਹੁਗਿਣਤੀ ਦੇ ਵਿਸਾਹਘਾਤ ਕਾਰਨ ਅਤੇ ਕੁਝ ਆਪਣੀਆਂ ਗਲਤੀਆਂ ਕਾਰਨ ਆਪਣੇ ਕੌਮੀ ਸਰੂਪ ਨੂੰ ਸੰਸਾਰ ਮੰਚ ਤੇ ਦ੍ਰਿਸ਼ਟਮਾਨ ਕਰਨ ਵਿਚ ਪਛੜ ਗਈ ਹੈ ਜਿਸ ਮਜਬੂਰੀ ਦਾ ਲਾਭ ਉਠਾਂਦਿਆਂ ਬਹੁਗਿਣਤੀ ਇਸਦੇ ਕੌਮੀ ਸਰੂਪ ਨੂੰ ਮਿਟਾਉਣ ਦੀਆਂ ਲਗਾਤਾਰ ਨਾਪਾਕ ਸ਼ਾਜ਼ਿਸ਼ਾਂ ਕਰ ਰਹੀ ਹੈ।

ੴ ਵਾਹਿਗੁਰੂ ਜੀ ਕੀ ਫਤਹਿ॥

ਖਾਲਿਸਤਾਨ ਦੀ ਲੋੜ ਕਿਉਂ?

ਸਰੂਪ ਸਿੰਘ ਨਾਰੰਗ

Published by:
SIKH EDUCATION COUNCIL U.K.
P.O. BOX. 18, HITCHIN, HERTFORDSHIRE, SG4 9JT U.K.
TEL: 0462 456797, 0582 766447, 081 572 6755

ਭਾਗ-ਦੂਜਾ

ਖਾਲਸਾ ਬ੍ਰਾਹਮਣਵਾਦ ਦੇ ਸ਼ਕੰਜੇ ਵਿਚ

ਖਾਲਸੇ ਨਾਲ ਕੀਤੇ ਵਾਅਦਿਆਂ ਦਾ ਪਿਛੋਕੜ

ਪਹਿਲੇ ਸੰਸਾਰ ਯੁਧ ਦੇ ਨੇੜੇ-ਤੇੜੇ, ਕੱਟੜ ਤੋਂ ਕੱਟੜ ਸਾਮਰਾਜੀ ਅੰਗਰੇਜ਼ ਵੀ ਇਸ ਗੱਲ ਤੇ ਸਹਿਮਤ ਸੀ ਕਿ ਅੰਗਰੇਜ਼ਾਂ ਨੂੰ ਨਿਕਟ-ਭਵਿਸ਼ ਵਿਚ ਹਿੰਦੂਸਤਾਨ ਛੱਡਣਾ ਪਵੇਗਾ। ਜੇ ਮਤਭੇਦ ਸੀ ਤਾਂ ਇਸ ਗਲ ਤੇ ਕਿ ਅਜ਼ਾਦੀ ਕਦੋਂ ਤੇ ਕਿਵੇਂ ਦਿੱਤੀ ਜਾਣੀ ਚਾਹੀਦੀ ਹੈ। ਇਸੇ ਨੀਤੀ ਨੂੰ ਮੁੱਖ ਰਖਦਿਆਂ ਅੰਗਰੇਜ਼ਾਂ ਨੇ ਰਾਜਭਾਗ ਵਿਚ ਹਿੰਦੂਸਤਾਨੀਆਂ ਨੂੰ ਵਧੇਰੇ ਹਿੱਸੇਦਾਰ ਬਣਾਉਣ ਦਾ ਕੰਮ ਹੌਲੀ ਹੌਲੀ ਆਰੰਭ ਦਿਤਾ। 1919 ਈਸਵੀ ਦਾ ਰੌਲਟ ਐਕਟ, ਸਾਈਮਨ ਕਮੀਸ਼ਨ, ਰਾਊਂਡ ਟੇਬਲ ਕਾਨਫਰੰਸਾਂ, ਕਮਿਊਨਲ ਅਵਾਰਡ ਅਤੇ ਕੈਬੀਨਿਟ ਮਿਸ਼ਨ ਆਦਿ ਇਸੇ ਨੀਤੀ ਦੀਆਂ ਕੜੀਆਂ ਸਨ ਜੋ ਅਜ਼ਾਦੀ ਦੀਆਂ ਅਧਾਰਸ਼ਿਲਾ ਬਣੀਆਂ।

ਸਮੇਂ ਦੇ ਗੇੜ ਨੇ ਪਲਟਾ ਖਾਧਾ ਤੇ ਅੰਗਰੇਜ਼ਾਂ ਨੂੰ ਦੂਜੇ ਸੰਸਾਰ ਯੁੱਧ ਵਿਚ ਜਿੱਤ ਪ੍ਰਾਪਤ ਹੋ ਗਈ ਪਰੰਤੂ ਇਸ ਜਿੱਤ ਨੇ ਅੰਗਰੇਜ਼ੀ ਸਾਮਰਾਜ ਦਾ ਲੱਕ ਤੋੜ ਕੇ ਰੱਖ ਦਿੱਤਾ ਅਤੇ ਇਸ ਨੂੰ ਉਠਣ ਜੋਗਾ ਨਹੀਂ ਸੀ ਛਡਿਆ। ਇਸ ਯੁਧ ਵਿਚ ਇਕ ਪਾਸੇ ਤਾਂ ਇੰਗਲੈਂਡ ਦੀ ਮਰਦ-ਵਸੋਂ ਦਾ ਬਹੁਤ ਵਡਾ ਹਿਸਾ ਮਾਰਿਆ ਗਇਆ ਅਤੇ ਇਸਦੀ ਆਰਥਕਤਾ ਦਾ ਦੀਵਾਲਾ ਨਿਕਲ ਗਇਆ, ਦੂਜੇ ਪਾਸੇ ਇਸਦੇ ਸਾਹਮਣੇ ਆਪਣੇ ਦੇਸ਼ ਤੇ ਆਪਣੀਆਂ ਕਾਲੋਨੀਆਂ ਵਿਚ ਹੋਈ ਬਰਬਾਦੀ ਨੂੰ ਉਸਾਰੀ ਵਿਚ ਬਦਲਣ ਦਾ ਪਹਾੜ ਜੇਡਾ ਕੰਮ ਮੂੰਹ ਅੱਡੀ ਖੜੋਤਾ ਸੀ।

ਹਿੰਦੁਸਤਾਨ ਵਿਚ ਅਜ਼ਾਦੀ ਦੀ ਲਹਿਰ ਬਹੁਤ ਜ਼ੋਰ ਪਕੜ ਗਈ ਸੀ ਅਤੇ ਫੌਜ ਵਿਚ ਵੀ ਬਗਾਵਤ ਵਧਣੀ ਸ਼ੁਰੂ ਹੋ ਗਈ ਸੀ। ਅਜੇਹੇ ਭਿਆਨਕ ਹਾਲਾਤ ਵਿਚ ਅੰਗਰੇਜ਼ਾਂ ਨੇ ਇਥੋਂ ਭੱਜ ਨਿਕਲਣ ਵਿਚ ਹੀ ਭਲਾ ਸਮਝਿਆ ਕਿਉਂਕਿ ਉਨ੍ਹਾਂ ਨੂੰ ਇਹ ਅਨੁਭਵ ਹੋ ਚੁੱਕਾ ਸੀ ਕਿ ਉਨ੍ਹਾਂ ਦਾ ਹਿੰਦੁਸਤਾਨ ਵਿਚ ਹੋਰ ਵਧੇਰੇ ਟਿਕਣਾ ਖਤਰੇ ਤੋਂ ਖਾਲੀ ਨਹੀਂ ਸੀ ਅਤੇ ਵਕਤ ਆਣ ਤੇ ਇਥੋਂ ਕਿਸੇ ਅੰਗਰੇਜ਼ ਦਾ ਬਚ ਨਿਕਲਣਾ ਵੀ ਔਖਾ ਹੋ ਸਕਦਾ ਸੀ।

ਅਜੇਹੀਆਂ ਕੁਝ ਮਜਬੂਰੀਆਂ ਸਾਹਮਣੇ ਹਿੰਦੂਸਤਾਨ ਨੂੰ ਅਜ਼ਾਦ ਕਰ ਦੇਣ ਤੋਂ ਬਿਨਾਂ ਹੋਰ ਕੋਈ ਰਾਹ ਬਾਕੀ ਰਹਿ ਹੀ ਨਹੀਂ ਸੀ ਗਇਆ।

ਦੇਸ਼ ਦੀ ਵਾਗਡੋਰ ਦੇਣ ਲਈ ਅੰਗਰੇਜ਼ਾਂ ਨੇ ਕਾਂਗਰਸ ਨੂੰ ਹਿੰਦੂਆਂ ਦੀ, ਮੁਸਲਮ ਲੀਗ ਨੂੰ ਮੁਸਲਮਾਨਾਂ ਦੀ ਅਤੇ ਅਕਾਲੀ ਦਲ ਨੂੰ ਸਿਖਾਂ ਦੀ ਪ੍ਰਤੀਨਿਧਤਾ ਵਜੋਂ ਸਵੀਕਾਰਿਆ। ਤਿੰਨਾਂ ਕੌਮਾਂ ਦੀ ਸੰਮਤੀ ਨਾਲ ਦੇਸ਼ ਦੀ ਵਾਗਡੋਰ ਲਈ ਗਲਬਾਤ ਕਰਨ ਲਈ ਲੰਡਨ ਤੋਂ ਕੈਬੀਨਿਟ ਮਿਸ਼ਨ ਆਇਆ, ਜਿਸ ਅਗੇ ਸਾਰਿਆਂ ਨੂੰ ਆਪੋ ਆਪਣਾ ਕੇਸ ਰੱਖਣ ਦਾ ਮੌਕਾ ਦਿੱਤਾ ਗਇਆ ਸੀ।

ਹਿੰਦੂ, ਮੁਸਲਮਾਨ ਅਤੇ ਸਿਖ ਆਪਣੇ ਵਖੇਵਿਆਂ ਨੂੰ ਲਾਂਭੇ ਰੱਖਕੇ ਕਾਂਗਰਸ ਦੇ ਝੰਡੇ ਥੱਲੇ ਮਿਲਕੇ ਅਜ਼ਾਦੀ ਦੀ ਲੜਾਈ ਲੜ ਰਹੇ ਸਨ। ਜਿਸ ਵਿਚ ਬਹੁਗਿਣਤੀ ਫਿਰਕੂ ਹਿੰਦੂਆਂ ਦੀ ਸੀ ਜਿਹੜੇ ਆਪਣੇ ਫਿਰਕੂ ਇਰਾਦਿਆਂ ਨੂੰ ਕਛੂਕੁੰਮੇ ਵਾਂਗ ਛੁਪਾਈ ਬੈਠੇ ਰਹੇ ਅਤੇ ਰਾਜਸੀ ਤਾਕਤ ਲੈਣ ਤੱਕ ਸਿਖਾਂ ਨੂੰ ਲਾਰੇ-ਲੱਪੇ ਲਾ ਕੇ ਆਪਣੇ ਨਾਲ ਲਾਈ ਰੱਖਣ ਵਿਚ ਕਾਮਯਾਬ ਰਹੇ। ਕੁਝ ਦਿਆਨਤਦਾਰ ਤੇ ਭੋਲੇ ਭਾਲੇ ਮੁਸਲਮਾਨ ਵੀ ਇਸ ਭੁਲੇਖੇ ਦਾ ਸ਼ਿਕਾਰ ਬਣੇ ਰਹੇ। ਇਸ ਤਰ੍ਹਾਂ ਕਾਂਗਰਸ ਨੇ ਸਾਰੇ ਹਿੰਦੁਸਤਾਨ ਤੇ ਜੱਫਾ ਮਾਰਨ ਲਈ ਆਪਣਾ ਕੇਸ ਪੇਸ਼ ਕੀਤਾ। ਜਿਉਂ ਜਿਉਂ ਕਾਂਗਰਸ, ਅੰਗਰੇਜ਼ਾਂ

ਕੋਲੋਂ, ਹਿਦੁਸਤਾਨ ਦਾ ਸਾਰਾ ਰਾਜਭਾਗ ਸਾਂਭਣ ਦੀ ਮੰਗ ਤੇਜ਼ ਕਰਦੀ ਗਈ ਤਿਉਂ ਤਿਉਂ ਮੁਸਲਮਾਨਾਂ ਵਿਚ ਆਪਣੀ ਕੌਮੀ ਹੋਂਦ ਦੇ ਬਚਾਅ ਦਾ ਤੌਖਲਾ ਵਧਦਾ ਗਇਆ। ਸੂਝਵਾਨ ਮੁਸਲਮਾਨ ਲੀਡਰ ਹਿਦੂ ਬਹੁਗਿਣਤੀ ਦੇ ਵਿਰਕੂ ਇਰਾਦਿਆਂ ਨੂੰ ਤਾਂ ਕਾਫ਼ੀ ਚਿਰ ਪਹਿਲਾਂ ਹੀ ਭਾਂਪ ਗਏ ਸਨ। ਕਾਂਗਰਸ ਦੇ ਵਾਰਸ਼ਿਕ ਸਮਾਗਮਾਂ ਵਿਚ ਮੁਸਲਮਾਨ ਡੈਲੀਗੇਟ ਘਟਦੇ ਘਟਦੇ 750 ਤੋਂ ਕੇਵਲ 17 ਰਹਿ ਗਏ ਸਨ ਅਤੇ ਮੁਸਲਮਾਨਾਂ ਨੇ ਆਪਣੇ ਰਾਜਸੀ ਹੱਕਾਂ ਦੀ ਪ੍ਰਾਪਤੀ ਲਈ ਮੁਸਲਮਲੀਗ ਦੀ ਬੁਨਿਆਦ ਵੀ ਰੱਖ ਦਿੱਤੀ ਹੋਈ ਸੀ।

ਮੁਸਲਮਾਨਾਂ ਦੀ ਵੱਸੋਂ ਉਦੋਂ ਦਸ ਕਰੋੜ ਸੀ ਅਤੇ ਉਨ੍ਹਾਂ ਅਜ਼ਾਦ ਹਿਦੁਸਤਾਨ ਵਿਚ ਆਪਣੇ ਚੌਥੇ ਹਿਸੇ ਵਜੋਂ ਰਾਖਵੇਂ ਰਾਜਸੀ ਅਧਿਕਾਰਾਂ ਦੀ ਮੰਗ ਰੱਖੀ ਜਿਨ੍ਹਾਂ ਨੂੰ ਆਜ਼ਾਦੀ ਮਗਰੋਂ ਹਿਦੂ ਬਹੁਗਿਣਤੀ ਨੂੰ ਬਦਲ ਸਕਣ ਦਾ ਅਧਿਕਾਰ ਨਾ ਹੋਵੇ ਜਾਂ ਦੇਸ਼ ਦਾ ਉਹ ਚੌਥਾ ਹਿਸਾ ਵੰਡ ਦੇਣ ਦੀ ਮੰਗ ਕੀਤੀ ਜਿਥੇ ਮੁਸਲਮਾਨਾਂ ਦੀ ਬਹੁਗਿਣਤੀ ਹੋਵੇ। ਇਸ ਤਰ੍ਹਾਂ ਸੂਝਵਾਨ ਮੁਸਲਮਾਨ ਆਗੂਆਂ ਦੀ ਦੂਰ-ਦਰਸ਼ੀ ਅੱਖ ਨੇ ਆਪਣੇਂ ਕੌਮੀ ਘਰ ਦੇ ਨਿਸ਼ਾਨੇ ਨੂੰ ਸਦਾ ਸਾਹਮਣੇ ਰਖਿਆ।

ਸਿਖ ਕੌਮ ਦੀ ਬਦਕਿਸਮਤੀ ਦਾ ਅੰਦਾਜ਼ਾ ਤਾਂ ਇਥੋਂ ਹੀ ਲਗਾਇਆ ਜਾ ਸਕਦਾ ਹੈ ਕਿ ਇਸਦਾ ਕੇਸ ਪੇਸ਼ ਕਰਣ ਵਾਲੇ ਚੌਹਾਂ ਸਿਖ ਲੀਡਰਾਂ (ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸਰਦਾਰ ਹਰਨਾਮ ਸਿੰਘ ਤੇ ਸਰਦਾਰ ਬਲਦੇਵ ਸਿੰਘ) ਨੇ ਚਾਰ ਹੀ ਆਪਣੀਆਂ ਵਖ ਵਖਰੀਆਂ ਰਾਵਾਂ ਪੇਸ਼ ਕੀਤੀਆਂ।

ਕੇਬੀਨਿਟ ਮਿਸ਼ਨ ਦੇ ਮੈਂਬਰਾਂ ਵਾਰੋ ਵਾਰੀ ਸਭ ਨੂੰ ਪੁਛਿਆ ਕਿ ਤੁਸੀਂ ਇਕ ਜਾਂ ਇਕ ਤੋਂ ਵਧ (ਕਾਂਗਰਸ ਤੇ ਪਾਕਿਸਤਾਨ) ਧਿਰਾਂ ਵਿਚੋਂ ਕਿਸੇ ਇਕ ਧਿਰ ਨਾਲ, ਠੀਕ ਸ਼ਰਤਾਂ ਮਿਲ ਜਾਣ ਤੇ, ਰਹਿਣਾ ਪਸੰਦ ਕਰੋਗੇ ਜਾਂ ਅਪਣੀ ਵਖਰੀ ਖੁਦਮੁਖਤਿਆਰ ਸਟੇਟ ਪਸੰਦ ਕਰੋਗੇ? ਜਿਥੇ ਕਾਂਗਰਸ ਦੀ ਹਿਦੂ ਬਹੁਗਿਣਤੀ ਨੇ ਸਾਰੇ ਭਾਰਤ ਦੇ ਰਾਜ ਭਾਗ ਸਾਂਭਣ ਦੀ ਮੰਗ ਕੀਤੀ, ਮੁਸਲਮ ਲੀਗ ਨੇ ਆਪਣੀ ਕੌਮ ਲਈ ਰਾਜ ਭਾਗ ਦੇ ਚੌਥੇ ਹਿਸੇ ਦੀ ਮੰਗ ਰਖੀ, ਉਥੇ ਸਿਖ ਲੀਡਰਾਂ, ਸਿਖ ਕੌਮ ਲਈ ਆਪਣੇ ਕੌਮੀ ਘਰ ਦੀ ਸਥਾਪਤੀ ਦੀ ਮੰਗ ਰਖਣ ਦੀ ਥਾਂ, ਆਪਣਾ ਸਾਰਾ ਜ਼ੋਰ ਭਾਰਤ ਦੀ ਅਖੰਡਤਾ ਤੇ ਹੀ ਲਾ ਦਿੱਤਾ। ਸਾਰਿਆਂ ਨੇ ਵਾਰੋਵਾਰੀ ਆਪਣੇ ਆਪ ਨੂੰ ਇਕ ਦੂਜੇ ਨਾਲੋਂ ਵਧ ਦੇਸ਼ ਭਗਤ ਸਾਬਤ ਕਰਣ ਦੀ ਕੋਸ਼ਿਸ਼ ਕੀਤੀ। ਜਿਵੇਂ ਕਿ ਉਹ ਦੇਸ਼ ਭਗਤੀ ਦੀ ਠੇਕੇਦਾਰੀ ਲੈਣ ਲਈ ਗਏ ਹੋਏ ਹੋਣ।

ਕਿਸੇ ਸੋਚੀ ਸਮਝੀ ਸਕੀਮ ਅਨੁਸਾਰ, ਇਕਸੁਰ ਹੋ ਕੇ ਮਹਾਰਾਜਾ ਰਣਜੀਤ ਸਿੰਘ ਦੇ ਗੈਰਕਾਨੂਨੀ ਖੋਹੇ ਗਏ ਸਿਖ ਰਾਜ ਬਦਲੇ, ਕਿਸੇ ਸ਼ਕਲ ਵਿਚ ਕੌਮੀ ਘਰ ਦੀ ਮੰਗ ਰਖਣ ਦੀ ਥਾਂ ਆਪੋ ਆਪਣੇ ਬੇਸੁਰੇ ਰਾਗ ਹੀ ਅਲਾਪਦੇ ਰਹੇ। ਇਸ ਤਰ੍ਹਾਂ ਇਨ੍ਹਾਂ ਸਿਆਸਤ ਤੋਂ ਕੋਰੇ ਲੀਡਰਾਂ ਨੇ ਸਿਖ ਕੌਮ ਦੀ ਤਕਦੀਰ ਨੂੰ ਮਿਟੀ ਵਿਚ ਰੋਲਿਆ ਅਤੇ ਸਿਖ ਕੌਮ ਨੂੰ ਗੁਲਾਮੀ ਦੀਆਂ ਨਵੀਆਂ ਬੇੜੀਆਂ ਵਿਚ ਨੂੜਨ ਦਾ ਮੁੱਢ ਬੰਨ੍ਹਿਆਂ ਜਿਸਦਾ ਸੰਖੇਪ ਵਰਨਣ ਅਗਲੇ ਕੁਝ ਪੱਤਰਿਆਂ ਵਿਚ ਕੀਤਾ ਗਇਆ ਹੈ।

ਖਾਲਸੇ ਨੂੰ ਅੰਗਰੇਜ਼ਾਂ ਤੇ ਮੁਸਲਮਾਨਾਂ ਦੀ ਪੇਸ਼ਕਸ਼

ਜਿਥੇ ਸਿਖ ਸੂਰਮਿਆਂ ਨੇ ਆਪਣੀਆਂ ਸ਼ਾਨਦਾਰ ਖਾਲਸਈ ਰਿਵਾਇਤਾਂ ਤੇ ਕੁਰਬਾਨੀਆਂ ਦੁਆਰਾ ਸਿਖ ਕੌਮ ਲਈ ਨਵੀਆਂ ਪਿਰਤਾਂ ਪਾਈਆਂ ਉਥੇ ਇਨ੍ਹਾਂ ਦੇ ਸਿਆਸਤ ਤੋਂ ਕੋਰੇ, ਸੁਆਰਥੀ ਤੇ ਦੰਭੀ ਸਿਖ ਲੀਡਰਾਂ ਦੀ ਇਸ ਤਿੱਕੜੀ (ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਤੇ ਬਲਦੇਵ ਸਿੰਘ) ਨੇ ਜਿਸ ਬੇਦਰਦੀ ਨਾਲ ਸਿਖ ਕੌਮ ਦੀ ਤਕਦੀਰ ਨੂੰ ਮਿਟੀ ਵਿਚ ਰੋਲਿਆ ਉਸਦੀ ਮਿਸਾਲ ਦੁਨੀਆਂ ਵਿਚ ਕਿਸੇ ਕੌਮ ਦੇ ਇਤਿਹਾਸ ਵਿਚ ਨਹੀਂ ਮਿਲਦੀ। ਸਿਖ ਕੌਮ ਦੀ ਤਕਦੀਰ ਨੂੰ ਬਦਲ ਕੇ ਰਖ ਦੇਣ ਵਾਲੇ ਅਜੇਹੇ ਸ਼ਾਨਦਾਰ ਸੁਨਹਿਰੀ ਮੌਕਿਆਂ ਨੂੰ ਵਾਰ ਵਾਰ ਠੁਕਰਾਉਣ ਦੇ ਗੁਨਾਹ ਕੀਤੇ। ਜਿਹੜੇ ਸੁਨਹਿਰੀ ਮੌਕੇ ਕੌਮਾਂ ਦੇ ਇਤਿਹਾਸ ਵਿਚ, ਕਿਸੇ ਸੁਭਾਗੀ ਸਦੀ ਵਿਚ ਕਦੀ ਹੀ ਆਇਆ ਕਰਦੇ ਹਨ।

ਇਸ ਵਿਚ ਸੰਦੇਹ ਨਹੀਂ ਕਿ ਹੁਣ ਪਛਤਾਉਣ ਨਾਲ ਕੁਝ ਮਿਲਣਾ ਨਹੀਂ, ਜਦ ਖੇਤ ਕਦੋਂ ਦਾ ਚਿੜੀਆਂ ਚੁਗ ਗਈਆਂ ਹਨ; ਪਰੰਤੂ ਉਨ੍ਹਾਂ ਕੀਤੇ ਗੁਨਾਹਾਂ ਦਾ ਵਿਸ਼ਲੇਸ਼ਣ ਕਰਕੇ, ਉਨ੍ਹਾਂ ਤੋਂ ਸਬਕ ਨਾ ਸਿਖਣਾ ਉਨ੍ਹਾਂ ਤੋਂ ਵੀ ਵਡਾ ਗੁਨਾਹ ਹੋਵੇਗਾ। ਪਿਛਲੇ ਪੰਜਾਹ ਸਾਲਾਂ ਦਾ ਸਿਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਿਆਸਤ ਤੋਂ ਕੋਰੇ, ਖੁਦਗਰਜ਼ ਤੇ ਚੌਧਰ ਦੇ ਭੁਖੇ ਸਿਖ ਲੀਡਰਾਂ ਨੇ ਅਹੁਦਿਆਂ, ਪਦਵੀਆਂ ਅਤੇ ਵਜੀਰੀਆਂ ਬਦਲੇ ਸਿਖ ਕੌਮ ਦੀ ਅਣਖ ਨੂੰ ਰੋਲਿਆ ਹੈ ਅਤੇ ਕੌਮ ਦਾ ਸਿਰ ਨੀਵਾਂ ਕੀਤਾ ਹੈ। ਭਾਵੇਂ ਮੇਰਾ ਮੁਖ ਵਿਸ਼ਾ ਇਹ ਨਹੀਂ ਹੈ ਅਤੇ ਮੈਂ ਇਸ ਬਾਰੇ ਬਹੁਤੀ ਵਿਸਥਾਰਕ ਪੜਚੋਲ ਵਿਚ ਵੀ ਨਹੀਂ ਜਾਣਾ ਚਾਹੁੰਦਾ ਪਰੰਤੂ ਫੇਰ ਵੀ ਸੰਖੇਪ ਤੌਰ ਤੇ ਕੁਝ ਇਤਿਹਾਸਕ ਘਟਨਾਵਾਂ ਦੇਣ ਦੀ ਕੋਸ਼ਿਸ ਕੀਤੀ ਹੈ ਤਾਂ ਜੋ ਪਾਠਕ ਅੰਦਾਜ਼ਾ ਲਾ ਸਕਣ ਕਿ ਕਿਸ ਤਰ੍ਹਾਂ ਕੌਮਘਾਤਕ ਘਟਨਾਵਾਂ ਲਗਾਤਾਰ ਵਾਪਰਦੀਆਂ ਰਹੀਆਂ ਜਿਸਦੀ ਸਜ਼ਾ ਅਜ ਸਾਰੀ ਕੌਮ ਭੁਗਤ ਰਹੀ ਹੈ:

1. ਸੰਨ 1921 ਈਸਵੀ ਵਿਚ ਪ੍ਰਿੰਸ ਆਫ ਵੇਲਜ਼ ਬਰਤਾਨੀਆਂ ਸਰਕਾਰ ਦੀ ਮਿੱਤਰਤਾ ਦਾ ਵਿਸ਼ਵਾਸ ਦਿਵਾਉਣ ਲਈ ਹਿੰਦੁਸਤਾਨ ਆਇਆ ਜਿਸਦਾ ਕਾਂਗਰਸ ਨੇ ਬਾਈਕਾਟ ਕੀਤਾ। ਵਕਤ ਦੇ ਉਚ ਅੰਗਰੇਜ਼ ਅਫਸਰਾਂ ਨੇ ਕੁਝ ਸਿਖ ਪਤਵੰਤਿਆਂ ਨੂੰ ਆਫਰ ਦਿੱਤੀ ਕਿ ਪ੍ਰਿੰਸ ਆਫ ਵੇਲਜ਼ ਦਾ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਸਵਾਗਤ ਕੀਤਾ ਜਾਵੇ ਤਾਂ ਪ੍ਰਿੰਸ ਉਸੇ ਵੇਲੇ ਸਰਕਾਰੀ ਖਰਚੇ ਤੇ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਸਿਖ ਯੂਨੀਵਰਸਿਟੀ ਬਣਾ ਦੇਣ ਦਾ ਐਲਾਨ ਕਰ ਦੇਵੇਗਾ ਅਤੇ ਜਿਵੇਂ ਹਿੰਦੂ ਤੇ ਮੁਸਲਮਾਨਾਂ ਦੇ ਆਤਮਕ ਤੇ ਸਮਾਜਕ ਸਿਧਾਂਤਾਂ ਦੇ ਵਿਕਾਸ ਲਈ ਬਨਾਰਸ ਤੇ ਅਲੀਗੜ੍ਹ ਯੂਨੀਵਰਸਿਟੀਆਂ ਹਨ। ਇਹ ਸਿਖ ਯੂਨੀਵਰਸਿਟੀ ਉਸੇ ਤਰ੍ਹਾਂ ਸਿਖਾਂ ਦੇ ਆਤਮਕ ਤੇ ਸਮਾਜਕ ਵਿਕਾਸ ਦੇ ਘਾਟੇ ਨੂੰ ਪੂਰਾ ਕਰ ਸਕੇਗੀ।

ਕੌਮੀ ਵਿਕਾਸ ਦੀ ਇਸ ਮਹਾਨ ਯੋਜਨਾ ਦਾ ਗਲਾ ਮਾਸਟਰ ਤਾਰਾ ਸਿੰਘ ਦੇ ਭਰਾ ਪ੍ਰੋਫੈਸਰ ਨਿਰੰਜਨ ਸਿੰਘ ਅਤੇ ਅਕਾਲੀ ਮੰਗਲ ਸਿੰਘ ਨੇ ਘੁਟਿਆ। ਪ੍ਰੋ: ਨਿਰੰਜਨ ਸਿੰਘ ਨੇ ਧਮਕੀ ਦਿਤੀ ਕਿ ਉਹ ਪ੍ਰਿੰਸ ਦੀ ਗੱਡੀ ਹੇਠਾਂ ਆ ਕੇ ਜਾਨ ਦੇ ਦੇਵੇਗਾ ਜੇ ਪ੍ਰਿੰਸ ਦੀ ਗੱਡੀ ਕਾਲਜ ਦੇ ਗੇਟ ਕੋਲ ਵੀ ਆਈ। ਇਸ ਤਰ੍ਹਾਂ ਸਿਖ ਕੌਮ ਦੀ ਬੌਧਿਕਤਾ ਨੂੰ ਬਦਲਕੇ ਰਖ ਸਕਣ ਵਾਲੀ ਸਿਖ ਯੂਨੀਵਰਸਿਟੀ ਫਿਰਕੂ ਹਿੰਦੂ ਕਾਂਗਰਸ ਦੀ ਸਿਆਸਤ ਦੀ ਭੇਟ ਚੜ੍ਹੀ।

2. ਸੰਨ 1928-29 ਈਸਵੀ ਵਿਚ ਗੁਰਦਵਾਰਾ ਸੀਸ ਗੰਜ ਦਿੱਲੀ ਵਿਚ ਇਕੱਤਰ ਹੋਏ ਸਿਖਾਂ ਤੇ ਪੁਲਸ ਨੇ ਗੋਲੀ ਚਲਾਈ ਅਤੇ ਕੁਝ ਗੋਲੀਆਂ ਗੁਰਦਵਾਰਾ ਸਾਹਿਬ ਦੀ ਬਾਹਰਲੀ ਕੰਧ ਤੇ ਵੀ ਲਗੀਆਂ। ਮਹਾਰਾਜਾ ਪਟਿਆਲਾ ਸਰਦਾਰ ਭੂਪਿੰਦਰ ਸਿੰਘ ਕੁਝ ਨਰਮ ਖਿਆਲੀਏ ਸਿਖਾਂ ਦਾ ਡੈਪੂਟੇਸ਼ਨ ਲੈ ਕੇ ਵਾਇਸਰਾਏ ਲਾਰਡ ਇਰਵਿਨ ਨੂੰ ਰੋਸ ਪਰਗਟ ਕਰਨ ਗਏ। ਲਾਰਡ ਇਰਵਨ ਨੇ ਵਿਸ਼ਵਾਸ ਦਿਵਾਇਆ ਕਿ ਅਗੇ ਤੋਂ ਅਜੇਹੀਆਂ ਘਟਨਾਵਾਂ ਨੂੰ ਅਸੰਭਵ ਬਣਾਉਣ ਲਈ ਸਰਕਾਰ ਚਾਂਦਨੀ ਚੌਕ ਵਾਲੀ ਕੋਤਵਾਲੀ ਗੁਰਦਵਾਰੇ ਨੂੰ ਦਾਨ ਕਰਕੇ, ਕੋਤਵਾਲੀ ਸ਼ਹਿਰੋਂ ਬਾਹਰ ਲੈ ਜਾਵੇਗੀ ਅਤੇ ਉਸ ਇਤਹਾਸਕ ਕੋਤਵਾਲੀ ਵਿਚ ਕੰਨਿਆ ਖਾਲਸਾ ਕਾਲਜ ਖੋਲ੍ਹ ਦੇਵੇਗੀ ਜੋ ਬਾਦ ਵਿਚ ਵਿਮਨਜ਼ ਯੂਨੀਵਰਸਿਟੀ ਬਣਾ ਦਿੱਤੀ ਜਾਵੇਗੀ।

ਮਾਸਟਰ ਤਾਰਾ ਸਿੰਘ ਨੇ ਇਸਦੀ ਸਖਤ ਮੁਖਾਲਫਤ ਕੀਤੀ। ਜਦ ਸਰਦਾਰ ਕਪੂਰ ਸਿੰਘ ਜੀ ਨੇ ਕਾਰਨ ਪੁਛਿਆ ਤਾਂ ਉਤਰ ਦਿੱਤਾ, 'ਇਸ ਤਰ੍ਹਾਂ ਤਾਂ ਮਹਾਰਾਜਾ ਪਟਿਆਲਾ ਸਿਖਾਂ ਦਾ ਲੀਡਰ ਬਣ ਜਾਵੇਗਾ।' ਮ: ਤਾਰਾ ਸਿੰਘ ਨੇ ਅਖਬਾਰਾਂ ਵਿਚ ਬਿਆਨ ਦਿੱਤਾ 'ਖਾਲਸਾ ਫਿਰੰਗੀ ਦੀ ਬਖਸ਼ੀ ਹੋਈ ਕੋਤਵਾਲੀ ਸੀਸ ਗੰਜ ਸਾਹਿਬ ਲਈ ਨਹੀਂ ਲਏਗਾ, ਕਦੀਂ ਨਹੀਂ ਲਏਗਾ। ਅਸੀਂ ਫਿਰੰਗੀ ਦੀਆਂ ਜੜ੍ਹਾਂ ਪੁੱਟਕੇ ਖਾਰੇ ਸਮੁੰਦਰ ਵਿਚ ਸੁਟ ਦੇਣੀਆਂ ਹਨ।' ਇਸ ਤਰ੍ਹਾਂ ਕਰੋੜਾਂ ਰੁਪਿਆਂ ਦੀ ਜਾਇਦਾਦ ਦੇ ਨਾਲ ਨਾਲ ਬੀਬੀਆਂ ਲਈ ਸਿਖ ਯੂਨੀਵਰਸਿਟੀ ਮ: ਤਾਰਾ ਸਿੰਘ ਦੀ ਲੀਡਰੀ ਦੀ ਭੇਟ ਚੜ੍ਹੀ।

3. ਦਸੰਬਰ 1930 ਨੂੰ ਪਹਿਲੀ ਰਾਊਂਡ ਟੇਬਲ ਕਾਨਫਰੰਸ ਲੰਡਨ ਵਿਚ ਹਿੰਦੁਸਤਾਨ ਦੀ ਵਿਧਾਨਕ ਰਾਜ ਬਣਤਰ ਤੇ ਵਿਚਾਰ ਕਰਨ ਲਈ ਸੱਦੀ ਗਈ ਜਿਸ ਵਿਚ 57 ਹਿੰਦੁਸਤਾਨੀ ਲੀਡਰ ਤੇ ਨੁਮਾਇੰਦੇ ਅਤੇ 16 ਨੁਮਾਇੰਦੇ ਬਰਤਾਨਵੀ ਸਰਕਾਰ ਵਲੋਂ ਸ਼ਾਮਲ ਹੋਏ ਸਨ। ਸਾਡੇ ਉਸ ਵੇਲੇ ਦੇ ਲੀਡਰ ਨਾ ਤਾਂ ਆਪ ਕੁਝ ਕਰ ਸਕਣ ਦੇ ਯੋਗ ਸਨ ਅਤੇ ਨਾਹੀ ਉਹ ਕਿਸੇ ਹੋਰ ਨੂੰ ਕੁਝ ਕਰਨ ਦੇਂਦੇ ਸਨ ਕਿਉਂਕਿ ਇਜ ਕੀਤਿਆਂ ਉਨ੍ਹਾਂ ਦੀ ਲੀਡਰੀ ਨੂੰ ਖਤਰਾ ਪੈ ਸਕਦਾ ਸੀ।

ਇਸ ਗਲ ਦੀ ਪੁਸ਼ਟੀ ਮਹਾਰਾਜਾ ਪਟਿਆਲਾ ਸਰਦਾਰ ਭੂਪਿੰਦਰ ਸਿੰਘ ਦੀ ਲੰਡਨ ਕਾਨਫਰੰਸ ਤੇ ਜਾਂਦਿਆਂ ਲਾਹੌਰ ਵਿਚ ਸ: ਕਪੂਰ ਸਿੰਘ ਨਾਲ ਹੋਈ ਗੱਲ ਬਾਤ ਤੋਂ ਹੁੰਦੀ ਹੈ:

> ਹਿੰਦੁਸਤਾਨ ਵਿਚ ਅੰਗਰੇਜ਼ਾਂ ਦਾ ਤਸੱਲਤ ਬਹੁਤਾ ਚਿਰ ਹੁਣ ਨਹੀਂ ਰਹਿਣਾ ਅਤੇ ਹਿੰਦੂਆਂ, ਮੁਸਲਮਾਨਾਂ, ਸਿਖਾਂ ਤੇ ਦੇਸੀ ਰਿਆਸਤਾਂ ਦੀ ਕਿਸਮਤ ਹੁਣ ਕੁਠਾਲੀ ਵਿਚ ਪਈ ਹੋਈ ਹੈ। ਮੈਂ ਤਾਂ ਆਪਣੀ ਉਮਰ ਗੱਦੀ ਉਤੇ ਬੈਠਾ ਹੀ ਭੋਗ ਲਵਾਂਗਾ, ਪਰ ਸਿਖਾਂ ਦੀ ਕੋਈ ਸੇਵਾ ਮੈਥੋਂ ਹੋ ਆਉਂਦੀ ਤਾਂ ਮੇਰੀ ਆਤਮਾ ਨੂੰ ਬੜੀ ਤਸੱਲੀ ਹੁੰਦੀ। ਹੁਣ, ਜੇ ਸਿਖ ਮੈਨੂੰ ਆਪਣਾ ਜਥੇਦਾਰ ਮਿਥ ਲੈਣ ਤਾਂ ਮੈਂ ਵਲਾਇਤੋਂ ਸਿਖਾਂ ਲਈ ਜ਼ਰੂਰ ਕੋਈ ਠੋਸ ਲਾਭ ਲੈਕੇ ਮੁੜਾਂ ਤਾਂ ਜੁ ਸਿਖ ਪੰਥ ਕਦੇ ਯਾਦ ਕਰੇ ਕਿ ਭੂਪੇ ਜੱਟ ਦੀਆਂ ਰਗਾਂ ਵਿਚ ਬਾਬਾ ਆਲਾ ਸਿੰਘ ਦਾ ਹੀ ਖੂਨ ਸੀ। ਪਰ, ਮੁੰਡਿਓ, ਤੁਹਾਡੇ ਅਕਾਲੀ ਲੀਡਰ ਹਥ ਧੋ ਕੇ ਮੇਰੇ ਪਿਛੇ ਪਏ ਹੋਏ ਹਨ। ਉਹ ਸਚ ਹੀ ਕਹਿੰਦੇ ਹਨ ਕਿ ਮੈਂ ਸਿਖੀ ਰਹਿਤ ਬਹਿਤ ਵਿਚ ਪੱਕਾ ਨਹੀਂ ਪਰ ਨਿਰੇ ਕਛਹਿਰਿਆਂ ਨੇ ਭੀ ਸਿਖਾਂ ਦਾ ਕੁਝ ਨਹੀਂ ਕਰਨਾ। ਏਹ ਮੇਰੇ ਬਚਨ ਤੁਸੀਂ ਕਦੇ ਯਾਦ ਕਰੋਗੇ।

ਜਦ ਇਹ ਵਾਰਤਾ ਸ: ਕਪੂਰ ਸਿੰਘ ਜੀ ਨੇ ਅਡੀਟਰ 'ਸ਼ੇਰੇ ਪੰਜਾਬ' ਨੂੰ ਦੱਸੀ ਤਾਂ ਉਹ ਕਹਿਣ ਲੱਗੇ, 'ਇਹ ਗੱਲ ਹੋ ਚੁਕੀ ਹੈ। ਮਾਸਟਰ (ਤਾਰਾ ਸਿੰਘ) ਭੂਪਿੰਦਰ ਸਿੰਘ ਨੂੰ ਸਿਖਾਂ ਦਾ ਨੁਮਾਇੰਦਾ ਕਦਾਚਿਤ ਮੰਨਣ ਨੂੰ ਤਿਆਰ ਨਹੀਂ ਤੇ ਮਾਸਟਰ ਨੂੰ ਅੰਗਰੇਜ਼ ਵਲੈਤ ਬੁਲਾਣ ਨੂੰ ਤਿਆਰ ਨਹੀਂ, ਪੰਥ ਦਾ ਗੁਰੂ ਰਾਖਾ।

4. ਜਨਵਰੀ 1932 ਦੇ ਪਹਿਲੇ ਹਫਤੇ ਸ: ਕਪੂਰ ਸਿੰਘ ਲੰਡਨ ਗਏ ਹੋਏ ਸਨ ਅਤੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਜਿਹੜੇ ਕਿ ਉਨ੍ਹਾਂ ਦਿਨਾਂ ਵਿਚ ਸੈਕਰੇਟਰੀ ਆਫ ਸਟੇਟ ਦੀ ਇੰਡੀਆ ਕੌਂਸਲ ਦੇ ਮੈਂਬਰ ਸਨ ਦੇ ਘਰ ਖਾਣਾ ਖਾਣ ਗਏ ਸਨ। ਲੰਡਨ ਵਿਚ ਰਹਿੰਦੇ ਸਿਖੀ ਸਰੂਪ ਵਾਲੇ ਹਰ ਵਿਦਿਆਰਥੀ ਨੂੰ ਉਨ੍ਹਾਂ ਦਾ ਇਹ ਹੁਕਮ ਸੀ ਕਿ ਹਰ ਐਤਵਾਰ ਉਹ ਖਾਣਾ ਉਨ੍ਹਾਂ ਦੇ ਘਰ ਖਾਣ। ਉਹਨਾਂ ਅੰਗਰੇਜ਼ਾਂ ਕੋਲੋਂ ਕੁਝ ਲੈ ਸਕਣ ਦੀ ਤੀਬਰ ਇੱਛਾ ਇਸਤਰਾਂ ਪ੍ਰਗਟ ਕੀਤੀ:

> ਅੰਗਰੇਜ਼ਾਂ ਕੋਲੋਂ ਰਾਜ ਹਿੰਦੁਸਤਾਨੀਆਂ ਨੇ ਖੋਹ ਕੇ ਨਹੀਂ ਲੈ ਸਕਣਾ, ਅੰਗਰੇਜ਼ ਆਪ ਵੰਡ ਵੰਡਾ ਕੇ ਜਾਂ ਕਾਰਨ-ਵੱਸ ਚਲੇ ਜਾਣਗੇ। ਇਸ ਲਈ ਸਿਖ ਤੇ ਮੁਸਲਮਾਨ ਜੋ ਭੀ ਲੈ ਸਕਦੇ ਹਨ ਉਹ ਅੰਗਰੇਜ਼ਾਂ ਨਾਲ ਸੁਲ੍ਹਾ ਸਫਾਈ ਕਰਕੇ ਸੁਖੈਨ ਢੰਗ ਨਾਲ ਹੀ ਲੈ ਸਕਦੇ ਹਨ। ਜੇ ਇਉਂ ਦੋਨਾਂ ਕੌਮਾਂ ਦੀ ਝੋਲੀ ਨਾ ਪਵੇਗਾ ਤਾਂ ਉਹ ਸਾਰਾ ਰਾਜ ਭਾਗ ਹਿੰਦੂਆਂ ਦੇ ਪੇਟੇ ਤਾਂ ਆਪੇ ਹੀ ਪੈ ਜਾਣਾ ਹੈ। ਬਸ ਏਹੋ ਸਹੀ ਨੀਤੀ ਮੈਂ ਸਮਝਦਾ ਹਾਂ ਅਤੇ ਇਹੋ ਵਿਚਾਰ ਅਸਾਡੇ ਚੀਫ ਖਾਲਸਾ ਦੀਵਾਨ ਵਾਲਿਆਂ ਦੇ ਹਨ। ਪਰ ਸਿਖ ਸੰਗਤਾਂ ਠੰਢੀ ਸੋਚ ਵਿਚਾਰ ਛਡਕੇ, ਭੜਕਾਊ ਨਾਅਰਿਆਂ ਪਿਛੇ ਲਗ ਚੁਕੀਆਂ ਹਨ। ਅਸਾਡੀ ਕਿਸ ਨੇ ਸੁਣਨੀ ਹੈ?
>
> ਜੇ ਐਸ ਵੇਲੇ ਸਿਖ ਲੀਡਰ, ਅੰਗਰੇਜ਼ਾਂ ਨੂੰ ਇਹ ਪਕਾ ਵਿਸ਼ਵਾਸ ਦਿਵਾ ਦੇਣ ਕਿ ਜੋ ਹਿਸਾ ਪੰਜਾਬ ਦੇ ਰਾਜ ਭਾਗ ਵਿਚ ਸਿਖਾਂ ਨੂੰ ਮਿਲੇਗਾ, ਉਸਨੂੰ ਉਹ ਆਪਣੇ ਬਚਾਅ ਤੇ ਬਿਹਤਰੀ ਲਈ ਹੀ ਵਰਤਣਗੇ ਅਤੇ ਹਿੰਦੂਆਂ ਦੇ ਹਥਠੋਕੇ ਬਣਕੇ ਮੁਸਲਮਾਨਾਂ ਨੂੰ ਦਬਾਉਣ ਲਈ ਨਹੀਂ, ਤਾਂ ਕਮਿਊਨਲ ਅਵਾਰਡ, ਜਿਹੜਾ ਕਿ ਬਣ ਰਿਹਾ ਹੈ, ਵਿਚ ਸਿਖਾਂ ਨੂੰ ਇਤਨੀ ਗੌਰਵਤਾ ਦਿੱਤੀ ਜਾਵੇਗੀ ਜਿਸ ਸਦਕਾ ਸਿਖਾਂ ਦੀ ਗਰਦਨ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਾਹਮਣੇ ਕਦੇ ਭੀ ਨਾ ਨੀਵੀਂ ਹੋਵੇ।

ਸਰਦਾਰ ਬਹਾਦਰ ਨੇ ਬਹੁਤ ਕੋਸ਼ਿਸ਼ ਕੀਤੀ। ਆਪਣੇ ਲੜਕੇ ਹੱਥ ਚਿੱਠੀ ਦੇਕੇ ਉਸਨੂੰ ਹਿੰਦੁਸਤਾਨ ਭੇਜਿਆ। ਜੂਨ 1932 ਦੇ ਲਾਗੇ ਚਾਗੇ ਉਹ ਨਿਰਾਸ਼ ਹੋਕੇ ਵਾਪਸ ਆਇਆ। ਜਵਾਬ ਇਹ ਮਿਲਿਆ ਸੀ:

> ਗਲਬਾਤ ਕਰ ਕੇ ਆਉਣ ਵਾਲੀ ਤਾਰੀਖ ਵਿਚ ਅਸੀਂ ਆਪਣਾ ਮੂੰਹ ਕਾਲਾ ਕਰਵਾਈਏ?

ਇਸਦੇ ਉਤਰ ਵਿਚ ਸ: ਕਪੂਰ ਸਿੰਘ ਜੀ ਸਾਹਮਣੇ ਉਹ ਬੋਲੇ 'ਪਾਲੇਟਿਕਸ ਵਿਚ ਮੂੰਹ ਕਾਲਾ ਉਸਦਾ ਹੁੰਦਾ ਹੈ ਜੋ ਅੰਤਮਬਾਜ਼ੀ ਹਾਰ ਜਾਏ, 'ਐਸੀ ਕਲਾ ਨ ਖੇਡੀਐ ਜਿਤੁ ਦਰਗਹਿ ਗਇਆ ਹਾਰੀਐ', ਹੁਣ ਗੁਰੂ ਹੀ ਸਿਖਾਂ ਦੇ ਮੁੱਖ ਉਜਲੇ ਰਖੇ ਤਾਂ ਰਖੇ।

ਇਨ੍ਹਾਂ ਸਿਆਸਤ ਤੋਂ ਕੋਰੇ ਲੀਡਰਾਂ ਨੇ ਕੌਮ ਨੂੰ ਜਿਸ ਨਿਰਾਸਤਾ ਦੀ ਖੱਡ ਵਿਚ ਸੁਟਿਆ, ਉਹ ਸਭ ਦੇ ਸਾਹਮਣੇ ਹੀ ਹੈ।

5. ਸੰਨ 1936 ਵਿਚ ਡਾਕਟਰ ਅੰਬੇਦਕਰ ਨੇ ਛੇ ਕਰੋੜ ਅਛੂਤਾਂ ਨੂੰ ਸਮਾਜਕ ਬਰਾਬਰੀ ਦਿਵਾਉਣ ਲਈ ਸਿੰਘ ਸਜਾ ਦੇਣ ਦਾ ਰਾਹ ਚੁਣਿਆ ਅਤੇ ਇਸ ਮਿਸ਼ਨ ਨੂੰ ਪੂਰਾ ਕਰਨ ਲਈ ਉਸੇ ਸਾਲ ਦੀ ਵਿਸਾਖੀ ਵਾਲੇ ਦਿਨ ਦਸਤਾਰ ਸਜਾਕੇ ਸ੍ਰੀ ਅੰਮ੍ਰਿਤਸਰ ਪਹੁੰਚਿਆ ਅਤੇ ਸੰਗਤਾਂ ਨੂੰ ਵਿਸ਼ਵਾਸ ਦਿਵਾਉਣ ਲਈ ਆਪਣੇ ਭਤੀਜੇ ਨੂੰ ਅੰਮ੍ਰਿਤ ਛਕਾਇਆ। ਪਰੰਤੂ ਜਦ ਇਨ੍ਹਾਂ ਲੀਡਰਾਂ ਨੂੰ ਆਪਣੀ ਲੀਡਰੀ ਜਾਂਦੀ ਦਿੱਸੀ ਤਾਂ ਗੁਰੂ ਦੇ ਦਰ ਉੱਤੇ ਆਏ ਇਨ੍ਹਾਂ ਰੰਗਰੇਟਿਆਂ, ਗੁਰੂ ਕੇ ਬੇਟਿਆਂ ਨੂੰ ਦੁਰਕਾਰ ਦਿੱਤਾ ਗਇਆ। ਜਦ ਗਾਂਧੀ ਨੂੰ ਇਸ ਗਲ ਦਾ ਪਤਾ ਲਗਿਆ ਤਾਂ ਉਸ ਆਪਣੀ ਅਖਬਾਰ 'ਯੰਗ ਇੰਡੀਆ' ਵਿਚ ਛਾਪ ਦਿਤਾ:

ਅਛੂਤਾਂ ਦਾ ਸਿਖੀ ਵਿਚ ਪ੍ਰਵੇਸ਼ ਹਿਦੂ ਧਰਮ ਤੋਂ ਪਤਿਤ ਹੋਣ ਦੇ ਤੁੱਲ ਹੈ।

ਮਾਰਚ 1947 ਵਿਚ ਗਿਆਨੀ ਕਰਤਾਰ ਸਿੰਘ ਅਕਾਲੀ ਦਲ ਦੇ ਪ੍ਰਧਾਨ ਸਨ। ਬੰਗਾਲ ਵਿਚ ਹਿਦੂ ਮੁਸਲਮ ਖਿਚੋਤਾਣ ਬਹੁਤ ਵਧ ਗਈ ਸੀ। ਪੂਰਬੀ ਬੰਗਾਲ ਦਾ ਇਕ ਵਡਾ ਰਈਸ ਅਤੇ ਤਿੰਨ ਚਾਰ ਹੋਰ ਪ੍ਰਸਿਧ ਬੰਗਾਲੀ ਅੰਮ੍ਰਿਤਸਰ ਆਏ ਅਤੇ ਉਨ੍ਹਾਂ ਨੇ ਗਿਆਨੀ ਜੀ ਨੂੰ ਬੇਲਤੀ ਕੀਤੀ ਕਿ ਕੁਝ ਸਿਖ ਵਿਦਵਾਨ ਝਟਪਟ ਬੰਗਾਲ ਭੇਜੇ ਜਾਣ ਤਾਂ ਜੋ ਪੰਜ ਲਖ ਦੇ ਕਰੀਬ ਬੰਗਾਲੀ ਨੌਜਵਾਨ ਅੰਮ੍ਰਿਤ ਛਕਕੇ ਸਿੰਘ ਸਜ ਜਾਣ ਅਤੇ ਇਉਂ ਪੂਰਬੀ ਬੰਗਾਲ ਵਿਚ ਵਿਸ਼ੇਸ਼ ਕਰਕੇ ਅਤੇ ਸਾਰੇ ਬੰਗਾਲ ਵਿਚ 30-40 ਲਖ ਸਿਖ ਵਸੋਂ ਹੋ ਜਾਵੇ। ਗਿਆਨੀ ਜੀ ਨੇ ਉਨ੍ਹਾਂ ਨੂੰ ਟਾਲ ਕੇ ਮੋੜ ਦਿੱਤਾ ਕਿ ਛੇਤੀ ਹੀ ਕੋਈ ਪ੍ਰਬੰਧ ਕੀਤਾ ਜਾਵੇਗਾ, ਪਰ ਕੀਤਾ ਕੁਝ ਨਹੀਂ। ਜਦ ਉਨ੍ਹਾਂ ਦੇ ਨਿਕਟਵਰਤੀ ਡਾਕਟਰ ਗੋਪਾਲ ਸਿੰਘ ਨੇ ਉਨ੍ਹਾਂ ਤੋਂ ਕਾਰਨ ਪੁਛਿਆ ਤਾਂ ਉਤਰ ਇਹ ਸੀ:

> ਤੁਹਾਨੂੰ ਪਾਲੇਟਿਕਸ ਦੀ ਸੋਝੀ ਨਹੀਂ ਹੈ। ਜੇ ਬੰਗਾਲ ਵਿਚ ਇਕ ਕਰੋੜ ਭੀ ਸਿੰਘ ਸਜ ਜਾਣ ਤਾਂ ਭੀ ਸੈਂਟਰ ਵਿਖੇ ਵਜ਼ੀਰ ਇਕ ਸਿਖ ਹੀ ਬਣਨਾ ਹੈ। ਉਹ ਸਰਦਾਰ ਬਲਦੇਵ ਸਿੰਘ ਜੀ ਪਹਿਲੇ ਹੀ ਮੌਜੂਦ ਹਨ।

ਸਾਰੇ ਸਿਖ ਪ੍ਰੈਸ ਨੇ, ਗਿਆਨੀ ਕਰਤਾਰ ਸਿੰਘ ਦੀ ਮਿਰਤੂ ਤੇ ਉਨ੍ਹਾਂ ਲਈ 'ਪੰਥ ਦਾ ਦਿਮਾਗ', 'ਦਰਵੇਸ਼ ਸਿਆਸਤਦਾਨ' ਅਤੇ 'ਲਾਸਾਨੀ ਪੰਥ ਸੇਵਕ' ਆਦਿ ਵਿਸ਼ੇਸ਼ਣ ਵਰਤ ਕੇ ਸਿਖ ਜਗਤ ਵਿਚ ਭੁਲੇਖੇ ਪਾਉਣ ਦੀ ਕੋਸ਼ਿਸ਼ ਕੀਤੀ। ਪਰੰਤੂ ਉਨ੍ਹਾਂ ਦੇ ਭੋਗ ਤੇ ਗਿਆਨੀ ਜ਼ੈਲ ਸਿੰਘ ਨੇ ਪੰਜਾਬ ਸਰਕਾਰ ਵਲੋਂ ਯਾਦਗਾਰ ਸਥਾਪਤ ਕਰਨ ਦਾ ਐਲਾਨ ਕਰਕੇ ਸਾਰੇ ਭੁਲੇਖਿਆਂ ਨੂੰ ਦੂਰ ਕਰ ਦਿੱਤਾ ਕਿ ਅਸਲ ਵਿਚ ਮਰਨ ਵਾਲਾ ਕਾਂਗਰਸ ਦੀ ਖੇਡ ਖੇਲ੍ਹ ਰਿਹਾ ਸੀ ਕਿ ਮਤੇ ਸਿਖ ਮੁਸਲਮਾਨਾਂ ਨਾਲ ਮਿਲਕੇ ਸਾਰਾ ਪੰਜਾਬ ਪਾਕਿਸਤਾਨ ਵਿਚ ਨਾ ਲੈ ਜਾਣ।

7. ਸ: ਬਹਾਦਰ ਸ਼ਿਵਦੇਵ ਸਿੰਘ ਤੇ ਮਹਾਰਾਜਾ ਪਟਿਆਲਾ ਸ: ਭੂਪਿੰਦਰ ਸਿੰਘ ਹੋਰਾਂ ਨੂੰ ਮਾਸਟਰ ਤਾਰਾ ਸਿੰਘ ਨੇ ਬਰਤਾਨਵੀਂ ਸਰਕਾਰ ਨਾਲ ਗੱਲਬਾਤ ਕਰਨ ਨਹੀਂ ਦਿੱਤੀ ਅਤੇ ਬਰਤਾਨਵੀ ਸਰਕਾਰ ਮ: ਤਾਰਾ ਸਿੰਘ ਨਾਲ ਗੱਲਬਾਤ ਕਰਨ ਨੂੰ ਤਿਆਰ ਨਹੀਂ ਸੀ। ਸਿੱਟੇ ਵਜੋਂ ਕਮਿਊਨਲ ਅਵਾਰਡ 1932 ਵਿਚ ਸਿਖਾਂ ਨੂੰ ਕੇਵਲ 17 ਪ੍ਰਤਿਸ਼ਤ ਪ੍ਰਤਿਨਿਧਤਾ ਦਿੱਤੀ ਗਈ। ਮਈ 1933 ਵਿਚ ਦੂਜੀ ਰਾਊਂਡ ਟੇਬਲ ਕਾਨਫਰੰਸ ਦੇ ਅਧਾਰ ਤੇ ਬਰਤਾਨਵੀ ਸਰਕਾਰ ਨੇ ਵਾਈਟ ਪੇਪਰ ਛਾਪਿਆ। ਪੂਰੇ ਅਠਾਰਾਂ ਮਹੀਨਿਆਂ ਮਗਰੋਂ ਪਾਰਲੀਮੈਂਟ ਸੀਲੈਕਟ ਕਮੇਟੀ ਦੀ ਰਿਪੋਰਟ ਤਿਆਰ ਹੋਈ। 1935 ਦੇ ਮੱਧ ਵਿਚ ਬਰਤਾਲਵੀਂ ਪਾਰਲੀਮੈਂਟ ਨੇ ਗਵਰਨਮੈਂਟ ਆਫ਼ ਇੰਡੀਆ ਐਕਟ ਪਾਸ ਕਰ ਦਿੱਤਾ ਜਿਸ ਅਨੁਸਾਰ ਹਿੰਦੁਸਤਾਨ ਦੀ ਰਾਜਸੀ ਤਾਕਤ ਦੀ ਵੰਡ ਦਾ ਅਧਾਰ ਕਮਿਊਨਲ ਅਵਾਰਡ ਬਣਿਆ। ਸੰਨ 1936 ਈਸਵੀ ਦੇ ਮਧ ਵਿਚ ਐਲਾਨ ਕੀਤਾ ਕਿ ਸੂਬਾਈ ਤੇ ਕੇਂਦਰੀ ਚੋਣਾਂ ਅਪ੍ਰੈਲ 1937 ਤਕ ਕਰਵਾ ਦਿੱਤੀਆਂ ਜਾਣਗੀਆਂ।

ਸਾਰੇ ਸਿਖ ਲੀਡਰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਇਕੱਠੇ ਹੋਏ ਅਤੇ ਸੰਨ 1935 ਦੇ ਐਕਟ ਅਨੁਸਾਰ ਸਿਖਾਂ ਨੂੰ ਹਿਦੂਆਂ ਤੇ ਮੁਸਲਮਾਨਾਂ ਦੇ ਪ੍ਰਾਧੀਨ ਬਣਾ ਦਿੱਤੇ ਜਾਣ ਤੇ ਸਰਬ ਸੰਮਤੀ ਨਾਲ ਪਾਸ ਕੀਤਾ ਕਿ 'ਸਿਖ ਕਟਕੇ ਮਰ ਜਾਣਗੇ, ਪਰ ਕਮਿਊਨਲ ਅਵਾਰਡ ਨੂੰ ਪੰਜਾਬ ਵਿਚ ਲਾਗੂ ਨਹੀਂ ਹੋਣ ਦੇਣਗੇ।'

ਉਦੋਂ ਮ: ਤਾਰਾ ਸਿੰਘ ਦੇ ਲਾਹੌਰ ਵੜਨ ਤੇ ਪਾਬੰਦੀ ਲਗੀ ਹੋਈ ਸੀ। ਉਨ੍ਹਾਂ ਗਿ: ਕਰਤਾਰ ਸਿੰਘ ਰਾਹੀਂ ਇਹ ਲਿਖਤੀ ਸੁਨੇਹਾ ਪਾਸ ਕਰਵਾਉਣ ਲਈ ਭੇਜਿਆ:

ਅਸੀਂ ਬੋਟੀ ਬੋਟੀ ਕਟਵਾ ਕੇ ਮਰ ਜਾਵਾਂਗੇ, ਪਰ ਜੀਉਂਦੇ ਜੀ ਪੰਜਾਬ ਵਿਚ ਕਮਿਊਨਲ ਅਵਾਰਡ ਲਾਗੂ ਨਹੀਂ ਹੋਣ ਦਿਆਂਗੇ। ਹੇ ਗੁਰੂ ਗੋਬਿੰਦ ਸਿੰਘ, ਤੂੰ ਪੰਥ ਦਾ ਵਾਲੀ ਕਹਾਉਂਦਾ ਹੈਂ। ਜੇ ਅਸੀਂ ਕਮਿਊਨਲ ਅਵਾਰਡ ਨੂੰ ਰੋਕਣ ਲਈ ਵਡੀ ਤੋਂ ਵਡੀ ਕੁਰਬਾਨੀ ਕਰਨੋਂ ਝਿਜਕੀਏ ਤਾਂ ਅਸੀਂ ਤੇਰੇ ਸਿਖ ਨਹੀਂ, ਪਰ ਜੇ ਤੂੰ ਅਸਾਡੀਆਂ ਕੁਰਬਾਨੀਆਂ ਨੂੰ ਸਫਲਤਾ ਨਾ ਬਖਸ਼ੇਂ, ਤਾਂ ਤੂੰ ਪੰਥ ਦਾ ਵਾਲੀ ਨਹੀਂ।

ਗੁਰੂ ਸਾਹਿਬ ਨੇ ਪੰਥ ਲਈ ਆਪਣਾ ਸਰਬੰਸ ਵਾਰ ਕੇ ਅਕਾਲ ਪੁਰਖ ਨੂੰ ਨਿਹੋਰਾ ਨਹੀਂ ਸੀ ਦਿੱਤਾ। ਸਗੋਂ ਆਪਣੇ ਵਡੇ ਸਾਹਿਬਜ਼ਾਦੇ ਦੀ ਸ਼ਹੀਦੀ ਸਮੇਂ ਉਨ੍ਹਾਂ ਦੇ ਖਾਲਸਈ ਫਰਜ਼ ਨਿਭਾ ਸਕਣ ਵਿਚ ਤਸੱਲੀ ਜ਼ਰੂਰ ਲਈ ਸੀ:

ਆਜ ਖਾਸ ਭਯੋ ਖਾਲਸਾ, ਸਤਿਗੁਰ ਕੇ ਦਰਬਾਰ।

ਪੰਥ ਲਈ ਕੁਰਬਾਨੀ ਦੇਣ ਦਾ ਮਤਲਬ, ਗੁਰੂ ਗੋਬਿੰਦ ਸਿੰਘ ਜੀ ਅਨੁਸਾਰ, ਖਾਲਸੇ ਦਾ ਆਦਰਸ਼ ਪੂਰਾ ਕਰਨਾ ਹੈ। ਇਤਿਹਾਸ ਵਿਚ ਪਹਿਲੀ ਵਾਰ ਮਾਸਟਰ ਤਾਰਾ ਸਿੰਘ ਵੱਲੋਂ ਅਜੇਹੀ ਸ਼ਰਧਾ-ਵਿਹੂਣੀ ਅਤੇ ਮੂਰਖਾਨਾ ਵੰਗਾਰ ਗੁਰੂ ਸਾਹਿਬ ਨੂੰ ਪਾਈ ਗਈ। ਇਸ ਤੋਂ ਪਹਿਲਾਂ, ਵਡੇ ਘਲੂਘਾਰੇ ਸਮੇਂ, ਨਿਮ੍ਰਤਾ ਸਹਿਤ, ਪੰਥ ਦੀ ਰਖਿਆ ਲਈ ਨਿਹੋਰੇ ਨਾਲ ਅਰਦਾਸ ਤਾਂ ਜ਼ਰੂਰ ਕੀਤੀ ਗਈ ਸੀ ਪਰ ਗੁਰੂ ਸਾਹਿਬ ਪ੍ਰਤੀ ਪੂਰੀ ਸ਼ਰਧਾ ਭਾਵਨਾ ਰਖਦਿਆਂ ਹੋਇਆਂ:

ਪੰਥ ਜੋ ਰਹਾ ਤੋ ਤੇਰਾ ਗ੍ਰੰਥ ਭੀ ਰਹੇਗੋ ਨਾਥ,
ਪੰਥ ਨ ਰਹਾ ਤੋ ਤੇਰਾ ਗ੍ਰੰਥ ਕੌਣ ਮਾਨੈਗੋ?

ਇਸ ਅਰਦਾਸ ਦੇ ਬਾਅਦ ਗੁਰੂ ਬਹੁੜੇ ਵੀ ਸਨ। ਨਾ ਕੇਵਲ ਵੱਡੇ ਘਲੂਘਾਰੇ ਵਿਚੋਂ ਪੰਥ ਬਚ ਨਿਕਲਿਆ ਸੀ ਸਗੋਂ ਪੰਥ ਨੇ ਉਸੇ ਸਾਲ ਸੰਨ 1762 ਵਿੱਚ ਵਡਾ ਘਲੂਘਾਰਾ ਕਰਨ ਵਾਲੇ ਅਬਦਾਲੀ ਨੂੰ ਖੁੱਲ੍ਹੇ ਮੈਦਾਨ ਵਿਚ ਹਾਰ ਵੀ ਦਿੱਤੀ ਸੀ। ਭਾਵੇਂ ਗੁਰੂ ਅਸ਼ਰਧਕ ਸਿਖ ਦੀ ਅਰਦਾਸ ਨਹੀਂ ਕਬੂਲਦਾ ਪਰ ਖਾਲਸੇ ਹਿਤ ਗੁਰੂ ਨੇ ਇਨ੍ਹਾਂ ਵਲ ਮੂੰਹ ਫੇਰਿਆ ਪਰ ਇਹ ਪਖੰਡੀ ਲੀਡਰ ਆਪਣੀਆਂ ਭਬਕਾਂ ਮਾਰਕੇ ਸੌਂ ਗਏ।

ਜੁਲਾਈ 1936 ਦੇ ਸਿਖ ਸਮਾਗਮ ਦੀਆਂ ਰੀਪੋਰਟਾਂ ਜਦ ਲੰਡਨ ਪਹੁੰਚੀਆਂ ਤਾਂ ਬਰਤਨਵੀਂ ਸਰਕਾਰ ਨੂੰ ਚਿੰਤਾ ਨੇ ਘੇਰ ਲਿਆ। ਕਾਫੀ ਸੋਚ ਵਿਚਾਰ ਕਰਨ ਮਗਰੋਂ ਉਨ੍ਹਾਂ ਫੈਸਲਾ ਕੀਤਾ ਕਿ ਜੇ ਸਿਖ ਮਰਨ ਮਰਾਨ ਤੇ ਆ ਜਾਣ ਤਾਂ ਗਵਰਨਮੈਂਟ ਆਫ ਇੰਡੀਆ ਐਕਟ 1935 ਵਿਚੋਂ ਪੰਜਾਬ ਦਾ ਸੰਬੰਧ ਖਾਰਜ ਕਰਕੇ, ਪੰਜਾਬ ਦੇ ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਦੀ ਰਾਊਂਡ ਟੇਬਲ ਕਾਨਫਰੰਸ ਬੁਲਾ ਲਈ ਜਾਵੇ। ਇਸ ਸਕੀਮ ਅਨੁਸਾਰ ਅਕਤੂਬਰ 1938 ਵਿਚ ਪੰਜਾਬ ਦੇ ਕਮਿਸ਼ਨਰਾਂ ਨੂੰ ਗੁਪਤੀ ਹੁਕਮਨਾਮੇ ਜਾਰੀ ਕਰ ਦਿੱਤੇ ਗਏ ਕਿ ਜਿਸ ਵੇਲੇ ਉਨ੍ਹਾਂ ਦੇ ਜ਼ਿਲ੍ਹਿਆਂ ਵਿਚ, ਸਿਖ ਮਰਨ ਮਾਰਨ ਲਈ ਉਠ ਖੜੇ ਹੋਣ, ਤੇ ਮੌਤਾਂ ਵੀਹਾਂ ਤੋਂ ਵਧ ਜਾਣ, ਤਾਂ ਝਟ ਪਟ ਪੰਜਾਬ ਵਿਚੋਂ ਕਮਿਊਨਲ ਅਵਾਰਡ ਖਾਰਜ ਕਰ ਦੇਣ ਦਾ ਐਲਾਨ ਕਰ ਦਿੱਤਾ ਜਾਵੇ। ਇਹ ਗਲ ਨਵੰਬਰ 1936 ਦੇ ਅੰਤ ਵਿਚ ਅਕਾਲੀ ਲੀਡਰਾਂ ਦੇ ਕੰਨਾ ਤਕ ਪਹੁੰਚਾ ਦਿੱਤੀ ਗਈ ਸੀ। ਪਰੰਤੂ ਐਸ ਵੇਲੇ ਤਕ ਸਿਖ ਆਗੂ ਕਮਿਊਨਲ ਅਵਾਰਡ ਵਿਰੁਧ ਨਾਅਰੇ ਲਾਣ ਮਗਰੋਂ ਇਸਦੇ ਰੋਸ ਨੂੰ ਭੁੱਲ ਚੁੱਕੇ ਸਨ।

ਝਗੜਾ ਕੇਵਲ ਇਸ ਗੱਲ ਦਾ ਰਹਿ ਗਿਆ ਸੀ ਕਿ ਪੰਜਾਬ ਅਸੰਬਲੀ ਵਿਚ ਬੈਠੇ ਮਾਸਟਰ ਤਾਰਾ

ਸਿੰਘ ਦੇ ਚੁਣੇ ਜਾਣ ਜਾਂ ਸਰ ਸੁੰਦਰ ਸਿੰਘ ਮਜੀਠੀਆ ਦੇ। ਕਮਿਊਨਲ ਅਵਾਰਡ ਦੀ ਵਿਰੋਧਤਾ ਦਾ ਘੋਲ ਛੱਡ ਕੇ ਭਰਾ-ਮਾਰੂ ਘੋਲ ਸ਼ੁਰੂ ਹੋ ਗਿਆ। ਜਦ ਸ: ਕਪੂਰ ਸਿੰਘ ਨੇ ਗਿ: ਕਰਤਾਰ ਸਿੰਘ ਦਾ ਧਿਆਨ ਅਸਲੀ ਨੁਕਤੇ ਵਲ ਦਿਵਾਇਆ ਤਾਂ ਪੰਥ ਦੇ ਦਿਮਾਗ ਦਾ ਉੱਤਰ ਸੀ:

> ਇਹ ਸ: ਕਪੂਰ ਸਿੰਘ ਸਿਖਾਂ ਦੇ ਜੁੰਡੇ ਪੁਟਵਾਕੇ ਹੀ ਸਾਹ ਲਵੇਗਾ।

ਮ: ਤਾਰਾ ਸਿੰਘ ਦਾ ਉੱਤਰ ਸੀ:

> ਸਹੁੰ ਅਸੀਂ ਇਕੱਲਿਆਂ ਨੇ ਤਾਂ ਨਹੀਂ ਸੀ ਖਾਧੀ, ਸੁੰਦਰ ਸਿੰਘ ਮਜੀਠੀਆ ਭੀ ਤਾਂ ਨਾਲ ਹੀ ਸੀ।

ਇਂਜ ਇਨ੍ਹਾਂ ਦੰਭੀ ਤੇ ਕਾਇਰ ਲੀਡਰਾਂ ਨੇ ਝੂਠੀਆਂ ਭਬਕਾਂ ਮਾਰਕੇ ਦਸਮ ਗੁਰੂ ਤੋਂ ਬਖਸ਼ਸ਼ਾਂ ਖੋਹਣ ਦਾ ਸਾਂਗ ਰਚਿਆ ਸੀ।

1946 ਦੇ ਆਰੰਭ ਵਿਚ, ਬਰਤਾਨਵੀ ਸਰਕਾਰ ਵਲੋਂ ਹਿਂਦੁਸਤਾਨੀ ਲੀਡਰਾਂ ਨਾਲ ਮਿਲਕੇ ਵਿਧਾਨਕ ਅਸੈਂਬਲੀ ਸਥਾਪਤ ਕਰਨ ਲਈ ਇਕ ਮਿਸ਼ਨ ਆਇਆ ਜਿਸ ਵਿਚ ਬਰਤਾਨਵੀ ਸਰਕਾਰ ਦੇ ਤਿੰਨ ਸਿਰਕੱਢ ਵਜ਼ੀਰ ਪੈਥਿਕ ਲਾਰੰਸ, ਸਟੈਫਰਡ ਕ੍ਰਿਪਸ ਅਤੇ ਏ.ਵੀ. ਅਲੈਗਜ਼ਾਂਡਰ ਸ਼ਾਮਿਲ ਸਨ। ਇਹਨਾਂ ਦਿਨਾਂ ਵਿਚ ਸਰ ਜੋਗਿੰਦਰਾ ਸਿੰਘ ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਦੇ ਸਿਖ ਮੈਂਬਰ ਸਨ। ਸ: ਕਪੂਰ ਸਿੰਘ ਜੀ ਉਨ੍ਹਾਂ ਦਿਨਾਂ ਵਿਚ ਗੁੜਗਾਉਂ ਡਿਪਟੀ ਕਮਿਸ਼ਨਰ ਲਗੇ ਹੋਏ ਸਨ ਅਤੇ ਅਕਸਰ ਜੋਗਿੰਦਰਾ ਸਿੰਘ ਨੂੰ ਮਿਲਣ ਜਾਇਆ ਕਰਦੇ ਸਨ। ਸਰ ਜੋਗਿੰਦਰਾ ਸਿੰਘ ਬੜੇ ਵਿਦਵਾਨ, ਉਚ ਬੁਧੀ ਦੇ ਮਾਲਕ ਅਤੇ ਸ਼ਰਧਾਲੂ ਸਿਖ ਹੋਣ ਕਾਰਨ ਇਨ੍ਹਾਂ ਨਾਲ ਬਹੁਤ ਹਿਤ ਕਰਦੇ ਸਨ। ਇਕ ਵਾਰੀ ਉਨ੍ਹਾਂ ਦਿਨਾਂ ਵਿਚ ਕੈਬਨਿਟ ਮਿਸ਼ਨ ਦੀ ਗੱਲਬਾਤ ਚਲੀ ਤਾਂ ਸਰ ਜੋਗਿੰਦਰਾ ਸਿੰਘ ਹੋਰਾਂ ਆਪਣੇ ਇਹ ਵਿਚਾਰ ਦਿੱਤੇ:

> ਬਰਤਾਨੀਆਂ ਦੀ ਇਹ ਵਜ਼ੀਰ ਮੰਡਲੀ ਤਨੋ ਮਨੋ ਚਾਹਵਾਨ ਹੈ ਕਿ ਅੰਗਰੇਜ਼ਾਂ ਦੇ ਹਿਂਦੁਸਤਾਨ ਛੱਡ ਜਾਣ ਤੋਂ ਪਹਿਲਾਂ, ਕੋਈ ਅਜੇਹਾ ਪੱਕਾ ਬਾਨਣੂ ਬੰਨ੍ਹਿਆ ਜਾ ਸਕੇ, ਜਿਸ ਨਾਲ ਸਿਖ ਹਿਂਦੁਸਤਾਨ ਵਿਚ ਆਪਣੇ ਪੈਰਾਂ ਤੇ ਪੱਕੇ ਤੌਰ ਤੇ ਖੜੇ ਸਕਣ। ਬ੍ਰਿਟਿਸ਼ ਪਾਰਲੀਮੈਂਟ ਤੇ ਅੰਗਰੇਜ਼ ਕੌਮ ਉਤੇ ਇਸ ਵਿਸ਼ਵ ਯੁੱਧ ਵਿਚ ਸਿਖਾਂ ਦੇ ਮਿਲਵਰਤਣ ਦਾ ਬੜਾ ਚੰਗਾ ਪ੍ਰਭਾਵ ਪਿਆ ਹੈ।
>
> ....
>
> ਮੁਸਲਮਾਨਾਂ ਦੀ ਨਿਰੀ ਮੁਖਾਲਫਤ ਕਰਕੇ ਅਸੀਂ ਨਾ ਹਿਂਦੂਆਂ ਦਾ ਬਹੁਤ ਕੁਝ ਸਵਾਰ ਸਕਦੇ ਹਾਂ ਅਤੇ ਨਾ ਹਿਂਦੁਸਤਾਨ ਦੀ ਕੋਈ ਦੇਰਪਾ ਸੇਵਾ ਹੀ ਕਰ ਸਕਦੇ ਹਾਂ। ਮੁਸਲਮਾਨਾਂ ਨਾਲ ਸਹਿਯੋਗ ਕਰਕੇ, ਸਿਖ ਨਾ ਕੇਵਲ ਮੁਸਲਮਾਨਾਂ ਦੀਆਂ ਇਕੱਲ ਖੋਰ ਰੁਚੀਆਂ (exclusiveness) ਅਤੇ ਹਿਂਦੂ ਦਵੈਸ਼ ਸੁਭਾਅ ਨੂੰ ਹੀ ਰੋਕ ਪਾ ਸਕਦੇ ਹਨ, ਸਗੋਂ ਹਿਂਦੂਆਂ ਤੇ ਮੁਸਲਮਾਨਾਂ ਅਤੇ ਪਾਕਿਸਤਾਨ ਤੇ ਹਿਂਦੁਸਤਾਨ ਵਿਚਕਾਰ ਅਟੁੱਟ ਭਰਾਤਰੀ ਭਾਵ ਦੀ ਵਿਚੋਲਗੀਰੀ ਭੀ ਕਰ ਸਕਦੇ ਹਨ। ਇਉਂ ਤੇ ਇਹੋ ਜਿਹਾ ਜਿਹੜਾ ਸਾਲਮ ਤੇ ਅਖੰਡ ਹਿਂਦੁਸਤਾਨ ਬਣੇਗਾ, ਉਹ ਚਿਰੰਜੀਵ ਤੇ ਨਰੋਆ ਹੋਵੇਗਾ।
>
> ਮੈਂ ਕੈਬੀਨਿਟ ਮਿਸ਼ਨ ਦੇ ਵਜ਼ੀਰਾਂ ਨੂੰ ਆਪਣੇ ਘਰ ਰਾਤ ਦੇ ਖਾਣੇ ਤੇ ਬੁਲਾਵਾਂਗਾ। ਉਸ ਖਾਣੇ ਉਤੇ ਹੀ ਸਭ ਗੱਲਬਾਤ ਦੀ ਨੀਂਹ ਬਣ ਜਾਵੇਗੀ। ਮੈਂ ਦੋ ਦਿਨ ਹੋਏ ਇਹ ਇਸ਼ਾਰੇ ਅੰਮ੍ਰਿਤਸਰ ਭੀ ਕਹਾ ਭੇਜੇ ਹਨ।

ਦੂਜੇ ਦਿਨ ਜਦ ਸ: ਕਪੂਰ ਸਿੰਘ ਜੀ ਸਰ ਜੋਗਿੰਦਰਾ ਸਿੰਘ ਨੂੰ ਮਿਲਣ ਗਏ ਤਦ ਉਹਨਾਂ ਆਪਣੀ ਜੇਬ ਵਿਚੋਂ ਤਾਰ ਕੱਢਕੇ ਫੜਾਈ:

> You not authorised talk with Cabinet Mission by Panth. If you talk Akali Dal expose you.
>
> **Giani Kartar Singh, Shiromani Akali Dal**

> ਤੁਹਾਨੂੰ ਕੈਬੀਨਿਟ ਮਿਸ਼ਨ ਨਾਲ ਸਿਖਾਂ ਬਾਰੇ ਕੋਈ ਗਲ ਬਾਤ ਕਰਨ ਦਾ ਅਧਿਕਾਰ ਪੰਥ ਵਲੋਂ ਨਹੀਂ ਹੈ, ਕਰੋਗੇ ਤਾਂ ਅਕਾਲੀ ਦਲ ਤੁਹਾਡੇ ਨਾਲ ਸਿੱਝ ਲਏਗਾ।
>
> **ਗਿਆਨੀ ਕਰਤਾਰ ਸਿੰਘ, ਸ਼੍ਰੋਮਣੀ ਅਕਾਲੀ ਦਲ**

ਸ: ਕਪੂਰ ਸਿੰਘ ਨੂੰ ਚੁਪ ਬੈਠੇ ਵੇਖਕੇ ਸਰ ਜੋਗਿੰਦਰਾ ਸਿੰਘ ਆਪ ਹੀ ਬੋਲੇ:

> ਮੇਰੇ ਹਥੋਂ ਐਸ ਵੇਲੇ ਪੰਥ ਦੀ ਕੁਝ ਸੇਵਾ ਹੋ ਸਕਦੀ ਤਾਂ ਮੈਂ ਗੁਰਪੁਰੀ ਵਿਚ ਸੁਰਖਰੂ ਹੋਕੇ ਜਾਂਦਾ। ਇਹ ਅਕਾਲੀਆਂ ਨੂੰ ਐਵੇਂ ਸ਼ਕ ਹੈ ਕਿ ਮੈਂ ਉਨ੍ਹਾਂ ਦੇ ਬੰਦੇ ਨੂੰ ਨਵੀਂ ਬਣਨ ਵਾਲੀ ਵਾਇਸਰਾਏ ਦੀ ਐਗਜ਼ੇਕਟਿਵ ਕੌਂਸਲ ਵਿਚ ਵੜਨ ਨਹੀਂ ਦੇਣਾ ਚਾਹੁੰਦਾ। ਮੇਰੀਆਂ ਹੁਣ ਬਹੁਤੀਆਂ ਸੰਸਾਰੀ ਉਮੰਗਾਂ ਨਹੀਂ ਰਹਿ ਗਈਆਂ। ਏਹੋ ਸਮਾਂ ਵੇਲਾ ਸੰਭਾਲ ਲੈਣ ਦਾ ਹੈ ਸੀ, ਜੋ ਮੈਂ ਕਰ ਸਕਦਾ ਸੀ। ਫੇਰ ਸੱਪ ਨਿਕਲ ਜਾਵੇ ਤਾਂ ਲਕੀਰ ਰਹਿ ਜਾਵੇਗੀ। **ਅੰਗਰੇਜ਼ ਦਿੰਦੇ ਹਨ ਤਾਂ ਸਿਖ ਲੈਂਦੇ ਨਹੀਂ। ਫੇਰ ਸਿੱਖ ਮੰਗਣਗੇ ਤਾਂ ਕਿਸੇ ਨੇ ਦੇਣਾ ਨਹੀਂ।** ਪਿਛਲੇ ਪੰਜੀ ਸਾਲਾਂ ਤੋਂ, ਜੋ ਜਤਨ ਭੀ ਸਿਖਾਂ ਦੇ ਬਚਾਅ ਦਾ ਕਰੀਦਾ ਹੈ, ਉਸਨੂੰ ਆਪਣੇ ਹੀ ਅਸਫਲ ਬਣਾ ਦੇਂਦੇ ਹਨ।
>
> **ਜਹਿ ਜਹਿ ਡਾਰੀ ਪਗ ਧਰਓਂ ਸੋਈ ਮੁਰਿ ਮੁਰਿ ਜਾਇ।**
>
> ਪੰਥ ਦੀ ਸੇਵਾ ਬੜੀ ਔਖੀ ਹੈ, ਸਤਿਗੁਰ ਕੀ ਸੇਵਾ ਗਾਖੜੀ। ਪਰ ਸਿਖਾਂ ਹਥੋਂ ਪੱਗ ਬਚਾਉਣੀ ਇਸ ਤੋਂ ਭੀ ਵਧੇਰੇ ਔਖੀ ਹੈ। ਪਤਾ ਨਹੀਂ ਸਤਿਗੁਰੂ ਦਾ ਕੀ ਭਾਣਾ ਵਰਤਣਾ ਹੈ!

9. ਦੋ ਦਸੰਬਰ 1946 ਨੂੰ ਵਾਇਸਰਾਏ, ਮਿ: ਜਿਨਾਹ (ਲਿਆਕਤ ਅਲੀ ਨੂੰ ਨਾਲ ਲੈਕੇ) ਨਹਿਰੂ ਤੇ ਬਲਦੇਵ ਸਿੰਘ ਲੰਡਨ ਸੈਕਟਰੀ ਆਫ਼ ਸਟੇਟ ਨੂੰ ਮਿਲਕੇ ਰਾਜਸੀ ਝਗੜੇ ਦਾ ਫੈਸਲਾ ਕਰਨ ਲਈ ਪਹੁੰਚੇ। ਪੂਰੇ ਚਾਰ ਦਿਨ ਗੱਲਬਾਤ ਕਰਣ ਮਗਰੋਂ ਕੋਈ ਸਮਝੌਤਾ ਨਾ ਹੋ ਸਕਿਆ। ਸੱਤ ਦਸੰਬਰ ਦੀ ਸਵੇਰ ਨੂੰ ਨਹਿਰੂ ਤੇ ਬਲਦੇਵ ਸਿੰਘ ਇਕੱਠੇ ਇਕੋ ਜਹਾਜ਼ ਵਿਚ ਵਾਪਸ ਹਿੰਦੁਸਤਾਨ ਮੁੜ ਆਏ। ਹਵਾਈ ਜਹਾਜ਼ ਤੇ ਚੜ੍ਹਨ ਤੋਂ ਪਹਿਲਾਂ ਬਲਦੇਵ ਸਿੰਘ ਨੇ ਜੋ ਬਿਆਨ ਅਖਬਾਰੀ ਨੁਮਾਇੰਦਿਆਂ ਨੂੰ ਦਿੱਤਾ ਉਹ ਇਸ ਤਰਾਂ ਸੀ:

> The Sikhs have no demand to make on the British except the demand that they should quit India. Whatever political rights and aspirations the Sikhs have, they shall have satisfied through the goodwill of the Congrees and the majority Community.
>
> ਸਿਖਾਂ ਦੀ ਕੋਈ ਮੰਗ ਨਹੀਂ ਹੈ ਜੋ ਉਹ ਅੰਗਰੇਜ਼ਾਂ ਕੋਲੋਂ ਲੈਣਾ ਚਾਹੁੰਦੇ ਹਨ। ਉਹ ਆਪਣਾ ਫੈਸਲਾ ਸਿਧਾ ਕਾਂਗਰਸ ਨਾਲ ਆਪ ਕਰ ਲੈਣਗੇ। ਸਿਖਾਂ ਦੀ ਇਕੋ ਇਕ ਮੰਗ ਹੈ ਕਿ

ਅੰਗਰੇਜ਼ ਹਿੰਦੁਸਤਾਨ ਖਾਲੀ ਕਰ ਜਾਣ।

ਸਰਸਰੀ ਨਜ਼ਰ ਮਾਰਿਆਂ ਇਹ ਬਿਆਨ ਕੋਈ ਖਾਸ ਮਹੱਤਤਾ ਨਹੀਂ ਰਖਦਾ। ਅਜੇਹੇ ਬਿਆਨ ਸਿਆਸੀ ਲੀਡਰ ਆਮ ਦਿੰਦੇ ਹੀ ਰਹਿੰਦੇ ਹਨ ਪਰ ਇਸ ਬਿਆਨ ਪਿਛੇ ਤਾਂ ਸਿਖ ਕੌਮ ਦੀ ਤਕਦੀਰ ਨੂੰ ਹਨੇਰੀ ਖੱਡ ਵਿਚ ਸੁੱਟ ਦੇਣ ਦੀ ਮਾਰੂ ਨੀਤੀ ਕੰਮ ਕਰ ਰਹੀ ਸੀ ਜਿਸ ਨੂੰ ਅੱਖੋਂ ਓਹਲੇ ਕਰ ਕੇ ਸਾਡੇ ਮੂੜ੍ਹ ਤੇ ਸੁਆਰਥੀ ਲੀਡਰਾਂ ਨੇ ਉਹ ਗੁਨਾਹ ਕੀਤਾ ਹੈ ਜਿਸ ਨੂੰ ਸਿਖ ਕੌਮ ਦੀਆਂ ਆਉਣ ਵਾਲੀਆਂ ਨਸਲਾਂ ਕਦੀ ਮੁਆਫ਼ ਨਹੀਂ ਕਰਨਗੀਆਂ, ਸਗੋਂ ਫਿਟਕਾਰਾਂ ਹੀ ਪਾਉਂਦੀਆਂ ਰਹਿਣਗੀਆਂ। ਇਸ ਗੱਲ ਦਾ ਭੇਤ ਸ: ਕਪੂਰ ਸਿੰਘ ਜੀ ਪਾਸ 1947 ਦੇ ਆਰੰਭ ਵਿਚ ਲਾਹੌਰ ਵਿਖੇ ਇਕ ਬਹੁਤ ਉਚ ਅੰਗਰੇਜ਼ ਅਫ਼ਸਰ ਨੇ ਖੋਲ੍ਹਿਆ।

ਉਸ ਅਫਸਰ ਨੇ ਦਸਿਆ ਕਿ ਅੰਗਰੇਜ਼ ਹਿੰਦੁਸਤਾਨ ਛੱਡਣ ਲਈ ਆਪਣੇ ਬਿਸਤਰੇ ਬੰਨ੍ਹੀ ਬੈਠੇ ਸਨ ਅਤੇ ਆਪਣੇ ਗਲੋਂ ਫਾਹੀ ਲਾਹੁਣ ਲਈ ਉਤਾਵਲੇ ਸਨ। ਅੰਗਰੇਜ਼ਾਂ ਕੋਲੋਂ ਕੁਝ ਨਾ ਮੰਗਣਾ ਤੇ ਕਾਂਗਰਸ ਕੋਲੋਂ ਮੰਗਣ ਵਾਲੀ ਗੱਲ ਵੀ ਅਲਪ ਬੁੱਧੀ ਤੇ ਮੂਰਖਤਾ ਦੀ ਹੀ ਨਿਸ਼ਾਨੀ ਕਹੀ ਜਾ ਸਕਦੀ ਹੈ ਕਿਉਂਕਿ ਜਿਸ ਵੰਡ ਕੇ ਚਲੇ ਜਾਣਾ ਹੈ ਉਹ ਖੁਲ੍ਹੇ ਹਥਾਂ ਨਾਲ ਦਿੰਦਾ ਹੈ, ਜਿਸਨੇ ਲੈਕੇ ਕਾਬੂ ਕਰਨਾ ਹੈ ਉਹ ਘੁਟੀ ਮੁੱਠੀ ਕਿਸੇ ਗੱਲੇ ਹੀ ਖੋਲ੍ਹਦਾ ਹੈ। ਫਿਰ ਹਿੰਦੂ ਸਿਆਣਪ ਤੇ ਚਤੁਰਤਾ ਤੋਂ ਬਿਨਾਂ ਦੇਣ ਦਿਵਾਣ ਦੇ ਮਾਮਲੇ ਵਿਚ ਥੋੜ੍ਹ ਦਿਲੀ ਵਜੋਂ ਵੀ ਜਗਤ ਪ੍ਰਸਿਧ ਹਨ।

ਇਹ ਬਿਆਨ ਬਲਦੇਵ ਸਿੰਘ ਨੇ ਇਸ ਲਈ ਦਿੱਤਾ ਸੀ ਕਿ 6 ਦਸੰਬਰ ਦੀ ਸ਼ਾਮ ਨੂੰ ਬਰਤਾਨਵੀ ਪ੍ਰਸਿਧ ਸਿਆਸਤਦਾਨ ਵਿਨਸਟਨ ਚਰਚਲ ਵਲੋਂ ਇਹ ਸੁਨੇਹਾ ਆਇਆ ਸੀ ਕਿ ਨਹਿਰੂ ਨੂੰ ਵਾਪਸ ਹਿੰਦੁਸਤਾਨ ਚਲੇ ਜਾਣ ਦਿਓ ਤੇ ਸਿਖਾਂ ਦਾ ਨੁਮਾਇੰਦਾ ਦੋ ਦਿਨ ਹੋਰ ਲੰਡਨ ਅਟਕ ਜਾਏ ਤਾਂ ਜੋ ਮੁਸਲਮ ਲੀਗ ਤੇ ਅੰਗਰੇਜ਼ਾਂ ਦੀ ਸਲਾਹ ਨਾਲ ਕੋਈ ਅਜੇਹਾ ਰਾਜਸੀ ਬਾਨਣੂ ਬੰਨ੍ਹਿਆ ਜਾ ਸਕਦਾ ਹੈ ਜਿਸ ਨਾਲ ਕਿ ਸਿਖ ਕੌਮ ਦੇ ਰਾਜਸੀ ਭਵਿੱਖ ਦੀ ਨੁਹਾਰ ਘੜੀ ਜਾ ਸਕੇ:

> so as to enable the Sikhs to have political feet of their own on which they may walk into the current of world history.
>
> ਤਾਂ ਜੋ ਸਿਖ ਹਿੰਦੁਸਤਾਨ ਦੇ ਰਾਜਸੀ ਖੇਤਰ ਵਿਚ ਆਪਣੇ ਪੈਰਾਂ ਤੇ ਖੜੋਕੇ, ਵਿਸ਼ਵ ਇਤਹਾਸ ਵਿਚ ਆਪਣਾ ਕਿਰਦਾਰ ਭੁਗਤਾ ਸਕਣ।

ਸ: ਬਲਦੇਵ ਸਿੰਘ ਨੇ ਇਹ ਜ਼ਾਤੀ ਸੁਨੇਹਾ ਝੱਟ ਨਹਿਰੂ ਦੀ ਕੰਨੀਂ ਪਾ ਦਿੱਤਾ। ਇਹ ਸੀ ਕਾਰਗੁਜ਼ਾਰੀ ਸਾਡੇ ਅੱਲ੍ਹੜ ਤੇ ਸਿਆਸੀ ਸੂਝਬੂਝ ਤੋਂ ਕੋਰੇ ਲੀਡਰ ਦੀ। ਸਿੱਟੇ ਵਜੋਂ ਨਹਿਰੂ ਨੇ ਉਪਰੋਕਤ ਬਿਆਨ ਤਿਆਰ ਕਰਕੇ ਬਲਦੇਵ ਸਿੰਘ ਤੋਂ ਦਿਵਾਇਆ। ਪੁੱਛ-ਪੜਤਾਲ ਕਰਨ ਮਗਰੋਂ ਪਤਾ ਲੱਗਾ ਕਿ ਅੰਗਰੇਜ਼ ਸਿਖਾਂ ਨੂੰ ਇਹ ਸੁਝਾਓ ਦੇਣਾ ਚਾਹੁੰਦੇ ਸਨ:

> ਜੇ ਸਿਖ ਮੁਸਲਮਾਨਾਂ ਨਾਲ ਕੋਈ ਸਮਝੌਤਾ ਯਾ ਸੰਧੀ ਕਰਨ ਨੂੰ ਤਿਆਰ ਨਹੀਂ ਤਾਂ ਪਾਣੀਪਤ ਤੋਂ ਲੈ ਕੇ ਸ੍ਰੀ ਨਨਕਾਣਾ ਸਾਹਿਬ ਸਮੇਤ ਸਿਖ ਸਟੇਟ ਲੈ ਲੈਣ, ਜਿਸਨੂੰ ਕਿ ਸਮੁੰਦਰ ਤੱਕ ਪਹੁੰਚ ਭੀ ਦਿੱਤੀ ਜਾ ਸਕਦੀ ਹੈ। ਇਹ ਸਿਖ ਸਟੇਟਾਂ ਬਰਤਾਨੀਆਂ ਨਾਲ ਇਕ ਦੂਜੇ ਦੀ ਰਖਿਆ ਦੀ ਸੰਧੀ ਕਰ ਲੈਣ ਜਿਸ ਅਨੁਸਾਰ ਪੰਜੀ ਹਜ਼ਾਰ ਅੰਗਰੇਜ਼ ਫੌਜੀ ਸਿਖ ਸਟੇਟ ਵਿਚ ਦਸਾਂ ਵਰ੍ਹਿਆ ਲਈ ਮੁਕੀਮ ਰਹਿਣਗੇ ਅਤੇ ਬਰਤਾਨੀਆਂ ਹੰਢੇ ਹੋਏ ਤਜਰਬਾਕਾਰ ਅੰਗਰੇਜ਼ ਫੌਜੀ ਅਫਸਰ ਦਏਗਾ ਤੇ ਲੋੜੀਂਦਾ ਫੌਜੀ ਸਾਮਾਨ ਵੀ ਇਸ ਸ਼ਰਤ ਉੱਤੇ ਕਿ ਪੰਜਾਹ ਹਜ਼ਾਰ ਸਿਖ ਫੌਜੀ ਸਿੰਘਾਪੁਰ, ਮਲਾਇਆ ਆਦਿ ਦੇਸ਼ਾਂ ਵਿਚ ਅੰਗਰੇਜ਼ ਫੌਜ ਦੀ ਸਹਾਇਤਾ

ਕਰਨਗੇ। ਦਸਾਂ ਸਾਲਾਂ ਮਗਰੋਂ ਦੋਵੇਂ ਧਿਰਾਂ ਸੰਮਤੀ ਨਾਲ ਲੋੜ ਪੈਣ ਤੇ ਨਵੀਂ ਸੰਧੀ ਕਰ ਸਕਦੀਆਂ ਹਨ। ਇਸ ਨਾਲ ਖਾਲਿਸਤਾਨ ਦਾ ਰਾਜਪ੍ਰਬੰਧ ਭਰੋਸੇ-ਯੋਗ ਬਣ ਜਾਵੇਗਾ ਅਤੇ ਸਿਖਾਂ ਨੂੰ ਹੀਣੇ ਹੋਕੇ ਮੁਸਲਮਾਨਾਂ ਨਾਲ ਸਮਝੌਤਾ ਵੀ ਨਹੀਂ ਕਰਨਾ ਪਵੇਗਾ।

ਇਸ ਵਿਚਾਰ ਨੂੰ ਮੁਸਲਮ ਲੀਗ ਵੀ ਮੰਨਦੀ ਸੀ ਕਿਉਂਕਿ ਇਸ ਤਰ੍ਹਾਂ ਪਾਕਿਸਤਾਨ ਦੀਆਂ ਸਰਹੱਦਾਂ ਖਾਲਿਸਤਾਨ ਦੀ ਮਜ਼ਬੂਤ ਬੱਫਰ ਸਟੇਟ ਨਾਲ ਸੁਰਖਿਅਤ ਹੋ ਜਾਂਦੀਆਂ ਸਨ ਅਤੇ ਇਹ ਗੱਲ ਅੰਗਰੇਜ਼ਾਂ ਲਈ ਵੀ ਲਾਭਦਾਇਕ ਸੀ।

10. ਫਰਵਰੀ 1947 ਵਿਚ ਇਨਬਿਨ ਇਹੋ ਜੇਹੀ ਤਜਵੀਜ਼ ਸ: ਕਪੂਰ ਸਿੰਘ ਜੀ ਨੂੰ ਲਾਹੌਰ ਵਿਚ ਦਿੱਤੀ ਗਈ ਸੀ ਕਿ ਉਹ ਅਕਾਲੀ ਲੀਡਰਾਂ ਦੇ ਕੰਨੀ ਪਾ ਕੇ ਪੰਥ ਦੇ ਹਿਤ ਵਿਚ ਕੁਝ ਮੰਨਵਾ ਲੈਣ। ਸ: ਕਪੂਰ ਸਿੰਘ ਜੀ ਨੇ ਇਹ ਸਾਰੀ ਸਕੀਮ ਅਕਾਲੀ ਲੀਡਰਾਂ ਨੂੰ ਦੱਸੀ ਤਾਂ ਪਹਿਲਾ ਸਵਾਲ ਗਿਆਨੀ ਕਰਤਾਰ ਸਿੰਘ ਦਾ ਇਹ ਸੀ: 'ਅੰਗਰੇਜ਼ ਇਹ ਗਲ ਸਿਧੀ ਮੇਰੇ ਨਾਲ ਕਿਉਂ ਨਹੀਂ ਕਰਦੇ?'

ਸਰਦਾਰ ਸਾਹਿਬ ਨੇ ਸਮਝਾਇਆ ਕਿ ਕੋਈ ਵੀ ਜ਼ੁਮੇਵਾਰ ਸਿਆਸਤਦਾਨ ਅਜੇਹੀ ਗੱਲ ਆਪਣੇ ਮੂੰਹੋਂ ਨਹੀਂ ਕੱਢ ਸਕਦਾ। ਸਿਖ ਮੰਗ ਕਰਨ ਤਦ ਉਹ ਮੰਨਣ ਲਈ ਤਿਆਰ ਹਨ। ਫਿਰ ਗਿਆਨੀ ਜੀ ਦੀਆਂ ਢੁੱਚਰਾਂ ਸਨ:

ਜੇ ਸਮੁੰਦਰ ਤਕ ਰਾਹ ਸਿਖ ਸਟੇਟ ਜਾਂ ਖਾਲਿਸਤਾਨ ਨੂੰ ਮਿਲ ਭੀ ਜਾਵੇ ਤਦ ਅਸਾਡੇ ਕੋਲ ਜਹਾਜ਼ ਕਿਥੋਂ ਆਉਣਗੇ?

ਸ: ਸਾਹਿਬ: ਬਾਹਰੋਂ ਖਰੀਦ ਲਵਾਂਗੇ ਜਿਵੇਂ ਹਿੰਦੁਸਤਾਨ ਤੇ ਪਾਕਿਸਤਾਨ ਨੇ ਲੈਣੇ ਹਨ।

ਗਿਆਨੀ ਜੀ: ਉਨ੍ਹਾਂ ਦਾ ਮੁੱਲ ਕੌਣ ਤਾਰੂਗਾ?

ਸ: ਕਪੂਰ ਸਿੰਘ ਜੀ ਨੂੰ ਪੰਥ ਦੇ ਦਿਮਾਗ ਵਲੋਂ ਇਹਨਾਂ ਬੱਚਗਾਨਾ ਸੁਆਲਾਂ ਪਿੱਛੇ ਕੰਮ ਕਰਦੀ ਸ਼ਕਤੀ ਨੂੰ ਸਮਝਣ ਵਿਚ ਬਹੁਤੀ ਦੇਰ ਨਾ ਲੱਗੀ। ਉਹ ਸ਼ਕਤੀ ਸੀ ਪੰਜ ਸੌ ਰੁਪਏ ਦੀ ਰਕਮ ਜਿਹੜੀ ਸ: ਬਲਦੇਵ ਸਿੰਘ ਵਲੋਂ ਹਰ ਮਹੀਨੇ ਗਿਆਨੀ ਕਰਤਾਰ ਸਿੰਘ ਨੂੰ ਭੇਜੀ ਜਾਂਦੀ ਸੀ। ਇਹ ਸੀ ਮੁੱਖ ਕਾਰਨ ਜਿਹੜਾ ਪੰਥ ਦੇ ਦਿਮਾਗ ਦੀ ਸੋਚ-ਉਡਾਰੀ ਨੂੰ ਪੰਜ ਸੌ ਰੁਪੈ ਦੇ ਥੱਲੇ ਥੱਲੇ ਹੀ ਰਖਦਾ ਸੀ। ਕੌਮੀ ਵਫ਼ਾਦਾਰੀ ਨਾਲੋਂ ਮਾਲਕ ਦੀ ਵਫ਼ਾਦਾਰੀ ਦੀ ਚੋਣ ਨੇ ਕੌਮ ਦੀ ਅਜ਼ਾਦੀ ਦਾ ਇਕ ਹੋਰ ਸੁਨਹਿਰੀ ਮੌਕਾ ਗਵਾ ਦਿੱਤਾ।

11. ਸਿਖਾਂ ਨੇ ਵਿਧਾਨ ਪ੍ਰੀਸ਼ਦ ਦੀ ਸਕੀਮ ਨੂੰ ਰੱਦ ਕਰ ਦਿੱਤਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਇਕੱਠੇ ਹੋਕੇ ਸੈਂਕੜੇ ਸਿਖਾਂ ਆਪਣੇ ਲਹੂ ਨਾਲ ਪ੍ਰਣ-ਪੱਤਰ ਭਰੇ ਕਿ ਉਹ ਮਰਦੇ ਮਰ ਜਾਣਗੇ ਪਰ ਪੰਜਾਬ ਤੇ ਫ਼ਰੰਟੀਅਰ ਵਿਚ ਆਪਣਾ ਵਖਰਾ ਵਿਧਾਨ ਨਹੀਂ ਚਾਲੂ ਹੋਣ ਦੇਣਗੇ। ਇਹ ਪ੍ਰਣ-ਪੱਤਰ ਖੂਨ ਨਾਲ ਭਰੇ ਜਾ ਰਹੇ ਸਨ ਕਿ ਦਿਲੀਓਂ ਬਲਦੇਵ ਸਿੰਘ ਦਾ ਸੁਨੇਹਾ ਪਹੁੰਚਾ ਕਿ ਜੇ ਸਿਖਾਂ ਨੇ ਵਿਧਾਨ ਪ੍ਰੀਸ਼ਦ ਵਿਚ ਸ਼ਾਮਲ ਹੋਣ ਦੀ ਸਕੀਮ ਦਾ ਬਾਈਕਾਟ ਕੀਤਾ ਤਾਂ ਵਾਇਸਰਾਏ ਦੀ ਕੌਂਸਲ ਵਿਚ ਅਕਾਲੀਆਂ ਦੇ ਬੰਦੇ ਦੀ ਥਾਂ ਕਿਸੇ ਹੋਰ ਸਿਖ ਨੂੰ ਲੈ ਲਿਆ ਜਾਵੇਗਾ। ਝੱਟ ਪੱਟ, ਉਸੇ ਵੇਲੇ, ਸਿਖ ਲੀਡਰਾਂ ਨੇ ਅਕਾਲ ਤਖਤ ਸਾਹਿਬ ਦੀ ਤੀਜੀ ਛੱਤ ਤੇ ਬੈਠਕ ਕਰਕੇ ਤਾਰ ਦੇ ਦਿੱਤੀ ਕਿ ਸਿਖਾਂ ਨੂੰ ਕੈਬੀਨਿਟ ਮਿਸ਼ਨ ਦਾ ਪਲਾਨ ਮਨਜ਼ੂਰ ਹੈ। ਪ੍ਰਣ-ਪਤਰਾਂ ਦਾ ਅਜੇ ਲਹੂ ਵੀ ਨਹੀਂ ਸੀ ਸੁੱਕਾ ਕਿ ਅਕਾਲੀਆਂ ਨੇ ਬੈਠਕ ਵਿੱਚ ਸ਼ਾਮਿਲ ਹੋਣ ਲਈ ਇਹ ਨਵੀਂ ਝਖ ਮਾਰੀ, ਪਰ ਮੁਸਲਮਾਨ ਸ਼ਾਮਲ ਨਾ ਹੋਏ ਅਤੇ ਉਸ ਵਿਧਾਨ ਪ੍ਰੀਸ਼ਦ ਦੀ ਬੈਠਕ ਨੂੰ ਅਗੇ ਪਾ ਦਿੱਤਾ ਗਿਆ। ਅਜੇਹੀ

ਸਿਆਨੀ ਸੂਝਬੂਝ ਰਖਣ ਵਾਲੇ ਆਗੂਆਂ ਦੇ ਹੱਥਾਂ ਵਿਚ ਸਿਖ ਕੌਮ ਦੀ ਤਕਦੀਰ ਸਹਿਕ ਸਹਿਕ ਕੇ ਦਮ ਤੋੜਦੀ ਰਹੀ।

ਮਈ 1947 ਵਿਚ ਮਿਸਟਰ ਜਿਨਾਹ ਨੇ ਸਰਦਾਰ ਕਪੂਰ ਸਿੰਘ ਜੀ ਰਾਹੀਂ ਹੇਠ ਲਿਖੀ ਤਜਵੀਜ਼ ਮ: ਤਾਰਾ ਸਿੰਘ ਤੋਂ ਮਨਵਾਉਣ ਲਈ ਰੱਖੀ:

ੳ. ਪੰਜਾਬ ਨੂੰ ਵੰਡਿਆ ਨਾ ਜਾਵੇ। ਰਾਵੀ ਤੋਂ ਲੈਕੇ ਜਮਨਾ ਤਕ ਦਾ ਮੁਲਕ ਸਿਖਾਂ ਦੀ ਜਨਮ ਭੂਮੀ ਸਮਝਿਆ ਜਾਵੇ। ਸਿਖ ਪਾਕਿਸਤਾਨ ਵਿਚ ਉਪ-ਕੌਮ (Sub-nation) ਦੇ ਤੌਰ ਤੇ ਵਿਸ਼ੇਸ਼ ਅਧਿਕਾਰ ਅਤੇ ਅੰਦਰੂਨੀ ਅਜ਼ਾਦੀ (Internal Autonomy) ਦੇ ਮਾਲਕ ਹੋਣਗੇ।

ਅ. ਪੰਜਾਬ ਵਿਚ ਸਿੱਖਾਂ ਲਈ 33 ਪ੍ਰਤੀਸ਼ਤ ਰਾਖਵੀਆਂ ਸੀਟਾਂ ਤੇ ਹੱਕ ਪੱਕੇ ਤੌਰ ਤੇ ਅਤੇ ਬਾਕੀ ਦੇ ਪਾਕਿਸਤਾਨ ਵਿਚ 20 ਪ੍ਰਤੀਸ਼ਤ ਰਾਖਵੇਂ ਹੱਕ ਤੇ ਸੀਟਾਂ, ਸਣੇ ਹਾਈਕੋਰਟਾਂ ਤੇ ਸੁਪ੍ਰੀਮਕੋਰਟਾਂ ਦੇ ਦਿੱਤੇ ਜਾਣਗੇ।

ੲ. ਪੰਜਾਬ ਦਾ ਗਵਰਨਰ ਜਾਂ ਮੁਖਮੰਤਰੀ ਦੋਹਾਂ ਵਿਚੋਂ ਇਕ ਹਮੇਸ਼ਾ ਸਿਖ ਹੋਵੇਗਾ।

ਸ. ਪਾਕਿਸਤਾਨ ਦੀ ਫੌਜ ਵਿਚ ਸਿਖ ਹਮੇਸ਼ਾ 40 ਪ੍ਰਤੀਸ਼ਤ ਭਰਤੀ ਕੀਤੇ ਜਾਣਗੇ ਅਤੇ ਫੌਜੀ ਹਾਈ ਕਮਾਂਡ ਵਿਚ ਵੀ ਇਹੀ ਤਨਾਸਬ ਰਹੇਗਾ।

ਹ. ਪਾਕਿਸਤਾਨ ਦਾ ਕੋਈ ਕਾਨੂੰਨ ਪਾਸ ਹੋ ਕੇ ਲਾਗੂ ਨਹੀਂ ਕੀਤਾ ਜਾਵੇਗਾ ਜੇ ਸਿਖ ਬਹੁਤਸਿਮਤੀ ਕਹਿ ਦੇਵੇ ਕਿ ਉਹ ਕਾਨੂੰਨ ਵਿਤਕਰੇ ਭਰਿਆ ਹੈ ਜਿਤਨਾ ਚਿਰ ਪਾਕਿਸਤਾਨ ਦੀ ਸਭ ਤੋਂ ਵਡੀ ਕੋਰਟ ਇਹ ਨਾ ਕਹਿ ਦੇਵੇਂ ਕਿ ਉਸ ਕਾਨੂੰਨ ਦਾ ਸਿਖਾਂ ਉਤੇ ਸਿਧਾ ਅਸਰ ਨਹੀਂ ਪਵੇਗਾ।

ਹੁਣ ਸੁਆਲ ਉਠਦਾ ਹੈ ਕਿ ਮਿ: ਜਿਨਾਹ ਦੇ ਦਿਲ ਅੰਦਰ ਸਿਖਾਂ ਲਈ ਇਤਨਾ ਪਿਆਰ ਕਿਉਂ ਜਾਗ ਪਿਆ ਜਦ ਕਿ ਹਿੰਦੂਆਂ ਨਾਲ ਉਨ੍ਹਾਂ ਦਾ ਸਮਝੌਤਾ ਹੋਣ ਵਿਚ ਨਹੀਂ ਸੀ ਆ ਰਿਹਾ। ਜਿਨਾਹ ਸਾਹਿਬ ਬੜੇ ਸੂਝਵਾਨ ਸਿਆਸਤਦਾਨ ਸਨ। ਬਿਨਾਂ ਕੁਰਬਾਨੀ ਦਿੱਤੇ, ਗੱਲੀਂ ਬਾਤੀਂ ਆਪਣੀ ਕੌਮ ਲਈ ਪਾਕਿਸਤਾਨ ਲੈ ਲੈਣਾ ਇਸ ਸਚਾਈ ਦਾ ਮੂੰਹ ਬੋਲਦਾ ਸਬੂਤ ਹੈ।

ਜਿਨਾਹ ਸਾਹਿਬ ਦੇ ਇਹ ਸਭ ਕੁਝ ਆਫਰ ਕਰਨ ਪਿਛੇ ਵੀ ਡੂੰਘੇ ਰਾਜ਼ ਸਨ। ਉਹ ਪੰਜਾਬ ਤੇ ਬੰਗਾਲ ਦੀ ਪ੍ਰਾਂਤਕ ਵੰਡ ਨੂੰ ਰੋਕਣਾ ਚਾਹੁੰਦੇ ਸਨ। ਇਹ ਤਦ ਹੀ ਹੋ ਸਕਦਾ ਸੀ ਜੇ ਸਿੱਖ ਪਾਕਿਸਤਾਨ ਨਾਲ ਮਿਲਦੇ। ਸਿਖਾਂ ਨੂੰ ਨਾਲ ਰਖਕੇ ਨਾ ਕੇਵਲ ਪਾਕਿਸਤਾਨ ਵੱਡਾ ਬਣ ਸਕਦਾ ਸੀ ਸਗੋਂ ਮਜ਼ਬੂਤ ਵੀ। ਪਾਕਿਸਤਾਨ ਦੀ ਹੱਦ ਜਮਨਾ ਹੋਣੀ ਸੀ ਅਤੇ ਕਸ਼ਮੀਰ ਵੀ ਪਾਕਿਸਤਾਨ ਅੰਦਰ ਹੋਣਾ ਸੀ। ਜਮਨਾ ਤੋਂ ਰਾਵੀ ਤਕ ਸਿਖਾਂ ਨੂੰ ਖੁਦਮੁਖਤਿਆਰ ਸਟੇਟ ਦੇ ਕੇ ਪਾਕਿਸਤਾਨ ਆਪਣੀਆਂ ਸਰਹੱਦਾਂ ਤੇ ਸਟੀਲ ਦੀ ਦੀਵਾਰ ਖੜੀ ਕਰਨਾ ਚਾਹੁੰਦਾ ਸੀ।

ਸਿਖਾਂ ਲਈ ਇਹ ਸਕੀਮ ਉਤਨੀ ਹੀ ਲਾਭਦਾਇਕ ਸੀ ਜਿਤਨੀ ਕਿ ਪਾਕਿਸਤਾਨ ਲਈ। ਸਿਖਾਂ ਤੇ ਮੁਸਲਮਾਨਾਂ ਸਾਹਮਣੇ 'ਹਮਕੋ ਤੁਮਕੋ' ਜੁਰਅਤ ਨਹੀਂ ਸੀ ਕਰ ਸਕਦੇ ਕਦੀਂ ਅਟੈਕ ਕਰਨ ਦੀ। ਸਿਖ ਕੌਮ ਨੇ ਆਪਣੇ ਪੰਜਾਬ ਦੀ ਕਾਇਆਂ ਹੀ ਪਲਟ ਦੇਣੀ ਸੀ। ਆਜ਼ਾਦੀ ਮਿਲਦਿਆਂ ਹੀ ਖੁਦਮੁੱਖਤਿਆਰ ਸਟੇਟ ਮਿਲਨ ਨਾਲ ਸਿਖ ਕੌਮ ਨੇ ਅੱਜ ਦੁਨੀਆਂ ਦੀ ਸਿਰਕਢ ਕੌਮ ਹੋਣਾ ਸੀ। ਇਕ ਹੋਰ ਸਭ ਤੋਂ ਵਡਾ ਲਾਭ ਜਿਹੜਾ ਪਾਕਿਸਤਾਨ ਨੂੰ ਇਹ ਹੋਣਾ ਸੀ ਕਿ 40 ਪ੍ਰਤੀਸ਼ਤ ਸਿੱਖ ਮਿਲਟਰੀ

ਦੇ ਹੁੰਦਿਆਂ ਮਾਰਸ਼ਲ ਲਾਅ ਨਹੀਂ ਸੀ ਲਗਣਾ ਅਤੇ ਪਾਕਿਸਤਾਨ ਵਿਚ ਡੈਮੋਕਰੇਸੀ ਨੇ ਵਧਣਾ ਫੁਲਣਾ ਸੀ। ਇਸੇ ਤਰ੍ਹਾਂ ਇਕ ਬਹੁਤ ਵਡਾ ਲਾਭ ਸਿਖਾਂ ਨੂੰ ਵੀ ਹੋਣਾ ਸੀ। ਸਿਖਾਂ ਦੇ ਰਾਖਵੇਂ ਹੱਕ ਲੈਣ ਵਾਸਤੇ ਪੰਜਾਬ ਵਿਚ ਰਹਿੰਦੇ ਹਿਦੂਆਂ ਨੇ ਵੀ ਜਾਂ ਤਾਂ ਸਿਖ ਬਣ ਜਾਣਾ ਸੀ ਜਾਂ ਆਪਣੇ ਆਪ ਨੂੰ ਸਿਖ ਲਿਖਵਾਣਾ ਸ਼ੁਰੂ ਕਰ ਦੇਣਾ ਸੀ। ਇਸ ਤਰ੍ਹਾਂ ਸਿਖਾਂ ਦਾ ਰਾਜ ਭਾਗ ਵਿਚ ਬਰਾਬਰ ਦਾ ਹਿਸਾ ਬਣ ਜਾਣਾ ਸੀ।

ਸ: ਕਪੂਰ ਸਿੰਘ ਜੀ ਦੀਆਂ ਅਣਥਕ ਕੋਸ਼ਿਸ਼ਾਂ ਸਦਕਾ ਮੀਟਿੰਗ ਦਾ ਪ੍ਰਬੰਧ ਕਰ ਦਿੱਤਾ ਗਿਆ। ਗਿਆਰਾਂ ਵਜੇ ਸਵੇਰ ਦੀ ਮੀਟਿੰਗ ਸੀ ਤੇ ਮ: ਤਾਰਾ ਸਿੰਘ ਦਸ ਵਜੇ ਹੀ ਪਹੁੰਚ ਗਏ। ਜਿਨਾਹ ਦੇ ਦਸ ਮਿੰਟ ਪਹੁੰਚਣ ਤੋਂ ਪਹਿਲਾਂ ਹੀ ਮ: ਤਾਰਾ ਸਿੰਘ ਪਿਛਲੇ ਦਰਵਾਜ਼ਿਓਂ ਖਿਸਕ ਗਏ। ਸੋਚਣ ਦੀ ਗੱਲ ਹੈ ਕਿ ਗੱਲ ਬਾਤ ਸਿਰੇ ਚੜਦੀ ਜਾਂ ਨਾ ਚੜਦੀ, ਪਰ ਗਲਬਾਤ ਕਰਨ ਤੋਂ ਭੱਜ ਜਾਣਾ ਇਕ ਸਿਆਸੀ ਲੀਡਰ ਨੂੰ ਸ਼ੋਭਾ ਨਹੀਂ ਦਿੰਦਾ।

13. ਸ: ਕਪੂਰ ਸਿੰਘ ਦੀਆਂ ਅਣਥਕ ਕੋਸ਼ਿਸ਼ਾਂ ਨਾਲ ਮਹਾਰਾਜਾ ਪਟਿਆਲਾ ਤੇ ਮਿ: ਜਿਨਾਹ ਦੀ ਮੁਲਾਕਾਤ ਦਾ ਪ੍ਰਬੰਧ ਕੀਤਾ ਗਿਆ। ਮਿ: ਜਿਨਾਹ ਕੁਝ ਮੁਸਲਮਾਨ ਤੇ ਸਿਖ ਆਈ ਸੀ ਐਸ ਅਫਸਰਾਂ ਨਾਲ ਪਟਿਆਲੇ ਗਏ ਅਤੇ ਇਕ ਨਵੀਂ ਤਜਵੀਜ਼ ਰਖੀ।

ਸਿਖ ਹਿਦੂਆਂ, ਮੁਸਲਮਾਨਾਂ ਵਾਂਗ ਇਕ ਕੌਮ ਹਨ। ਸਿਖ ਕਿਸੇ ਇਕ ਇਲਾਕੇ ਵਿਚ ਵੀ ਬਹੁਗਿਣਤੀ ਵਿਚ ਨਹੀਂ ਹਨ, ਇਸ ਲਈ ਅੰਗਰੇਜ਼ ਸਿਖਾਂ ਨੂੰ ਸਟੇਟ ਨਹੀਂ ਦੇ ਸਕਦੇ ਪਰ ਉਹ ਸਿਖਾਂ ਨੂੰ ਪਾਧੀਨ ਕਰਕੇ ਵੀ ਨਹੀਂ ਜਾਣਾ ਚਾਹੁੰਦੇ।

ਤਜਵੀਜ਼ ਇੰਜ ਸੀ ਕਿ ਸਿਖ ਸਟੇਟ ਮੰਗਣ ਦੀ ਥਾਂ, 'ਮਹਾਨ ਪਟਿਆਲਾ' ਦੀ ਮੰਗ ਕਰਨ। ਜਿਸ ਵਿਚ ਜਮਨਾ ਤੋਂ ਰਾਵੀ ਵਿਚਕਾਰ ਦਾ ਇਲਾਕਾ, ਸਾਰੀਆਂ ਸਿਖ ਰਿਆਸਤਾਂ ਅਤੇ ਪੰਜਾਬ ਦੇ ਕੁਝ ਇਲਾਕੇ ਮਿਲਾਕੇ, ਇਸ ਸਾਰੇ ਇਲਾਕੇ ਦਾ ਰਾਜਪ੍ਰਮੁਖ ਸਿਖ ਬਣ ਜਾਵੇ ਅਤੇ ਫੇਰ ਉਹ ਇਲਾਕਾ ਪਾਕਿਸਤਾਨ ਨਾਲ ਸੰਧੀ ਕਰ ਲਵੇ ਅਤੇ ਪਿਛੇ ਦੱਸੇ ਜਾ ਚੁਕੇ ਸਾਰੇ ਹੱਕ ਲਿਖਤੀ ਰੂਪ ਵਿਚ ਲੈ ਲਵੇ। ਮਹਾਰਾਜਾ ਪਟਿਆਲਾ ਨੇ ਸੋਚਣ ਲਈ ਸਮਾ ਮੰਗਿਆ ਅਤੇ ਉਸੇ ਰਾਤ, ਆਪਣੇ ਸਿਖ ਮੁੱਖਮੰਤਰੀ ਰਾਹੀਂ, ਇਹ ਸਾਰੀ ਖਬਰ ਦਿਲੀ ਕਾਂਗਰਸ ਲੀਡਰਾਂ ਕੋਲ ਪਹੁੰਚਾ ਦਿੱਤੀ ਜਿਸਦਾ ਪਤਾ ਮਿ: ਜਿਨਾਹ ਨੂੰ ਝੱਟਪੱਟ ਲਗ ਗਿਆ। ਇਹੋ ਪੇਸ਼ਕਸ਼ ਆਖਰੀ ਵਾਇਸਰਾਏ ਲਾਰਡ ਵੇਵਲ ਨੇ ਵੀ ਮ: ਪਟਿਆਲਾ ਨੂੰ ਕੀਤੀ ਸੀ ਪਰੰਤੂ ਮ: ਪਟਿਆਲਾ ਵੀਰ ਯਾਦਵਿੰਦਰ ਸਿੰਘ ਸਿਖ ਕੌਮ ਦੀਆਂ ਜੜ੍ਹਾਂ ਵੱਢਣ ਵਿਚ ਕਿਸੇ ਕੋਲੋਂ ਪਿਛੇ ਨਹੀਂ ਸੀ ਰਹਿਣਾ ਚਾਹੁੰਦਾ। ਲਾਰਡ ਵੇਵਲ ਨੇ ਆਪਣੀ ਨਿੱਜੀ ਡਾਇਰੀ ਵਿਚ ਇਸੇ ਸਕੀਮ ਦਾ ਇੰਜ ਜ਼ਿਕਰ ਕੀਤਾ ਹੈ:

> July 16, 1945 — Left Simla yesterday and called on H. M. Patiala at Chail on the way down. I had an hour's talk with him about possible grouping of Sikh States and the problems of the Sikhs generally but nothing came out of it.
>
> 16 ਜੁਲਾਈ, 1946 — ਕੱਲ੍ਹ ਮੈਂ ਸ਼ਿਮਲੇ ਤੋਂ ਚਲਕੇ ਰਸਤੇ ਵਿਚ ਚੈਲ ਵਿਖੇ ਮ: ਪਟਿਆਲਾ ਨੂੰ ਮਿਲਿਆ। ਮੇਰੀ ਇਕ ਘੰਟਾ ਗੱਲਬਾਤ ਹੋਈ ਜਿਸ ਵਿਚ ਸਿਖਾਂ ਦੀਆਂ ਆਮ ਮੁਸ਼ਕਲਾਂ ਅਤੇ ਸਿਖ ਰਿਆਸਤਾਂ ਦੇ ਇੱਕਠੇ ਕੀਤੇ ਜਾਣ ਦੀ ਸੰਭਾਵਨਾ ਸੰਬੰਧੀ ਵਿਚਾਰ ਕੀਤੀ ਗਈ ਪਰੰਤੂ ਕੋਈ ਸਿੱਟਾ ਨਹੀਂ ਨਿਕਲਿਆ।

ਵਾਇਸਰਾਏ ਲਾਰਡ ਵੇਵਲ ਨੇ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਸੰਬੰਧੀ ਆਪਣੇ ਵਿਚਾਰ ਇੰਜ ਲਿਖੇ ਹਨ:

> I rather like (Maharaja) Patiala but I would never trust him very far.
>
> ਮੈਨੂੰ ਦੇਖਣ ਚਾਖਣ ਵਿਚ ਤਾਂ ਮਹਾਰਾਜਾ ਪਟਿਆਲਾ ਚੰਗਾ ਲਗਾ ਪਰੰਤੂ ਮੈਂ ਕਦੀ ਉਸਤੇ ਇਤਬਾਰ ਨਹੀਂ ਕਰਾਂਗਾ।

ਮ: ਪਟਿਆਲਾ ਨੇ ਸੰਨ 1960 ਵਿਚ ਟ੍ਰਿਬਿਊਨ ਅਖਬਾਰ ਵਿਚ ਇਕ ਲੇਖ ਛਪਵਾਇਆ ਸੀ ਜਿਸ ਵਿਚ ਮੰਨਿਆ ਸੀ ਕਿ ਉਸ ਨੇ ਅਤੇ ਅਕਾਲੀ ਲੀਡਰਾਂ ਨੇ ਮਿ: ਜਿਨਾਹ ਦੀ ਸਿਖ ਸਟੇਟ ਦੀ ਤਜਵੀਜ਼ ਰੱਦ ਕੀਤੀ ਸੀ ਜਿਸ ਦੀ ਪੁਸ਼ਟੀ ਮਗਰੋਂ ਮਹਾਜਨ ਮਿਹਰ ਚੰਦ ਨੇ ਵੀ ਕੀਤੀ:

> ....The Maharaja Patiala, as a patriotic Indian scornfully rejected Jinnah's offer of Sikh State at the sacrifice of his own State, throne and power.....
>
> ——Mahajan Mehar Chand, Former Chief Justic of India,
>
> **Looking Back, Asha** Publishing House, Bombay, 1963, p-242.
>
> ਮ: ਪਟਿਆਲਾ ਨੇ, ਇਕ ਭਾਰਤੀ ਦੇਸ਼ ਭਗਤ ਹੋਣ ਦੇ ਨਾਤੇ, ਆਪਣੇ ਤਾਜ, ਤਖਤ ਤੇ ਤਾਕਤ ਦੀ ਕੁਰਬਾਨੀ ਦੇਕੇ, ਮਿ: ਜਿਨਾਹ ਦੀ ਸਿਖ ਸਟੇਟ ਦੀ ਆਫਰ ਨੂੰ ਠੁਕਰਾ ਦਿੱਤਾ।
>
> **—ਮਿਹਰ ਚੰਦ ਮਹਾਜਨ, ਚੀਫ ਜਸਟਿਸ ਆਫ ਇੰਡੀਆ**

ਸਿੱਖਾਂ ਦੀ ਸਿਆਸੀ ਹਾਲਤ ਅਤੇ ਸਿਖ ਲੀਡਰ ਮਾਸਟਰ ਤਾਰਾ ਸਿੰਘ ਤੇ ਟਿੱਪਣੀ ਕਰਦਿਆਂ ਲਾਰਡ ਵੇਵਲ ਨੇ ਆਪਣੇ ਵਿਚਾਰ ਇੰਜ ਦਿੱਤੇ:

> ,The Sikhs, who are in a position to negotiate on the spot, are disunited and poorely led. Master Tara Singh is stupid and emotional.
>
> **Entry March 13, 1947**
>
> ਸਿਖ ਮੌਕੇ ਤੋਂ ਪੂਰਾ ਫਾਇਦਾ ਉਠਾ ਸਕਦੇ ਹਨ ਪਰੰਤੂ ਇਨ੍ਹਾਂ ਵਿਚ ਨਾ ਏਕਤਾ ਹੈ ਤੇ ਨਾਹੀ ਚੰਗਾ ਲੀਡਰ। ਮਾਸਟਰ ਤਾਰਾ ਸਿੰਘ ਬੁੱਧੂ ਤੇ ਜਜ਼ਬਾਤੀ ਹੈ।

ਮਾਸਟਰ ਤਾਰਾ ਸਿੰਘ ਦੀ ਸਿਆਸੀ ਸੂਝ ਇਹ ਰਹੀ ਹੈ ਕਿ ਹਿੰਦੂਆਂ ਨੂੰ ਕਦਾਚਿਤ ਨਰਾਜ਼ ਨਹੀਂ ਕਰਨਾ, ਮੁਸਲਮਾਨਾਂ ਨਾਲ ਸੁਲਾਹ ਸਫਾਈ ਕਦਾਚਿਤ ਨਹੀਂ ਕਰਨੀ ਅਤੇ ਫਿਰੰਗੀ ਤੋਂ ਪੰਥ ਲਈ ਕੁਝ ਲੈਣਾ ਨਹੀਂ। ਸਿਖ ਮਰਣ ਜਾਂ ਜੀਉਣ, ਸਿਖ ਕੌਮ ਅਜ਼ਾਦ ਹੋਵੇ ਜਾਂ ਗੁਲਾਮ, ਪੰਥ ਦਾ ਕੁਝ ਬਣੇ ਜਾਂ ਨਾ, ਸਿਆਸਤ ਤੋਂ ਕੋਰੇ ਮਾਸਟਰ ਤਾਰਾ ਸਿੰਘ ਦੀ ਵਾਹਦ ਲੀਡਰੀ ਕਾਇਮ ਰਹਿਣੀ ਚਾਹੀਦੀ ਹੈ।

ਮ: ਤਾਰਾ ਸਿੰਘ ਨੇ ਆਪਣੇ ਅਖਬਾਰ ਰੋਜ਼ਾਨਾ 'ਜਥੇਦਾਰ' ਅਕਤੂਬਰ, 1962 ਦੇ ਆਪਣੇ ਸੰਪਾਦਕੀ ਲੇਖ 'ਪੰਜਾਬੀ ਸੂਬਾ ਜ਼ਰੂਰ ਬਣੇਗਾ' ਦੇ ਸਿਰਲੇਖ ਹੇਠਾਂ ਮੰਨਿਆ ਕਿ ਸਿਖ ਸਟੇਟ ਨਾ ਬਣਨ ਦੇਣ ਵਿਚ ਸਭ ਤੋਂ ਵਡਾ ਰੋੜਾ ਉਹ ਬਣਿਆ ਸੀ:

ਸੰਨ 1947 ਵਿਚ ਜਦੋਂ ਅੰਗਰੇਜ਼ ਤੇ ਮੁਸਲਮ ਲੀਗ ਦੀ ਇਹ ਕੋਸ਼ਸ਼ ਸੀ ਕਿ ਸਿਖਾਂ ਤੇ ਮੁਸਲਮ ਲੀਗ ਦਾ ਸਮਝੌਤਾ ਹੋ ਜਾਵੇ ਤਾਂ ਉਸ ਵਿਚ ਸਭ ਤੋਂ ਵੱਡੀ ਰੁਕਾਵਟ ਮੈਂ ਹੀ ਸਾਂ।

ਕਰੋੜਪਤੀ ਵਪਾਰੀ ਦੇ ਪੁਤਰ ਬਲਦੇਵ ਸਿੰਘ ਨੇ ਆਪਣੀ ਵਜ਼ੀਰੀ ਤੇ ਆਪਣਾ ਟਾਟਾ ਨਗਰ ਦਾ ਕਾਰਖਾਨਾ ਬਚਾਉਣ ਬਦਲੇ ਸਿਖ ਕੌਮ ਨੂੰ ਗੁਲਾਮੀ ਦੀਆਂ ਬੇੜੀਆਂ ਵਿਚ ਜਕੜ ਕੇ ਕਾਤਲਾਂ ਤੇ ਠੱਗਾਂ ਕੋਲ ਗਿਰਵੀ ਰੱਖ ਦਿੱਤਾ। ਸੰਨ 1949 ਈਸਵੀ ਵਿਚ ਵਿਧਾਨ ਵਿਰੁਧ ਰੋਸ ਪ੍ਰਗਟ ਕਰਨ ਜਾ ਰਹੇ ਮ: ਤਾਰਾ ਸਿੰਘ ਨੂੰ ਜਦ ਗ੍ਰਿਫਤਾਰ ਕਰ ਲਿਆ ਗਿਆ ਤਾਂ ਬਲਦੇਵ ਸਿੰਘ ਨੇ ਅਕਾਸ਼ਵਾਣੀ ਦਿੱਲੀ ਤੋਂ ਆਪਣਾ ਬਿਆਨ ਦਿੱਤਾ:

> ਮਾਸਟਰ ਜੀ ਵਿਧਾਨ ਵਿਰੁਧ ਵਿਚਾਰ ਪ੍ਰਗਟਾ ਕੇ ਭਾਰੀ ਮੂਰਖਤਾ ਕਰ ਰਹੇ ਹਨ।

ਉਸੇ ਸਾਲ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਤੇ ਚਮਕੌਰ ਸਾਹਿਬ ਜਾ ਕੇ ਬਲਦੇਵ ਸਿੰਘ ਨੇ ਇਜ ਬਿਆਨ ਦਿਤਾ:

> ਹਿਦੂਆਂ ਨੇ ਇਕ ਸਿੱਖ ਨੂੰ ਰਖਿਆ ਮੰਤਰੀ ਬਣਾਇਆ ਹੋਇਆ ਹੈ। ਇਸਤੋਂ ਵਧ ਹੋਰ ਸਿੱਖ ਕੀ ਮੰਗਦੇ ਹਨ?

ਜਦੋਂ ਬਲਦੇਵ ਸਿੰਘ ਨੂੰ ਨਹਿਰੂ ਨੇ ਰੱਖਿਆ ਮੰਤਰੀ ਦੀ ਗੱਦੀ ਤੋਂ ਲਾਹ ਕੇ ਭੁੰਜੇ ਪਟਕਾ ਮਾਰਿਆ ਤਾਂ ਉਹਨੂੰ ਕਾਂਗਰਸ ਦੀ ਮਤਲਬਪ੍ਰਸਤੀ ਅਤੇ ਸਿਖ-ਮਾਰੂ ਨੀਤੀ ਬਾਰੇ ਕੁਝ ਹੋਸ਼ ਤਾਂ ਆ ਗਈ ਪਰੰਤੂ ਕੌਮ ਨੂੰ ਗੁਲਾਮੀ ਦੀ ਡੂੰਘੀ ਖੱਡ ਵਿਚ ਸੁੱਟਣ ਬਾਅਦ ਹੁਣ ਇਸ ਦਾ ਕੀ ਲਾਭ ਸੀ। ਸਰਦਾਰ ਆਪਣੀ ਵਜ਼ੀਰੀ ਖੁੱਸ ਜਾਣ ਦੇ ਹਉਕੇ ਨਾਲ ਅਜੇਹਾ ਬੀਮਾਰ ਹੋ ਕੇ ਮੰਜੇ ਤੇ ਪਿਆ ਕਿ ਮੁੜ ਨਾ ਉੱਠ ਸਕਿਆ। ਉਸ ਨੇ ਅਖਬਾਰਾਂ ਵਿਚ ਬਿਆਨ ਦਿਤਾ ਕਿ 'ਹਿਦੂਆਂ ਨੇ ਮੇਰੇ ਨਾਲ ਧੋਖਾ ਕੀਤਾ ਹੈ' ਪਰ ਜਿਹੜਾ ਧੋਖਾ ਤੇ ਧ੍ਰੋਹ ਆਪ ਕੌਮ ਨਾਲ ਕੀਤਾ ਸੀ ਉਸਦਾ ਆਪਣੇ ਤਨ ਨਾਲ ਬੀਤਣ ਤੋਂ ਪਹਿਲਾਂ ਚਿਤ ਚੇਤਾ ਵੀ ਨਹੀਂ ਸੀ। ਜਿਸ ਧੋਖੇ ਨਾਲ ਅਜ ਸਾਰੀ ਕੌਮ ਲਹੂ-ਲੁਹਾਣ ਹੋਈ ਸਹਿਕ ਰਹੀ ਹੈ ਉਸਦਾ ਮੁਜਰਮ ਕੌਣ ਹੈ?

ਬਲਦੇਵ ਸਿੰਘ ਜਦ ਬੀਮਾਰ ਸੀ ਅਤੇ ਸ: ਕਪੂਰ ਸਿੰਘ ਜੀ ਉਸਨੂੰ ਮਿਲਣ ਗਏ ਤਾਂ ਉਦੋਂ ਉਸ ਨੇ ਆਪਣਾ ਪਛਤਾਵਾ ਇੰਜ ਪ੍ਰਗਟ ਕੀਤਾ:

> ਜੇ ਕਿਤੇ ਪਤਾ ਹੁੰਦਾ ਇਨ੍ਹਾਂ ਸਾਲਿਆਂ ਅਸਾਡੇ ਨਾਲ ਇਉਂ ਕਰਨੀ ਹੈ ਤਾਂ ਸੰਨ 1947 ਵਿੱਚ ਸਿਖਾਂ ਦਾ ਕੁਛ ਬਣਾ ਹੀ ਲੈਂਦੇ।

ਬਲਦੇਵ ਸਿੰਘ ਨੇ ਆਪਣੇ ਚਲਾਣੇ ਤੋਂ ਕੁਝ ਚਿਰ ਪਹਿਲਾਂ ਜੋ ਕੁਝ ਸ: ਜੁਗਿੰਦਰ ਸਿੰਘ ਮਾਨ ਨੂੰ ਆਖਿਆ ਉਹ ਕੌਮ ਨਾਲ ਧੋਖਾ ਕਰਨ ਵਾਲਿਆਂ ਲਈ ਇਕ ਚਿਤਾਵਨੀ ਦਾ ਸੰਦੇਸ਼ ਹੈ। ਕਾਲੇ ਕਾਰੇ ਕਰਨ ਵਾਲਿਆਂ ਦਾ ਅੰਤ ਬੜਾ ਘਿਣਾਉਣਾ ਹੁੰਦਾ ਹੈ ਅਤੇ ਕਰੋੜਾਂ ਰੁਪੈ ਤੇ ਮਾਲ ਧਨ ਸਭ ਕੁਝ ਇਥੇ ਹੀ ਰਹਿ ਜਾਂਦਾ ਹੈ:

> ਮੈਂ ਜੋ ਇਸ ਵੇਲੇ ਘੋਰ ਦੁਖ ਸਹਿ ਰਿਹਾ ਹਾਂ, ਇਹ ਇਉਂ ਹੀ ਹੋਣਾ ਚਾਹੀਦਾ ਹੈ। ਮੈਂ ਤਿੰਨ ਵਾਰ ਸਿਖਾਂ ਨੂੰ ਅਜ਼ਾਦੀ ਤੇ ਸਿਖ ਸਟੇਟ ਮਿਲਦੀ ਮਿਲਦੀ ਰੋਕੀ ਹੈ ਅਤੇ ਸਿਖਾਂ ਦੇ ਹੱਥ ਪੈਰ ਨੂੜ ਕੇ ਉਨ੍ਹਾਂ ਨੂੰ ਹਿਦੂਆਂ ਮੂਹਰੇ ਪਾਇਆ ਹੈ। ਸਿਖ ਪੰਥ ਮੈਨੂੰ ਬਖਸ਼ ਲਵੇ।

'ਕੌਮੀ ਏਕਤਾ' ਅਪ੍ਰੈਲ, 1978 ਦੇ ਸਫਾ 7 ਤੇ ਇਸਦੇ ਐਡੀਟਰ ਸ: ਰਾਜਿੰਦਰ ਸਿੰਘ ਭਾਟੀਆ ਨੇ

ਬਲਦੇਵ ਸਿੰਘ ਦਾ ਬਿਆਨ ਇਂਜ ਅੰਕਤ ਕੀਤਾ ਹੈ:

> ਮੈਂ ਇਹਨਾਂ ਬ੍ਰਾਹਮਣਾਂ ਦੇ ਢਾਹੇ ਚੜ੍ਹਕੇ ਵੰਡ ਵੇਲੇ ਜੋ ਹਮਾਕਤ ਕੀਤੀ ਹੈ ਉਸਦਾ ਖਮਿਆਜ਼ਾ ਭੁਗਤ ਰਿਹਾ ਹਾਂ।

ਇਸਦੇ ਨਾਲ ਹੀ ਆਪਣੇ ਲੀਡਰਾਂ ਦੀਆਂ ਕਾਰ-ਗੁਜ਼ਾਰੀਆਂ ਨੂੰ ਲਾਂਭੇ ਰੱਖਕੇ ਹੁਣ ਹਿੰਦੂ ਠੱਗਾਂ ਨੇ ਜੋ ਸਿਖ ਕੌਮ ਨੂੰ ਚਕਮੇ ਦਿੱਤੇ ਅਤੇ ਸਬਜ਼-ਬਾਗ ਵਿਖਾਏ ਉਨ੍ਹਾਂ ਦਾ ਵਿਚਾਰ ਅਗਲੇ ਕੁਝ ਪਤਰਿਆਂ ਵਿਚ ਕਰਦੇ ਹਾਂ।

ਖਾਲਸੇ ਨਾਲ ਕਾਂਗਰਸ ਵੱਲੋਂ ਕੀਤੇ ਗਏ ਵਾਹਦੇ

ਇਸ ਤੋਂ ਪਹਿਲਾਂ ਕਿ ਅਸੀਂ ਸਿਖ ਕੌਮ ਨਾਲ ਕੀਤੇ ਗਏ ਵਾਹਦਿਆਂ ਤੇ ਵਿਚਾਰ ਕਰੀਏ, ਸਾਨੂੰ ਥੋੜੀ ਜਿਨੀ ਜਾਣਕਾਰੀ ਵਾਹਦੇ ਕਰਨ ਵਾਲਿਆਂ ਸੰਬੰਧੀ ਕਰ ਲੈਣੀ ਵੀ ਜ਼ਰੂਰੀ ਬਣਦੀ ਹੈ। ਹਿਦੂਆਂ ਦਾ ਸਾਰਾ ਇਤਹਾਸਕ ਪਿਛੋਕੜ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਹ ਆਪਣਾ ਮਤਲਬ ਕੱਢਣ ਖਾਤਰ ਕੁਝ ਵੀ ਕਰ ਸਕਦੇ ਹਨ। ਵਕਤ ਆਉਣ ਤੇ ਇਨ੍ਹਾਂ ਆਪਣੀਆਂ ਕੁਆਰੀਆਂ ਲੜਕੀਆਂ ਦੇ ਡੋਲੇ ਵੀ ਆਪ ਮੁਗਲ ਹਾਕਮਾਂ ਦੇ ਹਰਮਾਂ ਵਿਚ ਵਾੜ ਕੇ ਇਸਨੂੰ ਆਪਣੀਆਂ ਰਿਸ਼ਤੇਦਾਰੀਆਂ ਆਖਕੇ ਫ਼ਖਰ ਹਾਸਲ ਕੀਤੇ ਸਨ।

ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿਛੇ ਹਿੰਦੂ ਚੰਦੂ ਲਾਲ ਦਾ ਹੱਥ ਕਿਸ ਤੋਂ ਭੁਲਿਆ ਹੋਇਆ ਹੈ? ਗੁਰੂ ਗੋਬਿੰਦ ਸਿੰਘ ਜੀ ਦੀ ਅਜ਼ਾਦੀ ਦੀ ਲੜਾਈ ਵਿਚ ਮੁਗਲਾਂ ਨਾਲ ਜਾ ਮਿਲਣ ਵਾਲੇ ਗ਼ੱਦਾਰ ਕੌਣ ਸਨ? — ਉਹੋ ਹਿੰਦੂ ਰਾਜੇ ਜਿਨ੍ਹਾਂ ਆਪਣੇ ਠਾਕਰਾਂ ਦੀਆਂ ਸਹੁੰਆਂ ਖਾਧੀਆਂ ਤੇ ਤੋੜੀਆਂ। ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਪਕੜਾਉਣ ਵਾਲੇ ਨਮਕਹਰਾਮ ਰਸੋਈਏ ਗੰਗੂ ਬ੍ਰਾਹਮਣ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਾਉਣ ਵਾਲੇ ਦੀਵਾਨ ਸੁੱਚਾ ਨੰਦ ਨੂੰ ਕੌਣ ਭੁਲਾ ਸਕਦਾ ਹੈ? ਲਖਪਤ ਰਾਏ ਤੇ ਜਸਪਤ ਰਾਏ ਵਰਗੇ ਸਿਖਾਂ ਦੀ ਨਸਲ-ਕੁਸ਼ੀ ਕਰਨ ਦੇ ਸੁਪਨੇ ਲੈਣ ਵਾਲਿਆਂ ਨੂੰ ਕੌਣ ਭੁਲਾ ਸਕਦਾ ਹੈ? ਸਿਖ ਰਾਜ ਦੀ ਪਿੱਠ ਵਿਚ ਛੁਰਾ ਮਾਰਨ ਵਾਲੇ ਨਮਕਹਰਾਮੀ ਤੇ ਵਿਸਾਹਘਾਤੀ ਡੋਗਰਿਆਂ ਨੂੰ ਕਿਵੇਂ ਭੁਲਾਇਆ ਜਾ ਸਕਦਾ ਹੈ?

ਸੰਨ 1925 ਵਿਚ ਮੁਸਲਮ ਨੇਤਾ ਸਰ ਫ਼ਜ਼ਲ ਹੁਸੈਨ ਨੇ ਮੁਸਲਮਾਨ ਰਾਜਨੀਤਕ ਬੁਧੀਜੀਵੀਆਂ ਲਈ ਇਕ ਨਿੱਕੀ ਜੇਹੀ ਕਿਤਾਬ ਛਾਪੀ ਸੀ ਜਿਸ ਵਿਚ ਹਿੰਦੂ, ਮੁਸਲਮਾਨ ਅਤੇ ਸਿਖਾਂ ਦੀ ਸੋਚਣੀ ਸੰਬੰਧੀ ਆਪਣੇ ਵਿਚਾਰ ਦਿੱਤੇ ਸਨ:

> Hindu consideres political matters and their implications years ahead. The Muslim tries to tackle them just in time, but the Sikhs never think them unless the time is actually past and the matter is well settled.
>
> ਹਿਦੂ ਰਾਜਸੀ ਮਾਮਲਿਆਂ ਦੇ ਅੰਤ੍ਰੀਵ ਭਾਵ ਤੇ ਉਨ੍ਹਾਂ ਤੋਂ ਨਿਕਲਣ ਵਾਲੇ ਸਿਟਿਆਂ ਨੂੰ ਕਈ ਵਰ੍ਹੇ ਪਹਿਲਾਂ ਸੋਚ ਰਖਦਾ ਹੈ। ਮੁਸਲਮਾਨ, ਜਦੋਂ ਮਸਲਾ ਸਾਹਮਣੇ ਆਵੇ, ਤਾਂ ਉਸਨੂੰ ਸੰਜੀਦਗੀ ਨਾਲ ਸੋਚਣਾ ਆਰੰਭ ਦਿੰਦਾ ਹੈ। ਪਰ ਸਿਖ, ਜਿਤਨਾ ਚਿਰ ਉਹ ਮਸਲਾ ਆਪੇ ਹਲ ਹੋ ਕੇ ਕਿਸੇ ਪਾਸੇ ਪੱਕਾ ਲਗ ਨਹੀਂ ਜਾਂਦਾ, ਉਸ ਬਾਰੇ ਸੋਚਣ ਦੀ ਖੇਚਲ ਨਹੀਂ ਕਰਦਾ।

ਜਿਨਾਹ ਸਾਹਿਬ ਦੀ ਪਾਰਖੂ ਅੱਖ ਕਿਸੇ ਹਦ ਤਕ ਹਿਦੂ ਦੀ ਅਸਲੀਅਤ ਨੂੰ ਪਛਾਣ ਚੁੱਕੀ ਸੀ। ਇਸਦਾ ਇਕ ਸਬੂਤ, ਉਨ੍ਹਾਂ ਦੀ ਆਪਣੇ ਇਕ ਦੋਸਤ ਸਰ ਸੋਭਾ ਸਿਘ ਨਾਲ ਹੋਈ ਵਾਰਤਾਲਾਪ ਤੋਂ ਪਤਾ ਲਗਦਾ ਹੈ ਜਿਹੜੀ ਕਿ ਦਿਲੀ ਵਿਖੇ ਅਗਸਤ, 1947 ਵਿਚ ਹੋਈ ਸੀ। ਇਹ ਗੱਲ ਉਨ੍ਹਾਂ ਦੇ ਨਿੱਜੀ ਸਕਤਰ ਮਿ: ਅਬਦੁਲ ਹਮੀਦ ਨੇ ਸ: ਕਪੂਰ ਸਿਘ ਜੀ ਨੂੰ ਲਾਹੌਰ ਵਿਖੇ 1964 ਵਿਚ ਇਉਂ ਦੱਸੀ ਸੀ:

ਮਿ: ਜਿਨਾਹ: ਸਿਖਾਂ ਨੇ ਆਪਣਾ ਰਾਜ ਭਾਗ ਨਾ ਲੈਕੇ ਬੜੀ ਭਾਰੀ ਭੁੱਲ ਕੀਤੀ ਹੈ।

ਸਰ ਸੋਭਾ ਸਿੰਘ: ਅਸੀਂ ਹਿੰਦੂਆਂ ਉਤੇ ਪੂਰਾ ਭਰੋਸਾ ਕਰਕੇ ਤੇ ਉਨ੍ਹਾਂ ਨਾਲ ਆਪਣੀ ਕਿਸਮਤ ਜੋੜ ਕੇ ਚੰਗਾ ਹੀ ਕੀਤਾ ਹੈ। ਹਿੰਦੂ ਅਸਾਡੇ ਨਾਲ ਕਦੇ ਦੁਰਵਿਵਹਾਰ ਜਾਂ ਵਿਸ਼ਵਾਸਘਾਤ ਨਹੀਂ ਕਰਨਗੇ।

ਮਿ: ਜਿਨਾਹ: Sardar Bahadur, you know the Hindu only as your co-slave, now you will know the real Hindu when he becomes your master and you become his slave.

ਤੁਸੀਂ ਅੱਜ ਦਾ ਹਿੰਦੂ, ਆਪਣੇ ਵਾਂਗ, ਪ੍ਰਾਧੀਨ ਹਿੰਦੂ ਵੇਖ ਰਹੇ ਹੋ। ਅਸਲੀ ਹਿੰਦੂ ਦਾ ਰੂਪ ਤੁਹਾਨੂੰ ਉਦੋਂ ਨਜ਼ਰ ਆਏਗਾ ਜਦੋਂ ਉਹ ਤੁਹਾਡਾ ਮਾਲਕ ਤੇ ਤੁਸੀਂ ਉਸਦੇ ਗੁਲਾਮ ਹੋਵੋਗੇ।

ਗਾਂਧੀ ਤੇ ਪੰ: ਨਹਿਰੂ ਦੋਵੇਂ ਹੰਢੇ ਹੋਏ ਸਿਆਸਤਦਾਨ ਅਤੇ ਕੱਟੜ ਹਿੰਦੂ ਸਨ। ਹੋਰਨਾਂ ਹਿੰਦੂ ਫਿਰਕੂ ਲੀਡਰਾਂ ਤੇ ਇਨ੍ਹਾਂ ਦੋਹਾਂ ਵਿਚ ਫਰਕ ਸਿਰਫ ਇਤਨਾ ਸੀ ਕਿ ਇਹ ਆਪਣੇ ਫਿਰਕੂ ਇਰਾਦਿਆਂ ਨੂੰ ਆਮ ਲੋਕਾਂ ਤੋਂ ਛੁਪਾ ਸਕਣ ਵਿਚ ਜਾਦੂਗਰਾਂ ਵਾਂਗ ਨਿਪੁੰਨ ਸਨ। ਇਕ ਵਾਰੀ ਸ: ਕਪੂਰ ਸਿੰਘ ਜੀ ਨੇ ਮਿ: ਜਿਨਾਹ ਨੂੰ ਸੁਲਾਹ ਸਫਾਈ ਦਾ ਰਾਹ ਲਭਣ ਲਈ ਕਿਹਾ ਤੇ ਨਾਲ ਹੀ ਦਸਿਆ ਕਿ ਗਾਂਧੀ ਤਾਂ ਧਰਮੀ ਬੰਦਾ ਹੈ ਤਾਂ ਉਨ੍ਹਾਂ ਦਾ ਜੁਵਾਬ ਇਹ ਸੀ:

Whenever Gandhi has come to meet me, he has come to cheat me.

ਗਾਂਧੀ ਜਦੋਂ ਭੀ ਮੈਨੂੰ ਸੁਲਾਹ ਸਫਾਈ ਲਈ ਮਿਲਣ ਆਇਆ ਹੈ, ਮਨ ਵਿਚ ਕਪਟ ਛੁਪਾਕੇ ਆਇਆ ਹੈ।

ਹਿੰਦੁਸਤਾਨ ਦੇ ਉਸ ਵੇਲੇ ਦੇ ਵਾਇਸਰਾਏ ਲਾਰਡ ਵੇਵਲ ਨੇ ਵੀ ਗਾਂਧੀ ਸੰਬੰਧੀ ਬੜੇ ਢੁਕਵੇਂ ਪਰ ਸੰਕੋਚਵੇਂ ਵਿਚਾਰ ਦਿੱਤੇ ਹਨ:

He (Gandhi) is a very tough politician and not a saint.

ਗਾਂਧੀ ਇਕ ਹੰਢਿਆ ਹੋਇਆ ਤੇ ਖਰਾਂਟ ਸਿਆਸਤਦਾਨ ਹੈ ਨਾ ਕਿ ਮਹਾਤਮਾ।

ਗਾਂਧੀ ਦੇ ਕੱਟੜ ਹਿੰਦੂ ਸਿਆਸਤਦਾਨ ਹੋਣ ਬਾਰੇ ਜੇ ਕਿਸੇ ਦਾ ਕੋਈ ਭੁਲੇਖਾ ਅਜੇ ਵੀ ਬਾਕੀ ਰਹਿ ਗਿਆ ਹੈ ਤਾਂ ਹੇਠ ਲਿਖੀ ਘਟਨਾ ਨਾਲ ਦੂਰ ਹੋ ਜਾਣਾ ਚਾਹੀਦਾ ਹੈ।

ਸੰਨ 1935-36 ਦੀ ਗਲ ਹੈ ਕਿ ਡ: ਅੰਬੇਦਕਰ ਨੇ, ਹਿੰਦੂ ਮਹਾਂ ਸਭਾ ਤੇ ਸਨਾਤਨ ਧਰਮ ਦੇ ਨੇਤਾਵਾਂ ਤੋਂ, ਇਸ ਗਲ ਦੀ ਪ੍ਰਵਾਨਗੀ ਲੈ ਲਈ ਸੀ ਕਿ ਉਨ੍ਹਾਂ ਨੂੰ ਅਛੂਤਾਂ ਦੇ ਸਿਖ ਬਣ ਜਾਣ ਵਿਚ ਕੋਈ ਇਤਰਾਜ਼ ਨਹੀਂ ਸੀ। ਡ: ਅੰਬੇਦਕਰ ਨੇ, ਗਾਂਧੀ ਦੀ ਜਾਣਕਾਰੀ ਲਈ, ਉਸ ਖਤੋ-ਕਿਤਾਬਤ ਦੀਆਂ ਕਾਪੀਆਂ ਉਸ ਨੂੰ ਭੇਜ ਦਿੱਤੀਆਂ।

ਗਾਂਧੀ ਨੇ ਸ਼ਿਸ਼ਟਾਚਾਰ ਦੇ ਸਾਰੇ ਅਸੂਲਾਂ ਨੂੰ ਤਿਲਾਂਜਲੀ ਦੇ ਕੇ, ਡ: ਅੰਬੇਦਕਰ ਅਤੇ ਉਨ੍ਹਾਂ ਸੰਸਥਾਵਾਂ ਦੇ ਨੇਤਾਵਾਂ ਤੋਂ ਪੁਛੇ ਬਿਨਾਂ ਹੀ, ਉਨ੍ਹਾਂ ਦੀ ਖਤੋ-ਕਿਤਾਬਤ, ਆਪਣੇ ਅਖਬਾਰ 'ਯੰਗ ਇੰਡੀਆ' ਵਿਚ ਛਾਪ ਮਾਰੀ ਤੇ ਲਿਖਿਆ:

ਅਛੂਤਾਂ ਦਾ ਸਿੱਖੀ ਵਿਚ ਪ੍ਰਵੇਸ਼ ਹਿੰਦੂ ਧਰਮ ਤੋਂ ਪਤਿਤ ਹੋਣ ਦੇ ਤੁੱਲ ਹੈ।

ਗਾਂਧੀ ਇਕ ਹੰਢਿਆ ਹੋਇਆ ਸਿਆਸਤਦਾਨ ਸੀ। ਹਿੰਦੁਸਤਾਨ ਦਾ ਰਾਜਭਾਗ ਸਿਰਾਂ ਦੀ ਗਿਣਤੀ

ਨਾਲ ਵੰਡਿਆ ਜਾਣਾ ਸੀ। ਛੇ ਕਰੋੜ ਅਛੂਤਾਂ ਦੇ ਹਿਦੂਆਂ ਵਿਚੋਂ ਨਿਕਲ ਜਾਣ ਨਾਲ ਹਿਦੁਸਤਾਨ ਦੀ ਸਿਆਸਤ ਬਦਲ ਸਕਦੀ ਸੀ। ਹਿਦੂਆਂ ਦਾ ਰਾਜਸੀ ਹਿਸਾ ਘਟ ਜਾਣਾ ਸੀ। ਗਾਂਧੀ ਨੂੰ ਅਛੂਤਾਂ ਦੇ ਗੁਲਾਮ ਤੇ ਦਲਿਤ ਜੀਵਨ ਨਾਲੋਂ ਸਾਰੇ ਹਿਦੁਸਤਾਨ ਦੇ ਰਾਜ ਭਾਗ ਤੇ ਆਪਣਾ ਜੱਫਾ ਮਾਰ ਸਕਣ ਦਾ ਵਧੇਰੇ ਫਿਕਰ ਸੀ। ਦੂਜੇ ਪਾਸੇ, ਜਦ ਸਿਖ ਲੀਡਰਾਂ ਨੂੰ ਆਪਣੀ ਚੌਧਰ ਜਾਂਦੀ ਨਜ਼ਰ ਆਈ, ਤਾਂ ਉਨ੍ਹਾਂ ਇਸ ਕੰਮ ਨੂੰ ਸਿਰੇ ਨਹੀਂ ਚੜਣ ਦਿੱਤਾ ਅਤੇ ਇਹ ਕੰਮ ਵਿਚੇ ਹੀ ਰਹਿ ਗਿਆ ਸੀ।

ਮਿ: ਜਿਨਾਹ ਦੇਸ਼ ਦੇ ਵੰਡਾਰੇ ਦੇ ਖਿਲਾਫ ਸਨ ਪਰ ਆਪਣੀ ਹੋਂਦ ਨੂੰ ਵੀ ਹਰ ਕੀਮਤ ਤੇ ਕਾਇਮ ਰਖਣ ਲਈ ਤਤਪਰ ਸਨ:

> Muslims neither desire partition of the country nor separation from Hindus. The Hindus do not wish to defile themselves by the Muslim touch and are determined to turn them out of the country. The future historian will support me in this.
>
> ਮੁਸਲਮਾਨ ਨਾ ਦੇਸ਼ ਦਾ ਵੰਡਾਰਾ ਕਰਨਾ ਚਾਹੁੰਦੇ ਹਨ ਤੇ ਨਾ ਹਿਦੂਆਂ ਨਾਲੋਂ ਵਖ ਹੋਣਾ। ਹਿਦੂ ਮੁਸਲਮਾਨਾਂ ਨੂੰ ਆਪਣੇ ਨਾਲ ਛੂਹਣ ਨਹੀਂ ਦੇਣਾ ਚਾਹੁੰਦੇ ਤੇ ਮੁਲਕ-ਬਦਰ ਕਰਨਾ ਲੋਚਦੇ ਹਨ। ਆਉਣ ਵਾਲੇ ਸਮੇਂ ਵਿਚ ਨਿਰਪੱਖ ਤਵਾਰੀਖਦਾਨ ਮੇਰੇ ਇਸ ਦਾਅਵੇ ਦੀ ਪੁਸ਼ਟੀ ਕਰਨਗੇ।

ਹੁਣ ਤਕ ਮੁਸਲਮ ਲੀਗ ਦੀ ਇਹ ਮੰਗ ਰਹੀ ਸੀ ਕਿ ਮੁਸਲਮ ਬਹੁਗਿਣਤੀ ਵਾਲੇ ਪ੍ਰਾਂਤਾਂ ਵਿਚ ਉਨ੍ਹਾਂ ਦੀ ਖੁਦਮੁਖਤਿਆਰ ਹਕੂਮਤ ਹੋਵੇ ਜਿਸ ਵਿਚ ਹਿਦੂ ਬਹੁਗਿਣਤੀ ਮੁਦਾਖਲਤ ਨਾ ਦੇ ਸਕੇ। ਰਖਿਆ ਵਿਭਾਗ, ਬਿਉਪਾਰ, ਆਵਾਜਾਈ ਦਾ ਮਹਿਕਮਾ ਅਤੇ ਬਦੇਸ਼ੀ ਨੀਤੀ ਇਹ ਚਾਰ ਮਹਿਕਮੇ ਕੇਂਦਰੀ ਸਰਕਾਰ ਕੋਲ ਰਹਿਣ।

ਪਰ 6 ਜੁਲਾਈ 1946 ਵਾਲੀ ਪ੍ਰੈਸ ਕਾਨਫਰੰਸ ਵਿਚ ਨਹਿਰੂ ਦੇ ਮੂੰਹੋਂ ਅਸਲੀਅਤ ਬਾਹਰ ਨਿਕਲ ਗਈ ਕਿ ਅੰਤਮ ਫੈਸਲਾ ਵਿਧਾਨ ਪ੍ਰੀਸ਼ਦ (ਹਿਦੂ ਬਹੁਗਿਣਤੀ) ਕਰੇਗੀ ਕਿ ਕਿਹੜੇ ਕਿਹੜੇ ਮਹਿਕਮਿਆਂ ਦੇ ਅਧਿਕਾਰ ਕੇਂਦਰ ਕੋਲ ਰਹਿਣਗੇ। ਜਿਸਦਾ ਸਾਫ ਮਤਲਬ ਇਹ ਸੀ ਕਿ ਅੰਗਰੇਜ਼ਾਂ ਦੇ ਜਾਣ ਮਗਰੋਂ ਰਾਜ ਨਿਰੋਲ ਹਿਦੂਆਂ ਦੀ ਮਰਜ਼ੀ ਨਾਲ ਚਲੇਗਾ, ਕੜਾ-ਕਾਨੂਨ ਕੋਈ ਨਹੀਂ। ਉਸ ਦਿਨ ਤੋਂ ਬਾਅਦ ਮਿ: ਜਿਨਾਹ ਨੇ ਕਿਸੇ ਕਿਸਮ ਦਾ ਸਮਝੌਤਾ ਕਰਨ ਤੋਂ ਨਾਂਹ ਕਰ ਦਿਤੀ ਅਤੇ ਅੰਗਰੇਜ਼ਾਂ ਨੂੰ ਕਿਹਾ:

> Let the British, before they quit, make an award giving the Muslims their own bit of country, however small it might be, and they would live there, if neccessary on one meal a day.
>
> ਅੰਗਰੇਜ਼ ਜਾਣ ਤੋਂ ਪਹਿਲਾਂ, ਸਾਨੂੰ ਆਪਣੇ ਹਿਸੇ ਦਾ ਮੁਲਕ ਵੰਡ ਕੇ ਦੇਣ, ਭਾਵੇਂ ਉਹ ਕਿਤਨਾ ਛੋਟਾ ਵੀ ਕਿਉਂ ਨਾ ਹੋਵੇ, ਮੁਸਲਮਾਨ ਉਸੇ ਵਿਚ ਸੰਤੋਖ ਕਰ ਲੈਣਗੇ ਅਤੇ ਜੇ ਲੋੜ ਪਈ ਤਾਂ ਇਕ ਵੇਲੇ ਦੀ ਰੋਟੀ ਖਾਕੇ ਵੀ ਗੁਜ਼ਾਰਾ ਕਰ ਲੈਣਗੇ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ 6 ਜੁਲਾਈ 1946 ਦੀ ਕਾਨਫਰੰਸ ਤੋਂ, ਜਿਥੇ 25 ਪ੍ਰਤੀਸ਼ਤ ਵਸੋਂ ਵਾਲੀ ਕੌਮ ਦੇ ਕੰਨਾਂ ਵਿਚ ਖਤਰੇ ਦੀਆਂ ਘੰਟੀਆਂ ਵਜੀਆਂ ਅਤੇ ਉਨ੍ਹਾਂ ਕਿਸੇ ਕੀਮਤ ਤੇ ਵੀ

ਕਾਂਗਰਸ ਨਾਲ ਸਮਝੌਤਾ ਕਰਨ ਤੋਂ ਨਾਂਹ ਕਰ ਦਿਤੀ, ਉਥੇ 2 ਪ੍ਰਤੀਸ਼ਤ ਤੋਂ ਵੀ ਘਟ ਵਸੋਂ ਵਾਲੀ ਸਿਖ ਕੌਮ ਦੇ ਲੀਡਰ ਉਨ੍ਹਾਂ ਹੀ ਘੰਟੀਆਂ ਦੀ ਗੂੰਜ ਨਾਲ ਸੁਆਰਥ ਦੀ ਮਸਤੀ ਵਿਚ ਝੂਮਦੇ ਰਹੇ।

ਪੰਡਤ ਨਹਿਰੂ ਵਰਗੇ ਸਿਆਸਤਦਾਨ ਹਮੇਸ਼ਾ ਇਸ ਵਿਚਾਰ ਦੇ ਧਾਰਨੀ ਰਹੇ ਹਨ ਕਿ ਸਚ ਕਦੀ ਸਪਸ਼ਟ ਬੋਲਣਾ ਨਹੀਂ ਅਤੇ ਧੋਖਾ ਦੇਣ ਤੇ ਵਿਸ਼ਵਾਸਘਾਤ ਕਰਨ ਦੇ ਸਾਰੇ ਰਾਹ ਖੁੱਲ੍ਹੇ ਰਖਣੇ ਹਨ। ਸੰਨ 1947 ਤੋਂ ਪਹਿਲਾਂ, ਨਹਿਰੂ ਨੇ ਸੈਂਟਰਲ ਅਸੈਂਬਲੀ ਦਿੱਲੀ ਵਿਚ ਬੋਲਦਿਆਂ ਇਕ ਵਾਰੀ ਇਂਜ ਕਿਹਾ ਸੀ:

> **ਬਾਤ ਵੁਹ ਕਹੀਏ ਕਿ ਜਿਸ ਬਾਤ ਕੇ ਸੌ ਪਹਿਲੂ ਹੋਂ,**
> **ਕੋਈ ਪਹਿਲੂ ਤੋਂ ਰਹੇ ਬਾਤ ਬਦਲਨੇ ਕੇ ਲੀਏ।**

ਸੰਨ 1946 ਦੀ ਲਖਨਊ ਕਾਨਫਰੰਸ ਵਿਚ ਗਿਆਨੀ ਸ਼ੇਰ ਸਿੰਘ ਜੀ ਸਿੱਖਾਂ ਦੇ ਪ੍ਰਤੀਨਿਧ ਵਜੋਂ ਸ਼ਾਮਲ ਹੋਏ ਸਨ। ਪੰਡਤ ਮਦਨ ਮੋਹਨ ਮਾਲਵੀਆ ਨੇ ਗਿਆਨੀ ਜੀ ਨੂੰ ਇਕੱਲਿਆਂ ਕਰਕੇ ਕਿਹਾ:

> ਗਿਆਨੀ ਜੀ, ਆਪ ਚਿੰਤਾ ਨਾ ਕਰੇਂ, ਅੰਗਰੇਜ਼ੋਂ ਕੋ ਚਲਾ ਜਾਨੇ ਦੋ, ਹਮ ਕੇਵਲ ਵਿਦਿਆ ਪ੍ਰਣਾਲੀ ਮੇਂ ਹੀ ਸੰਸ਼ੋਧਨ ਕਰਕੇ, ਮੁਸਲਮਾਨੋਂ ਕੀ ਸਾਰੀ ਮੁਸਲਮਾਨੀ ਨਿਕਾਲ ਦੇਂਗੇ।

ਮੁਸਲਮਾਨ ਤਾਂ ਸੂਝਵਾਨ ਨਿਕਲੇ, ਜਿਹੜੇ ਇਨ੍ਹਾਂ ਫ਼ਰੇਬੀਆਂ ਦੇ ਜਾਲ ਵਿਚ ਨਹੀਂ ਫਸੇ। ਉਹਨਾਂ ਆਪਣਾ ਕੌਮੀ ਘਰ ਲੈਕੇ ਆਪਣੀ ਮੁਸਲਮਾਨੀ ਨੂੰ ਕਾਇਮ ਕਰ ਵਿਖਾਇਆ।

ਬਾਕੀ ਰਹਿ ਗਏ ਸਨ ਸਿੱਖ, ਜਿਨ੍ਹਾਂ ਦੀ ਸਿੱਖੀ ਨੂੰ ਖਤਮ ਕਰਨ ਲਈ ਹਿੰਦੂ ਵੱਲੋਂ ਉਹੀ ਹਥਕੰਡੇ ਵਰਤੇ ਗਏ ਜਿਹੜੇ ਮੁਸਲਮਾਨਾਂ ਦੀ ਮੁਸਲਮਾਨੀ ਨੂੰ ਖਤਮ ਕਰਨ ਲਈ ਸੋਚੇ ਗਏ ਸਨ।

ਹੁਣ ਅਸੀਂ ਕਾਂਗਰਸ ਦੇ ਕੀਤੇ ਵਾਹਦਿਆਂ ਦਾ ਅਧਿਅਨ ਕਰਦੇ ਹਾਂ ਜਿਨ੍ਹਾਂ ਦੁਆਰਾ ਇਨ੍ਹਾਂ ਨੇ ਸਾਡੇ ਲੀਡਰਾਂ ਨੂੰ ਸਬਜ਼ ਬਾਗ ਦਿਖਾਏ ਅਤੇ ਉਨ੍ਹਾਂ ਨੂੰ ਆਪਣੇ ਨਾਲ ਲਾਈ ਰਖਣ ਵਿਚ ਕਾਮਯਾਬ ਰਹੇ।

ਸੰਨ 1929 ਵਿਚ ਲਾਹੌਰ ਵਿਖੇ ਸਰਬ ਹਿੰਦ ਕਾਂਗਰਸ ਦਾ ਇਜਲਾਸ ਹੋਇਆ। ਇਸਤੋਂ ਇਕ ਦਿਨ ਪਹਿਲਾਂ ਸਿੱਖਾਂ ਨੇ ਆਪਣੇ ਲੀਡਰ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਵਿਚ ਪੰਜ ਲੱਖ ਸਿੰਘ ਸਿੰਘਣੀਆਂ ਨਾਲ ਜਲੂਸ ਕਢਿਆ, ਜਿਸ ਬਾਬਤ 'ਟਾਈਮਜ਼' ਲੰਡਨ ਨੇ ਇੰਜ ਲਿਖਿਆ ਸੀ:

> A most impressive spectable of human congregation that put the congress show into shame and shade.
>
> ਮਹਾਨ ਸ਼ਾਨਦਾਰ ਜਲੂਸ ਦੀ ਸ਼ਾਨ ਦੇ ਸਾਹਮਣੇ ਕਾਂਗਰਸ ਦੀ ਜਲਸੀ ਸ਼ਰਮ ਨਾਲ ਫਿਕੀ ਪੈ ਗਈ।

ਦੂਜੇ ਦਿਨ ਗਾਂਧੀ, ਮੋਤੀ ਲਾਲ ਨਹਿਰੂ ਅਤੇ ਜਵਾਹਰ ਲਾਲ ਨਹਿਰੂ ਬਾਬਾ ਖੜਕ ਸਿੰਘ ਦੇ ਨਿਵਾਸ ਅਸਥਾਨ ਗਏ ਅਤੇ ਇਹ ਵਾਹਦਾ ਕੀਤਾ ਜਿਸਦਾ ਬਾਕਾਇਦਾ ਆਪਣੇ ਅਜਲਾਸ ਵਿਚ ਮਤਾ ਵੀ ਪਾਸ ਕੀਤਾ ਅਤੇ ਜਿਸ ਦੀ 1947 ਤਕ ਕਈ ਵਾਰ ਪੁਸ਼ਟੀ ਵੀ ਕੀਤੀ:

> After India achieves political freedom, no Constitution shall be formed by the majority community unless it is freely

acceptable to the Sikhs.

ਜਦੋਂ ਹਿਦੁਸਤਾਨ ਆਜ਼ਾਦ ਹੋ ਜਾਵੇਗਾ, ਕੋਈ ਵਿਧਾਨ ਅਜਿਹਾ ਨਹੀਂ ਬਣਾਇਆ ਜਾਵੇਗਾ ਜਿਹੜਾ ਕਿ ਸਿਖਾਂ ਨੂੰ ਮਨਜ਼ੂਰ ਨਾ ਹੋਵੇ।

13 ਮਾਰਚ, 1931 ਨੂੰ ਗਾਂਧੀ ਨੇ ਸੀਸਗੰਜ ਗੁਰਦਵਾਰਾ ਸਾਹਿਬ ਦਿੱਲੀ ਵਿਖੇ ਆਪਣੇ ਭਾਸ਼ਣ ਵਿਚ ਸਿਖ ਸੰਗਤਾਂ ਨੂੰ ਇੰਜ ਵਿਸ਼ਵਾਸ ਦਿਵਾਇਆ ਸੀ:

ਕਾਂਗਰਸ ਕਦੀ ਸਿਖਾਂ ਨਾਲ ਵਿਸ਼ਵਾਸਘਾਤ ਨਹੀਂ ਕਰੇਗੀ ਅਤੇ ਲਾਹੌਰ ਦੇ ਮਤੇ ਅਨੁਸਾਰ ਕੋਈ ਸੰਵਿਧਾਨ ਅਜਿਹਾ ਨਹੀਂ ਬਣਾਇਆ ਜਾਵੇਗਾ ਜੋ ਸਿਖਾਂ ਨੂੰ ਪ੍ਰਵਾਨ ਨਾ ਹੋਵੇ। ਜੇ ਕਾਂਗਰਸ ਵਿਸ਼ਵਾਸਘਾਤ ਕਰੇ ਤਾਂ ਆਪਣੀ ਮੌਤ ਆਪ ਸਹੇੜੇਗੀ। ਸਿੱਖਾਂ ਨੂੰ ਹੱਕ ਹੋਵੇਗਾ ਕਿ ਉਹ ਹੱਥ ਵਿਚ ਤਲਵਾਰ ਲੈਕੇ, ਆਪਣੇ ਹੱਕਾਂ ਲਈ ਬਗ਼ਾਵਤ ਕਰਨ। ਪਰਮਾਤਮਾ ਅਤੇ ਮਨੁੱਖ ਜਾਤੀ ਉਹਨਾਂ ਦੀ ਸਹਾਇਤਾ ਕਰਣਗੇ।

ਸੰਨ 1937 ਦੇ ਕਾਂਗਰਸ ਦੇ ਕਲਕੱਤਾ ਅਜਲਾਸ ਵਿਚ ਇਹ ਮਤਾ ਪਾਸ ਕੀਤਾ ਗਿਆ:

The main purpose of creating the linguistic states is that the culture, language and script of minorities and of the linguistic area shall be protected.

ਬੋਲੀ ਦੇ ਅਧਾਰ ਤੇ ਸੂਬੇ ਬਨਾਣ ਦਾ ਮੁਖ ਮੰਤਵ ਘਟ ਗਿਣਤੀ ਦੀ ਬੋਲੀ ਅਤੇ ਸਭਿਆਚਾਰਕ ਪੱਖਾਂ ਦੀ ਰਾਖੀ ਕਰਨਾ ਹੈ।

5 ਅਪਰੈਲ 1945 ਨੂੰ ਨਹਿਰੂ ਨੇ ਅਖਬਾਰੀ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਇਹ ਬਿਆਨ ਦਿੱਤਾ ਸੀ:

Distribution of provincial boundaries are essential and inevitable .... I stand for same autonomous unit as well. If Sikhs desire to function as such a unit, I should like them to have a same autonomous unit in the province so that they may have a sense of freedom.

ਸੂਬਿਆਂ ਦੀ ਹਦਬੰਦੀ ਦੀ ਵੰਡ ਬਹੁਤ ਜ਼ਰੂਰੀ ਤੇ ਲਾਜ਼ਮੀ ਹੈ। ਮੈਂ ਇਸ ਮੰਗ ਦਾ ਹਮਾਇਤੀ ਹਾਂ .... ਮੈਂ ਖੁਦਮੁਖਤਿਆਰ ਖਿਤੇ ਦੇ ਹੱਕ ਵਿਚ ਹਾਂ। ਜੇ ਸਿਖ ਅਜੇਹੇ ਖਿਤੇ ਵਿਚ ਰਹਿਣਾ ਪਸੰਦ ਕਰਨ ਤਾਂ ਮੈਨੂੰ ਅਜੇਹਾ ਖਿਤਾ ਦੇਕੇ ਖੁਸ਼ੀ ਹੋਵੇਗੀ ਤਾਂ ਜੋ ਸਿਖ ਆਪਣੇ ਆਪ ਨੂੰ ਅਜ਼ਾਦ ਮਹਿਸੂਸ ਕਰ ਸਕਣ।

6 ਜੁਲਾਈ 1946 ਨੂੰ ਸਰਬ ਹਿੰਦ ਕਾਂਗਰਸ ਦਾ ਜਲਸਾ ਕਲਕਤੇ ਵਿਚ ਹੋਇਆ ਜਿਸ ਵਿਚ ਸਿੱਖਾਂ ਨਾਲ ਕੀਤੇ ਗਏ ਰਾਜਸੀ ਵਾਹਦਿਆਂ ਨੂੰ ਦੁਹਰਾਇਆ ਗਿਆ। ਇਸੇ ਹੀ ਦਿਨ ਕਾਂਗਰਸ ਦੇ ਪ੍ਰਧਾਨ ਨਹਿਰੂ ਨੇ ਫੱਫੇਕੁਟਣੀ ਵਾਲੇ ਸ਼ਾਨਦਾਰ ਸ਼ਬਦਾਂ ਨਾਲ ਪ੍ਰੈਸ ਕਾਨਫਰੰਸ ਵਿਚ ਇੰਜ ਬਿਆਨ ਦਿੱਤਾ:

The brave Sikhs of the Punjab are entitled to special consideration. I see nothing wrong in an area and a setup in

the North wherein the Sikhs can also experience the glow of freedom.

ਪੰਜਾਬ ਦੇ ਬਹਾਦਰ ਸਿਖ ਵਿਸ਼ੇਸ਼ ਸਲੂਕ ਦੇ ਅਧਿਕਾਰੀ ਹਨ। ਮੈਨੂੰ ਇਸ ਵਿਚ ਕੋਈ ਆਪੱਤੀ ਨਹੀਂ ਦਿਸਦੀ ਕਿ ਹਿੰਦੁਸਤਾਨ ਦੇ ਉੱਤਰ ਵਿਚ ਇਕ ਅਜਿਹਾ ਇਲਾਕਾ ਵਖਰਾ ਕਰ ਦਿੱਤਾ ਜਾਵੇ ਜਿਥੇ ਕਿ ਸੁਤੰਤਰਤਾ ਦਾ ਨਿੱਘ ਸਿਖਾਂ ਦੇ ਲਹੂ ਨੂੰ ਵੀ ਗਰਮਾਵੇ।

9 ਦਸੰਬਰ 1946 ਨੂੰ ਹਿੰਦੁਸਤਾਨ ਦੀ ਵਿਧਾਨਕ ਅਸੈਂਬਲੀ ਦੀ ਪਹਿਲੀ ਬੈਠਕ ਦਿਲੀ ਵਿਚ ਹੋਈ ਜਿਸਦੇ ਪ੍ਰਧਾਨ ਬਾਬੂ ਰਾਜਿੰਦਰ ਪ੍ਰਸ਼ਾਦ ਸਨ। ਪੰਡਤ ਨਹਿਰੂ ਨੇ ਜਿਹੜਾ ਪਹਿਲਾ ਤੇ ਬੁਨਿਆਦੀ ਮਤਾ ਪੇਸ਼ ਕੀਤਾ ਸੀ ਉਸ ਵਿਚ ਹੇਠ ਲਿਖੀਆਂ ਸਤਰਾਂ ਮੌਜੂਦ ਹਨ:

Adequate safeguards would be provided for minorities. ...... It was a declaration, a pledge and an understanding before the world, a contract with millions of Indians, and therefore, in the nature of an oath, which we must keep.

ਘੱਟ ਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਰਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ। ਇਹ ਸਾਡਾ ਐਲਾਨ ਹੈ, ਇਹ ਸਾਡਾ ਪ੍ਰਣ ਹੈ ਤੇ ਇਹ ਸਾਡਾ ਬਚਨ ਹੈ ਜੋ ਅਸੀਂ ਸਾਰੇ ਸੰਸਾਰ ਦੇ ਰੂਬਰੂ ਹਿੰਦੁਸਤਾਨ ਦੇ ਕਰੋੜਾਂ ਸ਼ਹਿਰੀਆਂ ਨੂੰ ਦਿੰਦੇ ਹਾਂ ਇਸ ਲਈ ਇਹ ਇਕ ਪਵਿਤਰ ਸੌਗੰਦ ਹੈ ਜਿਸਦੀ ਪਾਲਣਾ ਕਰਨਾ ਸਾਡਾ ਧਰਮ ਹੈ।

ਜੁਲਾਈ 1947 ਨੂੰ ਜਦ ਦੇਸ਼ ਦੀ ਵੰਡ ਦਾ ਪੱਕਾ ਫੈਸਲਾ ਹੋ ਗਿਆ ਤਾਂ ਅਣਵੰਡੇ ਪੰਜਾਬ ਦੀ ਲੈਜਿਸਟਿਵ ਅਸੈਂਬਲੀ ਦੇ ਹਿੰਦੂ ਤੇ ਸਿਖ ਮੈਂਬਰਾਂ ਦੀ ਇਕ ਬੈਠਕ ਦਿੱਲੀ ਵਿਚ ਹੋਈ ਜਿਥੇ ਕਿ ਉਨ੍ਹਾਂ ਨੇ ਸਰਬ ਸੰਮਤੀ ਨਾਲ ਹਿੰਦੁਸਤਾਨ ਦੀ ਵੰਡ ਦੀ ਯੋਜਨਾ ਦੀ ਪੁਸ਼ਟੀ ਕੀਤੀ। ਉਸੇ ਮਤੇ ਵਿਚ ਇਹ ਸ਼ਬਦ ਵੀ ਅੰਕਤ ਹਨ:

In the divided Indian Punjab, special constitutional measures are imperative to meet just aspirations and rights of the Sikhs.

ਹਿੰਦੁਸਤਾਨ ਦੀ ਵੰਡ ਤੋਂ ਪਿਛੋਂ ਪੰਜਾਬ ਦਾ ਜੋ ਭਾਗ ਭਾਰਤ ਵਿਚ ਰਹਿ ਜਾਵੇਗਾ ਉਸ ਵਿਚ ਇਹ ਅਤੀ ਜ਼ਰੂਰੀ ਹੈ ਕਿ ਸਿਖਾਂ ਦੇ ਵਿਸ਼ੇਸ਼ ਰਾਜਸੀ ਅਧਿਕਾਰਾਂ ਨੂੰ ਸੁਰਖਿਅਤ ਕਰਨ ਦਾ ਬਾਨ੍ਹਣੂ ਬੰਨ੍ਹਿਆ ਜਾਏ।

ਆਪਣੀ ਸਵਾਰਥ ਸਿਧੀ ਲਈ ਅਤੇ ਵੇਲਾ ਟਪਾਉਣ ਲਈ ਝੂਠੀਆਂ ਸੌਗੰਦਾਂ ਖਾ ਲੈਣੀਆਂ ਕਾਂਗਰਸੀ ਹਿੰਦੂਆਂ ਲਈ ਕੋਈ ਨਵੀਂ ਗੱਲ ਨਹੀਂ। ਪਰੰਤੂ ਆਜ਼ਾਦੀ ਮਿਲਦਿਆਂ ਹੀ ਜਿਸ ਸ਼ਰਮਨਾਕ ਤੇ ਯੋਜਨਾਬਧ ਢੰਗ ਨਾਲ ਸਿਖਾਂ ਨੂੰ ਹੀਣੇ ਬਣਾ ਕੇ ਅਧੀਨ ਰਖਣ ਦੇ ਬਾਨ੍ਹਣੂ ਬੰਨ੍ਹੇ ਗਏ, ਉਸ ਤੋਂ ਸਪਸ਼ਟ ਜ਼ਾਹਰ ਹੁੰਦਾ ਹੈ ਕਿ ਵਿਸਾਹਘਾਤ ਦੀਆਂ ਇਹ ਨਾਪਾਕ ਸਕੀਮਾਂ ਉਦੋਂ ਹੀ ਨਾਲ ਨਾਲ ਘੜੀਆਂ ਜਾ ਰਹੀਆਂ ਸਨ ਜਦੋਂ ਸਾਡੇ ਮੂੜ੍ਹ ਤੇ ਸਵਾਰਥੀ ਲੀਡਰਾਂ ਨੂੰ ਸਬਜ਼ ਬਾਗ਼ ਵਿਖਾਏ ਜਾ ਰਹੇ ਸਨ, ਜਿਸਦਾ ਵਿਚਾਰ ਅਸੀਂ ਹੁਣ ਅਗਲੇ ਕੁਝ ਪਤਰਿਆਂ ਵਿਚ ਕਰਾਂਗੇ।

ਖਾਲਸੇ ਨਾਲ ਵਿਸਾਹਘਾਤ

15 ਅਗਸਤ, 1947 ਨੂੰ ਹਿੰਦੁਸਤਾਨ ਦੀ ਅਜ਼ਾਦੀ ਵਾਲੇ ਦਿਨ, ਪੰਜਾਬ ਦੀ ਵੰਡ ਦਾ ਕੁਹਾੜਾ ਸਿੱਖ ਕੌਮ ਤੇ ਆ ਡਿਗਿਆ ਜਿਸ ਨੇ ਸਿੱਖ ਕੌਮ ਦਾ ਲੱਕ ਤੋੜ ਕੇ ਰਖ ਦਿੱਤਾ। ਇਸ ਤਰ੍ਹਾਂ ਸਿਖ ਕੌਮ ਦੀ ਤਕਦੀਰ ਦੇ ਭਿਆਨਕ ਦੁਖਾਂਤ ਦਾ ਪਹਿਲਾ ਵਰਕਾ ਖੁੱਲ੍ਹਿਆ।

ਵੰਡ ਵੇਲੇ, ਸਿਖ ਕੌਮ ਦੀ ਹੀ ਬੁਰੀ ਤਰ੍ਹਾਂ ਕੱਟ-ਵਢ ਹੋਈ। ਤਿੰਨ ਲੱਖ ਤੋਂ ਵਧ ਸਿਖ ਜਵਾਨਾਂ, ਇਸਤ੍ਰੀਆਂ, ਬੱਚਿਆਂ ਤੇ ਬਜ਼ੁਰਗਾਂ ਨੂੰ ਆਪਣੀਆਂ ਜਾਨਾਂ ਦੀਆਂ ਆਹੂਤੀਆਂ, ਹਿੰਦੂ ਰਾਖਸ਼ ਸਾਮਰਾਜ ਨੂੰ ਆਜ਼ਾਦ ਕਰਾਉਣ ਲਈ, ਦੇਣੀਆਂ ਪਈਆਂ। ਪੱਛਮੀ ਪੰਜਾਬ ਤੋਂ ਮੌਤ ਦੇ ਮੂੰਹ ਵਿਚੋਂ ਨਿਕਲਕੇ, ਲਗਪਗ ਚਾਲੀ ਲਖ ਸਿਖਾਂ ਨੂੰ ਅਜ਼ਾਦੀ ਦਾ ਮੁਲ ਤਾਰਨ ਲਈ, ਅਰਬਾਂ ਖਰਬਾਂ ਦੀਆਂ ਜੱਦੀ ਜਾਇਦਾਦਾਂ, ਫੈਕਟਰੀਆਂ, ਕਾਰਖਾਨੇ, ਦੁਕਾਨਾਂ ਦੇ ਕਾਰੋਬਾਰ ਅਤੇ ਸਤਾਠ ਲੱਖ ਏਕੜ ਉਪਜਾਊ ਜ਼ਮੀਨ ਛੱਡਕੇ ਆਉਣਾ ਪਿਆ। ਸਿਖ ਕੌਮ ਨੂੰ ਆਪਣੇ ਪਵਿਤਰ ਗੁਰਧਾਮਾਂ ਦਾ ਸਾਰਾ ਵਿਰਸਾ ਛੱਡਣਾ ਪਿਆ ਜਿਸਦਾ ਘਾਟਾ ਦੁਨੀਆਂ ਦੀ ਕੋਈ ਚੀਜ਼ ਪੂਰਿਆਂ ਨਹੀਂ ਕਰ ਸਕਦੀ।

ਸੰਸਾਰ ਦੇ ਇਤਿਹਾਸ ਵਿਚ, ਇਤਨੀ ਵਡੀ ਵਸੋਂ ਦੀ ਅਦਲਾ ਬਦਲੀ, ਇਸ ਪਧੱਰ ਦੀ, ਕਿਸੇ ਦੇਸ਼ ਵਿਚ, ਕਦੀ ਵੀ ਨਹੀਂ ਸੀ ਹੋਈ ਜਿਸ ਤਰ੍ਹਾਂ ਕਿ ਹਿੰਦੁਸਤਾਨ ਦੀ ਆਜ਼ਾਦੀ ਵੇਲੇ ਹੋਈ। ਮਾਰਧਾੜ, ਲੁੱਟ-ਮਾਰ ਤੇ ਕਤਲਾਮ ਦੀਆਂ ਹਨੇਰੀਆਂ ਝੁੱਲ੍ਹੀਆਂ। ਲੱਖਾਂ ਸਿਖਾਂ ਨੂੰ ਉਜੜਕੇ ਆਪਣਾ ਸਭ ਕੁਝ ਛਡ-ਛਡਾ ਕੇ ਕੈਂਪਾਂ ਵਿਚ ਰੁਲਣਾ ਪਿਆ। ਪੀੜਤ ਲੋਕ ਆਪਣੇ ਪਰਵਾਰ ਦੇ ਮੈਂਬਰਾਂ ਦੀਆਂ ਵਾਰੀਆਂ ਜਾਨਾਂ ਦੀ ਪੀੜਾ ਨਾਲ ਸਹਿਕ ਰਹੇ ਸਨ। ਪਛਮੀ ਪੰਜਾਬ ਤੋਂ ਉਜੜਕੇ, ਲੱਖਾਂ ਤੋਂ ਕੱਖ ਹੋ ਕੇ, ਘਰੋਂ ਬੇਘਰ ਹੋ ਕੇ, ਆਪਣੇ ਜੱਦੀ ਕਾਰੋਬਾਰ ਛਡਕੇ ਤੇ ਆਪਣੇ ਰਿਸ਼ਤੇਦਾਰਾਂ ਦੀਆਂ ਜਾਨਾਂ ਵਾਰਕੇ ਪ੍ਰਾਪਤ ਕੀਤੀ ਅਜ਼ਾਦੀ ਦਾ ਲੇਖਾ-ਜੋਖਾ ਕਰ ਰਹੇ ਸਨ। ਆਪਣੇ ਦੁਖਾਂ ਤੇ ਗ਼ਮਾਂ ਦੀ ਪੀੜਾ ਨੂੰ ਦੂਰ ਕਰਨ ਲਈ 'ਅਜ਼ਾਦ ਹੋ ਜਾਣ ਦੀ ਤਸੱਲੀ' ਦੀ ਮੱਲ੍ਹਮ ਆਪਣੇ ਜ਼ਖਮਾਂ ਤੇ ਲਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਸੀ ਸੰਖੇਪ ਪਰ ਦੁਖ ਭਰੀ ਕਹਾਣੀ ਕੈਂਪਾਂ ਵਿਚ ਰੁਲ ਰਹੇ ਇਨ੍ਹਾਂ ਪੀੜਤ ਲੋਕਾਂ ਦੀ ਜੋ ਅਜ਼ਾਦੀ ਦੇ ਸੁਪਨਿਆਂ ਦੇ ਮਹਿਲ ਉਸਾਰ ਕੇ ਜੀਉਣ ਦੀ ਕੋਸ਼ਿਸ ਕਰ ਰਹੇ ਸਨ।

ਹੁਣ ਅਸੀਂ ਵਿਚਾਰਨਾ ਹੈ ਕਿ ਦੇਸ਼ ਦੀ ਵਾਗ-ਡੋਰ ਲੈਣ ਵਾਲੇ ਲੀਡਰ, ਇਨ੍ਹਾਂ ਪੀੜਤ ਲੋਕਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਹਿਤ ਕਿਹੜੇ ਕਿਹੜੇ ਕਦਮ ਚੁੱਕ ਰਹੇ ਸਨ।

ਕਾਂਗਰਸੀ ਹਿੰਦੂ ਲੀਡਰ ਜਦੋਂ ਸਿਖ ਬਹਾਦਰਾਂ ਨੂੰ ਸਪੈਸ਼ਲ ਖਿਤੇ ਦੇਣ ਦੇ ਲਾਰੇ ਲਾ ਰਹੇ ਸਨ ਉਦੋਂ ਹੀ ਇਨ੍ਹਾਂ ਵੱਲੋਂ ਸਿੱਖਾਂ ਦੀ ਹੋਂਦ ਨੂੰ ਧੁੰਧਲਾਉਣ ਦੀਆਂ ਸਕੀਮਾਂ ਤਿਆਰ ਕਰਨ ਦੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਸਨ। ਅਜ਼ਾਦੀ ਮਿਲਣ ਤਕ ਕਾਂਗਰਸ ਦੀ ਸਿਖ ਨੀਤੀ ਪੂਰਨ ਤੌਰ ਤੇ ਵਜੂਦ ਵਿਚ ਆ ਚੁੱਕੀ ਸੀ ਅਤੇ ਰਾਜ ਸੱਤਾ ਹੱਥਾਂ ਵਿਚ ਆਉਂਦਿਆਂ ਹੀ ਉਸ ਨੀਤੀ ਨੂੰ ਲਾਗੂ ਕਰਨ ਦੇ ਆਦੇਸ਼ ਦੇ ਦਿੱਤੇ ਗਏ ਸਨ।

ਰਾਜਸੱਤਾ 15 ਅਗਸਤ, 1947 ਵਾਲੇ ਦਿਨ ਕਾਂਗਰਸ ਦੇ ਹੱਥਾਂ ਵਿਚ ਆਈ। ਕੇਂਦਰੀ ਤੇ ਸਾਰੀਆਂ ਸੂਬਕ ਰਾਜ-ਪ੍ਰਣਾਲੀਆਂ ਨੂੰ ਬਹਾਲ ਕਰਨ ਦੇ ਮਹਾਨ ਕੰਮ ਉਪਰੰਤ ਲਖਾਂ ਉੱਜੜ ਕੇ ਆਏ ਸ਼ਰਨਾਰਥੀਆਂ ਦੇ ਵਸੇਬੇ ਦੇ ਪ੍ਰਬੰਧ ਦਾ ਮਸਲਾ ਵੀ ਮੂੰਹ ਅੱਡੀ ਖੜੋਤਾ ਸੀ। ਇਸਦੇ ਬਾਵਜੂਦ ਸਿਖ-ਮਾਰੂ ਨੀਤੀ ਦੀਆਂ ਹਦਾਇਤਾਂ ਸੰਬੰਧਤ ਉਚ ਸਰਕਾਰੀ ਅਫਸਰਾਂ ਕੋਲ 8 ਅਕਤੂਬਰ, 1947 ਤਕ

ਪਹੁੰਚਾ ਦੇਣੀਆਂ, ਸਾਬਤ ਕਰਦਾ ਹੈ ਕਿ ਇਹ ਨੀਤੀ, ਬੜੇ ਉੱਚ ਪੱਧਰ ਤੇ ਯੋਜਨਾ-ਬੱਧ ਢੰਗ ਨਾਲ ਕਾਫ਼ੀ ਵਕਤ ਲਾਕੇ ਤਿਆਰ ਕੀਤੀ ਗਈ ਸੀ। ਉਹ 'ਸਿਖ-ਮਾਰੂ ਨੀਤੀ' ਕੀ ਸੀ? ਇਸਦਾ ਅੰਦਾਜ਼ਾ, ਆਪਣੀ ਕਲਪਨਾ ਅਨੁਸਾਰ, ਪਾਠਕ ਜਨ, ਉਨ੍ਹਾਂ ਹਦਾਇਤਾਂ ਤੋਂ ਲਗਾ ਸਕਦੇ ਹਨ ਜਿਹੜੀਆਂ ਪੰਜਾਬ ਦੇ ਰਾਜਪਾਲ ਚੰਦੂ ਲਾਲ ਤ੍ਰਿਵੇਦੀ ਨੇ 8 ਅਕਤੂਬਰ, 1947 ਨੂੰ ਪੰਜਾਬ ਸਰਕਾਰ ਦੇ ਸਕੱਤਰਾਂ, ਡਿਪਟੀ ਕਮਿਸ਼ਨਰਾਂ ਅਤੇ ਪੁਲਸ ਕਪਤਾਨਾਂ ਦਾ ਸੰਮੇਲਨ ਬੁਲਾਕੇ ਜਲੰਧਰ ਵਿਚ ਦਿੱਤੀਆਂ ਇਨ੍ਹਾਂ ਹਦਾਇਤਾਂ ਦਾ ਪਿਛੋਕੜ ਇਹ ਸੀ ਕਿ ਲੋਕਾਂ ਨੇ ਕਾਨੂੰਨ ਆਪਣੇ ਹੱਥ ਵਿਚ ਲੈ ਲਿਆ ਹੈ, ਇਸਲਈ ਸਰਕਾਰੀ ਸੱਤਾ ਨੂੰ ਕਾਇਮ ਕਰਣ ਲਈ ਚਾਲੂ ਕਾਨੂੰਨਾਂ ਨੂੰ ਵੀ ਅੱਖੋਂ ਉਹਲੇ ਕਰਕੇ ਸਖਤੀ ਤੋਂ ਕੰਮ ਲਿਆ ਜਾਵੇ, ਭਾਵ:

> ਜਦੋਂ ਤੁਸੀਂ ਕੋਈ ਅਜਿਹਾ ਬੰਦਾ ਵੇਖੋ, ਉਸ ਨੂੰ ਥਾਂ ਤੇ ਹੀ ਗੋਲੀ ਮਾਰ ਦਿਓ। ਜਦੋਂ ਤੁਸੀਂ ਕੋਈ ਅਜਿਹੇ ਬੰਦੇ ਵੇਖੋ, ਉਨ੍ਹਾਂ ਨੂੰ ਰਿਹਾਸਤ ਵਿਚ ਲੈ ਲੈਣ ਦੇ ਹੁਕਮ ਜਾਰੀ ਕਰੋ ਅਤੇ ਜਾਂ ਫਿਰ ਉਨ੍ਹਾਂ ਨੂੰ ਠੀਕ ਕਰਨ ਲਈ ਜੋ ਮਨ ਵਿਚ ਆਵੇ ਕਰੋ ਅਤੇ ਆਪਣੇ ਅਫ਼ਸਰਾਂ ਨੂੰ ਹਿਦਾਇਤਾਂ ਕਰ ਦਿਓ ਕਿ ਉਹ ਭੀ ਇਉਂ ਹੀ ਕਰਨ, ਸਰਕਾਰ ਤੁਹਾਡੀ ਪੂਰੀ ਪੁਸ਼ਤ-ਪਨਾਹੀ ਕਰੇਗੀ।

ਇਸ ਘੜੀ ਗਈ 'ਸਿਖ-ਮਾਰੂ ਨੀਤੀ' ਅਨੁਸਾਰ, ਇਹ ਹਦਾਇਤਾਂ ਲਿਖਤੀ ਰੂਪ ਵਿਚ ਨਹੀਂ ਸੀ ਦਿੱਤੀਆਂ ਜਾ ਸਕਦੀਆਂ ਪਰੰਤੂ ਜ਼ਿਲਾ ਅਫ਼ਸਰਾਂ ਨੂੰ ਸਖਤੀ ਤੇ ਕਰੜਾਈ ਨਾਲ ਇਸ ਨੀਤੀ ਤੇ ਅਮਲ ਕਰਨ ਦੀਆਂ ਗੈਰ ਕਾਨੂੰਨੀ ਹਦਾਇਤਾਂ ਜ਼ਬਾਨੀ ਦਿੱਤੀਆਂ ਗਈਆਂ ਸਨ। ਤੀਜੇ ਦਿਨ 10 ਅਕਤੂਬਰ, 1947 ਨੂੰ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਲਿਖਤੀ ਰੂਪ ਵਿਚ ਇਕ ਗੁਪਤ ਪੱਤਰ ਭੇਜਿਆ ਗਿਆ ਜਿਸ ਵਿਚ ਹਦਾਇਤਾਂ ਇਂਜ ਸਨ:

> Sikhs as a Community are a lawless people and are menace to the law-abiding Hindus in the Province. Deputy Commissioners should take special measures against them.
>
> ਸਿਖ ਸਮੁੱਚੇ ਤੌਰ ਤੇ ਜਮਾਂਦਰੂ ਫ਼ਸਾਦੀ ਤੇ ਜਰਾਇਮ ਪੇਸ਼ਾ ਕੌਮ ਹਨ ਅਤੇ ਇਹ ਸੂਬੇ ਦੇ ਅਮਨ ਪਸੰਦ ਹਿੰਦੂਆਂ ਲਈ ਖਤਰੇ-ਭਰੀ ਵੰਗਾਰ ਬਣੇ ਹੋਏ ਹਨ। ਡਿਪਟੀ ਕਮਿਸ਼ਨਰ ਇਨ੍ਹਾਂ ਦੇ ਵਿਰੁੱਧ ਵਿਸ਼ੇਸ਼ ਕਦਮ ਚੁੱਕਣ।

ਅਗੇ ਜਾ ਕੇ ਅਮਨ ਤੇ ਕਾਨੂੰਨ ਸਥਾਪਤ ਕਰਨ ਹਿਤ ਸੁਝਾ ਦਿੱਤਾ ਗਿਆ:

> ਸਿਖਾਂ ਨੂੰ ਬੇ-ਕਾਨੂੰਨੀ ਦੇ ਰਾਹ ਪਾਉਣ ਵਾਲੀਆਂ ਉਨ੍ਹਾਂ ਦੀਆਂ ਉਹ ਜਮਾਂਦਰੂ ਪ੍ਰਬਲ ਰੁਚੀਆਂ ਹਨ ਜਿਨ੍ਹਾਂ ਦਾ ਝੁਕਾਅ ਇਸਤਰੀ-ਹਰਨ ਅਤੇ ਲੁੱਟ-ਮਾਰ ਵੱਲ ਹੈ।

ਇਹ ਸੀ ਸਪੈਸਲ ਖਿੱਤੇ ਦਾ ਪਹਿਲਾ ਭਾਗ ਜਿਹੜਾ ਨਹਿਰੂ ਦੀ ਜਗਤ-ਪ੍ਰਸਿਧ ਜਮਹੂਰੀ ਸਰਕਾਰ ਨੇ ਬਹਾਦਰ ਸਿੱਖਾਂ ਨੂੰ, ਰਾਜ ਸੱਤਾ ਹੱਥ ਵਿਚ ਲੈਂਦਿਆਂ ਹੀ ਤੁਰੰਤ ਦੇਕੇ ਆਪਣਾ ਵਾਹਦਾ ਪੂਰਾ ਕੀਤਾ। ਇਥੇ ਹੀ ਬੱਸ ਨਹੀਂ, ਸਗੋਂ ਇਸਦੇ ਸਪੈਸ਼ਲ ਦੋ ਨੰਬਰ ਦੇ ਸ਼ਹਿਰੀਆਂ ਦੇ ਹੱਕ ਵੀ ਸਿਖਾਂ ਲਈ ਰਾਖਵੇਂ ਕਰ ਦਿੱਤੇ ਗਏ ਜਿਨ੍ਹਾਂ ਨੂੰ ਲਾਗੂ ਕਰਨ ਲਈ ਸਪੈਸਲ ਹੁਕਮ ਦਿੱਤੇ ਗਏ:

1. ਸਿਖ ਕੌਮ, ਜਰਾਇਮਪੇਸ਼ਾ ਹੋਣ ਕਾਰਨ, ਰਾਜ ਦੇ ਪੂਰੇ ਸ਼ਹਿਰੀ ਹੱਕ ਤੇ ਰਿਆਇਤਾਂ ਮਾਨਣ ਦੀ ਹਕਦਾਰ ਨਹੀਂ ਹੈ ਸਿਵਾਏ ਕੁਝ ਵਿਅਕਤੀਗਤ ਸਿਖਾਂ ਦੇ ਜਿਹੜੇ ਹਿੰਦੂਆਂ ਦੇ ਅਧੀਨ ਰਹਿਕੇ ਨੌਕਰੀ ਕਰਨਾ ਚਾਹੁੰਦੇ ਹੋਣ।

2. ਰਾਜ-ਪ੍ਰਣਾਲੀ ਵਿਚ ਸਿਖ ਅਫਸਰਾਂ ਥੱਲੇ ਕੰਮ ਕਰਣ ਵਾਲੇ ਹਿਦੂਆਂ ਨੂੰ ਵਿਸ਼ੇਸ਼ ਹੱਕ ਤੇ ਰਿਆਇਤਾਂ ਦੇਕੇ ਉਨ੍ਹਾਂ ਦੀ ਤਰੱਕੀ ਦਾ ਪੂਰਾ ਪੂਰਾ ਧਿਆਨ ਰਖਣਾ ਚਾਹੀਦਾ ਹੈ।

3. ਜੇ ਸਿਖ ਅਫਸਰ ਕਿਸੇ ਹਿਦੂ ਅਫਸਰ ਦੀ ਰਿਪੋਰਟ ਕਰੇ ਤਾਂ ਉਸ ਉਤੇ ਐਕਸ਼ਨ ਨਾ ਲਿਆ ਜਾਵੇ। ਸਗੋਂ ਉਹ ਰਿਪੋਰਟ ਉਸ ਹਿਦੂ ਅਫਸਰ ਨੂੰ ਵਿਖਾ ਦੇਣੀ ਚਾਹੀਦੀ ਹੈ।

4. ਜੇ ਕੋਈ ਸਿਖ ਅਫਸਰ ਕਾਨੂਨ ਦਾ ਸਹਾਰਾ ਲੈਕੇ ਸਿੱਖੀ ਦੀ ਆਕੜ ਵਿਖਾਏ ਤਾਂ ਉਸ ਨੂੰ ਉਸੇ ਵੇਲੇ, ਉਹਦਾ ਵੱਡਾ ਹਿਦੂ ਅਫਸਰ ਲੋੜ ਪੈਣ ਤੇ ਨੌਕਰੀ ਤੋਂ ਹਟਾ ਸਕਦਾ ਹੈ।

5. ਸਿਖਾਂ ਨੂੰ ਹੀਣੇ ਬਣਾਉਣਾ ਅਤੇ ਦਬਾਉਣਾ ਸਰਕਾਰੀ ਨੀਤੀ ਹੈ ਜਿਸ ਵਿਰੁੱਧ ਹਾਈ ਕੋਰਟ ਤਕ ਕੋਈ ਕੜਾ-ਕਾਨੂਨ ਨਹੀਂ ਚਲ ਸਕੇਗਾ।

6. ਰਾਜ ਵਿਚ ਕਿਸੇ ਵੀ ਵਡੇ ਸਿਖ ਅਫਸਰ ਦੀ ਨਿਯੁਕਤੀ ਕਰਨ ਤੋਂ ਪਹਿਲਾਂ ਉਸਦੇ ਸਿਖੀ ਪਿਛੋਕੜ ਦੀ ਛਾਣਬੀਣ ਜ਼ਰੂਰੀ ਹੈ।

7. ਸਿਖ 10 ਫੀਸਦੀ ਤੋਂ ਵਧ ਕਿਸੇ ਵੀ ਮਹਿਕਮੇ ਵਿਚ ਨਾ ਰਹਿਣ ਦਿੱਤੇ ਜਾਣ। ਨੌਕਰੀਆਂ ਤੋਂ ਕਢਣ ਲਈ ਹੇਠਾਂ ਦਿੱਤੇ ਢੰਗ ਵਰਤਣੇ ਚਾਹੀਦੇ ਹਨ:

- ੳ. ਸਿਖਾਂ ਨੂੰ ਦਫਤਰਾਂ ਤੋਂ ਕੋਈ ਛੁੱਟੀ ਨਾ ਦਿੱਤੀ ਜਾਵੇ।
- ਅ. ਬੀਮਾਰੀ ਦੀ ਛੁਟੀ ਵੇਲੇ ਮੈਡੀਕਲ ਸਰਟੀਫਿਕੇਟ ਮੰਗਕੇ ਉਨ੍ਹਾਂ ਦੀ ਤਸਦੀਕ ਕਰਵਾਈ ਜਾਵੇ।
- ੲ. ਸਿਖ ਨੌਕਰਾਂ ਲਈ ਕੋਈ ਰਿਹਾਇਸ਼ ਦਾ ਪ੍ਰਬੰਧ ਨਾ ਕੀਤਾ ਜਾਵੇ।
- ਸ. ਉਨ੍ਹਾਂ ਦੀਆਂ ਰਿਪੋਰਟਾਂ ਵਧ ਤੋਂ ਵਧ ਖਰਾਬ ਲਿਖੀਆਂ ਜਾਣ।
- ਹ. ਵਧ ਤੋਂ ਵਧ ਕਲਰਕੀ ਦਾ ਕੰਮ ਸਿਖਾਂ ਤੋਂ ਕਰਾਇਆ ਜਾਵੇ।
- ਕ. ਜੇ ਕੋਈ ਸਿਖ ਅਫਸਰ ਕਿਸੇ ਹਿਦੂ ਦੀ ਗੁਪਤ ਰਿਪੋਰਟ ਖਰਾਬ ਕਰੇ ਤਾਂ ਉਸ ਸਿਖ ਅਫਸਰਤੇ ਕੋਈ ਐਕਸ਼ਨ ਲੈਣ ਲਈ ਉਸ ਦੇ ਵਡੇ ਅਫਸਰ ਕੋਲ ਪਹੁੰਚ ਕਰਨੀ ਚਾਹੀਦੀ ਹੈ।

8. ਕਿਸੇ ਵੀ ਮਹਿਕਮੇ ਦਾ ਮੁਖੀ ਅਫਸਰ ਸਿਖ ਨਹੀਂ ਹੋਣਾ ਚਾਹੀਦਾ

9. ਸਿਖਾਂ ਵਲੋਂ ਨਵੀ ਨੌਕਰੀ ਲਈ ਆਈਆਂ ਦਰਖਾਸਤਾਂ ਦਾ ਕੋਈ ਜਵਾਬ ਨਾ ਦਿੱਤਾ ਜਾਵੇ।

10. ਯੂਨੀਵਰਸਿਟੀ ਤੇ ਵਿਦਿਆ ਵਿਭਾਗ ਵਿਚ ਕੋਈ ਸਿਖ ਮੁਖ ਅਫਸਰ ਨਹੀਂ ਹੋਣਾ ਚਾਹੀਦਾ।

11. ਸਭ ਤੋਂ ਪਹਿਲਾਂ ਹਿਦੂਆਂ ਨੂੰ ਹਰ ਥਾਂ ਤੇ ਪਹਿਲ ਦੇਣੀ ਲਾਜ਼ਮੀ ਹੈ।

12. ਜੇ ਕਿਸੇ ਨੌਕਰੀ ਲਈ ਯੋਗ ਹਿਦੂ ਨਾ ਮਿਲੇ ਤਾਂ ਕੋਈ ਹੀਣਾ ਸਿਖ ਲਭਕੇ ਨੌਕਰੀ ਤੇ ਰਖਣਾ ਚਾਹੀਦਾ ਹੈ।

13. ਲੋੜ ਪੈਣ ਤੇ ਆਪਣੇ ਸਿਖ ਅਫਸਰ ਦੇ ਹੁਕਮ ਮੰਨਣ ਨਾਲੋਂ ਉਸ ਤੋਂ ਵੱਡੇ ਹਿਦੂ ਅਫਸਰ ਦਾ ਹੁਕਮ ਮੰਨਣਾ ਚਾਹੀਦਾ ਹੈ।

ਅਜ ਦੇ ਮਨੂ ਦੀ ਘੜੀ 'ਸਿਖ-ਮਾਰੂ ਨੀਤੀ' ਦੇ ਹੁਕਮਾਂ ਦੀ ਲਿਸਟ ਬਹੁਤ ਲੰਮੀ ਹੈ। ਜਿਉਂ ਜਿਉਂ ਅਸੀਂ ਆਪਣੇ ਵਿਸ਼ਿਆਂ ਤੇ ਵਿਚਾਰ ਕਰਦੇ ਜਾਵਾਂਗੇ ਤਿਉਂ ਤਿਉਂ ਮਨੂ ਸਾਮਰਾਜ ਦੀ ਸਿਖ-ਮਾਰੂ ਨੀਤੀ ਦੀ ਤਸਵੀਰ ਦਾ ਚਿੱਤਰ ਵੀ ਉਘੜਦਾ ਜਾਵੇਗਾ। ਇਸ ਤੋਂ ਪਹਿਲਾਂ ਕਿ ਵਿਸਾਹਘਾਤ ਦੀ ਅਗਲੀ ਕੜੀ ਤੇ ਵਿਚਾਰ ਕਰੀਏ, ਇੰਦਰਾ ਗਾਂਧੀ ਦੀ ਲਿਖੀ ਪੁਸਤਕ 'ਮਾਈ ਟਰੁੱਥ' ਸਫਾ 117 ਤੋਂ ਇਕ ਹਵਾਲਾ ਇਥੇ ਦੇਣਾ ਠੀਕ ਸਮਝਿਆ ਹੈ ਜੋ ਇਨ੍ਹਾਂ ਦੀ ਸਿਖ-ਮਾਰੂ ਕੂਟਲ ਨੀਤੀ ਨੂੰ ਨੰਗਿਆਂ ਕਰਦਾ ਹੈ।

> 'ਮੈਂ ਬਹੁਤ ਪ੍ਰੇਸ਼ਾਨ ਸਾਂ ਤੇ ਬਹੁਤ ਲੋਕਾਂ ਨੂੰ ਮਿਲੀ।' ਕਿਉਂ ਮਿਲੀ? ਆਪ ਹੀ ਅਗੇ ਸਪਸ਼ਟ ਕਰਦੀ ਹੈ, 'ਅਕਾਲੀਆਂ ਦੀਆਂ ਮੰਗਾਂ ਮੰਨ ਲੈਣ ਦਾ ਮਤਲਬ ਉਸ ਨੀਤੀ ਨੂੰ ਬਦਲਣਾ ਹੈ ਜਿਸ ਤੇ ਕਿ ਇਹ (ਕਾਂਗਰਸ) ਪੱਕੀ ਤਰ੍ਹਾਂ ਵਚਨਬੱਧ ਸੀ। ਕਾਂਗਰਸ ਦੁਚਿੱਤੀ ਵਿਚ ਸੀ। ਅਕਾਲੀਆਂ ਦੀਆਂ ਮੰਗਾਂ ਮੰਨਣ ਦਾ ਅਰਥ ਹੋਵੇਗਾ ਆਪਣੀ **ਪੁਰਾਣੀ ਨਿਸ਼ਚਿਤ ਨੀਤੀ** ਤੋਂ ਹਟ ਜਾਣਾ ਅਤੇ ਪੰਜਾਬੀ ਸੂਬੇ ਵਿਚ ਆਪਣੇ ਹਿੰਦੂ ਹਿਮੈਤੀਆਂ ਨੂੰ ਬੇਸਹਾਰਾ ਛਡਣਾ।'
>
> ਅਗੇ ਚਲਕੇ ਦਸਿਆ ਕਿ 'ਸਰਕਾਰ ਨੂੰ ਸਦਾ ਇਸ ਗੱਲ ਦਾ ਵਿਸ਼ੇਸ਼ ਧਿਆਨ ਰਿਹਾ ਹੈ ਕਿ ਹਿੰਦੂ ਹਿਮੈਤੀਆਂ ਦਾ ਸਾਥ ਨਾ ਛਡਿਆ ਜਾਏ।'

ਸੰਨ 1929 ਦੇ ਕਾਂਗਰਸ ਇਜਲਾਸ ਵਿਚ, ਨਹਿਰੂ ਦੀ ਅਗਵਾਈ ਵਿਚ ਇਹ ਮਤਾ ਪਾਸ ਕੀਤਾ ਗਿਆ ਸੀ ਕਿ ਅਜ਼ਾਦ ਹਿੰਦੁਸਤਾਨ ਵਿਚ ਕੋਈ ਅਜੇਹਾ ਵਿਧਾਨ ਲਾਗੂ ਨਹੀਂ ਕੀਤਾ ਜਾਵੇਗਾ ਜੋ ਸਿਖਾਂ ਨੂੰ ਮਨਜ਼ੂਰ ਨਹੀਂ ਹੋਵੇਗਾ। 16 ਮਾਰਚ 1931 ਨੂੰ ਸੀਸ ਗੰਜ ਗੁਰਦਵਾਰਾ ਸਾਹਿਬ ਦਿੱਲੀ ਵਿਚ ਗਾਂਧੀ ਨੇ ਕਾਂਗਰਸ ਦੇ ਇਸ ਵਾਹਦੇ ਨੂੰ ਦੁਹਰਾਇਆ। ਇਹ ਬਿਆਨ ਉਨ੍ਹਾਂ ਦੇ ਅਖਬਾਰ 'ਯੰਗ ਇੰਡੀਆ' ਵਿਚ ਛਪਿਆ ਅਜੇ ਵੀ ਮੌਜੂਦ ਹੈ:

> 19 ਮਾਰਚ 1931 — ਭਰਾਵੋ, ਕਾਂਗਰਸ ਨੇ ਲਾਹੌਰ ਵਿਚ ਮਤਾ ਪਾਸ ਕਰ ਦਿੱਤਾ ਹੋਇਆ ਹੈ ਕਿ ਉਹ ਕੋਈ ਵਿਧਾਨ ਨਹੀਂ ਬਣਾਏਗੀ ਜਿਸਨੂੰ ਸਿਖ ਆਪ ਪ੍ਰਵਾਨ ਨਾ ਕਰਨ .... ਮੈਂ ਸਿਖਾਂ ਨੂੰ ਆਖਦਾ ਹਾਂ ਕਿ ਉਹ ਮੇਰੇ ਬਚਨਾਂ ਉਤੇ ਵਿਸ਼ਵਾਸ ਕਰਨ ਅਤੇ ਕਾਂਗਰਸ ਦੇ ਮਤੇ ਉਤੇ ਭਰੋਸਾ ਰਖਣ ਕਿ ਕਾਂਗਰਸ ਸਿਖ ਜਾਤੀ ਨਾਲ ਤਾਂ ਕੀ ਕਿਸੇ ਇਕ ਵਿਅਕਤੀ ਨਾਲ ਵੀ ਵਿਸ਼ਵਾਸਘਾਤ ਨਹੀਂ ਕਰੇਗੀ। ਜੇ ਉਸਨੇ ਅਜੇਹਾ ਕੀਤਾ ਤਾਂ ਉਹ ਆਪਣੀ ਮੌਤ ਆਪ ਹੀ ਮਰ ਜਾਵੇਗੀ। .... ਸਿਖੋ ਭਾਈਓ ਤੇ ਭੈਣੋ, ਮੇਰੀ ਬੇਨਤੀ ਹੈ ਕਿ ਤੁਸੀਂ ਸ਼ੱਕ ਤੇ ਸੰਸੇ ਛਡ ਦਿਓ, ਇਸ ਤੋਂ ਵਧ ਹੋਰ ਮੈਂ ਕੀ ਆਖਾਂ? ਮੈਂ ਅਤੇ ਕਾਂਗਰਸ ਕਦੇ ਨਹੀਂ ਫਿਰਾਂਗੇ।

ਜਦ ਉਨ੍ਹਾਂ ਤੋਂ ਪੁਛਿਆ ਗਿਆ ਕਿ ਜੇ ਮੁਲਕ ਅਜ਼ਾਦ ਹੋਣ ਤੇ ਸਿਖਾਂ ਨਾਲ ਧੋਖਾ ਹੋਇਆ ਤਾਂ ਨਿਹੱਥਲ ਸਿਖ ਕੀ ਕਰਨ? ਤਾਂ ਉਨ੍ਹਾਂ ਉਤਰ ਦਿੱਤਾ:

> ਉਸ ਸਮੇਂ ਸਿਖਾਂ ਦਾ ਇਹ ਹੱਕ ਹੋਵੇਗਾ ਕਿ ਉਹ ਹੱਥ ਵਿਚ ਤਲਵਾਰ ਫੜਕੇ ਬਗਾਵਤ ਕਰਨ ਅਤੇ ਈਸ਼ਵਰ ਤੇ ਮਨੁਖ ਜਾਤੀ ਦੀ ਆਤਮਾ ਉਨ੍ਹਾਂ ਦੀ ਸਹਾਇਤਾ ਕਰਨਗੇ।

ਕਾਂਗਰਸ ਦੀਆਂ ਸੌਂਗੰਦਾਂ ਤੇ ਇਤਬਾਰ ਕਰਨ ਵਾਲਿਆਂ ਵੇਖ ਹੀ ਲਿਆ ਹੈ ਕਿ ਇਨ੍ਹਾਂ ਦੀਆਂ ਸੌਂਗੰਦਾਂ, ਵਕਤ ਟਪਾਉਣ ਲਈ, ਧੋਖੇ ਤੇ ਫ਼ਰੇਬ ਤੋਂ ਵਧ ਕੁਝ ਨਹੀਂ ਸੀ। ਨਵੰਬਰ 1949 ਨੂੰ ਵਿਧਾਨ ਪਾਸ ਹੋਇਆ। ਸਿਖਾਂ ਨਾਲ ਕੀਤੇ ਵਾਹਦਿਆਂ ਅਨੁਸਾਰ ਵਿਧਾਨ ਵਿਚ ਕੁਝ ਵੀ ਨਾ ਹੋਣ ਕਾਰਨ ਸਿਖਾਂ ਦੇ ਪ੍ਰਤੀਨਿਧਾਂ ਨੇ ਵਿਧਾਨ ਤੇ ਦਸਤਖਤ ਨਹੀਂ ਕੀਤੇ, ਇਸ ਦੇ ਬਾਵਜੂਦ ਵਿਧਾਨ 26 ਜਨਵਰੀ 1950 ਤੋਂ ਲਾਗੂ ਕਰ ਦਿੱਤਾ ਹੋਇਆ ਹੈ।

ਜੁਲਾਈ 1947 ਵਿਚ ਅਣਵੰਡੇ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ ਦੀ ਹਿੰਦੂ ਤੇ ਸਿਖ ਮੈਂਬਰਾਂ ਦੀ ਮੀਟਿੰਗ ਵਿਚ ਪੰਜਾਬ ਦੀ ਵੰਡ ਦੀ ਪ੍ਰੋੜਤਾ ਕੀਤੀ ਗਈ ਅਤੇ ਸਿਖਾਂ ਦੇ ਵਿਸ਼ੇਸ਼ ਰਾਜਸੀ ਹੱਕਾਂ ਦਾ ਧਿਆਨ ਰਖਣ ਦਾ ਮਤਾ ਪਾਸ ਕੀਤਾ ਗਿਆ ਜੋ ਇਸ ਤਰਾਂ ਸੀ:

> In the divided Punjab, special constitutional measures are imperative to meet the just aspirations and the rights of the Sikhs.
>
> ਵੰਡੇ ਹੋਏ ਪੰਜਾਬ ਵਿਚ ਸਿਖਾਂ ਦੀਆਂ ਨਿਆਂਜੁਗਤ ਅਭਿਲਾਸ਼ਾਵਾਂ ਨੂੰ ਸਾਕਾਰ ਕਰਨ ਲਈ ਵਿਸ਼ੇਸ਼ ਵਿਧਾਨਕ ਜੁਗਤੀਆਂ ਲਾਜ਼ਮੀ ਹਨ।

ਇਹ ਸਨ ਵਿਸ਼ੇਸ਼ ਸਿਖਾਂ ਦੇ ਹੱਕਾਂ ਦੀ ਰਾਖੀ ਦੇ ਵਾਹਦੇ ਪਰ ਕੀਤਾ ਗਿਆ ਸਭ ਕੁਝ ਇਸਦੇ ਉਲਟ ਅਤੇ ਵਿਸ਼ੇਸ਼ ਵਿਧਾਨਕ ਜੁਗਤੀਆਂ ਰਾਹੀਂ ਸਿਖ-ਮਾਰੂ ਨੀਤੀ ਆਪਣਾਈ ਗਈ। ਹੁਣ ਅਸੀਂ ਜਵਾਹਰ ਲਾਲ ਨਹਿਰੂ ਦੀ ਇਕ ਹੋਰ ਖਾਧੀ ਸੌਗੰਧ ਵਲ ਆਉਂਦੇ ਹਾਂ।

9 ਦਸੰਬਰ 1946 ਨੂੰ ਹਿੰਦੁਸਤਾਨ ਦੀ ਵਿਧਾਨ ਸਭਾ ਦੀ ਪਹਿਲੀ ਮੀਟਿੰਗ ਦਿੱਲੀ ਬਾਬੂ ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ ਵਿਚ ਹੋਈ। ਉਸ ਬੈਠਕ ਵਿਚ ਜਵਾਹਰ ਲਾਲ ਨਹਿਰੂ ਨੇ ਪਹਿਲਾ ਤੇ ਬੁਨਿਆਦੀ ਮਤਾ ਇੰਜ ਪੇਸ਼ ਕੀਤਾ:

> ਘਟ ਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਰਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ। ਇਹ ਸਾਡਾ ਐਲਾਨ ਹੈ ਤੇ ਇਹ ਸਾਡਾ ਪ੍ਰਣ ਹੈ ਤੇ ਇਹ ਅਸਾਡਾ ਬਚਨ ਹੈ ਜੋ ਅਸੀਂ ਸਾਰੇ ਸੰਸਾਰ ਦੇ ਰੂਬਰੂ ਹਿੰਦੁਸਤਾਨ ਦੇ ਕਰੋੜਾਂ ਸ਼ਹਿਰੀਆਂ ਨੂੰ ਦਿੰਦੇ ਹਾਂ। ਇਸ ਲਈ ਇਹ ਇਕ ਪਵਿੱਤ੍ਰ ਸੌਗੰਦ ਹੈ ਜਿਸਦੀ ਪਾਲਣਾ ਕਰਣਾ ਸਾਡਾ ਪਰਮ ਧਰਮ ਹੈ।

ਵਕਤ ਨੇ ਸਾਬਤ ਕੀਤਾ ਹੈ ਕਿ ਹਿੰਦੂਆਂ ਦਾ ਨਾ ਕੋਈ ਧਰਮ ਹੈ, ਨਾ ਕੋਈ ਬਚਨ ਸਗੋਂ ਧੋਖਾ ਤੇ ਫ਼ਰੇਬ ਹੀ ਇਨ੍ਹਾਂ ਦਾ ਪਰਮ ਧਰਮ ਹੈ।

ਕਾਂਗਰਸ ਬੋਲੀ ਦੇ ਅਧਾਰ ਤੇ ਸੂਬਿਆਂ ਦੀ ਹਦਬੰਦੀ ਦੀ ਵਚਨਬੱਧ ਸੀ। ਦੇਸ਼ ਦੀ ਇਸ ਮੰਗ ਨੂੰ ਪੂਰਾ ਕਰਣ ਲਈ, 22 ਦਸੰਬਰ 1953 ਨੂੰ ਦਾਰ ਕਮੀਸ਼ਨ ਬਣਾਇਆ ਗਿਆ ਜਿਸ ਨੇ ਅਕਤੂਬਰ 1955 ਵਿਚ ਆਪਣੀ ਰਿਪੋਰਟ ਦਿੱਤੀ ਪਰ ਪੰਜਾਬੀ ਸੂਬੇ ਦੀ ਮੰਗ ਰੱਦ ਕਰ ਦਿੱਤੀ ਗਈ। ਬੋਲੀ ਦੇ ਆਧਾਰ ਤੇ ਬਾਕੀ ਦੇਸ਼ ਦੀ ਹੱਦਬੰਦੀ ਕਰ ਦਿੱਤੀ ਗਈ ਪਰ ਪੰਜਾਬ ਦੀ ਨਿਰੋਲ ਬੋਲੀ ਦੇ ਅਧਾਰ ਤੇ ਹਦਬੰਦੀ ਦੀ ਮੰਗ ਠੁਕਰਾ ਦਿੱਤੀ ਗਈ ਕਿਉਂਕਿ ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਦੇ ਵਧਣ ਫੁਲਣ ਨਾਲ ਸਿੱਖ ਕੌਮ ਨੇ ਮਜ਼ਬੂਤ ਹੋ ਜਾਣਾ ਸੀ। ਇਹ ਗੱਲ ਉਨ੍ਹਾਂ ਦੀ ਸਿਖ-ਮਾਰੂ ਨੀਤੀ ਦੇ ਉਲਟ ਜਾਂਦੀ ਸੀ। ਉਹ ਤਾਂ ਕਰੋੜਾਂ ਰੁਪੈ ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਦੀਆਂ ਜੜ੍ਹਾਂ ਵੱਢਣ ਤੇ ਖਰਚ ਕਰ ਰਹੇ ਸਨ।

ਸਿਖਾਂ ਨੇ ਮੋਰਚੇ ਲਾਏ, ਸ਼ਹੀਦੀਆਂ ਦਿੱਤੀਆਂ, ਲਾਠੀਆਂ ਖਾਧੀਆਂ, ਗੋਲੀਆਂ ਖਾਧੀਆਂ ਅਤੇ ਸੱਠ ਹਜ਼ਾਰ ਤੋਂ ਵਧ ਗ੍ਰਿਫਤਾਰੀਆਂ ਦਿੱਤੀਆਂ। ਆਖਰ ਜਦ ਮਜਬੂਰਨ ਮੰਨਣਾ ਪੈ ਗਿਆ ਤਾਂ ਨਿਆਂ ਕਰਨ ਦੇ ਨਾਮ ਤੇ ਸਿਖਾਂ ਦਾ ਲੱਕ ਤੋੜਨ ਲਈ ਪੰਜਾਬ ਦੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ, ਆਪਣੇ ਸਕਿਆਂ ਹਰਿਆਣਵੀਆਂ ਤੇ ਹਿਮਾਚਲੀਆਂ ਨੂੰ ਦੇ ਦਿੱਤੇ।

ਫਿਰਕੂ ਕੇਂਦਰ ਨੇ ਡਲਹੌਜ਼ੀ ਪੰਜਾਬ ਤੋਂ ਖੋਹਕੇ ਹਿਮਾਚਲ ਨੂੰ ਦਿੱਤਾ ਕਿ ਉਹ ਪਹਾੜੀ ਇਲਾਕਾ ਹੈ, ਪਹਾੜ ਵਾਲੇ ਪ੍ਰਾਂਤ ਕੋਲ ਜਾਣਾ ਚਾਹੀਦਾ ਹੈ। ਮੋਰਨੀ ਉਸਤੋਂ ਵੀ ਉੱਚਾ ਇਲਾਕਾ ਹਰਿਆਣੇ ਨੂੰ ਦਿੱਤਾ ਗਿਆ ਕਿਉਂਜੋ ਉਥੇ ਹਿੰਦੂ ਜ਼ਿਆਦਾ ਰਹਿੰਦੇ ਹਨ। ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਖੋਹ ਕੇ ਆਪ ਮਾਲਕ ਬਣ ਬੈਠੇ ਤੇ ਮਾਲਕ ਨੂੰ ਕਿਰਾਏਦਾਰ ਬਣਾ ਦਿੱਤਾ। ਬਿਜਲੀ ਤੇ ਪਾਣੀ ਦੇ ਮਾਲਕ ਵੀ ਆਪ ਬਣ ਬੈਠੇ।

ਇਸ ਤਰ੍ਹਾਂ ਇਸ ਮੱਕਾਰ ਹਿੰਦੂ ਸਾਮਰਾਜ ਨੇ ਪੈਰ ਪੈਰ ਤੇ ਝੂਠ ਫਰੇਬ ਅਤੇ ਝੂਠੀਆਂ ਸੌਗੰਦਾਂ ਖਾ ਕੇ ਸਿਖ ਕੌਮ ਨਾਲ ਵਿਸਾਹਘਾਤ ਕੀਤਾ ਜਿਸਦੀ ਮਿਸਾਲ ਸੰਸਾਰ ਵਿਚ ਨਹੀਂ ਮਿਲਦੀ।

ੴ ਵਾਹਿਗੁਰੂ ਜੀ ਕੀ ਫਤਹਿ॥

ਖਾਲਿਸਤਾਨ ਦੀ ਲੋੜ ਕਿਉਂ?

ਸਰੂਪ ਸਿੰਘ ਨਾਰੰਗ

Published by:
SIKH EDUCATION COUNCIL U.K.
P.O. BOX. 18, HITCHIN, HERTFORDSHIRE, SG4 9JT U.K.
TEL: 0462 456797, 0582 766447, 081 572 6755

ਭਾਗ-ਤੀਜਾ

ਕਾਂਗਰਸ ਦੀ ਸਿਖ-ਮਾਰੂ ਨੀਤੀ

ਕਾਂਗਰਸ ਦੀ ਸਿਖ-ਮਾਰੂ ਨੀਤੀ ਧਾਰਮਕ ਪੱਖੋਂ

ਅੱਜ ਦੇ ਬ੍ਰਾਹਮਣਵਾਦ ਕੋਲ ਰਾਜ ਭਾਗ ਵੀ ਹੈ ਤੇ ਅੰਨ੍ਹਾ ਪੈਸਾ ਵੀ। ਪ੍ਰੈੱਸ, ਰੇਡੀਓ ਤੇ ਟੀ. ਵੀ. ਆਦਿ ਵਿਗਿਆਨਕ ਸਾਧਨਾਂ ਨਾਲ ਪੂਰੀ ਤਰ੍ਹਾਂ ਹਥਿਆਰਬੰਦ ਹੈ ਜਿਨ੍ਹਾਂ ਰਾਹੀਂ ਅੰਨ੍ਹੇ ਨੂੰ ਸੁਜਾਖਾ ਤੇ ਸੁਜਾਖੇ ਨੂੰ ਅੰਨ੍ਹਾ ਸਾਬਤ ਕਰਦਾ ਕਰਦਾ, ਰਾਜ-ਸੱਤਾ ਦੇ ਨੱਸ਼ੇ ਵਿਚ ਅੰਨ੍ਹਾ ਹੋਇਆ ਧਰਤੀ ਦੀ ਅਸਲੀਅਤ ਤੋਂ ਬਹੁਤ ਦੂਰ ਸੁਪਨਿਆਂ ਦੀ ਦੁਨੀਆਂ ਵਿਚ ਉਡਾਰੀਆਂ ਮਾਰ ਰਿਹਾ ਹੈ।

ਹੈਂਕੜ ਨਾਲ ਇਸਦੇ ਪੈਰ ਧਰਤੀ ਤੇ ਟਿਕਦੇ ਨਹੀਂ। ਕਦੀ ਨੇਪਾਲ ਨੂੰ ਸਬਕ ਸਿਖਾਉਣ ਟੁਰ ਪੈਂਦਾ ਹੈ ਤੇ ਕਦੀ ਆਪਣੇ ਬਾਹੂਬਲ ਦੇ ਵਿਖਾਵੇ ਲਈ ਲੰਕਾਂ 'ਚ ਜਾ ਵੜਦਾ ਹੈ। ਕਦੀ ਅਫਗਾਨਿਸਤਾਨ ਵਿਚ ਆਪਣੀ ਲੱਤ ਜਾ ਅੜਾਉਂਦਾ ਹੈ ਤੇ ਕਦੀ ਪਾਕਿਸਤਾਨ ਨੂੰ ਘੂਰੀਆਂ ਵੱਟਕੇ ਡਰਾਉਂਦਾ ਹੈ ਅਤੇ ਏਸ਼ੀਆ ਦਾ ਨਵਾਂ ਸਮਰਾਟ ਬਣਨ ਦੇ ਸੁਪਨੇ ਲੈ ਰਿਹਾ ਹੈ।

ਉਂਜ ਤਾਂ ਬ੍ਰਾਹਮਣਵਾਦ ਨੇ ਸਿਖੀ ਦੇ ਬੂਟੇ ਨੂੰ ਲਗਦੇ ਸਾਰ ਹੀ ਪੁਟ ਸੁਟੱਣ ਦੇ ਕਈ ਉਪਰਾਲੇ ਤੇ ਯਤਨ ਕੀਤੇ ਪਰੰਤੂ ਆਪਣੀ ਸਿਆਸੀ ਗੁਲਾਮੀ ਤੇ ਰਾਜ ਸੱਤਾ ਦੀ ਅਣਹੋਂਦ ਕਾਰਨ ਸਿਖਾਂ ਦਾ ਕੁਝ ਨਾ ਵਿਗਾੜ ਸਕਿਆ। ਬੁਧ ਮਤ ਤੇ ਜੈਨ ਮਤ ਵਾਂਗ ਸਿਖ ਧਰਮ ਨੂੰ ਨਿਗਲ ਜਾਣ ਵਲੋਂ ਇਹ ਅਵੇਸਲਾ ਵੀ ਕਦੀ ਨਾ ਰਿਹਾ।

ਜਿਉਂ ਜਿਉਂ ਸਿਖੀ ਦਾ ਬੂਟਾ ਵਧਦਾ ਫੁਲਦਾ ਗਿਆ ਤਿਉਂ ਤਿਉਂ ਇਸਦੀਆਂ ਜੜ੍ਹਾਂ, ਤਣੇ ਤੇ ਡਾਲਾਂ ਉਤੇ ਬ੍ਰਾਹਮਣਵਾਦ ਦੇ ਵਾਰ ਵੀ ਉਸੇ ਹੀ ਹਿਸਾਬ ਨਾਲ ਤਿਖੇ ਹੁੰਦੇ ਗਏ। ਜਿੰਨਾਂ ਤਿੱਖਾ ਤੇ ਮਾਰੂ ਵਾਰ ਅਜ਼ਾਦੀ ਮਗਰੋਂ ਸ਼ੁਰੂ ਹੋਇਆ ਉਸ ਤੋਂ ਪਹਿਲਾਂ ਕਦੀ ਨਹੀਂ ਸੀ ਹੋਇਆ।

ਬ੍ਰਾਹਮਣਵਾਦ ਸਿਖਾਂ ਦਾ ਹਮੇਸ਼ਾ ਵੈਰੀ ਰਿਹਾ ਹੈ। ਖੁਫੀਆਂ ਵਿਭਾਗ ਦੇ ਉਪ ਡਾਇਰੈਕਟਰ ਮਿ: ਡੀ ਪੈਟਰੀ ਨੇ ਸੰਨ 1911 ਵਿਚ ਭੇਜੀ ਇਕ ਰਿਪੋਰਟ ਵਿਚ ਇੰਜ ਲਿਖਿਆ ਹੈ:

> Hinduism has always been hostile to Sikhism whose Guru powerfully and successfully attacked the principle of Caste which is the foundation on which the whole fabric of **Brahamism** has been reared. The activities of Hindus have, therefore, been constantly directed tp the undermining of Sikhism both by preventing the children of Sikh fathers from taking **Pahul** and by reducing professed Sikhs from their allegiance to their faith.
>
> Hinduism has strangled Budhism, once formidable rival to it and it has already made serious inroads into domains of Sikhism.

ਹਿਦੂ ਮਤ ਮੁਢ ਤੋਂ ਹੀ ਸਿਖੀ ਦਾ ਦੁਸ਼ਮਣ ਚਲਿਆ ਆਉਂਦਾ ਹੈ ਕਿਉਂਕਿ ਸਿਖ ਗੁਰੂਆਂ ਨੇ, ਜਾਤਪਾਤ ਜਿਹੜੀ ਬ੍ਰਾਹਮਣਵਾਦ ਦੀ ਅਧਾਰਸ਼ਿਲਾ ਹੈ, ਦੀ ਭਰਪੂਰ ਤੇ ਸਫਲ

> ਮੁਖਾਲਫਤ ਕੀਤੀ ਹੈ। ਇਸ ਕਾਰਨ ਹਿਦੂਆਂ ਦੀ ਇਹ ਨਿਸਚਿਤ ਨੀਤੀ ਰਹੀ ਹੈ ਕਿ ਸਿਖ ਧਰਮ ਦਾ ਵਿਨਾਸ਼ ਕੀਤਾ ਜਾਵੇ ਜਿਸ ਲਈ ਸਿਖਾਂ ਦੇ ਬੱਚਿਆਂ ਨੂੰ ਅੰਮ੍ਰਿਤ ਛਕਣ ਤੋਂ ਰੋਕਦੇ ਹਨ। ਜਿਹੜੇ ਸਿਖੀ ਗ੍ਰਹਿਣ ਕਰ ਚੁੱਕੇ ਹਨ ਉਨ੍ਹਾਂ ਨੂੰ ਪਤਿਤ ਕਰਨ ਲਈ ਹਰ ਪ੍ਰਕਾਰ ਦੇ ਯਤਨ ਕਰਦੇ ਹਨ।
>
> ਹਿਦੂ ਮਤ ਨੇ ਬੁਧ ਮਤ ਦਾ ਗਲਾ ਘੁਟ ਕੇ ਉਸਨੂੰ ਮਾਰ-ਮੁਕਾਇਆ ਹੈ ਅਤੇ ਹਿੰਦੂ ਸਿਖਾਂ ਦਾ ਵਿਨਾਸ਼ ਕਰਨ ਵਿਚ ਬਹੁਤ ਹਦ ਤਕ ਸਫਲ ਹੋ ਚੁੱਕੇ ਹਨ।

ਹਿਦੂ ਲਈ, ਆਪਣਾ ਮਤਲਬ ਕਢਣ ਵਾਸਤੇ, ਸੌਗੰਦਾਂ ਖਾ ਲੈਣੀਆਂ ਕੋਈ ਨਵੀਂ ਗਲ ਨਹੀਂ। ਇਤਹਾਸ ਭਰਿਆ ਪਿਆ ਹੈ ਅਜੇਹੇ ਪਰਮਾਣਾਂ ਨਾਲ। ਇਕ ਪਾਸੇ ਨਹਿਰੂ ਵਲੋਂ ਸਿਖਾਂ ਦੀ ਘੱਟ ਗਿਣਤੀ ਦੇ ਰਾਜਸੀ ਹੱਕਾਂ ਦੀ ਵਿਧਾਨਕ ਰਾਖੀ ਤੇ ਸਪੈਸ਼ਲ ਖਿਤਾ ਦੇਣ ਦੇ ਲਾਰੇ ਲਾਏ ਗਏ ਅਤੇ ਗਾਂਧੀ ਵਲੋਂ ਕਈ ਵਾਰ ਸੌਗੰਦਾਂ ਖਾ ਕੇ ਇਨ੍ਹਾਂ ਦੀ ਪੁਸ਼ਟੀ ਕੀਤੀ ਗਈ। ਦੂਜੇ ਪਾਸੇ ਉਦੋਂ ਹੀ, ਸਿਖ ਕੌਮ ਦੀ ਹੋਂਦ ਨੂੰ ਮਿਟਾ ਦੇਣ ਦੀ ਸਿਖਮਾਰੂ ਨੀਤੀ ਘੜਨ ਦੀਆਂ ਡਿਊਟੀਆਂ ਲਗਾਈਆਂ ਗਈਆਂ ਅਤੇ ਰਾਜ ਸੱਤਾ ਹਥ ਵਿਚ ਆਉਂਦਿਆਂ ਹੀ ਉਨ੍ਹਾਂ ਸਕੀਮਾਂ ਨੂੰ ਸਖਤੀ ਨਾਲ ਲਾਗੂ ਕੀਤਾ ਗਿਆ।

ਸਾਲ ਤੋਂ ਵੀ ਵਧ ਸਮਾਂ ਲਾਕੇ, ਫਿਰਕੂ ਹਿਦੂ 'ਥਿੰਕ ਟੈਂਕ' ਨੇ, ਸਿਖ ਕੌਮ ਨੂੰ ਹੀਣਿਆਂ ਬਣਾਕੇ, ਇਸ ਨੂੰ ਸਦਾ ਦਾਸ ਬਣਾਈ ਰਖਣ ਵਾਸਤੇ ਸਿਖਮਾਰੂ ਨੀਤੀ ਬਣਾਈ ਜਿਸਦਾ ਮੁਖ ਮੰਤਵ ਸਿਖ ਕੌਮ ਦੀਆਂ ਧਾਰਮਕ, ਸਿਆਸੀ, ਆਰਥਕ ਅਤੇ ਸਭਿਆਚਾਰਕ ਜੜ੍ਹਾਂ ਨੂੰ ਕੁਤਰਨਾ ਸੀ ਤਾਂ ਜੋ ਸਿਖ ਕੌਮ ਤਪਦਿਕ ਦੇ ਮਰੀਜ਼ ਵਾਂਗ, ਹੌਲੀ ਹੌਲੀ ਆਪਣੀ ਮੌਤ ਆਪ ਹੀ ਮਰ ਜਾਵੇ ਅਤੇ ਇਸਨੂੰ ਆਸਾਨੀ ਨਾਲ ਮੁੜ ਹਿਦੂਆਂ ਵਿਚ ਜਜ਼ਬ ਕੀਤਾ ਜਾ ਸਕੇ। ਮਹਾਂਵੀਰ ਤਿਆਗੀ ਨੇ ਤਾਂ ਸੰਨ 1948 ਵਿਚ ਹੀ ਸਾਫ ਸ਼ਬਦਾਂ ਵਿਚ ਆਪਣੀਆਂ ਫਿਰਕੂ ਸਕੀਮਾਂ ਦਸ ਦਿੱਤੀਆਂ ਸਨ:

> ਘਟਗਿਣਤੀਆਂ ਨੂੰ ਅਸੀਂ ਕਢ ਦੇਣ ਵਿਚ ਜਾਂ ਵਡੀ ਪਧਰ ਤੇ ਕਤਲ ਕਰ ਦੇਣ ਵਿਚ ਵਿਸ਼ਵਾਸ ਨਹੀਂ ਰਖਦੇ, ਸਗੋਂ ਧਰਮ ਦੀ ਤਬਦੀਲੀ ਦੇ ਚਾਹਵਾਨ ਹਾਂ।

ਜਿਸ ਰਫਤਾਰ ਤੇ ਜਿਸ ਢੰਗ ਨਾਲ, ਸਿਖਮਾਰੂ ਨੀਤੀ ਦੀ ਪੂਰਤੀ ਲਈ, ਚੌਹਾਂ ਪਾਸਿਆਂ ਤੋਂ ਸਿਖ ਕੌਮ ਦੀਆਂ ਜੜ੍ਹਾਂ ਵਢਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ, ਅਤੇ ਜੇ ਇਹ ਨੀਤੀ ਆਪਣੀਆਂ ਉਲੀਕੀਆਂ ਨੀਹਾਂ ਤੋਂ ਥਿੜਕਦੀ ਨਾ, ਤਾਂ ਉਸ ਹਾਲਤ ਵਿਚ, ਸਿਖ ਕੌਮ ਨੇ ਨਾ ਕੇਵਲ ਲਹੂ-ਲੁਹਾਣ ਹੋ ਕੇ ਦਮ ਤੋੜ ਦੇਣੇ ਸਨ ਸਗੋਂ ਉਠਣ ਜੋਗਾ ਵੀ ਨਹੀਂ ਸੀ ਰਹਿਣਾ। ਕਾਂਗਰਸ ਆਮ ਲੋਕਾਂ ਤੋਂ ਟੁੱਟ ਚੁਕੀ ਸੀ ਅਤੇ ਸੰਨ 1985 ਦੀਆਂ ਇਲੈਕਸ਼ਨਾਂ ਵਿਚ ਹਿਦੂ ਵੋਟ ਜਿਤਣ ਲਈ, ਕਾਂਗਰਸ ਨੇ ਸਿਖ-ਮਾਰੂ ਨੀਤੀ ਦੀ ਆਖਰੀ ਕੜੀ ਨੂੰ ਇਸਦੇ ਦੂਰ ਭਵਿਖ ਦੇ ਉਦੇਸ਼ ਤੋਂ ਥਿੜਕਾ ਕੇ, ਵਕਤ ਤੋਂ ਪਹਿਲਾਂ ਵਰਤ ਲਿਆ।

ਇਹ ਆਖਰੀ ਕੜੀ ਤਿੰਨ ਹਿਸਿਆਂ ਵਿਚ ਵੰਡੀ ਹੋਈ ਸੀ ਜਿਸਦਾ ਪਹਿਲਾ ਕਦਮ ਸ੍ਰੀ ਦਰਬਾਰ ਸਾਹਿਬ ਤੇ ਪੰਜਾਬ ਦੇ ਸਾਰੇ ਪ੍ਰਸਿਧ ਗੁਰਦਵਾਰਿਆਂ ਵਿਚ ਇਕੱਠੇ ਹੋਏ ਸਿਖਾਂ ਤੇ ਵਹਿਸ਼ੀਆਨਾ ਹਮਲਾ ਅਤੇ ਸਾਰੇ ਪੰਜਾਬ ਵਿਚ, ਸਣੇ ਸਾਰੇ ਪਿੰਡਾਂ ਦੇ, ਸਿਖਾਂ ਦਾ ਕਤਲਾਮ ਕਰਨਾ ਤਾਂ ਜੋ ਪੰਜਾਬ ਵਿਚ ਪੰਦਰਾਂ ਸਾਲ ਤੋਂ ਲੈਕੇ ਪੰਜਾਹ ਸਾਲ ਤਕ ਦਾ ਕੋਈ ਸਿਖ ਬਾਕੀ ਨਾ ਰਹਿ ਜਾਏ।

ਇਤਨੇ ਕਤਲਾਮ ਮਗਰੋਂ ਸਿਖਾਂ ਅੰਦਰ ਜੇ ਕੋਈ ਸਾਹ-ਸਤ ਬਾਕੀ ਰਹਿ ਜਾਵੇ ਅਤੇ ਇਹ ਪੰਜਾਬ ਵਿਚ ਸਿਰ ਚੁੱਕਣ ਦੀ ਕੋਸ਼ਿਸ਼ ਕਰਨ ਜਾਂ ਹਿਦੂਆਂ ਦੀ ਮਾਰਧਾੜ ਕਰਨ ਤਾਂ ਦਿੱਲੀ ਵਿਚ ਅਤੇ ਬਾਕੀ ਦੇ ਸਾਰੇ ਦੇਸ਼ ਵਿਚ ਸਿਖਾਂ ਨੂੰ ਮਾਰ ਮੁਕਾਉਣ ਦੀ ਸਕੀਮ ਇੰਦਰਾ ਤੇ ਰਾਜੀਵ ਨੇ ਤਿਆਰ

ਕੀਤੀ ਹੋਈ ਸੀ। ਪਰ ਸਿਖਾਂ ਇਜ ਕੀਤਾ ਨਹੀਂ ਅਤੇ ਨਤੀਜੇ ਵਜੋਂ ਇੰਦਰਾ ਸਰਕਾਰ ਨੂੰ ਦੂਜਾ ਕਦਮ ਚੁਕਣ ਦਾ ਫੌਰੀ ਮੌਕਾ ਨਹੀਂ ਮਿਲ ਸਕਿਆ।

ਤੀਜਾ ਕਦਮ ਸੀ, ਅੰਮ੍ਰਿਤਸਰ ਤੇ ਗੁਰਦਾਸਪੁਰ ਨੂੰ ਮੈਦਾਨੇ ਜੰਗ ਬਣਾਕੇ ਅੰਮ੍ਰਿਤਸਰ ਦਾ ਖਾਤਮਾ ਅਤੇ ਇਸ ਜੰਗ ਦੌਰਾਨ ਸਿਖਾਂ ਦਾ ਕਤਲਾਮ ਕਰਕੇ ਇਸ ਕੌਮ ਦਾ ਸਫਾਇਆ ਕਰ ਦੇਣਾ। ਬਾਰਡਰ ਤੇ ਹਰ ਕਿਸਮ ਦੇ ਹਥਿਆਰਾਂ ਨਾਲ ਲੈਸ ਹੋਈ ਫੌਜ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ। ਖੇਮਕਰਨ ਦੇ ਆਲੇ ਦੁਆਲੇ ਦੇ ਪਿੰਡ ਖਾਲੀ ਹੋ ਗਏ ਸਨ। ਜੰਗ ਦੇ ਸ਼ੁਰੂ ਹੋ ਜਾਣ ਦੀਆਂ ਦੋ ਨਵੰਬਰ ਤੇ ਛੇ ਨਵੰਬਰ ਤਰੀਕਾਂ ਦੀ ਵੀ ਚਰਚਾ ਸ਼ੁਰੂ ਹੋ ਗਈ ਸੀ ਪਰੰਤੂ ਅਕਾਲ ਪੁਰਖ ਨੂੰ ਇਜ ਨਹੀਂ ਭਾਇਆ ਅਤੇ ਉਸਨੇ ਇਸ ਖੇਡ ਦੇ ਖੇਡੇ ਜਾਣ ਤੋਂ ਪਹਿਲਾਂ ਹੀ ਇੰਦਰਾ ਨੂੰ ਆਪਣੇ ਦਰਬਾਰ ਵਿਚ ਹਾਜ਼ਰ ਹੋਣ ਦਾ ਹੁਕਮ ਭੇਜ ਦਿੱਤਾ।

ਸੰਨ 1965 ਦੀ ਭਾਰਤ ਪਾਕ ਲੜਾਈ ਵੇਲੇ ਵੀ ਭਾਰਤੀ ਸੈਨਾ ਦੇ ਮੁਖੀ ਦੀ ਅੰਮ੍ਰਿਤਸਰ-ਗੁਰਦਾਸਪੁਰ ਨੂੰ ਰਣਭੂਮੀ ਬਣਾਉਣ ਦੀ ਪੂਰੀ ਤੇ ਪੱਕੀ ਸਕੀਮ ਸੀ ਪਰੰਤੂ ਸਿਖ ਜਰਨੈਲ ਹਰਬਖਸ਼ ਸਿਘ ਨੇ ਇਸ ਖਤਰਨਾਕ ਚਾਲ ਦੀ ਡਟ ਕੇ ਵਿਰੋਧਤਾ ਕੀਤੀ ਸੀ ਪਰ ਸੰਨ 1984 ਵਿਚ ਜੰਗ ਛੇੜਨ ਦਾ ਮੁਖ ਮਤੰਵ ਹੀ ਸਿਖਾਂ ਨੂੰ ਮਾਰ ਮੁਕਾਉਣਾ ਸੀ।

ਸਿਖ ਮਾਰੂ ਨੀਤੀ ਅਨੁਸਾਰ ਅਕਾਲੀਆਂ ਦੀ ਤਾਕਤ ਨੂੰ ਸੀਮਤ ਰਖਣ ਲਈ ਇੰਦਰਾ ਗਾਂਧੀ ਨੇ ਸੰਤ ਭਿੰਡਰਾਂ ਵਾਲਿਆਂ ਨੂੰ ਸਿਖ ਸਿਆਸਤ ਵਿਚ ਵਰਤਣ ਦੀ ਕੋਸ਼ਿਸ਼ ਕੀਤੀ ਪਰੰਤੂ ਸੰਤਾਂ ਨੇ ਇੰਦਰਾ ਗਾਂਧੀ ਦੀਆਂ ਇਨ੍ਹਾਂ ਆਸ਼ਾਵਾਂ ਤੇ ਪਾਣੀ ਫੇਰ ਦਿੱਤਾ।

ਸੰਨ 1978 ਦੀ ਵਿਸਾਖੀ ਦੇ ਸਿਖ ਕਤਲਾਮ ਨਾਲ ਸਿਖ ਸਿਆਸਤ ਵਿਚ ਇਕ ਨਵਾਂ ਮੋੜ ਆਇਆ। ਸੰਤਾਂ ਨੇ ਸਿਖ ਕੌਮ ਦੀਆਂ ਅਖਾਂ ਤੋਂ ਪੱਟੀ ਲਾਹੁਣੀ ਸ਼ੁਰੂ ਕਰ ਦਿੱਤੀ ਅਤੇ ਇਸਦੀਆਂ ਵੱਢੀਆਂ ਜਾ ਚੁਕੀਆਂ ਜੜ੍ਹਾਂ ਨੂੰ, ਇਕ ਸਿਆਣੇ ਮਾਲੀ ਵਾਂਗ, ਸਮੇਟ ਕੇ ਇਨ੍ਹਾਂ ਨੂੰ ਖਾਦ ਦੇਣੀ ਸ਼ੁਰੂ ਕਰ ਦਿੱਤੀ ਜਿਸ ਨਾਲ ਸਿਖ ਕੌਮ ਅੰਦਰ ਨਵੇਂ ਸਿਰਿਉਂ ਜਾਨ ਪੈਣੀ ਸ਼ੁਰੂ ਹੋ ਗਈ ਸੀ। ਇਸ ਤਰ੍ਹਾਂ ਇੰਦਰਾ ਗਾਂਧੀ ਸੰਤਾਂ ਨੂੰ ਅਕਾਲੀਆਂ ਵਿਰੁੱਧ ਤਾਂ ਨਾ ਵਰਤ ਸਕੀ ਪਰੰਤੂ ਸੰਨ 1985 ਦੀਆਂ ਹੋਣ ਵਾਲੀਆਂ ਚੋਣਾਂ ਵਿਚ, ਵੋਟ ਲੈਣ ਖਾਤਰ, ਸ੍ਰੀ ਦਰਬਾਰ ਸਾਹਿਬ ਉਤੇ ਵਹਿਸ਼ੀਆਨਾ ਹਮਲਾ ਕਰਨ ਦੀ ਬੇਵਕੂਫੀ ਜ਼ਰੂਰ ਕਰ ਬੈਠੀ। ਹੁਣ ਅਸੀਂ ਵੇਖਣਾ ਇਹ ਹੈ ਕਿ ਕਿਸ ਯੋਜਨਾਬਧ ਤਰੀਕੇ ਨਾਲ, ਹਿੰਦੂ ਸਾਮਰਾਜ ਨੇ ਸਿਖ ਕੌਮ ਦੀਆਂ ਜੜ੍ਹਾਂ ਵਢਣੀਆਂ ਸ਼ੁਰੂ ਕੀਤੀਆਂ ਸਨ।

'ਸਿਖਮਾਰੂ' ਨੀਤੀ ਨੂੰ ਅਮਲ ਵਿਚ ਲਿਆਉਣ ਲਈ ਸਰਕਾਰੀ ਹਦਾਇਤਾਂ ਤਾਂ ਅਜ਼ਾਦੀ ਮਿਲਣ ਤੋਂ ਪਹਿਲਾਂ ਹੀ ਦੇ ਦਿੱਤੀਆਂ ਗਈਆਂ ਸਨ ਪਰੰਤੂ ਉਨ੍ਹਾਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਪੰਜਾਬ ਦੇ ਗਵਰਨਰ ਚੰਦੂ ਲਾਲ ਤਰਵੇਦੀ ਦੀਆਂ ਅੱਠ ਅਕਤੂਬਰ 1947 ਦੀਆਂ ਜ਼ਬਾਨੀ ਅਤੇ ਦਸ ਅਕਤੂਬਰ ਦੀਆਂ ਲਿਖਤੀ ਹਦਾਇਤਾਂ ਨੇ ਤਾਂ ਪੰਜਾਬ ਸਰਕਾਰ ਦੀ ਸਾਰੀ ਮਸ਼ੀਨਰੀ ਨੂੰ ਸਿਖ ਵਿਰੋਧੀ ਬਣਾਕੇ ਰਖ ਦਿੱਤਾ। ਸਿਖਾਂ ਨੂੰ ਗੋਲੀ ਮਾਰ ਦੇਣ, ਹਿਰਾਸਤ ਵਿਚ ਲੈ ਲੈਣ ਤੇ ਉਨ੍ਹਾਂ ਨੂੰ ਠੀਕ ਕਰਨ ਲਈ, ਜੋ ਮਨ ਵਿਚ ਆਵੇ, ਕਰ ਲੈਣ ਦੀਆਂ ਦਿੱਤੀਆਂ ਹਦਾਇਤਾਂ ਸੰਨ 1710 ਵਿਚ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਵਲੋਂ ਕਢੇ ਹੁਕਮਨਾਮੇ ਨਾਲ ਮੇਲ ਖਾਂਦੀਆਂ ਹਨ।

ਇਸ ਨੀਤੀ ਦੇ ਲਾਗੂ ਹੁੰਦਿਆਂ ਹੀ ਇਕ ਦੁਰਘਟਨਾ ਹੁਸ਼ਿਆਰ ਪੁਰ ਦੇ ਸਿਖਾਂ ਦੇ ਇਕ ਪਿੰਡ ਵਿਚ ਹੋਈ। ਇਕ ਹਿੰਦੂ ਪੁਲਸ ਅਫਸਰ ਪਿੰਡ ਦੇ ਦੋ ਕੁ ਦਰਜਨ ਸਿਖਾਂ ਤੋਂ ਕਿਸੇ ਕੇਸ ਦੀ ਪੁਛਗਿਛ ਕਰ ਰਿਹਾ ਸੀ। ਅਚਾਨਕ ਉਸਦੀ ਨਜ਼ਰ ਇਕ ਦਰਸ਼ਨੀ ਦਾੜ੍ਹੀ ਵਾਲੇ ਸਿਖ ਤੇ ਪਈ। ਬਿਨਾਂ ਕਿਸੇ

ਕਾਰਨ, ਉੱਠਕੇ ਉਸਦੀ ਦਾੜ੍ਹੀ ਪੁੱਟ ਮਾਰੀ ਅਤੇ ਹੱਥ ਵਿਚ ਆਏ ਦਾੜ੍ਹੀ ਦੇ ਕੇਸਾਂ ਨੂੰ ਪੈਰਾਂ ਥੱਲੇ ਰੋਲ ਕੇ ਜੇਬ ਵਿਚੋਂ ਤੀਲੀ ਕਢਕੇ ਸਾੜ ਦਿੱਤਾ ਅਤੇ ਸਿਖਾਂ ਨੂੰ ਸੰਬੋਧਨ ਕਰਕੇ ਇਜ ਚਿਤਾਵਨੀ ਦਿਤੀ:

> ਤੁਸੀਂ ਸਾਰੇ ਖਬਰਦਾਰ ਹੋ ਜਾਓ। ਤੁਸਾਂ ਸਿਖਾਂ ਨੇ ਇਹ ਸਮਝ ਰਖਿਆ ਹੈ ਕਿ ਪੰਜਾਬ ਵਿਚ ਤੁਸੀਂ ਹੀ ਨਾਢੂ ਖਾਂ ਹੋ। ਤੁਸੀਂ ਮਹਾਰਾਜਾ ਪਟਿਆਲਾ ਨੂੰ ਆਪਣਾ ਆਗੂ ਚੁਣ ਰਹੇ ਹੋ, ਏਸ ਲਈ ਅਸੀਂ ਹਿੰਦੂ, ਤੁਹਾਡੀਆਂ ਦਾਹੜੀਆਂ ਤੇ ਲੰਮੇ ਕੇਸਾਂ ਨੂੰ ਪੈਰਾਂ ਥਲੇ ਏਸੇ ਤਰ੍ਹਾਂ ਰੋਲਦੇ ਰਹਾਂਗੇ।

ਸਿਖਾਂ ਤੇ ਸਿਖ ਧਰਮ ਦੀ ਖਿਲੀ ਉਡਾਉਣ ਵਿਚ, ਇਨ੍ਹਾਂ ਸਿਖ ਮਾਰੂ ਹਦਾਇਤਾਂ ਨੇ ਹਿੰਦੂਆਂ ਦੇ ਕਿਤਨੇ ਹੌਂਸਲੇ ਵਧਾਏ, ਉਸਦਾ ਅੰਦਾਜ਼ਾ ਸ: ਕਪੂਰ ਸਿੰਘ ਜੀ ਦੀ ਪੁਸਤਕ 'ਸਾਚੀ ਸਾਖੀ' ਦੀ ਇਕ ਹੋਰ ਮਿਸਾਲ ਤੋਂ ਚੰਗੀ ਤਰ੍ਹਾਂ ਲਗ ਜਾਂਦਾ ਹੈ। ਮੁਕੇਰੀਆਂ (ਹੁਸ਼ਿਆਰਪੁਰ) ਵਿਚ ਅਕਤੂਬਰ 1948 ਦਾ ਦਸਹਿਰਾ ਮਨਾਇਆ ਗਿਆ। ਉਸਦੀ ਇਕ ਝਾਕੀ ਵਿਚ ਇਕ ਹਿੰਦੂ ਨੇ ਆਪਣੇ ਸਰੀਰ ਤੇ ਗੰਦਗੀ ਮਲਕੇ, ਸਿਖ ਦੀ ਸ਼ਕਲ ਬਣਾਈ। ਇਸ ਕੋਝੀ ਤਸਵੀਰ ਦੀ ਝਾਕੀ ਨੂੰ ਗਲੀਆਂ ਬਾਜ਼ਾਰਾਂ ਵਿਚ ਫੇਰਿਆ ਗਿਆ। ਇਸ ਹਿੰਦੂ ਨੇ ਆਪਣੇ ਹਥਾਂ ਵਿਚ ਇਕ ਗੰਦੀ ਥਾਲੀ ਫੜੀ ਹੋਈ ਸੀ ਜਿਸ ਵਿਚ ਗੋਹਾ ਪਾਇਆ ਹੋਇਆ ਸੀ। ਰਸਤੇ ਵਿਚ ਜੇ ਕਿਸੇ ਸਿਖ ਨੂੰ ਵੇਖਦਾ ਤਾਂ ਉਸਦਾ ਮਜ਼ਾਕ ਉਡਾਉਣ ਲਈ ਕਹਿਦਾ:

> ਭਰਾਵੋ ਮੈਂ ਗੁਰੂ ਦੀ ਕ੍ਰਿਪਾ ਦੁਆਰਾ ਨਵਾਂ ਨਵਾਂ ਸਜਿਆ ਸਿਖ ਹਾਂ ਅਤੇ ਇਹ ਮੇਰੇ ਖਬੇ ਹਥ ਵਿਚ ਜੋ ਤੁਸੀਂ ਪਵਿਤਰ ਪ੍ਰਸ਼ਾਦ ਵੇਖਦੇ ਹੋ ਮੈਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਤੋਂ ਲਿਆਇਆ ਹਾਂ।

ਇਕ ਸਰਕਾਰੀ ਸਿਖ ਅਫਸਰ ਤੇ ਕੁਝ ਹੋਰ ਸਿਖਾਂ ਨੇ ਸਿਖ ਧਰਮ ਦੀ ਇਸ ਨਿਰਾਦਰੀ ਦਾ ਜਦ ਵਿਰੋਧ ਕੀਤਾ ਤਾਂ ਹਿੰਦੂ ਥਾਣੇਦਾਰ ਨੇ ਉਨ੍ਹਾਂ ਨੂੰ ਫੜਕੇ ਜੇਲ੍ਹ ਵਿਚ ਸੁੱਟ ਦਿੱਤਾ। ਇਹ ਉਹ ਵੇਲਾ ਸੀ ਜਦੋਂ ਹਿੰਦੂ ਸਾਮਰਾਜ ਨੇ ਮਾਲਕ ਦੇ ਰੂਪ ਵਿਚ ਸਿਖਾਂ ਨੂੰ ਗੁਲਾਮੀ ਦੀ ਆਪਣੀ ਥਾਂ ਤੇ ਟਿਕਣ ਦਾ ਸੁਨੇਹਾ ਦੇਣਾ ਸ਼ੁਰੂ ਕੀਤਾ ਸੀ। ਸਿਖ ਕੌਮ ਦੀਆਂ ਜੜ੍ਹਾਂ ਵਢਣ ਲਈ ਅੰਗਰੇਜ਼ਾਂ ਵਾਂਗ, ਸ਼੍ਰੋਮਣੀ: ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਹੋਰ ਗੁਰ-ਅਸਥਾਨਾਂ ਦੇ ਪ੍ਰਬੰਧ ਵਿਚ, ਸਰਕਾਰੀ ਦਖਲ ਦੇਕੇ, ਆਪਣੇ ਪਿਠੂਆਂ ਦਾ ਕਬਜ਼ਾ ਕਰਵਾਕੇ ਇਨ੍ਹਾਂ ਸਟੇਜਾਂ ਨੂੰ ਆਪਣੇ ਮਨ-ਮਾਨੇ ਮਨੋਰਥਾਂ ਲਈ ਵਰਤਣਾ, ਇਸ ਧਰਮ ਨਿਰਪੇਖ ਸਰਕਾਰ ਦੀ ਸਾਧਾਰਨ ਰਿਵਾਇਤ ਬਣ ਚੁਕੀ ਸੀ। ਮਿੰਟ ਮਿੰਟ ਦੀਆਂ ਖਬਰਾਂ ਤੋਂ ਜਾਣੂ ਰਹਿਣ ਲਈ, ਸ੍ਰੀ ਦਰਬਾਰ ਸਾਹਿਬ ਵਿਚ ਆਪਣੇ ਸੂਹੀਆਂ ਦਾ ਜਾਲ ਵਿਛਾ ਦਿੱਤਾ ਹੋਇਆ ਸੀ।

ਕਰੋੜਾਂ ਰੁਪੈ ਦੇ ਬੱਜਟ ਵਾਲੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧ ਕਮੇਟੀ ਨੇ ਨਾ ਤਾਂ ਕੋਈ ਸਿਖੀ ਦਾ ਪ੍ਰਚਾਰ ਕੀਤਾ ਤੇ ਨਾ ਹੀਂ ਗੁਰਬਾਣੀ ਦੇ ਉਲਥੇ ਕੀਤੇ, ਕਰਵਾਏ। ਦੁਨੀਆਂ ਵਿਚ ਸ਼ਾਇਦ ਹੀ ਹੋਰ ਕਿਸੇ ਕੌਮ ਦੇ ਹਿਸੇ ਵਿਚ ਸਿਖ ਕੌਮ ਵਰਗਾ ਸ਼ਾਨਦਾਰ ਇਤਿਹਾਸ ਆਇਆ ਹੋਵੇ ਅਤੇ ਦੁਨੀਆਂ ਵਿਚ ਸ਼ਾਇਦ ਹੋਰ ਕੋਈ ਇਤਨੀ ਅਵੇਸਲੀ ਕੌਮ ਹੋਵੇਗੀ ਜਿਸ ਆਪਣੇ ਸ਼ਾਨਦਾਰ ਵਿਰਸੇ ਦੀ ਪੋਟਲੀ ਨੂੰ ਖੋਲ੍ਹਣ ਤਕ ਦੀ ਵੀ ਖੇਚਲ ਨਾ ਕੀਤੀ ਹੋਵੇ। ਇਸਦਾ ਸ਼ਾਨਦਾਰ ਇਤਿਹਾਸ ਤੇ ਅਦੁਤੀ ਰਿਵਾਇਤਾਂ ਹਨੇਰੀਆਂ ਨੁਕਰਾਂ ਦੀਆਂ ਪਰਛਾਈਆਂ ਥਲੇ ਵਡਮੁੱਲੇ ਹੀਰਿਆਂ ਵਾਂਗ ਦਮਕਾਂ ਮਾਰ ਰਹੇ ਹਨ ਪਰੰਤੂ ਇਨ੍ਹਾਂ ਨੂੰ ਸਾਫ ਕਰਕੇ, ਨਵੀਆਂ ਵਿਗਿਆਨਕ ਕਦਰਾਂ ਕੀਮਤਾਂ ਦੇਕੇ ਸੰਸਾਰ ਮੰਚ ਤੇ ਕਉਣ ਲਿਆਵੇ? ਸ਼੍ਰੋ: ਗੁ: ਪ੍ਰ: ਕਮੇਟੀ ਅਤੇ ਅਕਾਲ ਤਖਤ ਦੇ ਜਥੇਦਾਰਾਂ ਦੀਆਂ ਮੁਹਰਾਂ ਤਾਂ ਦਿੱਲੀ ਦੇ

ਹੁਕਮਰਾਨਾਂ ਦੀਆਂ ਜੇਬਾਂ ਵਿਚ ਰਹਿੰਦੀਆਂ ਹਨ। ਸੁਆਰਥ ਦੀ ਦਲਦਲ ਵਿਚ ਖੁੱਭੇ ਹੋਏ ਨਕਾਰਾ ਹੋ ਚੁਕੇ ਇਨ੍ਹਾਂ ਲੀਡਰਾਂ ਵਿਚ ਨਾ ਤਾਂ ਕੋਈ ਸਾਹ ਸਤ ਬਾਕੀ ਰਹਿ ਗਿਆ ਸੀ ਤੇ ਨਾਹੀ ਕੋਈ ਗੈਰਤ ਬਾਕੀ ਰਹਿ ਗਈ ਸੀ।

ਹੁਣ ਅਸੀਂ ਇਸ ਸਰਕਾਰ ਦੇ ਧਰਮ ਨਿਰਪੇਖਤਾ ਦੇ ਝੂਠ ਦੇ ਪਲੰਦੇ ਨੂੰ ਲੀਰੋ ਲੀਰ ਕਰਦੇ ਹਾਂ ਤਾਂ ਜੋ ਪਾਠਕ ਜਨ ਇਹ ਜਾਣ ਸਕਣ ਕਿ ਇਸ ਵਿਚ ਕੁਝ ਸਚਾਈ ਵੀ ਹੈ ਜਾਂ ਇਹ ਸਾਰਾ ਹੀ ਝੂਠ ਦਾ ਪਲੰਦਾ ਹੈ।

ਦੱਖਣ ਵਿਚ ਕੁਝ ਹਰੀਜਨ ਲਾਲਚ-ਵੱਸ ਈਸਾਈ ਬਣ ਗਏ। ਜਿਸਦਾ ਰੌਲਾ ਰੱਪਾ ਪਾਰਲੀਮੈਂਟ ਤਕ ਪਿਆ ਅਤੇ ਲਾਲਚ-ਵੱਸ ਧਰਮ ਬਦਲਣ ਨੂੰ ਕਾਨੂੰਨ ਵਿਰੁਧ ਕਰਾਰ ਦਿੱਤੇ ਜਾਣ ਦੀਆਂ ਸਕੀਮਾਂ ਸੋਚੀਆਂ ਗਈਆਂ। ਉਹੀ ਸਰਕਾਰ ਸਿਖਾਂ ਨੂੰ ਆਪਣੇ ਧਰਮ ਤੋਂ ਡੋਗਣ ਲਈ, ਕਈ ਸਹੂਲਤਾਂ ਦੇਕੇ ਪ੍ਰੇਰਨਾ ਦੇ ਰਹੀ ਹੈ। ਕੇਸ ਕਤਲ ਕਰਾਉਣ ਵਾਲੇ ਸਿਖਾਂ ਨੂੰ ਨੌਕਰੀਆਂ ਤੇ ਤਰੱਕੀਆਂ ਦੇਂਦੀ ਹੈ, ਪਤਿਤ ਸਿਖਾਂ ਨੂੰ ਹਰ ਥਾਂ ਪਹਿਲ ਦੇਂਦੀ ਹੈ। ਜੇ ਹਿੰਦੂ ਲਾਲਚ ਵਸ ਧਰਮ ਬਦਲ ਕੇ ਈਸਾਈ ਬਣ ਜਾਵੇ ਤਾਂ ਗੈਰ ਕਾਨੂੰਨੀ ਹੈ, ਜੇ ਸਿਖ ਲਾਲਚ ਵਸ ਹਿੰਦੂ ਬਣ ਜਾਵੇ ਤਾਂ ਇਹ ਧਰਮ-ਨਿਰਪੇਖਤਾ ਹੈ। ਹਿੰਦੂ ਧਰਮ ਤੋਂ ਬਿਨਾਂ ਕੋਈ ਹੋਰ ਧਰਮ ਹਿੰਦੁਸਤਾਨ ਵਿਚ ਨਾ ਰਹਿਣ ਦੇਣਾ ਹੀ ਇਨ੍ਹਾਂ ਦੀ ਧਰਮ-ਨਿਰਪੇਖਤਾ ਹੈ।

ਲੜਾਈ ਵਿਚ ਆਪਣੀ ਜਾਨ ਵਾਰਕੇ ਲੜਾਈ ਜਿੱਤਣ ਲਈ ਤਾਂ ਸਿਖ ਆਪਣਾ ਧਾਰਮਕ ਵਿਸ਼ਵਾਸ ਵਰਤ ਸਕਦਾ ਹੈ ਪਰ ਅੱਗੇ ਪਿਛੇ, ਉਸੇ ਧਾਰਮਕ ਵਿਸ਼ਵਾਸ ਰਖਣ ਵਾਲੇ ਨੂੰ ਜਾਂ ਤਾਂ ਜੇਲ੍ਹਾਂ ਵਿਚ ਤਸੀਹੇ ਦਿੱਤੇ ਜਾਂਦੇ ਹਨ, ਜਾਂ ਗੋਲੀ ਨਾਲ ਉਡਾ ਦਿੱਤਾ ਜਾਂਦਾ ਹੈ।

ਅੰਗਰੇਜ਼ਾਂ ਵੇਲੇ ਉਹੀ ਸਿਖ ਫੌਜ ਵਿਚ ਭਰਤੀ ਹੋ ਸਕਦਾ ਸੀ ਜੋ ਪੂਰਨ ਅੰਮ੍ਰਿਤਧਾਰੀ ਸਿਖ ਹੁੰਦਾ ਸੀ। ਉਸ ਲਈ ਅੰਮ੍ਰਿਤ ਛਕਣਾ, ਗੁਰਦਵਾਰੇ ਜਾਣਾ ਅਤੇ ਸਿਖ ਮਰਯਾਦਾ ਵਿਚ ਰਹਿਣਾ ਲਾਜ਼ਮੀ ਹੁੰਦਾ ਸੀ ਪਰੰਤੂ ਹੁਣ ਹਰ ਪਤਿਤ ਸਿਖ ਨੂੰ ਧਰਮ-ਨਿਰਪੇਖਤਾ ਦੇ ਲੇਬਲ ਥੱਲੇ ਭਰਤੀ ਕਰਨਾ ਸ਼ੁਰੂ ਕੀਤਾ ਹੋਇਆ ਹੈ। ਪਤਿਤ ਸਿਖਾਂ ਨੂੰ ਤਰੱਕੀਆਂ ਦੇ ਮੌਕੇ ਵਧੇਰੇ ਦਿੱਤੇ ਜਾਂਦੇ ਹਨ, ਤਾਂ ਜੋ ਹੋਰ ਸਿਖ ਪਤਿਤ ਹੋਣ ਅਤੇ ਸਿਖੀ ਨੂੰ ਢਾਹ ਲਗੇ।

ਅੱਜ ਸਾਬਤ ਸੂਰਤ ਸਿਖ ਤਾਂ ਹਾਕਮਾਂ ਦੀਆਂ ਅਖਾਂ ਵਿਚ ਰੜਕਦਾ ਹੈ ਅਤੇ ਉਸਨੂੰ ਹਾਕਮਾਂ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਸਿਖ ਧਰਮ ਦੇ ਸਿਧਾਂਤਾਂ ਅਨੁਸਾਰ ਹਰ ਸਿਖ ਲਈ ਅੰਮ੍ਰਿਤ ਛਕਣਾ ਲਾਜ਼ਮੀ ਹੈ ਪਰ ਹੁਣ ਅੰਮ੍ਰਿਤ ਧਾਰੀ ਸਿਖ ਨੂੰ ਹਿੰਦੁਸਤਾਨ ਦੇ ਹਰ ਕੋਨੇ ਵਿਚ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਅੰਮ੍ਰਿਤਧਾਰੀ ਸਿਖ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਕਸੂਰ ਉਸ ਦਾ ਕੇਵਲ ਇਤਨਾ ਹੈ ਕਿ ਉਸਨੇ ਆਪਣੇ ਧਰਮ ਵਿਚ ਪ੍ਰਵੇਸ਼ ਹੋਣ ਲਈ ਅੰਮ੍ਰਿਤ ਛਕਿਆ ਹੈ।

ਜਿਸ ਤਰ੍ਹਾਂ ਹਿੰਦੂ ਜੰਜੂ ਪਾਕੇ ਹਿੰਦੂ ਧਰਮ ਵਿਚ ਪ੍ਰਵੇਸ਼ ਕਰਦਾ ਹੈ ਇਸੇ ਤਰ੍ਹਾਂ ਸਿਖ ਅੰਮ੍ਰਿਤ ਛਕ ਕੇ ਪੰਜ ਕਕਾਰਾਂ ਨਾਲ ਸਿਖੀ ਵਿਚ ਪ੍ਰਵੇਸ਼ ਕਰਦਾ ਹੈ। ਸਾਡੇ ਧਾਰਮਕ ਚਿੰਨ੍ਹ ਕ੍ਰਿਪਾਨ ਉਤੇ ਪੰਬੰਦੀ ਹੈ ਪਰ ਹਿੰਦੂਆਂ ਦੇ ਧਾਰਮਕ ਚਿੰਨ੍ਹ ਜੰਜੂ ਉਤੇ ਕੋਈ ਪਾਬੰਦੀ ਨਹੀਂ, ਇਹ ਕਿਹੜੇ ਪਾਸਿਓਂ ਧਰਮ-ਨਿਰਪੇਖਤਾ ਹੋਈ?

ਪੰਜਾਬ ਦੇ ਲੋਕਾਂ ਨੇ ਆਪਣੀਆਂ ਲਖਾਂ ਵੋਟਾਂ ਪਾਕੇ ਆਪਣੇ ਭਰੋਸੇ ਯੋਗ ਐਮ ਪੀ ਚੁਣੇ ਜਿਨ੍ਹਾਂ ਦਾ, ਪਾਰਲੀਮੈਂਟ ਵਿਚ ਵੜਨ ਤੋਂ ਰੋਕ ਕੇ, ਨਿਰਾਦਰ ਕੀਤਾ ਗਿਆ ਕਿਉਂਕਿ ਉਨ੍ਹਾਂ ਕੋਲ ਆਪਣਾ ਧਾਰਮਕ ਚਿੰਨ੍ਹ 'ਸ੍ਰੀ ਸਾਹਿਬ' ਸੀ। ਸਿਖ ਵੋਟਰਾਂ ਦੀ ਨਿਰਾਦਰੀ ਕਰਕੇ, ਉਨ੍ਹਾਂ ਦੇ ਵੋਟ ਦਾ ਮਜ਼ਾਕ

ਉਡਾਉਣ ਨੂੰ ਇਹ ਜਮਹੂਰੀਅਤ ਕਹਿੰਦੇ ਹਨ ਅਤੇ ਸਿਖਾਂ ਨੂੰ ਆਪਣੇ ਧਾਰਮਕ-ਚਿੰਨ੍ਹ ਨਾ ਪਹਿਨਣ ਦੇਣ ਨੂੰ ਧਰਮ-ਨਿਰਪੇਖਤਾ। ਜਿਥੇ ਵੋਟਰਾਂ ਦਾ ਨਿਰਾਦਰ ਕੀਤਾ ਜਾਂਦਾ ਹੈ ਉਹ ਜਮਹੂਰੀਅਤ ਧੋਖਾ ਤੇ ਫਰੇਬ ਹੈ। ਜਿਥੇ ਲੋਕਾਂ ਨੂੰ (ਸਿਖਾਂ ਨੂੰ ਖਾਸਕਰ) ਆਪਣਾ ਧਾਰਮਕ ਚਿੰਨ੍ਹ ਰਖ ਸਕਣ ਦੀ ਖੁੱਲ੍ਹ ਨਹੀਂ, ਉਹ ਧਰਮ-ਨਿਰਪੇਖਤਾ ਬਕਵਾਸ ਹੈ।

ਜੇ ਹਿੰਦੂ ਆਪਣਾ ਧਾਰਮਕ ਚਿੰਨ੍ਹ ਜੰਜੂ ਪਾ ਕੇ ਪਾਰਲੀਮੈਂਟ ਵਿਚ ਬਿਨਾ ਰੋਕ ਟੋਕ ਦੇ ਜਾ ਸਕਦਾ ਹੈ ਤਾਂ ਸਿਖ ਆਪਣੇ ਧਾਰਮਕ ਚਿੰਨ੍ਹ 'ਸ੍ਰੀ ਸਾਹਿਬ' ਨਾਲ ਪਾਰਲੀਮੈਂਟ ਵਿਚ ਕਿਉਂ ਨਹੀਂ ਜਾ ਸਕਦਾ? ਉੱਤਰ ਸਾਫ਼ ਤੇ ਸਪਸ਼ਟ ਹੈ ਕਿਉਂਕਿ ਰਾਜ ਜੁ ਹਿੰਦੂ ਦਾ ਹੈ। ਰਾਜ ਸੱਤਾ ਤੋਂ ਬਿਨਾਂ ਕੋਈ ਧਰਮ ਚਲ ਨਹੀਂ ਸਕਦਾ। ਸਾਡੇ ਗੁਰੂ ਸਾਹਿਬਾਨ ਨੇ ਤਾਂ ਸਾਡੇ ਲਈ ਅਜੇਹੇ ਵਿਗਿਆਨਕ ਰਾਜਨੀਤਕ ਤੱਤ ਕਢਕੇ ਪਹਿਲਾਂ ਹੀ ਲਿਖ ਦਿੱਤੇ ਹੋਏ ਹਨ ਪਰ ਸਾਡੇ ਸੁਆਰਥੀ ਤੇ ਅਮਲਾਂ-ਵਿਹੂਣੇ ਲੀਡਰਾਂ ਨੇ ਗੁਰੂ ਦੇ ਹੁਕਮਾਂ ਨੂੰ ਭੁਲਾ ਦਿੱਤਾ ਅਤੇ ਬਿਪ੍ਰਨ ਦੀ ਰੀਤ ਵਿਚ ਜਾ ਵੜੇ ਜਿਸਦੀ ਸਜ਼ਾ ਅੱਜ ਸਾਰੀ ਸਿਖ ਕੌਮ ਭੁਗਤ ਰਹੀ ਹੈ।

ਰਾਜ ਬਿਨਾ ਨ ਧਰਮ ਚਲੇ ਹੈ।
ਧਰਮ ਬਿਨਾ ਸਭ ਦਲੇ ਮਲੇ ਹੈ।

ਧਰਮ-ਨਿਰਪੇਖਤਾ ਕਰਨੀ ਨਾਲ ਹੋਣੀ ਚਾਹੀਦੀ ਹੈ ਨਾਕਿ ਕਥਨੀ ਨਾਲ। ਧਰਮ-ਨਿਰਪੇਖਤਾ ਦਾ ਫੱਟਾ ਗਲ ਵਿਚ ਲਟਕਾ ਲੈਣ ਨਾਲ ਆਪਣੇ ਆਪ ਨੂੰ ਤਾਂ ਧੋਖਾ ਦਿੱਤਾ ਜਾ ਸਕਦਾ ਹੈ ਪਰੰਤੂ ਦੂਜਿਆਂ ਨੂੰ ਨਹੀਂ। ਕੌਣ ਨਹੀਂ ਜਾਣਦਾ ਇਸ ਪਖੰਡੀ ਫਿਰਕੂ ਦੇ ਕਾਰਿਆਂ ਨੂੰ? ਹਿੰਦੁਸਤਾਨ ਵਿਚ ਹਿੰਦੂ, ਸਿਖ, ਮੁਸਲਿਮ ਤੇ ਈਸਾਈ ਚਾਰ ਮੁੱਖ ਧਰਮ ਹਨ ਪਰ ਸਾਰੇ ਸਰਕਾਰੀ ਕੰਮ ਹਿੰਦੂ ਰੀਤੀ ਅਨੁਸਾਰ ਯੰਤਰਾਂ ਮੰਤਰਾਂ ਨਾਲ ਸ਼ੁਰੂ ਕੀਤੇ ਜਾਂਦੇ ਹਨ ਜਿਵੇਂ:

ਹਿੰਦੁਸਤਾਨ ਵਿਚ ਸਮੁੰਦਰੀ ਜਹਾਜ਼ਾਂ ਨੂੰ ਵੇਦਕ ਯੰਤਰ ਮੰਤਰ ਪੜ੍ਹਕੇ ਸਮੁੰਦਰ ਵਿਚ ਉਤਾਰਿਆ ਜਾਂਦਾ ਹੈ। ਕਿਉਂ?

ਹਿੰਦੁਸਤਾਨ ਵਿਚ ਇਕ ਪ੍ਰਤੀਸ਼ਤ ਲੋਕ ਵੀ ਸੰਸਕ੍ਰਿਤ ਨਹੀਂ ਜਾਣਦੇ ਪਰ ਸਵੇਰ ਸਾਰ ਖਬਰਾਂ ਸੰਸਕ੍ਰਿਤ ਵਿਚ ਸ਼ੁਰੂ ਹੋ ਜਾਂਦੀਆਂ ਹਨ। ਕਿਸ ਲਈ?

ਬ੍ਰਾਹਮਣ ਹਰ ਕੰਮ ਸ੍ਰੀ ਗਣੇਸ਼ਮ ਨਾਲ ਸ਼ੁਰੂ ਕਰਦਾ ਹੈ। ਹਿੰਦੂ ਮਿਥਿਹਾਸ ਅਨੁਸਾਰ ਗਣੇਸ਼ ਦਾ ਸਿਰ ਹਾਥੀ ਵਾਲਾ ਹੈ ਇਸ ਲਈ ਏਸ਼ੀਅਨ ਖੇਡਾਂ ਵੇਲੇ ਲੱਖਾਂ ਰੁਪੈ ਹਾਥੀ (ਅੱਪੂ) ਉੱਤੇ ਖਰਚ ਕੀਤੇ ਗਏ। ਕਿਉਂ?

ਇਸ ਲਈ ਕਿ ਰਾਜ ਜੁ ਹਿੰਦੂ ਦਾ ਹੈ। ਜੇ ਇਹ ਗੱਲ ਨਾ ਹੋਵੇ ਤਾਂ ਸਿਖ ਧਰਮ ਦੇ ਵਿਗਿਆਨਕ ਸ਼ਬਦ, ਮੁਸਲਮਾਨਾਂ ਦੀਆਂ ਆਇਤਾਂ ਅਤੇ ਈਸਾਈਆਂ ਦੀਆਂ ਹਿਮਜ਼ ਵੀ ਅਜੇਹੇ ਮੌਕਿਆਂ ਉਤੇ ਕਿਉਂ ਨਾ ਪੜ੍ਹੀਆਂ ਜਾਣ? ਸਚਾਈ ਤਾਂ ਇਹ ਹੈ ਕਿ ਕਾਗਜ਼ਾਂ ਤੇ ਧਰਮ-ਨਿਰਪੇਖਤਾ ਅਤੇ ਅਮਲ ਵਿਚ ਮਨੂ ਦੇ ਕਾਨੂੰਨਾਂ ਦਾ ਨੰਗਾ ਨਾਚ। ਹਾਥੀ ਦੇ ਦੰਦ ਵਿਖਾਉਣ ਦੇ ਹੋਰ, ਖਾਣ ਦੇ ਹੋਰ।

ਉਂਜ ਤਾਂ ਕੋਈ ਕਿਸ ਨੂੰ ਤੇ ਕਿਉਂ ਪੂਜਦਾ ਹੈ? ਸਾਡਾ ਇਸ ਨਾਲ ਕੋਈ ਸੰਬੰਧ ਨਹੀਂ ਹੈ ਪਰੰਤੂ ਜਦੋਂ ਕੋਈ ਬਦੋ-ਬਦੀ ਸਾਡੇ ਉੱਤੇ ਆਪਣੀ ਰਹੁਰੀਤ ਠੋਸਣਾ ਚਾਹੇ ਤਾਂ ਉਸ ਉਤੇ ਇਕ ਸੰਖੇਪ ਝਾਤ ਜ਼ਰੂਰ ਮਾਰ ਲੈਣੀ ਬਣਦੀ ਹੈ।

ਫ਼ਾਰਸੀ ਤੇ ਉਰਦੂ ਦੀਆਂ ਡਿਕਸ਼ਨਰੀਆਂ ਵਿਚ ਹਿੰਦੂ ਸ਼ਬਦ ਦਾ ਅਰਥ ਕਾਲਾ ਅਤੇ ਚੋਰ ਹਨ।

ਕਾਸ਼ੀ ਦੇ ਪ੍ਰਸਿਧ 45 ਪੰਡਿਤਾਂ ਨੇ ਸੰਨ 1920 ਵਿਚ ਹਿਦੂ ਸ਼ਬਦ ਸੰਬੰਧੀ ਇਹ ਨਿਰਣਾ ਦਿੱਤਾ ਸੀ:

ਹਿੰਦੂ ਯਵਨ ਸੰਕੇਤ ਪਦ ਹੈ, ਇਸ ਕਾਰਨ ਹਿੰਦੂ ਕਹਾਉਣਾ ਸਰਵਥਾ ਅਨੁਚਿਤ ਹੈ।

ਸਿਖ ਧਰਮ ਤੇ ਸਿਖ ਕੌਮ ਨਾਲ ਕੀਤੇ ਵਿਸਾਹਘਾਤ ਤੇ ਅਨਰਥ ਤੋਂ ਵੀ ਇਹ ਚੋਰ, ਡਾਕੂ, ਧੋਖੇਬਾਜ਼ ਅਤੇ ਫਰੇਬੀ ਹੀ ਸਾਬਤ ਹੋਏ ਸਨ। ਧਰਮ ਨਿਰਪੇਖਤਾ ਦਾ ਢੰਡੋਰਾ ਪਿੱਟਣ ਵਾਲਿਆਂ ਦਾ ਸਿਖਾਂ ਦੀਆਂ ਸਾਧਾਰਨ ਤੇ ਬੁਨਿਆਦੀ ਧਾਰਮਕ ਮੰਗਾਂ ਮੰਨਣ ਲਈ ਵੀ ਰਾਜ਼ੀ ਨਾ ਹੋਣਾ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਇਹ ਲੋਕ ਕਟੜ ਫਿਰਕੂ ਹਨ ਜਿਨ੍ਹਾਂ ਸਾਡੀਆਂ ਹੇਠ ਲਿਖੀਆਂ ਜਾਇਜ਼ ਤੇ ਮਾਮੂਲੀ ਜਿਹੀਆਂ ਮੰਗਾਂ ਗੌਲੀਆਂ ਤਕ ਨਹੀਂ।

1. ਅੰਮ੍ਰਿਤਸਰ ਨੂੰ ਹੋਰਨਾਂ ਹਿੰਦੂ ਸ਼ਹਿਰਾਂ, ਕੁਰਕਸ਼ੇਤਰ, ਹਰਦੁਆਰ ਤੇ ਵਾਰਾਨਾਸ਼ੀ ਵਾਂਗ ਪਵਿੱਤਰ ਕਰਾਰ ਦਿੱਤਾ ਜਾਵੇ।

2. ਦੇਸ਼ ਅੰਦਰ ਸਾਰੇ ਗੁਰਦਵਾਰਿਆਂ ਦੇ ਪ੍ਰਬੰਧ ਲਈ ਇਕ ਸਰਬ ਹਿੰਦ ਗੁਰਦਵਾਰਾ ਕਾਨੂੰਨ ਬਣਾਇਆ ਜਾਵੇ ਤਾਂ ਜੋ ਸਾਰੇ ਗੁਰਦਵਾਰਿਆਂ ਵਿਚ ਇਕੋ ਜੇਹੀ ਸਿਖ ਮਰਯਾਦਾ ਕਾਇਮ ਕੀਤੀ ਜਾ ਸਕੇ।

3. ਹਰ ਸਿਖ, ਚਾਹੇ ਉਹ ਦੇਸ਼ ਵਿਚ ਹੈ ਚਾਹੇ ਵਿਦੇਸ਼ ਵਿਚ, ਸ੍ਰੀ ਹਰਮੰਦਰ ਸਾਹਿਬ ਤੋਂ ਇਲਾਹੀ ਬਾਣੀ ਦਾ ਕੀਰਤਨ ਸੁਨਣ ਲਈ ਤਰਸ ਰਿਹਾ ਹੈ। ਇਸ ਫਿਰਕੂ ਸਰਕਾਰ ਤੋਂ ਸਿਖਾਂ ਦੇ ਹੀ ਪੈਸੇ ਨਾਲ ਪਰ ਸਰਕਾਰ ਦੇ ਪ੍ਰਬੰਧ ਥੱਲੇ ਇਕ ਸ਼ਕਤੀਸ਼ਾਲੀ ਟਰਾਂਸਮੀਟਰ ਲਗਾਉਣ ਦੀ ਸਮੁੱਚਾ ਸਿਖ ਜਗਤ ਮੰਗ ਕਰਦਾ ਆ ਰਿਹਾ ਹੈ ਤਾਂ ਜੋ ਦੇਸ਼ ਵਿਦੇਸ਼ ਵਿਚ ਸਿਖ ਕੀਰਤਨ ਸੁਣ ਸਕਣ ਪਰ ਇਹ ਫਿਰਕੂ ਸਰਕਾਰ ਕਦੋਂ ਚਾਹੁੰਦੀ ਹੈ ਕਿ ਸਿਖ ਆਪਣੇ ਵਿਰਸੇ ਤੋਂ ਜਾਣੂ ਹੋਣ।

4. ਕਿਰਪਾਨ ਸਿਖਾਂ ਦਾ ਇਕ ਧਾਰਮਕ ਚਿੰਨ੍ਹ ਹੈ ਜਿਹੜਾ ਕਿ ਪੰਜ ਕਕਾਰਾਂ ਵਿਚ ਸ਼ਾਮਲ ਹੈ ਅਤੇ ਜਿਸ ਨੂੰ ਕਿਸੇ ਸੂਰਤ ਵਿਚ ਵੱਖ ਨਹੀਂ ਕੀਤਾ ਜਾ ਸਕਦਾ ਤੇ ਨਾਹੀ ਇਸਦੀ ਲੰਬਾਈ ਨਿਸਚਿਤ ਕੀਤੀ ਜਾ ਸਕਦੀ ਹੈ। ਵਿਦੇਸ਼ੀ ਅੰਗਰੇਜ਼ ਹਾਕਮ ਨੇ 25 ਜੂਨ 1914 ਨੂੰ ਕਿਰਪਾਨ ਹਿੰਦੀ ਹਥਿਆਰਾਂ ਦੀ ਲਿਸਟ ਵਿਚੋਂ ਕਢਕੇ ਇਸ ਤੋਂ ਪਾਬੰਦੀ ਹਟਾ ਦਿੱਤੀ ਸੀ ਅਤੇ 19 ਮਈ 1917 ਦੇ ਦਿਨ ਸਿਖਾਂ ਨੂੰ ਸਾਰੇ ਹਿੰਦੁਸਤਾਨ ਵਿਚ ਕਿਰਪਾਨ ਪਾ ਸਕਣ ਦੀ ਦੁਬਾਰਾ ਪੁਸ਼ਟੀ ਕੀਤੀ ਸੀ। ਪਰੰਤੂ ਦੇਸੀ ਹਾਕਮ ਦੀ ਇਹ ਫਰੇਬੀ ਸਰਕਾਰ ਸਿਖ ਕੌਮ ਨੂੰ ਨਵੇਂ ਸਿਰਿਉਂ ਇਸਦੀ ਚਣੌਤੀ ਦੇਣ ਦੀ ਹੂੜ੍ਹਮਤ ਕਰ ਰਹੀ ਹੈ। ਇਸ ਮੱਕਾਰ ਨੂੰ ਇਕ ਗਲ ਸਦਾ ਯਾਦ ਰਖਣੀ ਚਾਹੀਦੀ ਹੈ ਕਿ ਜਦ ਤਕ ਸਿਖ ਜ਼ਿੰਦਾ ਹੈ, ਪੰਜ ਕੱਕਾਰ ਇਸਦੇ ਨਾਲ ਹੀ ਰਹਿਣਗੇ। ਸਿਖ ਆਪਣੇ ਗੁਰੂ ਦੀ ਹੁਕਮ- ਅਦੂਲੀ ਨਹੀਂ ਕਰ ਸਕਦਾ ਹੋਰ ਸਭ ਕੁਝ ਤੇ ਕੁਝ ਵੀ ਕਰ ਸਕਦਾ ਹੈ।

5. ਸਿਖ ਇਕ ਵੱਖਰੀ ਕੌਮ ਹੈ। ਇਸ ਪਰਮਾਣਿਤ ਸਚਾਈ ਤੋਂ ਕੋਈ ਦਿਆਨਤਕਾਰ ਬੰਦਾ ਮੁਨਕਰ ਨਹੀਂ ਹੋ ਸਕਦਾ। ਜੇ ਕੋਈ ਆਪਣੀਆਂ ਅੱਖਾਂ ਉਤੇ ਪੱਟੀ ਬੰਨ੍ਹਕੇ ਦਿਨ ਨੂੰ ਰਾਤ ਕਹਿਣਾ ਸ਼ੁਰੂ ਕਰ ਦੇਵੇ ਤਾਂ ਆਪਣੇ ਆਪ ਨੂੰ ਤਾਂ ਧੋਖਾ ਦੇ ਸਕਦਾ ਹੈ ਪਰ ਦੂਜਿਆਂ ਨੂੰ ਨਹੀਂ। ਇਸ ਲਈ ਆਪਣੇ ਵਿਧਾਨ ਨੂੰ ਜਿਥੇ 63 ਵਾਰੀ ਪਹਿਲਾਂ ਸੋਧਿਆ ਹੈ, ਉਥੇ ਇਕ ਵਾਰੀ ਹੋਰ ਸਹੀ।

6. ਸਿਖ ਕੌਮ ਘਟ ਗਿਣਤੀ ਵਾਲੀ ਕੌਮ ਹੈ। ਘਟ ਗਿਣਤੀ ਦੇ ਧਾਰਮਕ ਤੇ ਰਾਜਸੀ ਅਧਿਕਾਰਾਂ ਦੀ ਰਾਖੀ ਲਈ ਦਿਤੇ ਵਾਹਦਿਆਂ ਨੂੰ ਪੂਰੇ ਕਰਦਿਆਂ ਸਿਖਾਂ ਨੂੰ ਵਿਸ਼ੇਸ਼ ਰਿਆਇਤਾਂ ਦਿਤੀਆਂ ਜਾਣ ਜੋ ਕਿ ਸਿਖ ਕੌਮ ਦਾ ਹਕ ਬਣਦਾ ਹੈ।

ਇਨ੍ਹਾਂ ਧੋਖੇ ਬਾਜ਼ਾਂ, ਇਹ ਸਾਧਾਰਨ ਧਾਰਮਕ ਮੰਗਾਂ ਮੰਨਣੀਆਂ ਤਾਂ ਕੀ ਸਨ ਸਗੋਂ ਮੰਗਾਂ ਮੰਗਣ ਵਾਲਿਆਂ ਨੂੰ ਮਾਰ ਮੁਕਾਣ ਵਿਚ ਹੀ ਲਗ ਗਏ। ਨਾ ਹੋਵੇ ਬਾਂਸ ਤੇ ਨਾ ਵੱਜੇ ਬਾਂਸਰੀ ਵਾਲੀ ਗੱਲ ਕੀਤੀ। ਅਜ਼ਾਦੀ ਮਿਲਣ ਦੇ ਪਹਿਲੇ ਦਿਨ ਤੋਂ ਲੈਕੇ ਅਜ ਤਕ, ਸਾਰੇ ਹਿੰਦੁਸਤਾਨ ਵਿਚ ਆਰ. ਐਸ. ਐਸ. ਤੇ ਸ਼ਿਵ ਸੈਨਾ ਵਰਗੀਆਂ ਬੁੱਚੜ ਸੰਸਥਾਵਾਂ ਦੇ ਕਿਸੇ ਵੀ ਮੈਂਬਰ ਨੂੰ ਪਕੜਨ ਲਈ, ਪੁਲਸ ਕਿਸੇ ਵੀ ਮੰਦਰ ਵਿਚ ਇਕ ਵਾਰੀ ਵੀ ਦਾਖਲ ਨਹੀਂ ਹੋਈ ਕਿਉਂਕਿ ਰਾਜ ਜੁ ਹਿੰਦੂ ਦਾ ਹੈ। ਸਾਡੇ ਪਵਿਤਰ ਗੁਰਦਵਾਰਿਆਂ ਦੀ ਬੇਅਦਬੀ ਕਰਨਾ ਤੇ ਸਾੜ ਫੂਕ ਕਰਨਾ, ਇਨ੍ਹਾਂ ਫਿਰਕੂ ਹਿੰਦੂਆਂ ਤੇ ਇਨ੍ਹਾਂ ਦੀ ਫਰੇਬੀ ਸਰਕਾਰ ਦਾ ਰੋਜ਼ ਦਾ ਸ਼ੁਗਲ ਬਣ ਗਿਆ ਹੋਇਆ ਹੈ। ਅਜ਼ਾਦੀ ਮਿਲਣ ਤੋਂ ਲੈਕੇ ਅੱਜ ਤਕ ਸਾਨੂੰ ਇਕ ਵੀ ਮਿਸਾਲ ਨਹੀਂ ਮਿਲਦੀ ਕਿ ਕਦੀ ਇਸ ਫਿਰਕੂ ਸਰਕਾਰ ਨੇ ਹਿੰਦੂਆਂ ਦੇ ਕਿਸੇ ਵੀ ਜਲੂਸ ਤੇ ਕਿਸੇ ਕਿਸਮ ਦੀ ਕੋਈ ਪਾਬੰਦੀ ਲਾਈ ਹੋਵੇ ਪਰ ਸਾਡਾ ਗੁਰੂ ਨਾਨਕ ਸਾਹਿਬ ਦਾ ਗੁਰਪੁਰਬ ਹੋਵੇ ਜਾਂ ਕੋਈ ਸ਼ਹੀਦੀ ਗੁਰਪੁਰਬ ਹੋਵੇ, ਝਟ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ।

ਦੇਸ਼ ਦੀ 85 ਫੀਸਦੀ ਵਸੋਂ ਹਿੰਦੂਆਂ ਦੀ ਹੈ ਜਿਸ ਕੋਲ ਲੱਖਾਂ ਦੀ ਗਿਣਤੀ ਵਿਚ ਵਿਗਿਆਨਕ ਹਥਿਆਰਾਂ ਨਾਲ ਲੈੱਦੀ ਫੌਜ ਹਰ ਵੇਲੇ ਤਿਆਰ ਖੜੀ ਹੈ ਅਜੇਹੀ ਬਹੁਗਿਣਤੀ ਸਾਹਮਣੇ ਕਿਹੜੀ ਘਟਗਿਣਤੀ ਕਦੀ ਕੁਸਕਣ ਦਾ ਵੀ ਹੀਆ ਕਰ ਸਕਦੀ ਹੈ? ਵਿਚਾਰਣ ਵਾਲੀ ਗੱਲ ਹੈ ਕਿ ਇਤਨੀ ਵਡੀ ਫੌਜ ਤੇ ਪੁਲਸ ਦੇ ਹੁੰਦਿਆਂ ਹੋਇਆਂ ਵੀ ਇਸ ਹਿੰਦੂ ਸਾਮਰਾਜ ਨੇ ਆਰ. ਐਸ. ਐਸ. ਸ਼ਿਵ ਸੈਨਾ ਅਤੇ ਹਿੰਦੂ ਰਕਸ਼ਾ ਸੰਮਤੀਆਂ ਆਦਿ ਨੀਮ ਫੌਜੀ ਜਥੇਬੰਦੀਆਂ ਨੂੰ ਕਿਉਂ ਉਭਾਰਿਆ?

ਸਮਝਣ ਵਾਲੇ ਲਈ ਮਤਲਬ ਸਪਸ਼ਟ ਹੈ। ਸਿਖਾਂ ਤੇ ਮੁਸਲਮਾਨਾਂ ਦੀ ਘਟਗਿਣਤੀ ਨੂੰ ਦਬਾਅ ਕੇ ਰਖਣਾ ਅਤੇ ਲੋੜ ਪੈਣ ਤੇ ਅਜੇਹੇ ਹਾਲਾਤ ਪੈਦਾ ਕਰਨੇ ਜਿਸ ਨਾਲ ਫੌਜ ਤੇ ਪੁਲਸ ਇਨ੍ਹਾਂ ਘਟਗਿਣਤੀਆਂ ਦਾ ਕਤਲਾਮ ਕਰ ਸਕੇ।

ਸਿਖਾਂ ਵਾਸਤੇ 'ਪੰਜਾਬੀ ਸੂਬਾ ਜ਼ਿੰਦਾਬਾਦ' ਵਰਗੇ ਜਾਇਜ਼ ਨਾਅਰੇ ਉਤੇ ਵੀ ਪਾਬੰਦੀਆਂ ਹਨ ਪਰ ਹਿੰਦੂ ਫਿਰਕੂ ਤਾਂ ਭੜਕਾਊ ਨਾਅਰਿਆਂ ਨਾਲ ਜਲੂਸ ਵੀ ਕਢ ਸਕਦੇ ਹਨ। ਤਲਵਾਰਾਂ, ਨੇਜ਼ਿਆਂ ਤੇ ਡਾਂਗਾਂ ਉੱਤੇ ਸਿਗਰਟਾਂ ਟੰਗ ਕੇ ਸਿਖਾਂ ਦੀ ਹੇਠੀ ਕਰਨ ਲਈ ਨਾਅਰੇ ਲਾਏ ਜਾ ਸਕਦੇ ਹਨ। ਉਨ੍ਹਾਂ ਫਿਰਕੂਆਂ ਨੂੰ ਪਕੜਨਾ ਤਾਂ ਇਕ ਪਾਸੇ ਰਿਹਾ, ਸਫੈਦ ਕਪੜਿਆਂ ਵਿਚ ਤੇ ਹਥਿਆਰਬੰਦ ਸੀ. ਆਰ. ਪੀ ਤੇ ਆਰ. ਐਸ. ਐਸ. ਨਾਲ ਮਿਲਕੇ ਇਹ ਕੌਮ ਸਿਖਾਂ ਦਾ ਕਤਲਾਮ ਕਰਦੀ ਹੈ। ਇਹ ਹੈ ਇਨ੍ਹਾਂ ਦੀ ਧਰਮ-ਨਿਰਪੇਖਤਾ ਅਤੇ ਇਹ ਹਨ ਇਨ੍ਹਾਂ ਦੀ ਧਰਮ-ਨਿਰਪੇਖਤਾ ਦੇ ਨਾਅਰੇ:

1. ਸਿਰ ਤੇ ਪਗੜੀ ਰਹਿਣ ਨਹੀਂ ਦੇਣੀ, ਮੂੰਹ ਤੇ ਮਖੀ ਬਹਿਣ ਨਹੀਂ ਦੇਣੀ।
2. ਸਿਗਰਟ ਬੀੜੀ ਪੀਏਂਗੇ ਔਰ ਸ਼ਾਨ ਸੇ ਜੀਏਂਗੇ।
3. ਕਢ ਕੜਾ ਕਿਰਪਾਨ, ਸਿਖਾਂ ਨੂੰ ਭੇਜੋ ਪਾਕਿਸਤਾਨ।
4. ਹਿੰਦੂ ਹਿੰਦੂ ਭਾਈ ਭਾਈ, ਨਹੀਂ ਚਲੇਗੀ ਸਿਖਾ ਸ਼ਾਹੀ।
5. ਊੜਾ ਈੜੀ ਨਹੀਂ ਪੜੇਂਗੇ, ਜੂੜਾ ਜੂੜੀ ਕਾਟ ਧਰੇਂਗੇ।
6. ਮਾਰੋ ਸਰਦਾਰੋਂ ਕੋ, ਦੇਸ਼ ਕੇ ਗਦਾਰੋਂ ਕੋ।
7. ਖੂਨ ਕਾ ਬਦਲਾ ਖੂਨ! ਯਾਦ ਕਰੇਗਾ ਖਾਲਸਾ!!

ਇਹ ਨਾਅਰੇ ਅੰਮ੍ਰਿਤਸਰ ਵਿਚ 29 ਮਈ 1981 ਨੂੰ ਜਗਤ ਨਰਾਇਣ ਦੀ ਸਰਕਰਦਗੀ ਵਿਚ ਕੱਢੇ ਗਏ ਜਲੂਸ ਵਿਚ ਲਾਏ ਗਏ ਸਨ, ਪਰ ਕਿਸੇ ਨੂੰ ਗ੍ਰਿਫਤਾਰ ਨਹੀਂ ਸੀ ਕੀਤਾ ਗਿਆ ਜਦ ਕਿ 'ਪੰਜਾਬੀ ਸੂਬਾ ਜ਼ਿੰਦਾਬਾਦ' ਦਾ ਨਾਅਰਾ ਲਾਉਣ ਬਦਲੇ ਸਿਖਾਂ ਨੂੰ ਪਕੜ ਪਕੜ ਕੇ ਜੇਲ੍ਹਾਂ ਵਿਚ ਸੁਟਿਆ ਗਿਆ। ਦਰਬਾਰ ਸਾਹਿਬ ਦੀ ਪਵਿਤਰਤਾ ਭੰਗ ਕਰਕੇ ਪੁਲਸ ਅੰਦਰ ਗਈ। ਅਕਾਲੀਆਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ ਅਤੇ ਉਨ੍ਹਾਂ ਨੂੰ ਕੁਟਿਆ ਗਿਆ। ਅਕਾਲੀ ਫਿਰ ਵੀ ਸ਼ਾਂਤਮਈ ਰਹੇ।

ਇਸਦੇ ਉਲਟ ਹਿੰਦੂ ਮਹਾਂ ਪੰਜਾਬ ਸੰਮਤੀ ਨੇ 1956 ਵਿਚ ਉਨ੍ਹਾਂ ਦਿਨਾਂ ਵਿਚ ਹੀ ਜਲੂਸ ਕਢਿਆ ਅਤੇ ਇਕ ਸਿਖ ਹੈੱਡ ਕਾਨਸੇਟਬਲ ਦਰਬਾਰਾ ਸਿੰਘ ਨੂੰ ਅੰਮ੍ਰਿਤਸਰ ਵਿਚ ਮਾਰ ਦਿੱਤਾ। ਇਸੇ ਤਰ੍ਹਾਂ ਹਿੰਦੂ ਰਕਸ਼ਾ ਸੰਮਤੀ ਦੀ ਪੰਜਾਬੀ ਵਿਰੁੱਧ ਚਲਾਈ ਗਈ ਲਹਿਰ ਨਾਲ ਨਿਪਟਣ ਲਈ ਸਰਕਾਰ ਨੇ ਐਲਾਨ ਕੀਤਾ ਕਿ ਉਸ ਨਾਲ ਸ਼ਾਂਤਮਈ ਢੰਗ ਨਾਲ ਨਿਪਟਿਆ ਜਾਵੇਗਾ ਜਿਸ ਅਨੁਸਾਰ ਇਕ ਕਾਂਗਰਸੀ ਵਜ਼ੀਰ ਦੋ ਹਥ ਜੋੜਕੇ, ਨੰਗੇ ਪੈਰੀਂ ਚਲਕੇ ਧਰਨਾ ਮਾਰਨ ਵਾਲਿਆਂ ਨੂੰ ਵਿਸ਼ਵਾਸ਼ ਦੇਣ ਗਿਆ ਕਿ ਉਨ੍ਹਾਂ ਦੀਆਂ ਮੰਗਾਂ ਤੇ ਵਿਚਾਰ ਕੀਤਾ ਜਾਵੇਗਾ, ਇਸ ਲਈ ਉਹ ਧਰਨਾ ਮਾਰਨਾ ਛਡ ਦੇਣ। ਵੇਖੋ ਇਨ੍ਹਾਂ ਦੀ ਧਰਮ-ਨਿਰਪੇਖਤਾ ਦਾ ਨਮੂਨਾ। ਨਾਜ਼ਾਇਜ਼ ਮੰਗਾਂ ਵਾਸਤੇ ਧਰਨਾ ਮਾਰਨ ਵਾਲੇ ਪੰਜ ਹਿੰਦੂ ਸੰਨਿਆਸੀਆਂ ਨੂੰ ਧਰਨਾ ਹਟਾ ਦੇਣ ਵਾਸਤੇ ਤਾਂ ਕਾਂਗਰਸੀ ਸਰਕਾਰ ਨੇ ਦੋ ਹੱਥ ਜੋੜਕੇ ਨੰਗੇ ਪੈਰੀਂ ਆਪਣਾ ਵਜ਼ੀਰ ਭੇਜਿਆ ਪਰ ਸਿਖਾਂ ਨੂੰ ਆਪਣੀ ਜਾਇਜ਼ ਮੰਗ ਦਾ ਨਾਅਰਾ ਲਾਣ ਬਦਲੇ ਇਨ੍ਹਾਂ ਨੇ ਜਗਤ ਪ੍ਰਸਿਧ ਪਵਿਤਰ ਦਰਬਾਰ ਸਾਹਿਬ ਵਿਚ ਜੁੱਤੀਆਂ ਨਾਲ ਪੁਲਸ ਭੇਜੀ, ਤਲਾਸ਼ੀਆਂ ਲਈਆਂ, ਗ੍ਰਿਫਤਾਰੀਆਂ ਕੀਤੀਆਂ ਅਤੇ ਸਿੱਖਾਂ ਨੂੰ ਕੁੱਟਿਆ ਗਿਆ।

ਜੇ ਸਿਖ ਕਾਨੂਨ ਵਿਚ ਰਹਿਕੇ ਆਪਣੀਆਂ ਜਾਇਜ਼ ਮੰਗਾਂ ਲਈ ਬੋਲੇ ਤਾਂ ਮਾਰ ਕੁਟ ਕੇ ਜੇਲ੍ਹ ਵਿਚ ਸੁੱਟ ਦਿਤਾ ਜਾਂਦਾ ਹੈ ਪਰ ਜੇ ਹਿੰਦੂ ਨਾਜਾਇਜ਼ ਮੰਗ ਵੀ ਰਖੇ ਤਾਂ ਉਸ ਅਗੇ ਹਥ ਜੋੜ ਕੇ ਨੰਗੇ ਪੈਰੀਂ ਜਾਕੇ ਉਸਦੀ ਮੰਗ ਪੂਰੀ ਕੀਤੀ ਜਾਂਦੀ ਹੈ। ਇਹ ਹੈ ਇਨ੍ਹਾਂ ਦੀ ਧਰਮ-ਨਿਰਪੇਖਤਾ।

ਦੇਸ਼ ਤੇ ਵਿਦੇਸ਼ ਵਿਚ ਸਿਖ ਧਰਮ ਨੂੰ ਦੋਫਾੜ ਕਰਨ ਲਈ ਲੱਖਾਂ ਰੁਪਏ ਦੇਕੇ ਨਿਰੰਕਾਰੀਆਂ ਦੀ ਪਿਠ ਠੋਕੀ ਗਈ। ਸੰਨ 1978 ਦੀ ਵਿਸਾਖੀ ਦੇ ਸਮਾਗਮ ਲਈ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਨੇ ਆਗਿਆ ਦੇਣ ਤੋਂ ਨਾਂਹ ਕਰ ਦਿੱਤੀ ਸੀ ਪਰ ਮੁਖ ਮੰਤਰੀ ਬਾਦਲ ਦੇ ਦਖਲ ਦੇਣ ਤੇ ਆਗਿਆ ਦਿੱਤੀ ਗਈ ਸੀ। ਤੇਰਾਂ ਸਿਖਾਂ ਦੇ ਸ਼ਹੀਦ ਕਰਨ ਮਗਰੋਂ ਗੁਰਬਚਨ ਸਿੰਘ, ਜਿਸਦਾ ਨਾ ਐਫ ਆਈ ਆਰ ਵਿਚ ਦਰਜ ਸੀ, ਨੂੰ ਅੰਮ੍ਰਿਤਸਰ ਤੇ ਪੰਜਾਬ ਵਿਚੋਂ ਸਹੀ ਸਲਾਮਤ ਬਾਹਰ ਕੱਢਣ ਵਾਲਾ ਬਾਦਲ ਹੀ ਸੀ। ਤੇਰਾਂ ਕਤਲ ਅੰਮ੍ਰਿਤਸਰ ਪੰਜਾਬ ਵਿਚ ਹੋਏ ਪਰ ਮੁਕਦਮਾ ਦੂਜੇ ਪਰਾਂਤ ਹਰਿਆਣਾ ਵਿਚ ਇਕ ਹਿੰਦੂ ਜੱਜ ਨੂੰ ਦਿੱਤਾ ਗਿਆ ਜਿਸਨੇ ਸਭ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਇਸ ਤੋਂ ਵਧ ਧਰਮ-ਨਿਰਪੇਖਤਾ ਵਾਲੀ ਸਰਕਾਰ ਦੁਨੀਆਂ ਦੇ ਕਿਹੜੇ ਹਿਸੇ ਵਿਚ ਮਿਲੇਗੀ? ਇਹ ਮਾਣ ਵੇਦਕ ਸੰਸਕ੍ਰਿਤੀ ਵਾਲੀ ਭਾਰਤਵਰਸ਼ ਦੀ ਸਰਕਾਰ ਨੂੰ ਹੀ ਮਿਲਿਆ ਹੈ। ਇਥੇ ਇਹ ਦਸ ਦੇਣਾ ਵੀ ਜ਼ਰੂਰੀ ਹੈ ਕਿ ਨਕਸਲਵਾੜੀ ਲਹਿਰ ਨੂੰ ਕੁਚਲਣ ਦੇ ਬਹਾਨੇ ਪਿੰਡਾਂ ਵਿਚੋਂ ਚੁਣ ਚੁਣ ਕੇ ਸਿਖ ਨੌਜਵਾਨਾਂ ਨੂੰ ਸ਼ਹੀਦ ਕਰਨ ਵਾਲੀ ਵੀ ਬਾਦਲ ਦੀ ਬੁੱਚੜ ਸਰਕਾਰ ਹੀ ਸੀ ਜਿਸਨੇ ਪਿੰਡਾਂ ਵਿਚ ਦਹਿਸ਼ਤ ਪੈਦਾ ਕਰ ਦਿੱਤੀ ਸੀ।

ਨਾਮਨਿਹਾਦ ਧਰਮ-ਨਿਰਪੇਖ ਕਾਂਗਰਸ ਸਰਕਾਰ ਨੇ ਮੁੜ ਮੁੜ ਸਿੱਖ ਧਰਮ ਅਸਥਾਨਾਂ ਤੇ ਵਾਰ ਕੀਤੇ। ਸਿਖਾਂ ਦੇ ਗੁਰਦਵਾਰੇ ਤਪਦੀਆਂ ਰੂਹਾਂ ਲਈ ਆਤਮਕ ਸ਼ਾਂਤੀ ਦੇ ਸੋਮੇ, ਮੁਸਾਫਰਾਂ ਲਈ ਵਿਸਰਾਮ ਅਸਥਾਨ, ਵਿਦਿਆਰਥੀਆਂ ਲਈ ਸਕੂਲ ਅਤੇ ਧਾਰਮਕ, ਸਭਿਆਚਾਰਕ ਅਤੇ ਸਿਆਸੀ ਵਿਚਾਰ

ਵਟਾਂਦਰੇ ਦਾ ਕੇਂਦਰ ਹਨ। ਇਹ ਸਿਖ ਕੌਮ ਦੇ ਉਹ ਜੀਵਨ ਸਮੇ ਹਨ ਜਿਥੋਂ 'ਸਰਬੱਤ ਦਾ ਭਲਾ' ਤੇ 'ਸੱਭੇ ਸਾਂਝੀਵਾਲ ਸਦਾਇਨਿ' ਵਰਗੇ ਵਿਗਿਆਨਕ ਮਨੁਖੀ ਆਚਰਨਕ ਸਿਧਾਂਤ ਦੀ ਪੱਟੀ ਪੜ੍ਹਕੇ, ਸਿਖ ਰੋਜ਼ ਦੇ ਜੀਵਨ ਵਿਚ ਵਿਚਰਦੇ, ਹਸਦੇ, ਖੇਡਦੇ, ਕਿਰਤ ਕਰਦੇ ਤੇ ਵੰਡ ਛਕਦੇ ਆਪਣੇ ਇਕ ਅਕਾਲ ਪੁਰਖ ਦਾ ਸ਼ੁਕਰ ਕਰਦੇ ਹਨ ਜਿਨ੍ਹਾਂ ਲਈ ਸਿਖ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਸਿਖਾਂ ਨੇ ਅਜ ਤਕ ਕਿਸੇ ਮੰਦਰ ਜਾਂ ਮਸਜਿਦ ਨੂੰ ਢਾਹੁਣਾ ਸਾੜਨਾ ਤਾਂ ਬਹੁਤ ਦੂਰ ਦੀ ਗੱਲ ਹੈ ਕਦੀ ਨਿਰਾਦਰੀ ਤਕ ਵੀ ਨਹੀਂ ਕੀਤੀ। ਇਸਹਾਸ ਇਸ ਗੱਲ ਦਾ ਗਵਾਹ ਹੈ।

ਸਾਡੇ ਗੁਰੂਆਂ ਨੇ ਤਾਂ ਦੂਜਿਆਂ ਦੇ ਧਰਮ ਤੇ ਹੋ ਰਹੇ ਜ਼ੁਲਮ ਵਿਰੁਧ ਆਪਣੀ ਜਾਨ ਵਾਰ ਕੇ ਇਹ ਸਬਕ ਸਿਖਾਇਆ ਹੈ ਪਰ ਅਫਸੋਸ ਹੈ ਕਿ ਅਜ਼ਾਦੀ ਮਿਲਦਿਆਂ ਹੀ, 'ਸਿਖ-ਮਾਰੂ' ਨੀਤੀ ਅਧੀਨ ਇਸ ਅਕ੍ਰਿਤਘਣ ਫਿਰਕੂ ਸਾਮਰਾਜ ਨੇ ਪੈਰ ਪੈਰ ਤੇ ਸਾਡੇ ਗੁਰਦਵਾਰਿਆਂ ਦੀ ਨਿਰਾਦਰੀ ਅਤੇ ਸਾੜਫੂਕ ਕਰਨੀ ਸ਼ੁਰੂ ਕਰ ਦਿੱਤੀ ਹੋਈ ਹੈ ਜਿਸਦਾ ਪੂਰਾ ਵੇਰਵਾ ਦੇਣਾ ਤਾਂ ਔਖਾ ਹੈ ਪਰੰਤੂ ਕੁਝ ਮਿਸਾਲਾਂ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਜੋ ਪਾਠਕ ਜਨ ਇਸ ਫਿਰਕੂ ਸਾਮਰਾਜ ਦੀ ਧਰਮ ਨਿਰਪੇਖਤਾ ਦੇ ਨੰਗੇ ਨਾਚ ਦਾ ਆਪਣੀ ਕਲਪਨਾ ਦੁਆਰਾ ਅਨੁਮਾਨ ਲਾ ਸਕਣ:

1-6-48 ਦੋ ਕਾਂਗਰਸੀਆਂ ਡਾ: ਸ਼ਾਦੀ ਰਾਮ ਤੇ ਚੌਧਰੀ ਬਲਬੀਰ ਨੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਇਕ ਗੁਰਦਵਾਰਾ ਸਾੜ ਦਿਤਾ। ਉਨ੍ਹਾਂ ਵਿਚੋਂ ਇਕ ਮੁਖ ਮੰਤਰੀ ਗੋਪੀ ਚੰਦ ਭਾਰਗੋ ਦਾ ਦੋਸਤ ਸੀ। ਦੋਵੇਂ ਰਿਹਾ ਕਰ ਦਿੱਤੇ ਗਏ।

4-7-55 ਅਸ਼ਵਨੀ ਕੁਮਾਰ ਐਸ. ਐਸ. ਪੀ. ਨੇ ਸਣੇ ਜੁਤੀਆਂ ਹਰਿਮੰਦਰ ਸਾਹਿਬ ਵਿੱਚ ਲਾਠੀ ਚਾਰਜ ਕੀਤਾ ਅਤੇ 500 ਸਿੱਘਾਂ ਨੂੰ ਗ੍ਰਿਫਤਾਰ ਕੀਤਾ।

19-7-57 ਦਰਬਾਰ ਸਾਹਿਬ ਸਰੋਵਰ ਵਿਚ ਸਿਗਰਟਾਂ ਸੁੱਟੀਆਂ ਗਈਆਂ।

8-8-57 ਇਕ ਸੁੱਤੇ ਸਿਖ ਬਚੇ ਦੇ ਕੇਸ ਕਤਲ ਕਰ ਦਿੱਤੇ ਗਏ। ਸੁਖਮਨੀ ਸਾਹਿਬ ਦੇ ਗੁਟਕੇ ਦੇ ਵਰਕੇ ਫਾੜਕੇ ਬਜ਼ਾਰ ਵਿਚ ਸੁੱਟੇ ਗਏ। ਦਰਬਾਰ ਸਾਹਿਬ ਵਿਚ ਸਿਗਰਟਾਂ ਸੁੱਟੀਆਂ ਗਈਆਂ।

—Tribune 8-8-57

16-8-57 ਗੁਰਦੁਆਰਾ ਗੁਰਸੇਵਕ ਜਥਾ ਪਟਿਆਲਾ ਵਿਚ ਸਿਗਰਟਾਂ ਸੁਟੀਆਂ ਗਈਆਂ।

16-9-57 ਸ੍ਰੀ ਗੁਰੂ ਸਿੰਘ ਸਭਾ ਹਿਸਾਰ ਵਿਚ ਸਿਗਰਟਾਂ ਸੁੱਟੀਆਂ ਗਈਆਂ।

16-11-57 ਬਟਾਲੇ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਸਾੜੀ ਗਈ।

26-11-57 ਚੰਡੀਗੜ੍ਹ ਗੁਰਦਵਾਰੇ ਵਿਚ ਬੰਬ ਸੁਟਿਆ ਗਿਆ। ਸੀਸ ਗੰਜ ਗੁਰਦਵਾਰਾ ਸਾਹਿਬ ਤੇ ਦੂਖ ਨਿਵਾਰਨ ਸਾਹਿਬ ਪਟਿਆਲਾ ਅੰਦਰ ਜੁਤੀਆਂ ਸੁਟੀਆਂ ਗਈਆਂ।

23-5-79 ਕਲਕੱਤੇ ਦੇ ਹਿੰਦੂਆਂ ਨੇ ਇਕ ਗੁਰਦਵਾਰਾ ਸਾਹਿਬ ਸਾੜ ਦਿੱਤਾ।

28-10-79 ਮੇਰਠ ਗੁਰਦਵਾਰੇ ਤੇ ਕਬਜ਼ਾ ਕਰ ਲਿਆ ਗਿਆ। ਸਿਖ ਸਟੂਡੈਂਟਸ ਫੈਡਰੇਸ਼ਨ, ਦਲ ਖ਼ਾਲਸਾ ਤੇ ਡਾ: ਰਾਜਿੰਦਰ ਕੌਰ ਨੇ ਮੋਰਚਾ ਲਾਇਆ।

29-5-81 ਅੰਮ੍ਰਿਤਸਰ ਵਿਚ ਜਗਤ ਨਰਾਇਣ ਨੇ ਦਸ ਹਜ਼ਾਰ ਹਿੰਦੂਆਂ ਦਾ ਜਲੂਸ ਕਢਕੇ

ਭੜਕੀਲੇ ਨਾਅਰੇ ਲਾਏ: 'ਊੜਾ ਈੜੀ ਨਹੀਂ ਪੜ੍ਹੇਂਗੇ ਜੂੜਾ ਜੂੜੀ ਕਾਟ ਧਰੇਂਗੇ।'

29-11-81 ਗੁਰਦਵਾਰਾ ਗੁਰਦਰਸ਼ਨ ਪਰਕਾਸ਼ ਚੋਕ ਮਹਿਤਾ ਵਿਚ ਬੰਬ ਫਟਿਆ। ਤਿੰਨ ਸਿੰਘ ਸ਼ਹੀਦ ਹੋਏ। ਬੰਬ ਇੰਦਰਾ ਸਰਕਾਰ ਨੇ ਨਿਰੰਕਾਰੀਆਂ ਤੋਂ ਸੁਟਵਾਇਆ।

ਜੂਨ 1984 222 ਸਾਲਾਂ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਵਹਿਸ਼ੀਆਨਾਂ ਹਮਲਾ ਕੀਤਾ ਗਿਆ ਜਿਸ ਵਿਚ ਹਜ਼ਾਰਾਂ ਯਾਤਰੂ ਸਿੰਘ ਸਿੰਘਣੀਆਂ, ਬੱਚਿਆਂ ਤੇ ਬਜ਼ੁਰਗਾਂ ਦਾ ਕਤਲਾਮ ਕੀਤਾ ਗਿਆ।

29-9-84 ਪੁਲਸ ਤੇ ਫੌਜ ਦਰਬਾਰ ਸਾਹਿਬ ਵਿਚ ਦਾਖਲ ਹੋਈ ਤੇ 300-350 ਸਿੰਘਾਂ ਨੂੰ ਗ੍ਰਿਫਤਾਰ ਕਰਕੇ ਲੈ ਗਈ।

31-10-84 ਦਿੱਲੀ ਦਾ ਕਤਲਾਮ ਅਤੇ ਤਿੰਨ ਸੌ ਤੋਂ ਵਧ ਗੁਰਦਵਾਰੇ ਜਾਂ ਸਾੜ ਦਿੱਤੇ ਗਏ ਜਾਂ ਢਾਹ ਦਿੱਤੇ ਗਏ। ਹਜ਼ਾਰਾਂ ਸਿੱਖਾਂ ਦਾ ਕਤਲਾਮ, ਔਰਤਾਂ ਦੀ ਬੇਪੱਤੀ ਕੀਤੀ ਗਈ, ਸਿੱਖਾਂ ਦੇ ਘਰਾਂ ਤੇ ਜਾਇਦਾਦਾਂ ਨੂੰ ਸਾੜਿਆ ਗਿਆ ਤੇ ਕਈਆਂ ਦੇ ਕੇਸ ਕਤਲ ਕੀਤੇ ਗਏ।

7-11-85 ਚੌਥੀ ਵਾਰ ਬਰਨਾਲਾ ਸਰਕਾਰ ਨੇ ਦਰਬਾਰ ਸਾਹਿਬ ਵਿਖੇ ਪੁਲਸ ਭੇਜੀ।

19-1-86 ਬਰਨਾਲੇ ਦੇ ਗੁੰਡਿਆਂ ਨੇ ਸ੍ਰੀ ਅਕਾਲ ਤਖਤ ਦਾ ਘੇਰਾ ਪਾਕੇ 200 ਰਾਊਂਡ ਗੁਰਦਵਾਰੇ ਅੰਦਰ ਚਲਾਏ। ਤਿੰਨ ਸਿੰਘ ਜ਼ਖਮੀ ਹੋਏ।

29-1-86 ਹਰਿਮੰਦਰ ਸਾਹਿਬ ਦਾ ਫੌਜੀਆਂ ਘੇਰਾ ਪਾ ਲਿਆ।

15-2-86 ਸੀ. ਆਰ. ਪੀ. ਦੇ 250 ਬੁਚੱੜਾਂ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਬਾਬਾ ਜੁਗਿੰਦਰ ਸਿੰਘ ਦੇ ਦਫਤਰਾਂ ਦੀ ਤਲਾਸ਼ੀ ਲੈਂਦਿਆਂ ਮਾਰ ਕੁੱਟ ਵੀ ਕੀਤੀ।

30-4-86 ਦਰਬਾਰ ਸਾਹਿਬ ਤੇ ਹਿੰਦੂ ਫੋਜ ਨੇ ਹਮਲਾ ਕੀਤਾ। ਇਕ ਸਿੰਘ ਸ਼ਹੀਦ ਹੋਇਆ ਤੇ ਬਹੁਤ ਸਾਰੇ ਸਿਖ ਜ਼ਖਮੀ ਹੋਏ।

30-5-86 ਬੀ. ਐਸ. ਐਫ. ਤੇ ਸੀ. ਆਰ. ਪੀ. ਦੀਆਂ 25 ਕੰਪਨੀਆਂ ਨੇ ਦਰਬਾਰ ਸਾਹਿਬ ਤੇ ਹਮਲਾ ਕੀਤਾ। ਦੋ ਸੌ ਗਰਨੇਡ ਸੁੱਟੇ ਗਏ ਅਤੇ ਅੱਗ ਲਾਈ ਗਈ। ਸੱਤ ਘੰਟੇ ਕੀਰਤਨ ਰੁਕਿਆ ਰਿਹਾ ਪਰ ਦਰਬਾਰ ਸਾਹਿਬ ਕੰਪਲੈਕਸ ਚੋਂ ਇਕ ਵੀ ਜੁਝਾਰੂ ਸਿੰਘ ਨਹੀਂ ਮਿਲਿਆ।

ਇਸੇ ਦੌਰਾਨ ਗੁਰਦਵਾਰਾ ਸ਼ਹੀਦਾਂ ਅੰਮ੍ਰਿਤਸਰ, ਦਰਬਾਰ ਸਾਹਿਬ ਤਰਨਤਾਰਨ, ਗੁਰਦਵਾਰਾ ਸੱਤਕਰਤਾਰੀਆ ਬਟਾਲਾ, ਗੁਰਦਵਾਰਾ ਬਾਰਠ ਸਾਹਿਬ, ਗੁਰਦਵਾਰਾ ਨੁਸ਼ਹਿਰਾ, ਗੁਰਦਵਾਰਾ ਦਮਦਮਾ ਸਾਹਿਬ, ਗੁਰਦਵਾਰਾ ਬੁਰਜ ਸਾਹਿਬ ਧਾਲੀਵਾਲ ਅਤੇ ਗੁਰਦਵਾਰਾ, ਕੰਧ ਸਾਹਿਬ ਤੇ ਵੀ ਹਮਲੇ ਕੀਤੇ ਗਏ।

26-7-86 ਦਰਬਾਰ ਸਾਹਿਬ ਦੇ ਬੂਹੇ ਉਤੇ ਸੀ. ਆਰ. ਪੀ. ਦੀ ਕਾਲੀ ਬਿੱਲੀ ਸਿਗਰਟ ਪੀ ਰਹੀ ਸੀ। ਇਕ ਸਿੰਘ ਨੇ ਰੋਕਿਆ। ਉਸਨੂੰ ਉਥੇ ਹੀ ਗੋਲੀ ਮਾਰ ਦਿੱਤੀ ਗਈ।

2-12-86 ਦਿੱਲੀ ਵਿਚ ਹਿੰਦੂਆਂ ਨੇ ਸਿਖਾਂ ਉਤੇ ਤਿੰਨ ਥਾਵਾਂ ਤੇ ਹਮਲੇ ਕੀਤੇ।

3-12-86 ਹਿਦੂਆਂ ਨੇ ਸੀਸ ਗੰਜ ਗੁਰਦਵਾਰੇ ਤੇ ਹਮਲਾ ਕੀਤਾ। ਪੁਲਸ ਚੁਪ ਖੜੀ ਦੇਖਦੀ ਰਹੀ।

5-12-86 ਸ਼ਹੀਦੀ ਜਲੂਸ ਤੇ ਦਿਲੀ ਵਿਚ ਪਾਬੰਦੀ ਲਾਈ ਗਈ। ਬੰਗਲਾ ਸਾਹਿਬ ਗੁਰਦਵਾਰੇ ਤੇ ਅੰਨ੍ਹੀ ਫਾਇਰਿੰਗ ਕੀਤੀ ਗਈ। ਗੁਰਦਵਾਰੇ ਅੰਦਰ ਗੋਲੀ ਚਲਾਕੇ ਤਿੰਨ ਸਿੰਘ ਸ਼ਹੀਦ ਕੀਤੇ ਗਏ। ਜ਼ਖਮੀ ਹੋਏ ਅਮਰਜੀਤ ਸਿੰਘ ਨਾ ਦੇ ਬੱਚੇ ਨੂੰ ਉਥੋਂ ਗਾਇਬ ਕਰਕੇ ਕਤਲ ਕਰ ਦਿੱਤਾ ਗਿਆ ਤੇ 140 ਸਿੰਘਾਂ ਨੂੰ ਗ੍ਰਿਫਤਾਰ ਕੀਤਾ ਗਿਆ।

1-3-87 ਗੁਰਦਵਾਰਾ ਸ਼ਹੀਦਾਂ ਅੰਮ੍ਰਿਤਸਰ ਤੇ ਹਮਲਾ ਕਰਕੇ ਪੰਜ ਸਿੰਘ ਤੇ ਇਕ ਸਿੰਘਣੀ ਸ਼ਹੀਦ ਕੀਤੇ ਗਏ ਅਤੇ ਅੱਸੀ ਦੇ ਕਰੀਬ ਗਿਰਫਤਾਰੀਆਂ ਕੀਤੀਆਂ ਗਈਆਂ।

7-3-87 ਪੁਲਸ ਸ੍ਰੀ ਦਰਬਾਰ ਸਾਹਿਬ ਅੰਦਰ ਦਾਖਲ ਹੋ ਕੇ 20 ਅੰਮ੍ਰਿਧਾਰੀ ਸਿੰਘਾਂ ਨੂੰ ਪਕੜ ਕੇ ਲੈ ਗਈ।

12-3-87 ਪੁਲਸ ਨੇ ਤਰਨਤਾਰਨ ਗੁਰਦਵਾਰਾ ਸਾਹਿਬ ਤੇ ਹਮਲਾ ਕਰਕੇ ਸਰਾਂ, ਲੰਗਰ ਤੇ ਪਰਕਰਮਾਂ ਤੇ ਕਬਜ਼ਾ ਕਰਕੇ ਲੁਟਮਾਰ ਕੀਤੀ। ਸੌ ਤੋਂ ਵਧ ਗ੍ਰਿਫਤਾਰੀਆਂ ਕੀਤੀਆਂ।

29-5-87 ਹਜ਼ਾਰਾਂ ਦੀ ਗਿਣਤੀ ਵਿਚ ਫੋਜ ਤੇ ਪੁਲਸ ਦਰਬਾਰ ਸਾਹਿਬ ਵਿਚ ਗਈ। 1400 ਕਿਲੋਮੀਟਰ ਵਿਚ ਕਰਫਿਊ ਲਾਇਆ ਗਿਆ। ਆਸ ਪਾਸ ਦੇ ਸਿਖ ਘਰਾਂ ਦੀਆਂ ਤਲਾਸ਼ੀਆਂ ਲਈਆਂ ਗਈਆਂ। ਸੈਂਕੜੇ ਨਿਰਦੋਸ਼ਾਂ ਨੂੰ ਪਕੜਕੇ ਫੋਜ ਲੈ ਗਈ ਜਿਨ੍ਹਾਂ ਦਾ ਕੋਈ ਥਹੁ ਪਤਾ ਨਹੀਂ ਮਿਲਿਆ।

25-6-87 ਪੁਲਸ ਦਰਬਾਰ ਸਾਹਿਬ ਵਿਚ ਦਾਖਲ ਹੋਈ ਅਤੇ 400 ਸਿੰਘਾਂ ਨੂੰ ਗ੍ਰਿਫਤਾਰ ਕੀਤਾ।

18-7-87 ਫਿਰ ਪੁਲਸ ਦਰਬਾਰ ਸਾਹਿਬ ਵਿਚ ਦਾਖਲ ਹੋਈ ਅਤੇ 50 ਸਿੰਘਾਂ ਨੂੰ ਗ੍ਰਿਫਤਾਰ ਕਰਕੇ ਲੈ ਗਈ।

ਇਹ ਹਨ ਕੁਝ ਮਿਸਾਲਾਂ ਇਸ ਧੋਖੇਬਾਜ਼ ਤੇ ਫਰੇਬੀ ਸਰਕਾਰ ਦੀ ਧਰਮ-ਨਿਰਪੇਖਤਾ ਦੀਆਂ। ਨਵੰਬਰ 1984 ਨੂੰ ਦਿਲੀ ਵਿਚ ਤੇ ਬਾਕੀ ਦੇ ਸਾਰੇ ਦੇਸ਼ ਵਿਚ ਹਜ਼ਾਰਾਂ ਸਾਡੇ ਗੁਰ ਅਸਥਾਨਾਂ ਨੂੰ ਸਾੜਿਆ ਗਿਆ। ਗੁਰੂ ਗਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਅਗਨ ਭੇਟਾ ਕੀਤਾ ਗਿਆ। ਇਕੱਲੀ ਦਿੱਲੀ ਵਿਚ 350 ਤੋਂ ਵਧ ਗੁਰਦਵਾਰਿਆਂ ਨੂੰ ਜਾਂ ਤਾਂ ਸਾੜ ਦਿੱਤਾ ਗਿਆ ਜਾਂ ਢਾਹ ਦਿੱਤਾ ਗਿਆ। ਅਜੇਹੀਆਂ ਫਿਰਕੂ ਕਾਲੀਆਂ ਕਰਤੂਤਾਂ ਸਾਹਮਣੇ ਧਰਮ-ਨਿਰਪੇਖਤਾ ਦੇ ਬਾਕੀ ਕੋਈ ਅਰਥ ਹੀ ਨਹੀਂ ਰਹਿ ਜਾਂਦੇ।

ਅੱਜ ਦੇ ਸਾਇੰਸੀ ਯੁਗ ਅੰਦਰ ਮਨੁਖ ਨੇ ਵਿਦਿਅਕ ਅਤੇ ਵਿਗਿਆਨਕ ਖੇਤਰਾਂ ਵਿਚ ਉੱਨਤੀ ਦੀਆਂ ਨਵੀਆਂ ਟੀਸੀਆਂ ਨੂੰ ਜਾ ਹੱਥ ਪਾਇਆ ਹੈ। ਸੰਸਾਰ ਦੀਆਂ ਕੌਮਾਂ, ਜਿਥੇ ਆਪਣੇ ਵਖਰੇਵੇਂ ਦੀਆਂ ਖਾਈਆਂ ਤੇ ਵਿੱਥਾਂ ਨੂੰ ਵਿਚਾਰ ਵਟਾਂਦਰੇ ਦੁਆਰਾ ਪੂਰ ਕੇ, ਆਪੋ ਵਿਚ ਮੇਲ ਮਿਲਾਪ ਪੈਦਾ ਕਰਕੇ, ਇਕ ਦੂਜੇ ਦੇ ਗਿਆਨ ਭੰਡਾਰ ਤੋਂ ਲਾਭ ਉਠਾਣ ਵਿਚ ਜੁੱਟੀਆਂ ਹੋਈਆਂ ਹਨ ਉੱਥੇ ਭਾਰਤ ਵਰਸ਼ ਹੀ ਹਿਦੂ ਫਿਰਕੂ ਸਰਕਾਰ ਦੇ ਸਿਰ ਤੇ ਸਿਖਾਂ ਵਰਗੀ ਅਣਖੀਲੀ ਕੌਮ ਦੀ ਨਸਲ-ਕੁਸ਼ੀ ਦਾ ਭੂਤ ਸਵਾਰ ਹੋ ਗਿਆ ਹੋਇਆ ਹੈ।

ਅੱਜ ਦੇ ਯੁਗ ਅੰਦਰ ਕਿਸੇ ਕੌਮ ਨੂੰ ਗੁਲਾਮ ਬਣਾਕੇ ਰਖਣਾ ਤੇ ਫਿਰ ਸਿਖਾਂ ਵਰਗੀ ਕੌਮ ਨੂੰ ਗੁਲਾਮ

ਬਣਾਉਣ ਦੇ ਸੁਪਨੇ ਲੈਣਾ ਆਪਣੀ ਅਕਲ ਦਾ ਦੀਵਾਲੀਆ ਕੱਢਣ ਵਾਲੀ ਗੱਲ ਹੈ।

ਸਿਖਾਂ ਦਾ ਜਗਤ ਪ੍ਰਸਿਧ ਇਤਿਹਾਸਕ ਪਵਿਤਰ ਗੁਰ-ਅਸਥਾਨ ਦਰਬਾਰ ਸਾਹਿਬ ਜਿਥੋਂ ਹਰ ਵੇਲੇ ਮਨੁਖ ਜਾਤੀ ਦੇ ਤਪਦੇ ਹਿਰਦਿਆਂ ਨੂੰ ਠਾਰਨ ਲਈ ਅੰਮ੍ਰਿਤਮਈ ਬਾਣੀ ਦੇ ਝਰਨੇ ਦੀਆਂ ਫੁਹਾਰਾਂ ਵਗਦੀਆਂ ਰਹਿੰਦੀਆਂ ਹਨ, ਉੱਤੇ ਟੈਂਕਾਂ ਤੇ ਫੌਜਾਂ ਨਾਲ ਆਪਣੇ ਵਹਿਸ਼ੀਪੁਣੇ ਦੀ ਦਹਿਸ਼ਤ ਜਾ ਫੈਲਾਈ।

ਛੇ ਡਵੀਯਨਾਂ ਫੌਜ ਦੀਆਂ, ਇਕ ਲੈਫਟੀਨੈਂਟ ਜਨਰਲ, ਦੋ ਜਨਰਲ, ਵੀਹ ਟੈਂਕਾਂ ਤੇ ਬਕਤਰਬੰਦ ਗੱਡੀਆਂ ਸਿਖ ਕੌਮ ਦੀ ਨਸਲ-ਕੁਸ਼ੀ ਲਈ ਦਰਬਾਰ ਸਾਹਿਬ ਤੇ ਪੰਜਾਬ ਵਿਚ ਝੋਕ ਦਿੱਤੀਆਂ ਗਈਆਂ। ਇਤਨੀ ਫੌਜ ਤਾਂ ਪਾਕਿਸਤਾਨ ਦੀਆਂ ਤਿੰਨ ਲੜਾਈਆਂ ਵਿਚ ਵੀ ਨਹੀਂ ਸੀ ਵਰਤੀ ਗਈ। ਪੰਜਾਬ ਦੇ ਹਰ ਪਿੰਡ ਵਿਚ ਮਿਲਟਰੀ ਤਾਇਨਾਤ ਕਰਕੇ ਕਰਫਿਊ ਲਗਾ ਦਿੱਤਾ ਗਿਆ। ਬਤਾਲੀ ਇਤਿਹਾਸਕ ਗੁਰਦਵਾਰਿਆਂ ਅੰਦਰ ਇਕੋ ਵਾਰੀ ਵਹਿਸ਼ੀਆਨਾ ਹਮਲਾ ਕਰਕੇ ਹਜ਼ਾਰਾਂ ਨਿਰਦੋਸ਼ ਯਾਤਰੂ ਜਵਾਨਾਂ, ਇਸਤਰੀਆਂ, ਬੱਚਿਆਂ ਅਤੇ ਬੁਜ਼ਰਗਾਂ ਦਾ ਕਤਲਾਮ ਕੀਤਾ ਗਿਆ।

ਵਹਿਸ਼ੀਆਨਾ ਤੇ ਕਾਤਲਨਾ ਹਮਲੇ ਦਾ ਦਿਨ ਵੀ ਸ਼ਹੀਦੀ ਗੁਰਪੁਰਬ ਦਾ ਚੁਣਿਆ ਜਿਸ ਦਿਨ ਗੁਰਦਵਾਰੇ ਸਿਖ ਸੰਗਤਾਂ ਨਾਲ ਖਚਾਖਚ ਭਰੇ ਹੁੰਦੇ ਹਨ। ਫੌਜ ਨੂੰ ਮੌਕੇ ਉੱਤੇ ਹੁਕਮ ਦਿੱਤਾ ਗਿਆ ਕਿ 20-40 ਸਾਲ ਤਕ ਦਾ ਕੋਈ ਸਿਖ ਬਚ ਕੇ ਨਾ ਨਿਕਲ ਸਕੇ। ਇਸ ਗਲ ਦੀ ਪੁਸ਼ਟੀ 'ਇੰਡੀਆ ਟੂਡੇ' ਨੇ ਆਪਣੇ 30 ਜੂਨ 1984 ਦੇ ਪਰਚੇ ਵਿਚ ਇੰਜ ਕੀਤੀ:

> Shoot at sight anyone on the streets and at once fire at the mobs.

ਦਰਬਾਰ ਸਾਹਿਬ ਦੇ ਕਤਲਾਮ ਤੋਂ ਤਿੰਨ ਮਹੀਨੇ ਬਾਦ ਤਕ ਵੀ ਅਜੇਹੇ ਹੁਕਮ ਅੰਮ੍ਰਿਤਧਾਰੀ ਸਿਖਾਂ ਵਿਰੁੱਧ ਜਾਰੀ ਹੁੰਦੇ ਰਹੇ। ਉਨ੍ਹਾਂ ਹੁਕਮਾਂ ਦੇ ਭੇਦ ਖੁੱਲ੍ਹ ਜਾਣ ਸੰਬੰਧੀ ਇਕ ਖਤ ਦੀ ਨਕਲ 'ਇੰਡੀਅਨ ਐਕਸਪ੍ਰੈਸ' ਨੇ ਆਪਣੇ 18 ਸਤੰਬਰ 1984 ਦੇ ਅੰਕ ਦੇ ਸਫਾ 7 ਉੱਤੇ ਇੰਜ ਛਾਪੀ ਸੀ:

> A recent circular issued to the units by way of 'Baat Cheet' describes all 'amritdharis' as dangerous people, pledged to commit murder, arson and acts of terrorism. Photocopies of this circular have found their way out of the army.
>
> ਹੁਣੇ ਜੇਹੇ ਫੌਜੀ ਦਸਤਿਆਂ ਨੂੰ 'ਬਾਤਚੀਤ' ਨਾਮ ਦੇ ਇਕ ਹੁਕਮ ਰਾਹੀਂ ਦਸਿਆ ਗਿਆ ਹੈ ਕਿ ਸਾਰੇ ਅੰਮ੍ਰਿਤਧਾਰੀ ਸਿਖ ਖਤਰਨਾਕ ਹਨ। ਇਹਨਾਂ ਲੁਟਮਾਰ, ਸਾੜਫੂਕ ਅਤੇ ਖੂਨ ਖਰਾਬੇ ਦੀਆਂ ਕਸਮਾਂ ਖਾਧੀਆਂ ਹੋਈਆਂ ਹਨ। ਇਸ ਸਰਕੂਲਰ ਦੀਆਂ ਫੋਟੋ ਕਾਪੀਆਂ ਕਿਸੇ ਤਰ੍ਹਾਂ ਫੌਜ ਤੋਂ ਬਾਹਰ ਨਿਕਲ ਗਈਆਂ ਹਨ।

ਸੀ. ਆਰ. ਪੀ. ਤੇ ਫੌਜੀਆਂ ਨੂੰ ਇਹ ਹੁਕਮ ਸੀ ਕਿ ਕਾਲੀ ਪੱਗ ਜਾਂ ਕੇਸਰੀ ਰੰਗ ਦੀ ਪੱਗ ਵਾਲੇ ਕਿਰਪਾਨ ਧਾਰੀ ਜਿਥੇ ਵੀ ਵੇਖੋ, ਸ਼ੂਟ ਕਰ ਦਿਉ। ਦਰਬਾਰ ਸਾਹਿਬ ਤੇ ਟੈਂਕਾਂ ਨਾਲ ਗੋਲੇ ਮਾਰ ਮਾਰ ਕੇ ਹਰ ਪਾਸੇ ਤਬਾਹੀ ਮਚਾਈ ਗਈ। ਜ਼ਹਿਰਲੀ ਗੈਸ ਦਾ ਬੰਬ ਅਕਾਲ ਤਖਤ ਸਾਹਿਬ ਤੇ ਸੁੱਟਿਆ ਗਿਆ। ਅਕਾਲ ਤਖਤ ਸਾਹਿਬ ਢਹਿ ਢੇਰੀ ਕਰਨ ਮਗਰੋਂ ਸਾਰੇ ਕੰਪਲੈਕਸ ਵਿਚ ਮਿਲਟਰੀ ਨੇ ਕਤਲਾਮ ਸ਼ੁਰੂ ਕਰ ਦਿੱਤਾ। ਸਾਰੀ ਪਰਕਰਮਾ ਲਾਸ਼ਾਂ ਨਾਲ ਭਰ ਗਈ। ਲਾਲ ਸੂਹੇ ਹੋਏ ਸਰੋਵਰ ਵਿਚ

ਲਾਸ਼ਾਂ ਤਰ ਰਹੀਆਂ ਸਨ। 20 ਜੂਨ ਤਕ ਰਾਗੀ ਨੱਕ ਉਤੇ ਰੁਮਾਲ ਰਖਕੇ ਕੀਰਤਨ ਲਈ ਹਰਿਮੰਦਰ ਸਾਹਿਬ ਅੰਦਰ ਜਾਂਦੇ ਰਹੇ ਕਿਉਂਕਿ ਦਸ ਬਾਰਾਂ ਹਜ਼ਾਰ ਲਾਸ਼ਾਂ ਨਹੀਂ ਸਨ ਸਾਂਭੀਆਂ ਜਾ ਸਕੀਆਂ।

ਹਰਿਮੰਦਰ ਸਾਹਿਬ ਦੇ ਅੰਦਰ ਪਰਕਾਸ਼ ਹੋਏ ਗੁਰੂ ਗਰੰਥ ਸਾਹਿਬ ਦੇ ਗੋਲੀਆਂ ਨਾਲ 82 ਪੰਨੇ ਕਟੇ-ਵਢੇ ਗਏ। ਕੀਰਤਨ ਕਰ ਰਹੇ ਕੀਰਤਨੀਆਂ ਨੂੰ ਗੋਲੀਆਂ ਨਾਲ ਮਾਰ ਦਿੱਤਾ ਗਿਆ, ਸੇਵਾਦਾਰਾਂ ਨੂੰ ਮਾਰ ਮੁਕਾ ਕੇ ਉਨ੍ਹਾਂ ਦੇ ਘਰ ਬਾਹਰ ਲੁੱਟ ਲਏ ਗਏ। ਇਸ ਨਾਦਰਸ਼ਾਹੀ ਲੁੱਟ ਦੇ ਨਾਲ ਇਸਤਰੀਆਂ ਦੀਆਂ ਪੱਤਾਂ ਲੁਟੀਆਂ ਗਈਆਂ ਤੇ ਫਿਰ ਉਨ੍ਹਾਂ ਨੂੰ ਗੋਲੀ ਨਾਲ ਉਡਾ ਦਿੱਤਾ ਗਿਆ।

ਜਿਲ੍ਹਾ ਸੰਗਰੂਰ ਤੋਂ ਸੌ ਇਸਤਰੀਆਂ ਦਾ ਜਥਾ ਤਿੰਨ ਜੂਨ ਨੂੰ ਆਇਆ ਸੀ। ਦੋ ਤਿੰਨ ਵਡੇਰੀ ਉਮਰ ਦੀਆਂ ਇਸਤਰੀਆਂ ਨੂੰ ਛਡਕੇ ਬਾਕੀ ਸਭ ਨੂੰ ਫੌਜ ਲੈ ਗਈ।

ਜ਼ੁਲਮ ਅਤੇ ਕਹਿਰ ਦੀ ਵੀ ਕੋਈ ਹੱਦ ਹੁੰਦੀ ਹੈ। ਚਾਰ ਤੋਂ 12 ਸਾਲ ਦੇ 28 ਬੱਚੇ ਜਿਹੜੇ ਪੰਜ ਤੇ ਛੇ ਜੂਨ ਦੇ ਕਤਲਾਮ ਤੋਂ ਬਚ ਗਏ ਸਨ ਉਹ ਲੁਧਿਆਣਾ ਜੇਲ੍ਹ ਵਿਚ ਦਫਾ 107 (ਅਮਨ ਭੰਗ ਕਰਨ) ਆਦਿ ਦੋਸ਼ ਲਾ ਕੇ ਸੁੱਟ ਦਿੱਤੇ ਗਏ। ਜਿਨ੍ਹਾਂ ਵਿਚ ਕਈ ਨੇਤਰਹੀਣ ਬੱਚੇ ਵੀ ਸਨ। ਇਹ ਖਬਰ 'ਇੰਡੀਅਨ ਐਕਸਪ੍ਰੈੱਸ' ਵਿਚ 29 ਅਗਸਤ ਨੂੰ ਛਪੀ ਸੀ।

ਇਕ ਹੋਰ ਪਰਵਾਰ ਦੇ ਚਾਰ ਬਚਿਆਂ ਨੂੰ ਜਿਨ੍ਹਾਂ ਦੀ ਉਮਰ ਨੌਂ ਸਾਲ, ਚਾਰ ਸਾਲ, ਛੇ ਸਾਲ ਤੇ ਬਾਰਾਂ ਸਾਲ ਸੀ, ਹਵਾਲਾਤ ਵਿਚ ਰਖਿਆ ਗਿਆ। ਲਾਹਨਤ ਹੈ ਅਜੇਹੇ ਜੱਜਾਂ ਤੇ ਅਤੇ ਲਾਹਨਤ ਹੈ ਅਜੇਹੀ ਸਰਕਾਰ ਤੇ।

ਸੰਤ ਭਿੰਡਰਾਂਵਾਲਿਆਂ ਦੇ ਕੋਈ ਸੌ ਕੁ ਵਿਦਿਆਰਥੀਆਂ ਕੋਲੋਂ ਪੁਛਿਆ ਗਿਆ, 'ਕੀ ਤੁਸੀਂ ਖਾਲਿਸਤਾਨ ਲੈਣਾ ਚਾਹੁੰਦੇ ਹੋ?' ਤਾਂ ਪਹਿਲੇ ਵਿਦਿਆਰਥੀ ਨੇ 'ਬੋਲੇ ਸੋ ਨਿਹਾਲ ਤੇ ਸਤਿ ਸ੍ਰੀ ਅਕਾਲ ਦਾ' ਜੈਕਾਰਾ ਛਡਿਆ। ਉਸੇ ਵੇਲੇ ਗੋਲੀਆਂ ਨਾਲ ਵਿਦਿਆਰਥੀ ਭੁੰਨ ਕੇ ਰੱਖ ਦਿਤੇ।

ਪਹਿਲੀ ਜੂਨ 1984 ਨੂੰ 7 ਘੰਟੇ ਬਿਨਾਂ ਕਾਰਨ ਗੋਲੀ ਚਲਾ ਕੇ ਸੀ ਆਰ ਪੀ ਨੇ ਇਸ ਬੇਸ਼ਰਮ ਭਾਰਤ ਸਰਕਾਰ ਦੀ ਕਾਤਲ ਫੌਜ ਲਈ ਇਸ ਖੂਨੀ ਸਾਕੇ ਦਾ ਮੈਦਾਨ ਤਿਆਰ ਕੀਤਾ ਅਤੇ 12 ਜੁਲਾਈ ਨੂੰ ਸਵੇਰੇ ਯਾਤਰੂਆਂ ਨੂੰ ਪਰਕਰਮਾਂ ਤੇ ਹਰਿਮੰਦਰ ਸਾਹਿਬ ਜਾਣ ਦੀ ਆਗਿਆ ਦਿੱਤੀ ਗਈ। ਪਰਕਰਮਾ ਤੋਂ ਮੰਜੀ ਸਾਹਿਬ ਵਲ ਜਾਣਾ ਉਦੋਂ ਤਕ ਵੀ ਮਨ੍ਹਾ ਸੀ।

ਸੰਸਾਰ ਵਿਚ ਇਹ ਪਹਿਲੀ ਬੇਸ਼ਰਮ ਨਿਰਦਈ ਕਾਤਲ ਫੌਜ ਅਤੇ ਬੇਸ਼ਰਮ ਕਾਤਲ ਹਿੰਦੂ ਸਰਕਾਰ ਸੀ ਜਿਸ ਨੇ ਜੈਨੇਵਾ ਕਨਵੈਨਸ਼ਨ ਦੇ ਸਾਰੇ ਅਸੂਲਾਂ ਨੂੰ ਛਿੱਕੇ ਤੇ ਟੰਗ ਕੇ, ਆਪਣੇ ਹੀ ਲੋਕਾਂ ਵਿਚੋਂ ਯਾਤਰਾ ਕਰਨ ਗਏ ਹਜ਼ਾਰਾਂ ਨਿਰਦੋਸ਼ ਤੇ ਨਿਹੱਥੇ ਬਜ਼ੁਰਗਾਂ, ਇਸਤਰੀਆਂ ਤੇ ਬੱਚਿਆਂ ਦੇ ਹੱਥ ਪਿਛੇ ਬੰਨ੍ਹ ਕੇ ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨਿਆ। ਜੈਨੇਵਾ ਕਨਵੈਨਸ਼ਨ ਦੇ ਮਤੇ ਅਨੁਸਾਰ ਕੈਦੀਆਂ ਨੂੰ ਵਹਿਸ਼ੀਆਨਾ ਢੰਗ ਨਾਲ ਮਾਰਨਾ ਤਾਂ ਦੂਰ ਦੀ ਗੱਲ ਹੈ ਭੈੜਾ ਸਲੂਕ ਕਰਨਾ ਵੀ ਮਨ੍ਹਾ ਹੈ। ਇਸ ਮੱਕਾਰ ਸਰਕਾਰ ਨੇ ਪਾਕਿਸਤਾਨ ਦੇ 93 ਹਜ਼ਾਰ ਕੈਦੀ ਤਾਂ ਵਾਪਸ ਕਰ ਦਿੱਤੇ ਸਨ ਪਰ ਹਰਿਮੰਦਰ ਸਾਹਿਬ ਅੰਦਰੋਂ ਫੜੇ ਨਿਹੱਥੇ ਯਾਤਰੂਆਂ ਦੇ ਹੱਥ ਬੰਨ੍ਹ ਕੇ ਉਨ੍ਹਾਂ ਨੂੰ ਕਤਲ ਕਰ ਦਿੱਤਾ।

ਹੋਰ ਤਾਂ ਹੋਰ ਇਸ ਨਾਜ਼ੀ ਸਰਕਾਰ ਦੇ ਜੱਜ ਵੀ ਪਿਛੇ ਨਹੀਂ ਰਹੇ। ਚਾਰ ਸਾਲ ਦੇ ਬੱਚਿਆਂ ਨੂੰ ਹਵਾਲਾਤ ਵਿਚ ਰਖਣ ਦੇ ਹੁਕਮ ਜਾਰੀ ਕੀਤੇ ਗਏ। ਉਨ੍ਹਾਂ ਬੱਚਿਆਂ ਦਾ ਕਸੂਰ ਕੇਵਲ ਇਹ ਸੀ ਕਿ ਉਹ ਸਿਖਾਂ ਦੇ ਬੱਚੇ ਸਨ।

ਦਰਬਾਰ ਸਾਹਿਬ ਕੰਪਲੈਕਸ ਅੰਦਰ ਦਸ ਬਾਰਾਂ ਹਜ਼ਾਰ ਸਿੰਘ ਸਿੰਘਣੀਆਂ ਤੇ ਬੱਚਿਆਂ ਦਾ ਕਤਲਾਮ ਕੀਤਾ ਗਿਆ। ਇਸ ਹਮਲੇ ਦੀ ਖਬਰ ਸੁਣਦਿਆਂ ਹੀ ਲੋਕਾਂ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਦਿੱਤੀਆਂ ਜਿਨ੍ਹਾਂ ਨੂੰ ਰਾਹ ਵਿਚ ਹੀ ਇਨ੍ਹਾਂ ਨਿਰਦਈ ਕਾਤਲਾਂ ਨੇ ਭੁੰਨ ਸੁਟਿਆ। ਸ੍ਰੀ ਦਰਬਾਰ ਸਾਹਿਬ ਤਰਨਤਾਰਨ ਤੇ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਆਦਿ ਪ੍ਰਸਿਧ ਗੁਰਦਵਾਰਿਆਂ ਵਿਚ ਵੀ ਕਤਲਾਮ ਇਸੇ ਵਹਿਸ਼ੀਆਨਾ ਢੰਗ ਨਾਲ ਕੀਤਾ ਗਿਆ। ਪੰਜਾਬ ਵਿਚ ਪੰਜਾਹ ਹਜ਼ਾਰ ਸਿੰਘ ਸਿੰਘਣੀਆਂ ਤੇ ਬੱਚਿਆਂ ਨੂੰ ਸ਼ਹੀਦ ਕੀਤਾ ਗਿਆ ਅਤੇ ਪੰਜਾਹ ਹਜ਼ਾਰ ਲਾਪਤਾ ਹਨ।

ਇਸ ਭਿਆਨਕ ਕਤਲਾਮ ਤੋਂ ਮਗਰੋਂ ਸੀ. ਆਰ. ਪੀ. ਹੁਣ ਤਕ ਝੂਠੇ ਮੁਕਾਬਲੇ ਬਣਾਕੇ ਕੋਈ ਅੱਸੀ ਹਜ਼ਾਰ ਸਿਖ ਨੌਜਵਾਨਾਂ ਦਾ ਕਤਲਾਮ ਕਰ ਚੁੱਕੀ ਹੈ। ਕਈ ਪਿੰਡਾਂ ਵਿਚ ਤਾਂ 15 ਤੋਂ ਲੈਕੇ 40 ਸਾਲ ਤਕ ਦੀ ਉਮਰ ਦਾ ਕੋਈ ਸਿਖ ਨੌਜਵਾਨ ਬਾਕੀ ਰਹਿ ਹੀ ਨਹੀਂ ਗਿਆ।

7 ਜੂਨ 1984 ਨੂੰ ਸੰਤ ਭਿੰਡਰਾਂਵਾਲੇ, ਭ: ਅਮਰੀਕ ਸਿੰਘ ਅਤੇ ਜਨਰਲ ਸੁਬੇਗ ਸਿੰਘ ਦੀਆਂ ਲਾਸ਼ਾਂ ਦੀ ਪ੍ਰਕਰਮਾ ਵਿਚ ਪ੍ਰਦਰਸ਼ਨੀ ਕੀਤੀ ਗਈ। ਸ਼ਹਿਰ ਦੇ ਵਿਸ਼ੇਸ਼ ਹਿਦੂਆਂ ਨੂੰ ਅੰਦਰ ਲਿਜਾਕੇ ਇਨ੍ਹਾਂ ਸੂਰਬੀਰਾਂ ਦੀਆਂ ਲਾਸ਼ਾਂ ਵਿਖਾਈਆਂ ਗਈਆਂ ਜਿਸਤੇ ਹਿਦੂਆਂ ਨੇ ਬਰਫ਼ੀ ਤੇ ਲੱਡੂ ਵੰਡੇ ਅਤੇ ਫੌਜ ਨੂੰ ਸਿਗਰਟਾਂ ਤੇ ਸ਼ਰਾਬ ਭੇਟ ਕੀਤੀ।

ਤਿੰਨ ਦਿਨ ਦੀ ਕਤਲਾਮ ਮਗਰੋਂ ਕੰਪਲੈਕਸ ਨੂੰ ਆਪਣੇ ਕਬਜ਼ੇ ਵਿਚ ਕਰਕੇ ਜਿਹੜਾ ਸਭ ਤੋਂ ਵਧ ਸ਼ਰਮਨਾਕ ਤੇ ਅਣਮਨੁਖੀ ਕੁਕਰਮ ਕੀਤਾ ਗਿਆ ਉਹ ਸੀ ਸਿੱਖ ਰੈਫ਼ਰੈਂਸ ਲਾਇਬਰੇਰੀ ਵਿਚ ਲਾਸ਼ਾਂ ਸੁਟ ਕੇ ਉਸ ਨੂੰ ਸਾੜ ਕੇ ਸੁਆਹ ਕਰ ਦੇਣਾ। ਸਿੱਖ ਕੌਮ ਦਾ ਪੰਜ ਸੌ ਸਾਲ ਦਾ ਪੁਰਾਣਾ ਇਤਹਾਸਕ ਵਿਰਸਾ ਸਾੜ ਕੇ ਸੁਆਹ ਕਰ ਦਿੱਤਾ ਗਿਆ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਹੱਥ-ਲਿਖਤ ਨਕਲਾਂ ਤੇ ਹੁਕਮਨਾਮੇ ਵੀ ਸਨ। ਗੁਰੂ ਗਰੰਥ ਸਾਹਿਬ ਦੇ 2500 ਸਰੂਪ ਸਨ ਜਿਨ੍ਹਾਂ ਵਿਚ ਹਥ ਲਿਖਤ ਇਤਹਾਸਕ ਬੀੜਾਂ ਵੀ ਸਨ।

350 ਸਾਲ ਤੋਂ ਸੰਭਾਲ ਕੇ ਰਖੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਸ਼ਸਤਰ,ਤੇਗਾ, ਖੰਡੇ ਤੇ ਢਾਲਾਂ ਆਦਿ ਜੋ ਮਾਣ ਨਾਲ ਸੰਗਤਾਂ ਵੇਖਿਆ ਕਰਦੀਆਂ ਸਨ ਉਹ ਜਾਂ ਤਾਂ ਅਗਨੀ ਦੀ ਭੇਟ ਹੋ ਗਏ ਜਾਂ ਤੋੜ ਭੰਨ ਕੇ ਸਾੜ ਦਿੱਤੇ ਗਏ। ਇਤਨੇ ਵਡੇ ਸਾਹਿਤਕ ਤੇ ਇਤਹਾਸਕ ਵਿਰਸਿਆਂ ਨੂੰ ਇਤਨੀ ਬੇਦਰਦੀ ਨਾਲ ਤਬਾਹ ਕਰਨ ਮਗਰੋਂ ਇਸ ਗੱਲ ਵਿਚ ਰਤਾ ਜਿੰਨਾ ਵੀ ਸ਼ਕ ਬਾਕੀ ਨਹੀਂ ਰਹਿ ਜਾਂਦਾ ਕਿ ਇਹ ਮੱਕਾਰ ਤੇ ਫ਼ਰੇਬੀ ਸਰਕਾਰ ਸਿਖ ਕੌਮ ਦੀ ਹੋਂਦ ਨੂੰ ਖਤਮ ਕਰਨ ਤੇ ਤੁਲੀ ਹੋਈ ਹੈ। ਇਸ ਜਾਬਰ ਸਰਕਾਰ ਨੇ ਆਪਣੇ ਇਸ ਵਹਿਸ਼ੀਆਨਾ ਹਮਲਾ ਕਰਨ ਦੇ ਜੋ ਕਾਰਨ 'ਵ੍ਹਾਈਟ ਪੇਪਰ' ਵਿਚ ਛਾਪੇ ਹਨ ਉਨ੍ਹਾਂ ਉਤੇ ਵੀ ਥੋੜੀ ਜਿੰਨੀ ਵਿਚਾਰ ਕਰ ਲੈਣੀ ਬਣਦੀ ਹੈ:

1. ਸਿਖ ਅੱਤਵਾਦੀਆਂ ਨੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਹਥਿਆਰ ਜਮ੍ਹਾ ਕਰ ਲਏ ਸਨ।

2. ਸੰਤ ਭਿੰਡਰਾਂ ਵਾਲੇ ਤੇ ਭਾਈ ਅਮਰੀਕ ਸਿੰਘ ਇਨ੍ਹਾਂ ਅੱਤਵਾਦੀਆਂ ਦੇ ਆਗੂ ਸਨ ਜੋ ਬਾਹਰ ਹਿਦੂਆਂ ਦਾ ਕਤਲ ਕਰਕੇ ਅੰਦਰ ਛੁਪ ਜਾਂਦੇ ਸਨ।

3. ਗ੍ਰਹਿ ਮੰਤਰੀ ਅਨੁਸਾਰ ਇਨ੍ਹਾਂ ਸ੍ਰੀ ਦਰਬਾਰ ਸਾਹਿਬ ਅੰਦਰ ਛੁਪੇ ਹੋਏ ਅੱਤਵਾਦੀਆਂ ਦੀ ਗਿਣਤੀ ਚਾਲੀ ਦੇ ਲਗਪਗ ਸੀ।

ਆਉ, ਹੁਣ ਅਸੀਂ ਵਾਰੋ ਵਾਰੀ ਇਨਾਂ ਨੁਕਤਿਆਂ ਤੇ ਵਿਚਾਰ ਕਰੀਏ ਕਿ ਇਨ੍ਹਾਂ ਵਿਚ ਕੋਈ

ਸਚਾਈ ਵੀ ਹੈ ਕਿ ਨਹੀਂ!

1. ਜੂਨ 1984 ਤੋਂ 18 ਮਹੀਨੇ ਪਹਿਲਾਂ ਦਰਬਾਰ ਸਾਹਿਬ ਕੰਪਲੈਕਸ ਨੂੰ ਸੀ. ਆਰ. ਪੀ. ਤੇ ਪੰਜਾਬ ਪੁਲਸ ਨੇ ਕਰੜਾ ਘੇਰਾ ਪਾਇਆ ਹੋਇਆ ਸੀ। ਹਰ ਮਨੁਖ ਦੀ ਤਲਾਸ਼ੀ ਲੈਕੇ ਅੰਦਰ ਜਾਣ ਦਿੱਤਾ ਜਾਂਦਾ ਸੀ। ਫਿਰ ਹਥਿਆਰ ਅੰਦਰ ਕਿਵੇਂ ਪਹੁੰਚੇ?

15 ਦਸੰਬਰ 1983 ਤੋਂ ਕੋਈ ਛੇ ਮਹੀਨੇ ਪਹਿਲਾਂ ਸੰਤ ਭਿੰਡਰਾਂ ਵਾਲੇ ਗੁਰੂ ਨਾਨਕ ਨਿਵਾਸ ਵਿਚ ਰਹਿੰਦੇ ਰਹੇ ਸਨ। ਇਸ ਤੋਂ ਮਗਰੋਂ ਹੀ ਉਹ ਸ੍ਰੀ ਅਕਾਲ ਤਖਤ ਅੰਦਰ ਗਏ ਸਨ। ਜਦ ਕਿ ਇਤਨਾ ਸਖਤ ਪਹਿਰਾ ਲਗਾ ਹੋਇਆ ਸੀ ਤਾਂ ਉਹ ਹਥਿਆਰ ਅੰਦਰ ਕਿਵੇਂ ਲੈ ਗਏ?

2. 29 ਅਪ੍ਰੈਲ 1984 ਨੂੰ ਚੰਡੀਗੜ ਵਿਚ ਭਰੀ ਸਭਾ ਵਿਚ ਰਾਜੀਵ ਗਾਂਧੀ ਤੋਂ ਪੱਤਰਕਾਰਾਂ ਨੇ ਪੁੱਛਿਆ, 'ਕੀ ਸੰਤ ਭਿੰਡਰਾਂ ਵਾਲੇ ਅੱਤਵਾਦੀ ਹਨ? ਤਾਂ ਉਸਦਾ ਉਤਰ ਇਹ ਸੀ, 'ਇਹ ਤੁਸੀਂ ਜਾਂਚ ਲਵੋ।'

ਪਤਰਕਾਰਾਂ ਦੀ ਤਸੱਲੀ ਨਾ ਹੋਣ ਤੇ ਉਨ੍ਹਾਂ ਇਕ ਹੋਰ ਸੁਆਲ ਪੁੱਛਿਆ 'ਕੀ ਤੁਹਾਡੇ ਖਿਆਲ ਵਿਚ ਉਹ ਇਕ ਰਾਜਸੀ ਨੇਤਾ ਹਨ?'

ਇਸਦੇ ਉਤਰ ਵਿਚ ਰਾਜੀਵ ਗਾਂਧੀ ਨੇ ਕਿਹਾ, 'ਉਹ ਇਕ ਧਾਰਮਕ ਨੇਤਾ ਹਨ ਤੇ ਉਨ੍ਹਾਂ ਨੇ ਹੁਣ ਤਕ ਕੋਈ ਰਾਜਸੀ ਝੁਕਾਅ ਪ੍ਰਗਟ ਨਹੀਂ ਕੀਤਾ।'

ਹੁਣ ਸੋਚਣ ਵਾਲੀ ਗਲ ਤਾਂ ਇਹ ਹੈ ਕਿ ਅਪ੍ਰੈਲ ਦੇ ਅਖੀਰ ਤੋਂ ਲੈਕੇ 2 ਜੂਨ 1984 ਤਕ ਦੇ ਥੋੜੇ ਜੇਹੇ ਸਮੇਂ ਵਿਚ ਸੰਤ ਭਿੰਡਰਾਂ ਵਾਲੇ ਧਾਰਮਕ ਨੇਤਾ ਤੋਂ ਅੱਤਵਾਦੀ ਵੀ ਬਣ ਗਏ ਅਤੇ ਉਨ੍ਹਾਂ ਸਖਤ ਪਹਿਰੇ ਦੇ ਬਾਵਜੂਦ ਦਰਬਾਰ ਸਾਹਿਬ ਅੰਦਰ ਹਥਿਆਰ ਵੀ ਜਮ੍ਹਾ ਕਰ ਲਏ।

29 ਅਪ੍ਰੈਲ 1984 ਤਕ ਸੰਤ ਜੀ ਦੇ ਇਕ ਧਾਰਮਕ ਨੇਤਾ ਹੋਣ ਦੀ ਅਤੇ ਉਨ੍ਹਾਂ ਦੇ ਚੰਗੇ ਆਚਰਨ ਦੀ ਸਨਦ ਡੰਕੇ ਦੀ ਚੋਟ ਨਾਲ ਉਹਨਾਂ ਨੂੰ ਦਿੱਤੀ ਗਈ ਸੀ ਤਾਂ ਫਿਰ ਜੂਨ 1984 ਦੀ ਪਹਿਲੀ ਤਕ ਉਹ ਦੇਸ਼ ਦੇ ਦੁਸਮਣ ਨੰਬਰ ਇਕ ਕਿਵੇਂ ਬਣ ਗਏ?

15 ਦਸੰਬਰ 1983 ਤਕ ਸੰਤ ਭਿੰਡਰਾਂਵਾਲੇ ਗੁਰੂ ਨਾਨਕ ਨਿਵਾਸ ਵਿਚ ਰਹਿੰਦੇ ਰਹੇ ਸਨ। ਜੇ ਉਹ ਐਨੇ ਖਤਰਨਾਕ ਸਨ ਤਾਂ ਉਨ੍ਹਾਂ ਨੂੰ ਉਦੋਂ ਹੀ ਕਿਉਂ ਗ੍ਰਿਫਤਾਰ ਨਹੀਂ ਸੀ ਕੀਤਾ ਗਿਆ?

ਪੰਜਾਬ ਪੁਲਸ ਤੇ ਕੇਂਦਰੀ ਰੀਜ਼ਰਵ ਪੁਲਸ ਦੇ ਦੋ ਹਜ਼ਾਰ ਜਵਾਨ ਚਵੀ ਘੰਟੇ ਦਰਬਾਰ ਸਾਹਿਬ ਦੁਆਲੇ ਪਹਿਰਾ ਦਿੰਦੇ ਸਨ। ਚਾਰ ਗੁਪਤ ਏਜੰਸੀਆਂ ਹਰਿਮੰਦਰ ਸਾਹਿਬ ਦੇ ਅੰਦਰ ਜਾਣਕਾਰੀ ਇਕੱਠੀ ਕਰਨ ਤੇ ਲਗੀਆਂ ਹੋਈਆਂ ਸਨ: ਸੀ. ਆਈ. ਡੀ., ਇਨਟੈਲੀਜੈਂਸ ਬਿਊਰੋਓ, ਆਰ. ਏ. ਡਬਲਯੂ. ਅਤੇ ਫੌਜੀ ਖੁਫੀਆ ਵਿਭਾਗ। ਇਸ ਤੋਂ ਬਿਨਾਂ ਪੰਜਾਬ ਪੁਲਸ, ਸੀ. ਆਰ. ਸੀ., ਬੀ. ਐਸ. ਐਫ. ਤੇ ਆਰ. ਐਸ. ਐਸ. ਦੀਆਂ ਆਪਣੀਆਂ ਵਖਰੀਆਂ ਏਜੰਸੀਆਂ ਵੀ ਕੰਮ ਕਰ ਰਹੀਆਂ ਸਨ। ਹੁਣ ਸੁਆਲ ਉਠਦਾ ਹੈ ਕਿ ਇਤਨੀ ਸਖਤ ਨਿਗਰਾਨੀ ਅਤੇ ਜਾਣਕਾਰੀ ਦੇ ਹੁੰਦਿਆਂ ਹੋਇਆਂ ਸਰਕਾਰ ਨੇ ਹਥਿਆਰ ਜਮਾ ਹੀ ਕਿਉਂ ਹੋਣ ਦਿਤੇ?

ਸਚਾਈ ਤਾਂ ਇਹ ਹੈ ਕਿ ਸਰਕਾਰ ਆਪ ਹੀ ਇਹ ਸਾਰੀ ਖੇਡ, ਖੇਡ ਰਹੀ ਸੀ। ਇੰਸਪੈਕਟਰ ਜਨਰਲ ਪੁਲੀਸ ਭਿੰਡਰ ਨੇ ਪਦਵੀ ਛੱਡਣ ਤੋਂ ਪਹਿਲਾਂ ਨੀਰਾਦ ਚੋਧਰੀ ਨੂੰ ਇੰਜ ਦਸਿਆ:

ਗੁਪਤ ਜਾਣਕਾਰੀ ਸੰਬੰਧਤ ਅਧਿਕਾਰੀਆਂ ਨੂੰ ਪਹੁੰਚਦੀ ਰਹੀ। ਗਲਤ ਫੈਸਲਾ ਰਾਜਸੀ ਪੱਧਰ

ਤੇ ਹੋਇਆ।

ਪੰਜਾਬ ਦੇ ਗ੍ਰਹਿ ਸਕੱਤਰ ਨੇ ਵੀ ਮੰਨਿਆ:

ਸਰਕਾਰ ਨੂੰ ਦਰਬਾਰ ਸਾਹਿਬ ਵਿਚਲੇ ਹਥਿਆਰਾਂ ਬਾਰੇ ਕਾਫੀ ਠੀਕ ਜਾਣਕਾਰੀ ਸੀ।

8 ਜੁਲਾਈ 1984 ਨੂੰ ਇਕ ਵੱਡੇ ਪੁਲਸ ਅਫਸਰ ਨੇ ਆਪਣੇ ਇਕ ਬਿਆਨ ਵਿਚ ਮੰਨਿਆ ਕਿ ਦਰਬਾਰ ਸਾਹਿਬ ਅੰਦਰ ਕਿਲਾਬੰਦੀ ਫਰਵਰੀ ਵਿਚ ਸ਼ੁਰੂ ਹੋਈ ਸੀ। ਜਨਰਲ ਅਰੋੜਾ ਨੇ ਵੀ ਇਹ ਗੱਲ ਕਹੀ ਕਿ ਫਰਵਰੀ ਦੇ ਮਹੀਨੇ ਵਿਚ ਹੀ ਬਚਾਓ ਲਈ ਅੰਦਰ ਮੋਰਚੇ ਬਣਾਏ ਗਏ ਸਨ। ਫਿਰ ਉਹੀ ਸੁਆਲ ਉਠਦਾ ਹੈ ਕਿ ਸਰਕਾਰ ਨੇ ਇਤਨੀ ਜਾਣਕਾਰੀ ਹੁੰਦਿਆਂ ਹੋਇਆਂ ਵੀ ਕਿਉਂ ਕੋਈ ਕਦਮ ਨਹੀਂ ਚੁੱਕਿਆ? ਜੇ ਸੰਤ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਸਾਥੀ ਅੱਤਵਾਦੀ ਸਨ ਤਾਂ ਸਰਕਾਰ ਨੇ ਉਹਨਾ ਨੂੰ ਅਤੇ ਉਹਨਾਂ ਦੇ ਸਾਥੀਆਂ ਨੂੰ ਰਾਈਫਲਾਂ ਦੇ ਲਾਈਸੈਂਸ ਕਿਉਂ ਦਿੱਤੇ ਹੋਏ ਸਨ? ਸੰਤਾਂ ਦਾ ਸਣੇ ਜਥੇ ਦੇ ਹਥਿਆਰਾਂ ਨਾਲ ਬਿਨਾਂ ਕਿਸੇ ਰੋਕ ਟੋਕ ਦੇ ਦਿੱਲੀ ਤੇ ਬੰਬਈ ਤੱਕ ਘੁੰਮਦੇ ਫਿਰਨਾ ਹੀ ਸਿਧ ਕਰਦਾ ਹੈ ਕਿ ਉਹ ਉਚ ਆਚਰਨ ਦੇ ਮਾਲਕ ਸਨ।

25 ਸਤੰਬਰ 1981 ਨੂੰ ਸਿਖਾਂ ਦੇ ਡੇਢ ਲੱਖ ਦੇ ਇਕੱਠ ਵਿਚੋਂ ਸੰਤਾਂ ਨੂੰ ਦਫਾ 302/307 ਅਧੀਨ ਗ੍ਰਿਫਤਾਰ ਕੀਤਾ ਗਿਆ ਸੀ। ਚੀਫ ਜੁਡੀਸ਼ਲ ਮੈਜਿਸਟਰੇਟ ਨੇ ਨਿਰਦੋਸ਼ ਕਰਾਰ ਦੇ ਕੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ। ਇਸੇ ਤਰ੍ਹਾਂ ਭਾਈ ਅਮਰੀਕ ਸਿੰਘ ਨੂੰ ਵੀ ਦਫਾ 302 ਅਧੀਨ ਗ੍ਰਿਫਤਾਰ ਕਰਕੇ ਮਗਰੋਂ ਅਦਾਲਤ ਨੇ ਨਿਰਦੋਸ਼ ਕਰਾਰ ਦੇਕੇ ਬਰੀ ਕਰ ਦਿੱਤਾ ਸੀ।

ਜਿਥੋਂ ਤੱਕ ਹਿੰਦੂਆਂ ਦੇ ਕਤਲ ਦਾ ਸੰਬੰਧ ਹੈ ਸਰਕਾਰ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਕਿ ਇਹ ਉਸਦੀ ਆਪਣੀ ਹੀ ਰਚਾਈ ਹੋਈ ਖੇਡ ਸੀ ਜਿਸ ਨੂੰ ਉਸਦੀਆਂ ਆਪਣੀਆਂ ਹੀ ਗੁਪਤ ਏਜੰਸੀਆਂ ਸਿਰੇ ਚੜ੍ਹਾ ਰਹੀਆਂ ਸਨ।

3. ਸਰਕਾਰ ਦੇ ਵਾਈਟ ਪੇਪਰ ਅਨੁਸਾਰ ਦਰਬਾਰ ਸਾਹਿਬ ਅੰਦਰ 40 ਕੁ ਅੱਤਵਾਦੀ ਛੁਪੇ ਹੋਏ ਸਨ ਜਿਨ੍ਹਾਂ ਨੂੰ ਪਕੜਨ ਲਈ ਛੇ ਡਵੀਜਨ ਫੌਜ ਨੇ ਟੈਂਕਾਂ ਨਾਲ ਹਮਲਾ ਕੀਤਾ। ਇਥੇ ਸੁਆਲ ਉਠਦਾ ਹੈ ਕਿ ਚਾਲੀ ਅੱਤਵਾਦੀਆਂ ਨੂੰ ਪਕੜਨ ਲਈ ਏਨੀ ਵੱਡੀ ਫੌਜ ਭੇਜਣ ਤੋਂ ਬਗੈਰ ਸਰਕਾਰ ਕੋਲ ਹੋਰ ਕੋਈ ਰਾਹ ਬਾਕੀ ਨਹੀਂ ਸੀ ਰਹਿ ਗਿਆ?

ਇਸ ਤੋਂ ਪਹਿਲਾਂ ਕਈ ਵਾਰੀ, ਸਰਕਾਰੀ ਅਧਿਕਾਰੀ ਸਫੇਦ ਕਪੜਿਆਂ ਵਿਚ ਅੰਦਰ ਜਾ ਕੇ ਦੋਸ਼ੀਆਂ ਨੂੰ ਪਕੜ ਕੇ ਬਾਹਰ ਲੈ ਆਉਂਦੇ ਰਹੇ ਹਨ। ਇਸ ਵਾਰ ਇਹ ਤਰੀਕਾ ਕਿਉਂ ਨਹੀਂ ਅਪਣਾਇਆ ਗਿਆ? ਕੀ ਸੰਤ ਭਿੰਡਰਾਂ ਵਾਲੇ ਜਾਂ ਉਨ੍ਹਾਂ ਦੇ ਸਾਥੀ ਕਤਲਾਂ ਦੇ ਦੋਸ਼ੀ ਸਨ? ਜੇ ਉਹ ਦੋਸ਼ੀ ਸਨ ਤਾਂ ਪੁਲਸ ਨੇ ਉਨ੍ਹਾਂ ਵਿਰੁੱਧ ਗ੍ਰਿਫਤਾਰੀ ਦੇ ਵਾਰੰਟ ਕਿਉਂ ਨਹੀਂ ਜਾਰੀ ਕੀਤੇ ਸਨ?

ਸੰਤਾਂ ਚੌਕ ਮਹਿਤਾ ਦੇ ਦੋ ਲੱਖ ਸਿੱਖਾਂ ਦੇ ਇਕੱਠ ਵਿਚ ਮੰਗ ਹੋਣ ਤੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਹਾਜ਼ਰ ਕਰ ਦਿੱਤਾ ਸੀ। ਜੇ ਸਰਕਾਰ ਨੂੰ ਸ਼ੱਕ ਸੀ ਤਾਂ ਸੰਤ ਭਿੰਡਰਾਂ ਵਾਲੇ ਜਾਂ ਉਨ੍ਹਾਂ ਦੇ ਕਿਸੇ ਸਾਥੀ ਦੀ ਪੁਲਸ ਨੇ ਕੋਈ ਤਲਬੀ ਕਿਉਂ ਨਹੀਂ ਸੀ ਕੀਤੀ? ਉਨ੍ਹਾਂ ਨੂੰ ਸੰਨ 1984 ਚਿ ਗ੍ਰਿਫਤਾਰੀ ਦੇਣ ਲਈ ਕਿਉਂ ਨਹੀਂ ਸੀ ਕਿਹਾ ਗਿਆ? ਇਸ ਤੋਂ ਤਾਂ ਆਪਣੇ ਆਪ ਹੀ ਸਿੱਧ ਹੋ ਜਾਂਦਾ ਹੈ ਕਿ ਉਨ੍ਹਾਂ ਵਿਰੁੱਧ ਕੋਈ ਦੋਸ਼ ਨਹੀਂ ਸੀ।

ਕੀ ਦਰਬਾਰ ਸਾਹਿਬ ਕੰਪਲੈਕਸ ਦਾ ਰਸਦ-ਪਾਣੀ ਬੰਦ ਕਰਕੇ ਜਾਂ ਪਾਣੀ ਤੇ ਬਿਜਲੀ ਬੰਦ ਕਰਕੇ ਨਾਕਾਬੰਦੀ ਰਾਹੀਂ ਬਾਹਰ ਆਉਣ ਤੇ ਮਜਬੂਰ ਨਹੀਂ ਸੀ ਕੀਤਾ ਜਾ ਸਕਦਾ?

ਸਰਕਾਰ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਸੀ ਕਿ 40 ਕਥਿਤ ਅੱਤਵਾਦੀਆਂ ਕੋਲ ਸਾਧਾਰਨ ਰਾਈਫਲਾਂ ਤੋਂ ਵਧ ਕੁਝ ਨਹੀਂ ਸੀ ਫਿਰ ਇਸਨੂੰ ਟੈਂਕਾਂ ਨਾਲ ਲੈਸ ਹੋਈ ਛੇ ਡਵੀਜਨ ਫੌਜ ਦੀ ਲੋੜ ਕਿਉਂ ਪਈ?

40 ਕਥਿਤ ਅੱਤਵਾਦੀ ਤਾਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਅੰਦਰ ਛੁਪੇ ਹੋਏ ਸਨ ਫਿਰ ਸਿੱਖਾਂ ਦੇ 42 ਹੋਰ ਇਤਿਹਾਸਕ ਗੁਰਦਵਾਰਿਆਂ ਤੇ ਵਹਿਸ਼ੀਆਨਾਂ ਹਮਲਾ ਕਿਉਂ ਕੀਤਾ ਗਿਆ ਸੀ?

ਪੰਜਾਬ ਦੇ ਪਿੰਡਾਂ ਵਿਚ ਤਾਂ ਪਹਿਲਾਂ ਤੋਂ ਹੀ ਸੀ. ਆਰ. ਪੀ. ਅਤੇ ਬੀ. ਐਸ. ਐਫ. ਤਾਇਨਾਤ ਸਨ ਫਿਰ ਮਿਲਟਰੀ ਨੂੰ ਪੰਜਾਬ ਦੇ ਹਰ ਪਿੰਡ ਵਿਚ ਕਿਉਂ ਭੇਜਿਆ ਗਿਆ ਸੀ?

ਸ਼ਹੀਦੀ ਗੁਰਪੁਰਬ ਵਾਲੇ ਦਿਨ ਸਿੱਖ ਸੰਗਤਾਂ ਗੁਰਦਵਾਰਿਆਂ ਵਿਚ ਖਚਾਖਚ ਭਰੀਆਂ ਹੁੰਦੀਆਂ ਹਨ। ਸ਼ਹੀਦੀ ਗੁਰਪੁਰਬ ਵਾਲੇ ਦਿਹਾੜੇ ਵਹਿਸ਼ੀਆਨਾ ਹਮਲਾ ਕਰਨ ਤੋਂ ਕੀ ਭਾਵ ਨਿਕਲ ਸਕਦਾ ਹੈ?

ਉਪਰਲੀ ਸਾਰੀ ਪ੍ਰਸ਼ਨਾਵਲੀ ਦਾ ਇਕੋ ਇਕ ਹੀ ਜਵਾਬ ਹੈ ਅਤੇ ਉਹ ਹੈ ਸਿਖ ਕੌਮ ਦੀ ਨਸਲਕੁਸ਼ੀ ਦਾ ਪ੍ਰਪੱਕ ਫੈਸਲਾ ਜਿਸ ਦਾ ਜ਼ਿਕਰ ਪਿਛੇ ਕੀਤਾ ਜਾ ਚੁੱਕਾ ਹੈ।

ਬਿਨਾ ਦੋਸ਼ ਸਾਬਤ ਕੀਤੇ ਦੇ ਅਤੇ ਬਿਨਾਂ ਵਾਰੰਟ ਜਾਰੀ ਕੀਤੇ ਦੇ ਕਥਿਤ ਅੱਤਵਾਦੀਆਂ ਦੇ ਨਾਂ ਨਾਲ ਪੰਜ ਜਾਂ ਦਸ ਹਿਦੂਆਂ ਦੇ ਕਤਲ (ਜਿਹੜੇ ਸਮੇ ਦੀ ਹਿਦੂ ਸਰਕਾਰ ਦੀਆਂ ਸਰਕਾਰੀ ਏਜੰਸੀਆਂ ਨੇ ਕਰਵਾਏ ਸਨ) ਮੜ੍ਹਕੇ ਉਨ੍ਹਾਂ ਨੂੰ ਮੁਜਰਮ ਗਰਦਾਨਿਆ ਗਿਆ। ਜਿਹੜੇ ਸਰਕਾਰੀ ਅਫਸਰਾਂ ਨੇ ਹਜ਼ਾਰਾਂ ਨਿਰਦੋਸ਼ ਇਸਤਰੀਆਂ, ਬੱਚਿਆਂ, ਬਜ਼ੁਰਗਾਂ ਅਤੇ ਜਵਾਨਾਂ ਦਾ ਕਤਲਾਮ ਕੀਤਾ ਤੇ ਕਰਵਾਇਆ ਅਤੇ ਜਿਨ੍ਹਾਂ ਦੇ ਕਾਤਲ ਹੋਣ ਬਾਰੇ ਕੋਈ ਸ਼ੱਕ ਵੀ ਨਹੀਂ ਹੈ ਉਨ੍ਹਾਂ ਨੂੰ ਫਾਂਸੀ ਦੇ ਤਖਤੇ ਤੇ ਕਿਉਂ ਨਹੀਂ ਲਟਕਾਇਆ ਗਿਆ?

ਜਿਨ੍ਹਾਂ ਮੁਜਰਮਾਂ ਨੇ ਸਿਖਾਂ ਦੇ ਚਾਰ ਸੌ ਸਾਲ ਪੁਰਾਣੇ ਇਤਿਹਾਸਕ ਵਿਰਸੇ ਨੂੰ ਸਾੜ ਕੇ ਸੁਆਹ ਕਰ ਦਿਤਾ, ਸਾਡੇ ਗੁਰੂਆਂ ਦੇ ਪੱਵਿਤਰ ਹੁਕਮਨਾਮੇ ਅਤੇ ਸ਼ਸਤਰ ਤਬਾਹ ਕਰਕੇ ਰੱਖ ਦਿੱਤੇ ਉਨ੍ਹਾਂ 'ਤੇ ਐਕਸ਼ਨ ਕਿਉਂ ਨਹੀਂ ਲਏ ਗਏ?

ਪਾਣੀਪਤ ਤੇ ਕਰਨਾਲ ਅੰਦਰ ਗੁਰਦਵਾਰੇ ਸਾੜਨ ਵਾਲੇ, ਗੁਰੂ ਗਰੰਥ ਸਾਹਿਬ ਦੇ ਸਰੂਪ ਸਾੜਨ ਵਾਲੇ, ਰਾਹ ਜਾਂਦੇ ਸਿੱਖਾਂ ਦੀ ਦਾੜ੍ਹੀ ਤੇ ਕੇਸ ਕਤਲ ਕਰ ਦੇਣ ਵਾਲੇ ਗੁੰਡਿਆਂ ਨੂੰ ਸਜ਼ਾਵਾਂ ਕਿਉਂ ਨਹੀਂ ਦਿਤੀਆਂ ਗਈਆਂ?

ਸਚਾਈ ਤਾਂ ਇਹ ਹੈ ਕਿ ਇਸ ਕਾਤਲ ਸਰਕਾਰ ਦੀਆਂ ਸ਼ਰਮਨਾਕ ਕਾਲੀਆਂ ਕਰਤੂਤਾਂ ਸਾਹਮਣੇ ਇਹਨਾਂ ਵੱਲੋਂ ਵਿਧਾਨ ਦੀ ਵਫਾਦਾਰੀ ਦੀਆਂ ਖਾਧੀਆਂ ਕਸਮਾਂ ਨੂੰ ਵੀ ਸ਼ਰਮ ਆ ਗਈ ਹੈ ਪਰ ਇਹ ਬੇਸ਼ਰਮ ਅਜੇ ਵੀ ਉਸ ਵਿਧਾਨ ਦੇ ਗੀਤ ਗਾਈ ਜਾ ਰਹੇ ਹਨ ਜਿਸਦਾ ਜਨਾਜ਼ਾ ਕਦੋਂ ਦਾ ਨਿਕਲ ਚੁੱਕਾ ਹੋਇਆ ਹੈ।

ਆਪਣੀ ਘਟਗਿਣਤੀ ਦੇ ਲੋਕਾਂ ਦਾ ਹੀ ਕਤਲਾਮ ਕਰਨ ਵਾਲਿਆਂ ਦੀਆਂ ਹੇਠ ਲਿਖੀਆਂ ਕਸਮਾਂ ਖਾਣ ਦਾ ਹੋਰ ਕੋਈ ਅਰਥ ਬਾਕੀ ਰਹਿ ਹੀ ਨਹੀਂ ਜਾਂਦਾ:

> Article 14 The State shall not deny to any person equality before the law or the equal protection of the laws within the territory of India.

I swear in the name of God that I will do right to all manner of people in accordance with Constitution and Law withont fear or favour, affection or ill will.

ਰਾਸ਼ਟਰ ਹਿਦੁਸਤਾਨ ਦੇ ਇਲਾਕੇ ਵਿਚ ਕਿਸੇ ਪ੍ਰਾਣੀ ਨੂੰ ਕਾਨੂਨ ਦੇ ਖੇਤਰ ਵਿਚ ਬਰਾਬਰਤਾ ਜਾਂ ਬਰਾਬਰ ਕਾਨੂੰਨੀ ਸੁਰਖਸ਼ਾ ਤੋਂ ਵਾਂਝਿਆਂ ਨਹੀਂ ਰਖੇਗਾ।

ਮੈਂ ਰੱਬ ਦੇ ਨਾਂ ਤੇ ਸੁਗੰਦ ਖਾਂਦਾ ਹਾਂ ਕਿ ਮੈਂ ਸਭ ਤਰ੍ਹਾਂ ਦੇ ਲੋਕਾਂ ਨਾਲ ਵਿਧਾਨ ਅਤੇ ਕਾਨੂਨ ਅਨੁਸਾਰ ਬਿਨਾਂ ਡਰ, ਲਿਹਾਜ਼, ਹੇਜ ਜਾਂ ਕਦੂਰਤ ਦੇ ਠੀਕ ਤਰ੍ਹਾਂ ਵਰਤਾਂਗਾ।

ਭਾਰਤੀ ਵਿਧਾਨ ਅਨੁਸਾਰ ਮੁੱਖ ਮੰਤਰੀ, ਮੰਤਰੀ ਜਾਂ ਵਿਧਾਇਕ ਬਣਨ ਤੋਂ ਪਹਿਲਾਂ ਇਹ ਸੌਂਹ ਚੁੱਕਣੀ ਪੈਂਦੀ ਹੈ ਕਿ ਉਹ ਕਾਨੂਨ ਤੇ ਨਿਆਂ ਦੇ ਵਿਰੁਧ ਕਿਸੇ ਭਾਰਤੀ ਨਾਲ ਧੱਕਾ ਤੇ ਬੇਇਨਸਾਫ਼ੀ ਨਹੀਂ ਕਰਨਗੇ।

ਜਿਨ੍ਹਾਂ ਫੌਜੀਆਂ ਨੇ ਨਿਰਦੋਸ਼ ਯਾਤਰੂ ਬੱਚਿਆਂ, ਇਸਤਰੀਆਂ, ਬਜ਼ੁਰਗਾਂ ਅਤੇ ਜਵਾਨਾਂ ਦੇ ਹੱਥ ਪਿੱਛੇ ਬੰਨ੍ਹ ਕੇ ਉਨ੍ਹਾਂ ਨੂੰ ਗੋਲੀਆਂ ਨਾਲ ਸ਼ਹੀਦ ਕੀਤਾ, ਸਾਰੇ ਕੰਪਲੈਕਸ ਵਿਚ ਲੁੱਟਮਾਰ ਕੀਤੀ, ਇਸਤਰੀਆਂ ਨੂੰ ਗੋਲੀ ਨਾਲ ਭੁੰਨਿਆ ਉਨ੍ਹਾਂ ਫੌਜੀਆਂ ਨੂੰ ਸਜ਼ਾਵਾਂ ਦੇਣ ਦੀ ਥਾਂ ਵਿਸ਼ੇਸ਼ ਸਤਕਾਰ ਦਿੱਤੇ ਗਏ।

ਹਮਲੇ ਵਿਚ ਮਾਰੇ ਗਏ ਫੌਜੀਆਂ ਦੇ ਵਾਰਸਾਂ ਨੂੰ ਇਕ ਲੱਖ ਰੁਪੈ ਪ੍ਰਤੀ ਫੌਜੀ ਦਿੱਤਾ ਗਿਆ। ਇਸ ਤਰ੍ਹਾਂ ਤਾਂ ਚੀਨ ਤੇ ਪਾਕਿਸਤਾਨ ਦੀਆਂ ਲੜਾਈਆਂ ਵੇਲੇ ਵੀ ਨਹੀਂ ਸੀ ਕੀਤਾ ਗਿਆ। ਇਸਦਾ ਮਤਲਬ ਤਾਂ ਇਹ ਹੋਇਆ ਕਿ ਨਿਰਦੋਸ਼ ਤੇ ਨਿਹੱਥੇ ਸਿੱਖਾਂ ਨੂੰ ਮਾਰਨ ਵਾਲੇ ਫੌਜੀਆਂ ਨੇ ਚੀਨ ਤੇ ਪਾਕਿਸਤਾਨੀ ਦੁਸ਼ਮਨਾਂ ਨੂੰ ਮਾਰਨ ਵਾਲੇ ਫੌਜੀਆਂ ਨਾਲੋਂ ਵੱਧ ਬਹਾਦਰੀ ਵਿਖਾਈ ਹੈ ਜਿਸ ਕਰਕੇ ਉਹ ਵਿਸ਼ੇਸ਼ ਇਨਾਮ ਦੇ ਹੱਕਦਾਰ ਬਣੇ। ਇਸ ਸਾਰੀ ਗੱਲ ਤੋਂ ਤਾਂ ਇਹ ਸਿੱਧ ਹੁੰਦਾ ਹੈ ਕਿ ਸਰਕਾਰ ਦੀਆਂ ਨਜ਼ਰਾਂ ਵਿਚ ਸਿਖ ਪਾਕਿਸਤਾਨ ਤੇ ਚੀਨ ਤੋਂ ਵੀ ਵੱਡੇ ਦੁਸ਼ਮਣ ਹਨ।

ਸਿਖ ਕੌਮ ਦੀ ਇਤਨੀ ਵੱਡੀ ਪੱਧਰ ਦੀ ਕਤਲਾਮ, ਅਕਾਲ ਤਖਤ ਸਾਹਿਬ ਦੇ ਢਾਹੇ ਜਾਣ ਅਤੇ ਗਿਣੀ-ਮਿਥੀ ਸਕੀਮ ਅਨੁਸਾਰ ਹਰ ਪਾਸੇ ਸਿੱਖਾਂ ਤੇ ਕੀਤੇ ਗਏ ਭਿਆਨਕ ਜ਼ੁਲਮਾਂ ਦੇ ਵਿਰੁੱਧ ਸਿੱਖਾਂ ਅੰਦਰ ਬਦਲੇ ਦੀ ਭਾਵਨਾ ਜਾਗਣੀ ਕੁਦਰਤੀ ਸੀ ਅਤੇ ਇੰਦਰਾ ਸਰਕਾਰ ਇਸ ਮੌਕੇ ਦੀ ਉਡੀਕ ਵਿਚ ਸੀ ਜਿਸ ਲਈ ਉਸ ਨੇ ਸਾਰੇ ਦੇਸ਼ ਵਿਚ ਸਿੱਖਾਂ ਨੂੰ ਮਾਰ ਮੁਕਾਉਣ ਦੀ ਯੋਜਨਾ ਬਣਾ ਰੱਖੀ ਸੀ। ਇਸੇ ਸਕੀਮ ਨੂੰ ਰਾਜੀਵ ਨੇ ਇੰਦਰਾ ਦੇ ਕਤਲ ਸਮੇਂ ਵਰਤਿਆ।

ਹਰਿਮੰਦਰ ਸਾਹਿਬ ਦੀ ਬੇਹੁਰਮਤੀ ਕਰਨ ਵਾਲਾ ਕੋਈ ਵੀ ਅਪਰਾਧੀ ਅੱਜ ਤੱਕ ਆਪਣੇ ਕੀਤੇ ਦੀ ਸਜ਼ਾ ਭੁਗਤਣੋਂ ਨਹੀਂ ਬਚ ਸਕਿਆ। ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਾ ਦੇਣ ਵਾਲੀ, ਪੰਚੀ ਸੌ ਗੁਰੂ ਗਰੰਥ ਸਾਹਿਬ ਦੇ ਸਰੂਪਾਂ ਨੂੰ ਸਾੜਕੇ ਸੁਆਹ ਕਰਾਣ ਵਾਲੀ, ਰਸਭਿੰਨੇ ਕੀਰਤਨ ਕਰ ਰਹੇ ਕੀਰਤਨੀਆਂ ਨੂੰ ਸਦਾ ਲਈ ਚੁੱਪ ਕਰਾ ਦੇਣ ਵਾਲੀ ਉਹ ਮੁਜਰਮ ਫ਼ੌਜ ਕਿਸਤਰ੍ਹਾਂ ਬਚ ਸਕਦੀ ਸੀ ਜਿਸ ਨੇ ਹਜ਼ਾਰਾਂ ਮਾਸੂਮ ਤੇ ਨਿਰਦੋਸ਼ ਯਾਤਰੂਆਂ ਦੇ ਖ਼ੂਨ ਨਾਲ ਹੱਥ ਰੰਗੇ ਸਨ।

ਪੰਜਾਬ ਤੋਂ ਬਾਹਰ ਦੇ ਸਿੱਖਾਂ ਨੂੰ ਮਾਰ ਮੁਕਾਉਣ ਦੀ ਸਕੀਮ ਤਾਂ ਸ੍ਰੀ ਦਰਬਾਰ ਸਾਹਿਬ ਤੇ ਵਹਿਸ਼ੀਆਨਾ ਹਮਲੇ ਵੇਲੇ ਹੀ ਤਿਆਰ ਕਰ ਲਈ ਹੋਈ ਸੀ ਜਿਸ ਅਨੁਸਾਰ ਹਰ ਸ਼ਹਿਰ ਦੀ ਵੋਟਰ-ਲਿਸਟ ਤੋਂ ਸਿੱਖਾਂ ਦੇ ਘਰਾਂ, ਦੁਕਾਨਾਂ, ਫੈਕਟਰੀਆਂ ਅਤੇ ਗੁਰਦਵਾਰਿਆਂ ਤੇ ਨਿਸ਼ਾਨੀਆਂ ਲਗਾਕੇ

ਰੱਖ ਲਈਆਂ ਗਈਆਂ ਸਨ। ਇਥੋਂ ਤਕ ਕਿ ਸਿਖਾਂ ਦੇ ਟਰੱਕਾਂ, ਕਾਰਾਂ, ਬੱਸਾਂ, ਕੋਚਾਂ, ਸਕੂਟਰਾਂ ਅਤੇ ਟੈਕਸੀਆਂ ਦੇ ਨੰਬਰ ਵੀ ਵਹੀਕਲ ਰਜਿਸਟਰੇਸ਼ਨ ਦਫਤਰਾਂ ਤੋਂ ਲੈਕੇ ਲਿਸਟਾਂ ਤਿਆਰ ਕਰ ਲਈਆਂ ਗਈਆਂ ਸਨ। ਦਿੱਲੀ ਵਿਚ ਤਾਂ ਵੋਟਰ-ਲਿਸਟਾਂ ਦੇ ਨਾਲ ਨਾਲ ਰਾਸ਼ਨ ਕਾਰਡਾਂ ਦੀ ਵਰਤੋਂ ਕਰਕੇ ਵੀ ਧਾੜਵੀਆਂ ਤੇ ਲੁਟੇਰਿਆਂ ਦੀ ਅਗਵਾਈ ਕੀਤੀ ਗਈ ਸੀ।

ਸ਼੍ਰੀ ਦਰਬਾਰ ਸਾਹਿਬ, 42 ਹੋਰ ਇਤਿਹਾਸਕ ਗੁਰਦਵਾਰਿਆਂ ਅਤੇ ਸਾਰੇ ਪੰਜਾਬ ਵਿਚ 15 ਤੋਂ 40 ਸਾਲ ਤੱਕ ਦੇ ਸਿਖਾਂ ਨੂੰ ਮਾਰਮੁਕਾਉਣ ਨਾਲ ਇਸ ਕਾਤਲ ਸਰਕਾਰ ਦੀ ਤਸੱਲੀ ਨਹੀਂ ਸੀ ਹੋਈ ਅਤੇ ਸਾਰੇ ਹਿੰਦੁਸਤਾਨ ਵਿਚ ਸਿਖਾਂ ਨੂੰ ਮਾਰ ਮੁਕਾਉਣ ਦਾ ਦੌਰ-ਦੌਰਾ ਸ਼ੁਰੂ ਕਰ ਦਿੱਤਾ ਗਿਆ।

ਪੰਜਾਬ ਵਿਚ ਢਾਹੇ ਜ਼ੁਲਮਾਂ ਵਿਰੁੱਧ, ਇੰਦਰਾ ਸਰਕਾਰ ਨੂੰ ਸਿੱਖਾਂ ਵੱਲੋਂ ਬਦਲੇ ਦੀ ਭਾਵਨਾ ਦੀ ਪੂਰੀ ਪੂਰੀ ਆਸ ਸੀ ਜਿਸ ਲਈ ਉਸਨੇ ਨਾ ਕੇਵਲ ਪੰਜਾਬ ਤੋਂ ਬਾਹਰ ਦੇ ਸਿਖਾਂ ਨੂੰ ਮਾਰ ਮੁਕਾਉਣ ਦੀ ਸਕੀਮ ਹੀ ਤਿਆਰ ਕੀਤੀ ਸਗੋਂ ਉਸ ਨੂੰ ਅਮਲ ਵਿਚ ਲਿਆਉਣ ਲਈ ਰਾਤ ਦਿਨ ਰੇਡੀਓ, ਟੈਲੀਵੀਯਨ ਤੇ ਅਖਬਾਰਾਂ ਰਾਹੀਂ ਸਿੱਖਾਂ ਵਿਰੁੱਧ ਜ਼ਹਿਰ ਉਗਲਕੇ ਸਿੱਖਾਂ ਦੇ ਕਤਲਾਮ ਦੀ ਜ਼ਮੀਨ ਵੀ ਤਿਆਰ ਕਰ ਰੱਖੀ ਸੀ। ਸਿੱਖਾਂ ਨੂੰ ਅੱਤਵਾਦੀ ਤੇ ਵੱਖਵਾਦੀ ਦੱਸ ਦੱਸ ਕੇ ਸਾਰੇ ਦੇਸ਼ ਵਿਚ ਹੀ ਨਹੀਂ ਸਗੋਂ ਬਾਹਰਲੇ ਦੇਸ਼ਾਂ ਵਿੱਚ ਵੀ ਦੋਸ਼ੀ ਸਾਬਤ ਕੀਤਾ ਗਿਆ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪ੍ਰੈੱਸ ਵਰਗੀਆਂ ਸੰਸਥਾਵਾਂ ਨੇ ਵੀ ਆਪਣੇ ਪੱਤਰਕਾਰੀ ਦੇ ਫਰਜ਼ਾਂ ਨੂੰ ਲਾਂਭੇ ਰੱਖਕੇ ਇਹ ਗੱਲ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ 'ਸਾਰੀ ਦੀ ਸਾਰੀ ਸਿਖ ਕੌਮ ਦੇਸ਼ ਦੀ ਅਖੰਡਤਾ ਭੰਗ ਕਰਕੇ ਦੇਸ਼ ਦੇ ਟੁਕੜੇ ਟੁਕੜੇ ਕਰਨ ਤੇ ਤੁਲੀ ਹੋਈ ਹੈ। ਫੌਜ ਨੇ ਦਰਬਾਰ ਸਾਹਿਬ ਤੇ ਹਮਲਾ ਕਰਕੇ ਦੇਸ਼ ਨੂੰ ਟੁਕੜੇ ਟੁਕੜੇ ਹੋਣ ਤੋਂ ਬਚਾਇਆ ਹੈ। ਇਹ ਸਭ ਕੁਝ ਸਿਖ ਕੌਮ ਨਾਲ ਹੋਣਾ ਹੀ ਸੀ ਅਤੇ ਇਹ ਉਨ੍ਹਾਂ ਦੀ ਆਪਣੀ ਹੀ ਗਲਤੀ ਦਾ ਫਲ ਹੈ।'

ਇਹ ਸਾਰੀਆਂ ਸਕੀਮਾਂ ਪਹਿਲਾਂ ਹੀ ਤਿਆਰ ਕੀਤੀਆਂ ਪਈਆਂ ਸਨ। ਜ਼ਮੀਨ ਪ੍ਰੈੱਸ ਨੇ ਤਿਆਰ ਕਰ ਦਿੱਤੀ। 31 ਅਕਤੂਬਰ ਵਾਲੇ ਦਿਨ ਇਸ ਸਕੀਮ ਨੂੰ ਅਮਲ ਵਿਚ ਲਿਆਂਦਾ ਗਿਆ। ਸਿੱਖਾਂ ਦੇ ਕਤਲਾਮ ਦੀ ਐਸੀ ਹਨੇਰੀ ਝੁੱਲੀ ਜਿਸ ਨਾਲ ਪੰਜਾਹ ਹਜ਼ਾਰ ਤੋਂ ਵੱਧ ਨਿਰਦੋਸ਼ ਸਿੱਖਾਂ ਦਾ ਖੂਨ ਵਹਾ ਕੇ ਇੰਦਰਾ ਦੀ ਆਤਮਾ ਨੂੰ ਸ਼ਾਂਤੀ ਪਹੁੰਚਾਈ ਗਈ।

ਇੰਦਰਾ ਦੇ ਕਤਲ ਸਮੇਂ ਰਾਜੀਵ ਕਲਕੱਤੇ ਵਿਚ ਸੀ। ਦਿੱਲੀ ਆਉਂਦਿਆਂ ਹੀ ਉਸਨੇ ਕੁਝ ਭਰੋਸੇ ਯੋਗ-ਲੀਡਰਾਂ ਤੇ ਵਜ਼ੀਰਾਂ ਨਾਲ ਗੁਪਤ ਮੀਟਿੰਗ ਕਰਕੇ ਆਪਣੇ ਵਡੇਰਿਆਂ ਵਲੋਂ ਬਣਾਈ ਗਈ ਸਿਖ-ਮਾਰੂ ਨੀਤੀ ਤੇ ਸਖਤੀ ਨਾਲ ਅਮਲ ਕਰਨ ਲਈ ਦੇਸ਼ ਭਰ ਵਿੱਚ ਅਤੇ ਖਾਸ ਕਰਕੇ ਦਿੱਲੀ ਵਿਚ ਸਿਖਾਂ ਦੇ ਕਤਲਾਮ ਦੀ ਸਕੀਮ ਤਿਆਰ ਕੀਤੀ ਅਤੇ ਇੰਦਰਾ ਦੇ ਸਸਕਾਰ ਸਮੇ ਦਿੱਲੀ ਆਏ ਮੁੱਖ ਮੰਤਰੀਆਂ ਨੂੰ ਆਪਣੇ ਪ੍ਰਾਂਤਾਂ ਵਿਚ ਵਾਪਸ ਜਾ ਕੇ ਸਿੱਖਾਂ ਦਾ ਕਤਲਾਮ ਕਰਨ ਦੇ ਆਦੇਸ਼ ਦਿੱਤੇ। ਫਿਰ ਕੀ ਸੀ? 31 ਅਕਤੂਬਰ ਤੋਂ 10 ਨਵੰਬਰ ਤਕ ਭਾਰਤ ਦੀ ਹਿੰਦੂ ਸਰਕਾਰ ਦੇ ਹੁਕਮ ਅਨੁਸਾਰ ਸਾਰੇ ਦੇਸ਼ ਵਿਚ ਪੰਜਾਹ ਹਜ਼ਾਰ ਤੋਂ ਵਧ ਨਿਰਦੋਸ਼ ਸਿਖਾਂ ਨੂੰ ਕਤਲ ਕਰ ਦਿੱਤਾ ਅਤੇ ਉਨ੍ਹਾਂ ਦੀਆਂ ਅਰਬਾਂ ਰੁਪਏ ਦੀਆਂ ਜਾਇਦਾਦਾਂ ਸਾੜ ਫੂਕ ਕੇ ਸੁਆਹ ਕਰ ਦਿੱਤੀਆਂ ਤਾਂ ਜੋ ਇੰਦਰਾ ਦੀ ਆਖਰੀ ਖਾਹਸ਼ ਪੂਰੀ ਕੀਤੀ ਜਾ ਸਕੇ।

ਸਾਰੇ ਦੇਸ਼ ਦੀ ਵਾਗਡੋਰ ਕਾਤਲਾਂ, ਬਦਮਾਸ਼ਾਂ, ਲੁਟੇਰਿਆਂ ਅਤੇ ਧਾੜਵੀਆਂ ਦੇ ਹਵਾਲੇ ਕਰ ਦਿੱਤੀ ਗਈ ਤਾਂ ਜੋ ਸਿਖਾਂ ਨੂੰ ਮਾਰ ਮੁਕਾਉਣ ਦੀ ਸਕੀਮ ਨੂੰ ਸਿਰੇ ਚਾੜ੍ਹਨ ਵਿਚ ਕਿਸੇ ਕਿਸਮ ਦਾ ਕੋਈ ਵਿਘਨ ਨਾ ਪੈ ਸਕੇ।

ਦਿੱਲੀ ਵਿਚ ਹੋਏ ਕਤਲਾਮ ਸੰਬੰਧੀ ਦੋ ਨਿਰਪੱਖ ਸੰਸਥਾਵਾਂ 'ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼' (P.U.C.L.) ਅਤੇ ਪੀਪਲਜ਼ ਯੂਨੀਅਨ ਫ਼ਾਰ ਡੈਮੋਕਰੈਟਿਕ ਰਾਈਟਸ (P.U.D.R.) ਨੇ ਲੂੰ-ਕੰਡੇ ਖੜੇ ਕਰ ਦੇਣ ਵਾਲੀ 54 ਸਫ਼ੇ ਦੀ ਰੀਪੋਰਟ ਲਿਖੀ। ਇਨ੍ਹਾਂ ਸੰਸਥਾਵਾਂ ਵਿਚ ਰੀਟਾਇਰਡ ਜੱਜ, ਵਕੀਲ ਅਤੇ ਸ਼ਹਿਰ ਦੇ ਪਤਵੰਤੇ ਲੋਕ ਹਨ। ਇਨ੍ਹਾਂ ਲੋਕਾਂ ਚੰਗੀ ਤਰ੍ਹਾਂ ਘੁੰਮ ਫਿਰਕੇ ਤੇ ਮੌਕੇ ਤੇ ਪਹੁੰਚ ਕੇ ਸਾੜਫੂਕ ਹੋਈਆਂ ਬਸਤੀਆਂ ਵਿਚ ਜਾ ਕੇ ਸਭ ਕੁਝ ਅਖੀਂ ਵੇਖਿਆ ਅਤੇ ਕੈਂਪਾਂ ਵਿਚ ਜਾ ਕੇ ਪੀੜਤ ਲੋਕਾਂ, ਵਿਧਵਾ ਹੋਈਆਂ ਇਸਤਰੀਆਂ ਅਤੇ ਯਤੀਮ ਹੋਏ ਬੱਚਿਆਂ ਨੂੰ ਮਿਲੇ। ਉਨ੍ਹਾਂ ਦੀਆਂ ਦਰਦ ਭਰੀਆਂ ਕਹਾਣੀਆਂ ਆਪਣੀ ਕੰਨੀ ਸੁਣੀਆਂ। ਪੁਲੀਸ ਤੇ ਫੌਜੀ ਅਧਿਕਾਰੀਆਂ ਨੂੰ ਮਿਲੇ, ਸਿਆਸੀ ਆਗੂਆਂ ਨੂੰ ਮਿਲੇ, ਅਖਬਾਰਾਂ ਦੇ ਨੁਮਾਇੰਦਿਆਂ ਨੂੰ ਮਿਲੇ ਅਤੇ ਅਖਬਾਰਾਂ ਵਿਚ ਛਪੀਆਂ ਰੀਪੋਰਟਾਂ ਨੂੰ ਪੜ੍ਹਿਆ। ਇਹ ਸਭ ਕੁਝ ਕਰਨ ਮਗਰੋਂ ਉਨ੍ਹਾਂ ਨੇ ਆਪਣੀਆਂ ਨਿਰਪੱਖ ਤੇ ਸੁਤੰਤਰ ਖੋਜਾਂ ਦੇ ਆਧਾਰ ਤੇ ਜੋ ਸਰਬ ਸੰਮਤੀ ਨਾਲ ਸਿੱਟੇ ਕੱਢੇ ਉਨ੍ਹਾਂ ਵਿੱਚੋਂ ਹੇਠ ਲਿਖੇ ਕੁਝ ਪਹਿਰੇ ਧਿਆਨ ਨਾ ਪੜ੍ਹਨਯੋਗ ਹਨ:

> The attack on members of Sikh Community were the outcome of well-organised plan marked by acts of both commission and ommission by important politicions of the Congress (I) at the top and by the authorities in the administration. The attacks on Sikhs followed a common pattern in all colonies and were masterminded by some poweful organised groups.
>
> ....
>
> There were also a pattern discernable in the choice of victims as they largely belonged to the age-group 20 to 50.
>
> ....
>
> The happanings in Trilokpuri (Delhi) between Oct. 31 and Nov. 2 were a gruesome picture of the intensity of butchery. Within 48 hours at least 400 Sikhs mainly young men were burnt alive with the connivance of local police machinery and active participation of an organised group of miscreants led by Congress (I) Councillor Ashok Kumar.
>
> ....
>
> It was a continuous spree of arson, rape and murders. Women of fourteen to fifty were gang raped.

ਸਿੱਖਾਂ ਉਪਰ ਵਾਰ ਸੋਚੀ ਸਮਝੀ ਸਕੀਮ ਅਨੁਸਾਰ ਹਮਲੇ ਕੀਤੇ ਗਏ ਜਿਸਦੀ ਅਗਵਾਈ ਇੰਦਰਾ ਕਾਂਗਰਸ ਦੇ ਮੁਖੀ ਅਤੇ ਸਰਕਾਰ ਦੇ ਮੁਖ ਕਰਮਚਾਰੀ ਕਰ ਰਹੇ ਸਨ। ਸਾਰੀਆਂ ਕਾਲੋਨੀਆਂ ਵਿਚ ਇਕੋ ਜੇਹੇ ਢੰਗ ਨਾਲ ਇਕੋ ਭਾਂਤ ਦੇ ਵਾਰ ਕੀਤੇ ਗਏ ਜੋ ਕਿਸੇ ਮਜ਼ਬੂਤ ਜਥੇਬੰਦ ਧੜੇ ਦੀ ਦਿਮਾਗੀ ਕਾਢ ਸੀ। ਇਸ ਵਿਉਂਤ ਅਨੁਸਾਰ ਮਾਰੇ ਜਾਣ ਵਾਲਿਆਂ ਦੀ ਚੋਣ ਵੀ ਸਭ ਪਾਸੇ ਇਕੋ ਜੇਹੀ ਸੀ ਜਿਹੜੀ 20 ਤੋਂ 50 ਸਾਲ ਤੱਕ ਦੀ ਉਮਰ ਦੇ ਸਿਖ ਸਨ।

31 ਅਕਤੂਬਰ ਤੋਂ 2 ਨਵੰਬਰ ਤੱਕ ਤ੍ਰਿਲੋਕਪੁਰੀ (ਦਿੱਲੀ) ਵਿਚ ਵਾਪਰੀਆਂ ਘਟਨਾਵਾਂ, ਸਿਖਰ ਦੇ ਕਸਾਈਪੁਣੇ ਦੀਆਂ ਭਿਆਨਕ ਤਸਵੀਰਾਂ ਸਨ। 48 ਘੰਟਿਆਂ ਵਿਚ 400 ਸਿੱਖਾਂ ਜਿਨ੍ਹਾਂ ਵਿਚ ਵਧੇਰੇ ਨੌਜਵਾਨ ਸਿਖ ਸਨ, ਪੁਲਸ ਦੀਆਂ ਅੱਖਾਂ ਸਾਹਮਣੇ, ਇੰਦਰਾ ਕਾਂਗਰਸ ਦੇ ਕੌਂਸਲਰ ਅਸ਼ੋਕ ਕੁਮਾਰ ਦੀ ਅਗਵਾਈ ਵਿਚ ਬਦਮਾਸ਼ਾਂ ਦੀ ਜਥੇਬੰਦ ਧਾੜ ਨੇ ਜੀਉਂਦੇ ਸਾੜਕੇ ਸੁਆਹ ਕਰ ਦਿੱਤੇ।

ਇਹ ਸਾੜਫੂਕ, ਬਲਾਤਕਾਰੀ ਅਤੇ ਕਤਲਾਮ ਦਾ ਲਗਾਤਾਰ ਚਲਦਾ ਦੌਰ ਸੀ। 14 ਤੋਂ 50 ਸਾਲ ਦੀਆਂ ਇਸਤਰੀਆਂ ਨਾਲ ਬਦਮਾਸ਼ਾਂ ਨੇ ਸਮੂਹਕ ਬਲਾਤਕਾਰ ਕੀਤਾ।

ਇਸ ਵਿਚ ਰਤਾ ਜਿੰਨਾ ਸ਼ੱਕ ਨਹੀਂ ਕਿ ਇਹ ਕਤਲਾਮ 'ਸਿਖਮਾਰੂ' ਨੀਤੀ ਦੀ ਕੜੀ ਅਧੀਨ ਸਿਖ ਕੌਮ ਦੀ ਨਸਲਕੁਸ਼ੀ ਦਾ ਹਿਸਾ ਸੀ। 20-40 ਸਾਲ ਤਕ ਦੀ ਉਮਰ ਦੇ ਸਿੱਖਾਂ ਨੂੰ ਘਰਾਂ ਵਿਚੋਂ ਘਸੀਟ ਕੇ ਬਾਹਰ ਸੜਕਾਂ ਤੇ ਲਿਆਕੇ, ਲੋਹੇ ਦੇ ਰਾਡਾਂ ਨਾਲ ਸਿਰ ਭੰਨ ਕੇ ਅਧਮੋਏ ਕਰ ਦੇਣ ਮਗਰੋਂ ਤੇਲ ਛਿੜਕ ਕੇ ਅੱਗ ਲਾ ਕੇ ਜੀਉਂਦਿਆਂ ਨੂੰ ਸਾੜ ਦਿੱਤਾ ਗਿਆ ਸੀ। ਸਿੱਖਾਂ ਨੂੰ ਲੱਭਣ ਲਈ ਹਿੰਦੂ ਗਵਾਂਢੀਆਂ ਦੀਆਂ ਤਲਾਸ਼ੀਆਂ ਲਈਆਂ ਗਈਆਂ। ਟੈਕਸੀਆਂ ਵਿਚ ਬੰਦ ਕਰਕੇ ਜਾਂ ਸਕੂਟਰਾਂ ਨਾਲ ਬੰਨ੍ਹ ਕੇ ਅੱਗਾਂ ਲਾ ਕੇ ਸਿੱਖਾਂ ਨੂੰ ਜੀਉਂਦਿਆਂ ਸਾੜ ਦਿੱਤਾ ਗਿਆ। ਕਈਆਂ ਦੇ ਪਹਿਲਾਂ ਦਾੜੀ ਤੇ ਕੇਸ ਕਤਲ ਕੀਤੇ ਗਏ ਅਤੇ ਫਿਰ ਉਨ੍ਹਾਂ ਉਤੇ ਤੇਲ ਛਿੜਕ ਕੇ ਅੱਗ ਲਾ ਦਿੱਤੀ ਗਈ। ਜੀਉਂਦੇ ਸੜਦੇ ਤੇ ਤੜਫਦੇ ਸਿੱਖ ਨੂੰ ਵੇਖਕੇ 'ਮੋਨਾ ਮੋਨਾ' ਕਹਿਕੇ ਉਨ੍ਹਾਂ ਦੀਆਂ ਖਿੱਲੀਆਂ ਉਡਾਈਆਂ ਗਈਆਂ। ਕਈ ਕੇਸਾਂ ਵਿਚ ਇਕ ਇਕ ਪਰਵਾਰ ਦੇ ਅੱਠ ਅੱਠ ਮੈਂਬਰਾਂ ਨੂੰ ਕਤਲ ਕਰ ਦਿੱਤਾ ਗਿਆ।

ਆਦਮੀਆਂ ਨੂੰ ਮਾਰ ਦੇਣ ਮਗਰੋਂ, ਮਾਵਾਂ ਦੀਆਂ ਗੋਦਾਂ ਵਿਚੋਂ ਮਾਸੂਮ ਬੱਚਿਆਂ ਨੂੰ ਖਿਚ ਖਿਚ ਕੇ ਬਲਦੀਆਂ ਅੱਗਾਂ ਵਿਚ ਜੀਉਂਦਿਆਂ ਭੁੰਨ ਦਿੱਤਾ ਗਿਆ। ਮਾਵਾਂ ਸਾਹਮਣੇ ਉਨ੍ਹਾਂ ਦੇ ਬੱਚਿਆਂ ਨੂੰ ਕਸਾਈਆਂ ਵਾਂਗ ਚੀਰ ਕੇ ਅੱਗਾਂ ਵਿਚ ਸੁੱਟਿਆ ਗਿਆ। ਆਦਮੀਆਂ ਤੇ ਬੱਚਿਆਂ ਨੂੰ ਮਾਰ ਮੁਕਾਉਣ ਮਗਰੋਂ, ਅਬਲਾ ਇਸਤਰੀਆਂ ਨੂੰ ਨੰਗਿਆਂ ਕਰਕੇ ਪਸ਼ੂਆਂ ਵਾਂਗ ਸੜਕਾਂ ਤੇ ਉਨ੍ਹਾਂ ਨਾਲ ਬਲਾਤਕਾਰ ਕੀਤਾ ਗਿਆ। ਵੀਹ ਵੀਹ ਸਾਲ ਦੇ ਮੁੰਡਿਆਂ ਨੇ ਪੰਜਾਹ ਤੇ ਅੱਸੀ ਸਾਲ ਦੀਆਂ ਇਸਤਰੀਆਂ ਨਾਲ ਗੈਂਗ ਬਲਾਤਕਾਰ ਕੀਤਾ।

ਕਈ ਹਾਲਤਾਂ ਵਿਚ ਅਧਮੋਏ ਪੁੱਤਰਾਂ ਸਾਹਮਣੇ ਉਨ੍ਹਾਂ ਦੀਆਂ ਮਾਵਾਂ ਨਾਲ, ਅਧਮੋਏ ਭਰਾਵਾਂ ਦੇ ਸਾਹਮਣੇ ਉਨ੍ਹਾਂ ਦੀਆਂ ਭੈਣਾਂ ਨਾਲ ਅਤੇ ਅਧਮੋਏ ਪਿਉ ਤੇ ਸਹੁਰਿਆਂ ਦੇ ਸਾਹਮਣੇ ਉਨ੍ਹਾਂ ਦੀਆਂ ਧੀਆਂ ਤੇ ਨੂੰਹਾਂ ਦੇ ਨਾਲ ਬਲਾਤਕਾਰ ਕੀਤਾ ਗਿਆ। ਇਥੋਂ ਤੱਕ ਕਿ ਨੌਂ ਨੌਂ ਤੇ ਦਸ ਦਸ ਸਾਲ ਦੀਆਂ ਬੇਬੀਆਂ ਨਾਲ ਵੀ ਮੂੰਹ ਕਾਲਾ ਕੀਤਾ ਗਿਆ।

ਇਕ ਇਕ ਪਰਵਾਰ ਦੀਆਂ ਤਿੰਨ ਤਿੰਨ ਜਾਂ ਚਾਰ ਧੀਆਂ ਨੂੰਹਾਂ ਨੂੰ ਵਿਧਵਾ ਕਰ ਦਿੱਤਾ ਗਿਆ। ਬਲਾਤਕਾਰ ਕਰਨ ਮਗਰੋਂ ਜ਼ਲੀਲ ਕਰਨ ਲਈ ਉਨ੍ਹਾਂ ਦੇ ਕਪੜੇ ਵੀ ਲੀਰੋ ਲੀਰ ਕਰ ਦਿੱਤੇ ਗਏ। ਗਹਿਣੇ ਕਪੜੇ ਤਾਂ ਲੁੱਟਣੇ ਹੀ ਸਨ, ਬਹੁਤੀਆਂ ਇਸਤਰੀਆਂ ਕੋਲ ਤਨ ਕੱਜਣ ਲਈ ਇਕ ਕਪੜਾ ਵੀ ਨਹੀਂ ਸੀ ਰਹਿਣ ਦਿੱਤਾ ਗਿਆ। ਇਸ ਤਰ੍ਹਾਂ ਸਾਰੀ ਦਿੱਲੀ ਵਿਚ ਤੇ ਬਾਕੀ ਦੇ ਸਾਰੇ ਦੇਸ਼ ਵਿਚ ਇਨ੍ਹਾਂ ਜ਼ਾਲਮ ਹਿੰਦੂਆਂ ਨੇ ਆਪਣੀ ਵੈਦਕ ਸਭਿਅਤਾ ਦੀ ਪਰਦਰਸ਼ਨੀ ਕੀਤੀ।

ਇਕ ਕੈਂਪ ਵਿਚ 539 ਪਰਵਾਰਾਂ ਵਿਚੋਂ 210 ਵਿਧਵਾਵਾਂ ਸਨ। ਪੰਜਾਹ ਹਜ਼ਾਰ ਵਿਧਵਾ ਇਸਤਰੀਆਂ, ਬੱਚਿਆਂ ਅਤੇ ਬਜ਼ੁਰਗਾਂ ਦੀ ਗਿਣਤੀ ਕੈਂਪਾਂ ਵਿਚ ਸੀ ਜਿਸ ਤੋਂ ਅੰਦਾਜ਼ਾ

ਲਗਾਇਆ ਜਾ ਸਕਦਾ ਹੈ ਕਿ ਇਸ ਘਲੂਘਾਰੇ ਵਿਚ ਕਿਤਨੇ ਸਿਖਾਂ ਦਾ ਕਤਲਾਮ ਹੋਇਆ ਹੋਵੇਗਾ। ਮੌਕੇ ਦੇ ਕੁਝ ਗਵਾਹਾਂ ਨੇ ਦਸਿਆ ਕਿ ਇਕ ਥਾਣੇਦਾਰ ਨੇ ਧਾੜਵੀਆਂ ਨੂੰ ਇਜ ਕਿਹਾ:

> ਉਨ੍ਹ ਕੋ ਮਾਰਨੇ ਕੇ ਲੀਏ ਤੁਮਹਾਰੇ ਪਾਸ ਤੀਨ ਦਿਨ ਹੈਂ। ਆਪਣਾ ਕਾਮ ਹੁਸ਼ਿਆਰੀ ਸੇ ਕਰੋ। ਕਿਸੀ ਏਕ ਕੋ ਭੀ ਜ਼ਿੰਦਾ ਨਾ ਛੋੜੋ, ਨਹੀਂ ਤੋਂ ਮੁਝੇ ਸਜ਼ਾ ਮਿਲੇਗੀ।

ਜਾਨੀ ਨੁਕਸਾਨ ਤੋਂ ਬਿਨਾਂ ਮਾਲੀ ਨੁਕਸਾਨ ਦਾ ਅੰਦਾਜ਼ਾ ਲਾਇਆ ਗਿਆ ਹੈ ਕਿ ਲਗਪਗ 300 ਕਰੋੜ ਰੁਪੈ ਦੀ ਜਾਇਦਾਦ ਫੂਕੀ ਗਈ। ਦੋ ਹਜ਼ਾਰ ਟਰੱਕ, ਟੈਕਸੀਆਂ, ਬੱਸਾਂ ਅਤੇ ਸਕੂਟਰ ਫੂਕ ਦਿੱਤੇ ਗਏ, 350 ਤੋਂ ਵੱਧ ਗੁਰਦਵਾਰਿਆਂ ਨੂੰ ਦਿੱਲੀ ਵਿਚ ਸਾੜਿਆ ਫੂਕਿਆ ਗਿਆ।

ਦਿੱਲੀ ਵਿਚ ਆਉਂਦੀ ਹਰ ਰੇਲ ਗੱਡੀ ਵਿੱਚੋਂ ਪੰਜਾਹ ਸੱਠ ਸਿਖਾਂ ਦੀਆਂ ਲਾਸ਼ਾਂ ਕੱਢੀਆਂ ਜਾਂਦੀਆਂ ਅਤੇ ਪਲੇਟਫਾਰਮ ਤੇ ਹੀ ਸਾੜ ਦਿੱਤੀਆਂ ਜਾਂਦੀਆਂ। ਇਨ੍ਹਾਂ ਨਿਰਪੱਖ ਸੰਸਥਾਵਾਂ ਦੀ ਰੀਪੋਰਟ ਅਗੇ ਚਲਕੇ ਕਹਿੰਦੀ ਹੈ ਕਿ ਦਿੱਲੀ ਵਿਚ ਕੋਈ ਇਕ ਵੀ ਅਜੇਹਾ ਸਿਖ ਪਰਵਾਰ ਨਹੀਂ ਜੋ ਇਸ ਕਤਲਾਮ ਤੋਂ ਬਚ ਗਿਆ ਹੋਵੇ:

> There is not a single family in Delhi which has not been affected.

ਧਾੜਵੀਆਂ ਤੇ ਬਦਮਾਸ਼ਾਂ ਨੂੰ ਇਕ ਬਸਤੀ ਤੋਂ ਦੂਜੀ ਬਸਤੀ ਵਿਚ ਲਿਜਾਣ ਲਈ ਦਿੱਲੀ ਟਰਾਂਸਪੋਰਟ ਦੀਆਂ ਬੱਸਾਂ ਹਰ ਵੇਲੇ ਤਿਆਰ ਹੁੰਦੀਆਂ ਸਨ। ਦੇਸ਼ ਦੇ ਹਰ ਕੋਨੇ ਵਿਚ ਗਡੀਆਂ ਜਾਂ ਬੱਸਾਂ ਵਿਚ ਸਫਰ ਕਰਦਾ ਸਿਖ ਕੋਈ ਵਿਰਲਾ ਹੀ ਬਚ ਨਿਕਲਿਆ ਹੋਵੇਗਾ ਨਹੀਂ ਤਾਂ ਗਡੀਆਂ ਵਿਚੋਂ ਧੂਹ ਧੂਹ ਕੇ ਉਨ੍ਹਾਂ ਨੂੰ ਪਲੇਟ ਫ਼ਾਰਮ ਤੇ ਹੀ ਸਾੜ ਦਿੱਤਾ ਗਿਆ। ਕਈਆਂ ਦੀਆਂ ਦਾੜੀਆਂ ਕੇਸ ਕਤਲ ਕਰਕੇ ਉਨ੍ਹਾਂ ਨੂੰ ਛੱਡ ਦਿੱਤਾ ਗਿਆ।

ਦਿੱਲੀ ਤੋਂ ਬਾਦ ਕਾਨਪੁਰ ਵਿਚ ਸਿੱਖਾਂ ਦਾ ਜਾਨੀ ਤੇ ਮਾਲੀ ਨੁਕਸਾਨ ਬਹੁਤ ਹੋਇਆ। ਇਥੇ ਵੀ ਮਾਰਧਾੜ, ਲੁਟਮਾਰ, ਸਾੜਫੂਕ ਅਤੇ ਬਲਾਤਕਾਰ ਕਰਨ ਦਾ ਢੰਗ ਦਿੱਲੀ ਵਾਂਗ ਹੀ ਸੀ। ਪੰਜਾਹ ਤੋਂ ਵਧ ਗੁਰਦਵਾਰੇ ਵੀ ਸਾੜ ਦਿੱਤੇ ਗਏ।

ਬੋਖਾਰੋ ਸ਼ਹਿਰ ਵਿਚ ਸਿਖਾਂ ਦੀਆਂ ਕਾਰਾਂ ਦੇ ਪੁਰਜ਼ਿਆਂ ਦੀਆਂ ਦੁਕਾਨਾਂ ਵਿਚੋਂ ਟਾਇਰ ਲੈ ਕੇ ਤੇਲ ਛਿੜਕੇ ਸਿੱਖਾਂ ਦੇ ਗਲਿਆਂ ਵਿਚ ਪਾ ਕੇ ਅੱਗਾਂ ਲਾ ਕੇ ਉਨ੍ਹਾਂ ਨੂੰ ਜੀਉਂਦਿਆਂ ਸਾੜ ਦਿੱਤਾ ਗਿਆ। ਇਥੇ ਵੀ ਗੁਰਦਵਾਰਿਆਂ ਨੂੰ ਸਾੜਿਆ ਗਿਆ। ਦਸ ਦਸ ਤੇ ਬਾਰਾਂ ਬਾਰਾਂ ਸਾਲ ਦੀਆਂ ਮਾਸੂਮ ਕੁੜੀਆਂ ਨਾਲ ਬਲਾਤਕਾਰ ਕਰਕੇ ਕਤਲ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਾਲੇ ਵਿਚ ਸੁੱਟ ਦਿੱਤਾ ਗਿਆ।

ਇਸੇ ਤਰ੍ਹਾਂ ਦੀਆਂ ਰੀਪੋਰਟਾਂ ਰਾਂਚੀ, ਧੰਨਬਾਦ, ਲਖਨਊ, ਪਟਨਾ ਸਾਹਿਬ, ਕਲਕੱਤਾ ਅਤੇ ਸਹਾਰਨਪੁਰ ਆਦਿ ਵੱਡੇ ਵੱਡੇ ਸ਼ਹਿਰਾਂ ਵਿਚੋਂ ਪ੍ਰਾਪਤ ਹੋਈਆਂ। ਕਈ ਥਾਵਾਂ ਤੇ ਤਾਂ ਸਿਖ ਪਰਵਾਰਾਂ ਨੂੰ ਮਕਾਨਾਂ ਅੰਦਰ ਬੰਦ ਕਰਕੇ ਉਨ੍ਹਾਂ ਨੂੰ ਬਾਰੂਦ ਨਾਲ ਉਡਾ ਦਿੱਤਾ ਗਿਆ।

ਇਹ ਸਾਰਾ ਜ਼ੁਲਮ ਇੰਦਰ ਕਾਂਗਰਸ, ਸਰਕਾਰੀ ਮਸ਼ੀਨਰੀ ਅਤੇ ਪੁਲੀਸ ਨੇ ਰਲਕੇ ਸਿਖ ਕੌਮ ਤੇ ਢਾਹਿਆ। ਪੁਲੀਸ ਜਾਂ ਤਾਂ ਡਿਊਟੀ ਤੋਂ ਦੂਰ ਰਹੀ ਜਾਂ ਧਾੜਵੀਆਂ ਦੀ ਮਦਦ ਕਰਨ, ਤੇਲ ਆਦਿ ਲਿਆ ਕੇ ਦੇਣ ਵਿਚ ਰੁੱਝੀ ਰਹੀ। ਪੁਲੀਸ 31 ਅਕਤੂਬਰ ਤੋਂ ਲੈ ਕੇ 3 ਨਵੰਬਰ ਤੱਕ ਜਾਂ ਤਾਂ ਖਾਮੋਸ਼ ਦਰਸ਼ਕ ਬਣੀ ਰਹੀ ਜਾਂ ਡਿਊਟੀ ਤੋਂ ਗੈਰਹਾਜ਼ਰ ਰਹੀ ਜਾਂ ਫਿਰ ਸਿੱਧੇ ਤੌਰ ਤੇ ਬਦਮਾਸ਼ਾਂ ਤੇ

ਧਾੜਵੀਆਂ ਦੀ ਸਹਾਇਤਾ ਕਰਦੀ ਰਹੀ। ਹਾਲਾਤ ਨੂੰ ਵਿਗਾੜਨ ਵਿਚ ਅਤੇ ਸਿੱਖਾਂ ਦੇ ਕਤਲਾਮ ਵਿਚ ਪੁਲੀਸ ਨੇ ਵਧ ਚੜ੍ਹਕੇ ਹਿਸਾ ਪਾਇਆ। ਪੁਲਸ ਕਪਤਾਨ ਗੌਤਮ ਕੌਲ ਨੇ ਤਾਂ ਸਾਫ਼ ਸ਼ਬਦਾਂ ਵਿਚ ਇਹ ਕਹਿ ਵੀ ਦਿੱਤਾ:

ਇਸ ਕਿਸਮ ਦੇ ਹਾਲਾਤ ਅੰਦਰ ਸਾਡੇ ਲਈ ਕੁਝ ਕਰ ਸਕਣਾ ਸੰਭਵ ਨਹੀਂ।

ਪੰਜਾਬ ਵਿਚ ਜਦੋਂ ਛੇ ਮੁਸਾਫਰਾਂ ਨੂੰ ਬੱਸ ਵਿਚੋਂ ਕੱਢਕੇ ਕਤਲ ਕੀਤਾ ਗਿਆ ਸੀ, ਭਾਵੇਂ ਕਤਲ ਕਰਾਏ ਸਰਕਾਰ ਦੀ ਆਪਣੀ ਥਰਡ ਏਜੰਸੀ ਨੇ ਹੀ ਸਨ, ਤਾਂ ਇਸੇ ਹਿੰਦੂ ਸਰਕਾਰ ਨੇ ਪੰਜਾਬ ਵਿਚੋਂ ਦਰਬਾਰਾ ਸਰਕਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਕਾਇਮ ਕਰ ਦਿਤਾ ਸੀ ਪਰ ਹਜ਼ਾਰਾਂ ਬੇਦੋਸੇ ਸਿੱਖਾਂ ਦਾ ਕਤਲਾਮ ਹੋ ਰਿਹਾ ਸੀ ਤੇ ਉਸੇ ਸਰਕਾਰ ਦੀ ਪੁਲਸ ਕੋਈ ਐਕਸ਼ਨ ਨਹੀਂ ਲੈ ਰਹੀ ਸੀ। ਐਕਸ਼ਨ ਲੈਣ ਦੀ ਜੁਰੱਤ ਵੀ ਕਿਵੇਂ ਕਰਦੀ ਜਦੋਂ ਕਿ ਇਹ ਕਤਲਾਮ ਤੇ ਜ਼ੁਲਮ ਸਰਕਾਰ ਦੇ ਆਪਣੇ ਆਦੇਸ਼ ਅਨੁਸਾਰ ਕੀਤਾ ਜਾ ਰਿਹਾ ਸੀ?

ਕਤਲਾਂ ਦੀਆਂ ਜਦ ਇੱਕੜ ਦੁੱਕੜ ਵਾਰਦਾਤਾਂ ਜਾਰੀ ਰਹੀਆਂ ਤਾਂ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇਕੇ ਫੌਜ ਨੂੰ, ਨੀਮ ਫੌਜ ਨੂੰ ਅਤੇ ਪੁਲੀਸ ਨੂੰ ਕਾਲੇ ਕਾਨੂੰਨਾਂ ਦੇ ਅਧਿਕਾਰ ਦੇਕੇ ਉਨ੍ਹਾਂ ਦੀਆਂ ਖੁਲ੍ਹੀਆਂ ਵਾਗਾਂ ਛੱਡ ਦਿੱਤੀਆਂ। ਉਹ ਜਿਸਦੀ ਜਦੋਂ ਮਰਜ਼ੀ ਤੇ ਜਿਥੇ ਮਰਜ਼ੀ ਤਲਾਸ਼ੀ ਲੈਕੇ ਗ੍ਰਿਫਤਾਰ ਕਰੇ, ਗੋਲੀ ਨਾਲ ਭੁੰਨੇ ਜਾਂ ਜੇਲ੍ਹਾਂ ਵਿਚ ਸੁੱਟ ਦੇਵੇ। ਇਨ੍ਹਾਂ ਕਾਲੇ ਕਾਨੂੰਨਾਂ ਅਧੀਨ ਹਜ਼ਾਰਾਂ ਨਿਰਦੋਸ਼ ਤੇ ਮਾਸੂਮ ਸਿੱਖਾਂ ਦਾ ਕਤਲਾਮ ਕੀਤਾ ਗਿਆ। ਸਿੱਖਾਂ ਤੇ ਕਹਿਰਾਂ ਦੇ ਅਜ਼ਾਬ ਢਾਹੇ ਗਏ ਅਤੇ ਤਸੀਹੇ ਦੇਦੇ ਕੇ ਉਨ੍ਹਾਂ ਨੂੰ ਮਾਰਿਆ ਗਿਆ।

ਲਾਅਨਤ ਹੈ ਅਜੇਹੀ ਧਰਮ-ਨਿਰਪੇਖਤਾ ਤੇ ਜਮਹੂਰੀਅਤ ਤੇ, ਧਿਕਾਰ ਹੈ ਇਨ੍ਹਾਂ ਦੇ ਦਾਅਵੇਦਾਰਾਂ ਤੇ। ਫਿਟਕਾਰ ਹੈ ਉਨ੍ਹਾਂ ਗਦਾਰ, ਸੁਆਰਥੀ ਅਤੇ ਬੇਗੈਰਤ ਨਾਮਨਿਹਾਦ ਸਿੱਖਾਂ ਨੂੰ ਜਿਹੜੇ ਕੌਮ ਦੀ ਹੋਈ ਇਸ ਹੇਠੀ ਮਗਰੋਂ ਅੱਜ ਵੀ ਬੁੱਚੜ ਹਿੰਦੂ ਸਰਕਾਰ ਦੇ ਵਿਧਾਨ ਵਿਚ ਰਹਿਕੇ ਫੈਸਲਾ ਕਰਨਾ ਲੋੜਦੇ ਹਨ।

ਜਿਥੇ ਹਿੰਦੂ ਬਹੁਗਿਣਤੀ ਲਈ ਹੋਰ ਕਾਨੂੰਨ ਅਤੇ ਗੈਰ ਹਿੰਦੂ ਘਟਗਿਣਤੀ ਲਈ ਹੋਰ ਕਾਨੂੰਨ ਹੋਵੇ ਉਸ ਦੇਸ਼ ਨੂੰ ਧਰਮ-ਨਿਰਪੇਖ ਕਹਿਣਾ ਕੋਰਾ ਝੂਠ ਹੈ। ਮੁਸਲਮਾਨਾਂ ਦੀ ਈਦ ਹੋਵੇ ਜਾਂ ਸਿੱਖਾਂ ਦਾ ਗੁਰਪੁਰਬ ਹੋਵੇ ਹਜ਼ਾਰਾਂ ਵਾਰੀ ਇਨ੍ਹਾਂ ਉਤੇ ਪਾਬੰਦੀਆਂ ਲਗਾਈਆਂ ਜਾ ਚੁੱਕੀਆਂ ਹਨ ਪਰੰਤੂ ਪਿਛਲੇ 42 ਸਾਲਾਂ ਵਿਚ ਇਕ ਵੀ ਅਜੇਹੀ ਮਿਸਾਲ ਨਹੀਂ ਮਿਲਦੀ ਕਿ ਕਦੀ ਫਿਰਕੂ ਸਰਕਾਰ ਨੇ ਹਿੰਦੂ ਬਹੁਗਿਣਤੀ ਦੇ ਕਿਸੇ ਵੀ ਜਲੂਸ ਤੇ ਕਿਸੇ ਕਿਸਮ ਦੀ ਪਾਬੰਦੀ ਲਾਈ ਹੋਵੇ। ਸਾਡੇ ਤਾਂ ਧਾਰਮਕ ਸ਼ਹੀਦੀ ਗੁਰਪੁਰਬਾਂ ਤੇ ਜਲੂਸ ਕੱਢਣ ਤੇ ਵੀ ਪਾਬੰਦੀਆਂ ਲਗ ਜਾਂਦੀਆਂ ਹਨ। ਇਸ ਨੂੰ ਕਿਹੜਾ ਬੁਧੂ ਤੇ ਮੂਰਖ ਧਰਮ ਨਿਰਪੇਖਤਾ ਆਖੇਗਾ?

ਸਾਡੇ ਬਾਣੀ ਪੜ੍ਹਨ ਤੇ ਪਾਬੰਦੀਆਂ, 'ਰਾਜ ਕਰੇਗਾ ਖਾਲਸਾ' ਦੇ ਨਾਅਰੇ ਤੇ ਪਾਬੰਦੀਆਂ, ਸਾਡੇ ਪਹਿਰਾਵੇ ਤੇ ਪਾਬੰਦੀਆਂ, ਸਾਡੇ ਜਲੂਸਾਂ ਤੇ ਪਾਬੰਦੀਆਂ, ਸਾਡੀ ਬੋਲੀ ਤੇ ਪਾਬੰਦੀਆਂ, ਸਾਡੇ ਸਫ਼ਰ ਕਰਨ ਤੇ ਪਾਬੰਦੀਆਂ, ਸਾਡੀਆਂ ਕੇਸਰੀ ਤੇ ਕਾਲੀਆਂ ਦਸਤਾਰਾਂ ਤੇ ਪਾਬੰਦੀਆਂ, ਸਾਡੇ ਧਾਰਮਕ ਚਿੰਨ੍ਹ ਕਿਰਪਾਨ ਤੇ ਪਾਬੰਦੀਆਂ, ਅੰਮ੍ਰਿਤਧਾਰੀ ਹੋਣ ਤੇ ਪਾਬੰਦੀਆਂ ਅਤੇ ਸਾਡੇ ਸਿਖ ਹੋਣ ਤੇ ਵੀ ਪਾਬੰਦੀਆਂ। ਸੌ ਵਾਰ ਫਿਟਕਾਰ ਹੈ ਅਜੇਹੀ ਧਰਮ-ਨਿਰਪੇਖਤਾ ਤੇ ਅਤੇ ਇਸਦੇ ਦਾਅਵੇਦਾਰਾਂ ਤੇ।

ਦਰਬਾਰ ਸਾਹਿਬ ਦਰਸ਼ਨ ਕਰਨ ਗਏ ਗੁਰਸਿੱਖਾਂ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਇਸਨੂੰ ਘੇਰਾ ਪਾਈ ਬੈਠੇ ਮਨਹੂਸ ਕਾਤਲਾਂ ਤੇ ਜਲਾਦਾਂ ਦਾ ਮੂੰਹ ਵੇਖਣਾ ਪੈਂਦਾ ਹੈ। ਕੋਈ ਵੀ ਅਣਖ

ਵਾਲੀ ਕੌਮ ਅਜੇਹੀਆਂ ਧਾਂਦਲੀਆਂ ਬਹੁਤਾ ਚਿਰ ਬਰਦਾਸ਼ਤ ਨਹੀਂ ਕਰ ਸਕਦੀ। ਜੇ ਇਤਨੀਆਂ ਵਡੀਆਂ ਫਿਰਕੂ ਪਾਬੰਦੀਆਂ ਸਾਹਮਣੇ ਇਹ ਬੁੱਚੜ ਸਰਕਾਰ ਆਪਣੇ ਆਪ ਨੂੰ ਧਰਮ-ਨਿਰਪੇਖ ਕਹਿਣ ਦਾ ਹੀਆ ਕਰ ਸਕਦੀ ਹੈ ਤਾਂ ਸਚ ਜਾਣੋਂ ਇਸ ਤੋਂ ਵੱਧ ਦੁਨੀਆ ਵਿਚ ਹੋਰ ਕੋਈ ਮੱਕਾਰ ਸਰਕਾਰ ਨਹੀਂ ਹੋਣੀ। ਸਚਾਈ ਤਾਂ ਇਹ ਹੈ ਕਿ ਇਹ ਸਰਕਾਰ ਧਰਮ-ਨਿਰਪੇਖ ਨਹੀਂ ਸਗੋਂ ਧਰਮਹੀਣ ਕਸਾਈ ਸਰਕਾਰ ਹੈ।

ਇਸ ਕਾਤਲ ਸਰਕਾਰ ਦੇ ਸਿੱਖ ਧਰਮ ਤੇ ਸਿੱਖ ਕੌਮ ਨੂੰ ਖਤਮ ਕਰ ਦੇਣ ਦੇ ਸਾਰੇ ਦਾਈਏ ਸਾਹਮਣੇ ਆ ਚੁੱਕੇ ਹਨ। ਸਿੱਖਾਂ ਵਾਸਤੇ ਆਪਣੀ ਨਵੇਕਲੀ ਕੌਮੀ ਹਸਤੀ, ਖਾਲਸਈ ਰਿਵਾਇਤਾਂ ਅਤੇ ਖਾਲਸਈ ਸਰੂਪ ਨੂੰ ਇਸ ਫਿਰਕੂ ਮਾਹੌਲ ਵਿਚ ਕਾਇਮ ਰਖ ਸਕਣਾ ਅਸੰਭਵ ਬਣ ਚੁੱਕਾ ਹੈ ਅਤੇ ਹੁਣ ਸੰਘਰਸ਼ ਹੀ ਇਕੋ ਇਕ ਬਾਕੀ ਰਾਹ ਰਹਿ ਗਿਆ ਹੈ। ਫਿਰਕੂ ਕਾਤਲ ਨੇ ਰਹਿਣਾ ਕਾਤਲ ਹੀ ਹੈ, ਬੁਰਕਾ ਭਾਵੇਂ ਉਹ ਜਮਹੂਰੀਅਤ ਦਾ ਪਾ ਲਵੇ ਤੇ ਭਾਵੇਂ ਧਰਮ-ਨਿਰਪੇਖਤਾ ਦਾ।

ਜਿਥੇ ਸਿੱਖ ਹੋਣਾ ਪਾਪ ਬਣਾ ਦਿੱਤਾ ਗਿਆ ਹੋਵੇ, ਜਿਥੇ ਦਾੜ੍ਹੀ ਤੇ ਦਸਤਾਰ ਸਿੱਧੇ ਮੌਤ ਅਤੇ ਹੇਠੀ ਦੇ ਵਾਰੰਟ ਹੋਣ, ਜਿਥੇ ਸਾਡੀਆਂ ਬੱਸਾਂ ਵਿਚ, ਕਾਰਾਂ ਵਿਚ, ਗੱਡੀਆਂ ਵਿਚ ਅਤੇ ਸਕੂਟਰਾਂ ਤੇ ਚੜ੍ਹਿਆਂ ਨੂੰ ਥੱਲੇ ਲਾਹਕੇ ਤਲਾਸ਼ੀਆਂ ਲਈਆਂ ਜਾਂਦੀਆਂ ਹੋਣ, ਉਹ ਦੇਸ਼ ਸਾਡਾ ਦੇਸ਼ ਨਹੀਂ ਹੈ ਉਸ ਦੇਸ਼ ਦਾ ਵਿਧਾਨ ਸਾਡਾ ਵਿਧਾਨ ਨਹੀਂ ਹੈ, ਜਿਸ ਵਿਧਾਨ ਨੇ ਸਾਡਾ ਧਰਮ ਅਤੇ ਸਾਡੀ ਕੌਮੀ ਪਛਾਣ ਰਾਸ਼ਟਰ ਵਿਰੋਧੀ ਚਿੰਨ੍ਹ ਬਣਾ ਕੇ ਰੱਖ ਦਿੱਤਾ ਹੋਇਆ ਹੈ ਉਹ ਸਾਡਾ ਵਿਧਾਨ ਨਹੀਂ ਹੈ। ਰਾਸ਼ਟਰਵਾਦ ਦੇ ਬੁਰਕੇ ਥੱਲੇ ਸਿੱਖਾਂ ਨੂੰ ਹਿੰਦੂ ਬਣਾਉਣ ਦੀਆਂ ਨਾਪਾਕ ਸਾਜ਼ਿਸਾਂ ਹੁਣ ਨੰਗੀਆਂ ਹੋ ਚੁੱਕੀਆਂ ਹਨ।

ਸਿੱਖ ਕੌਮ ਤੇ ਸਿੱਖ ਧਰਮ ਦੀ ਹੋਂਦ ਐਸ ਵੇਲੇ ਖਤਰੇ ਵਿਚ ਹੈ। ਅਜੇਹੇ ਮਾਰੂ ਸੰਕਟ ਵਿਚ ਖਾਲਸਈ ਰਿਵਾਇਤਾਂ ਅਤੇ ਖਾਲਸਈ ਸਰੂਪ ਬਹੁਤਾ ਚਿਰ ਜ਼ਿੰਦਾ ਰਹਿਣਾ ਸੰਭਵ ਨਹੀਂ ਜਾਪ ਰਿਹਾ। ਜੇ ਨਾਮਨਿਹਾਦ ਸਿੱਖ ਲੀਡਰ ਅਜੇਹੇ ਸੰਕਟ ਵਿਚ ਵੀ ਕੌਮ ਨਾਲ ਗਦਾਰੀਆਂ ਕਰਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦ ਕਿ ਇਹ ਬ੍ਰਾਹਮਣਾ ਤੋਂ ਮਹੂਰਤ ਕਢਾਕੇ, ਜੰਞੂ ਪਾਕੇ ਪਾਰਲੀਮੈਂਟ ਵਿਚ ਜਾਇਆ ਕਰਨਗੇ। ਸਿੱਖਾਂ ਨੂੰ ਕੇਸਾਧਾਰੀ ਹਿੰਦੂ ਤਾਂ ਕਦੋਂ ਦਾ ਕਹਿਣਾ ਸ਼ੁਰੂ ਕੀਤਾ ਹੋਇਆ ਹੈ ਇਹਨਾਂ।

ਸਮੇਂ ਦੀ ਪੁਕਾਰ ਹੈ ਕਿ ਇਸ ਸੰਕਟ ਭਰੇ ਮਾਹੌਲ ਵਿਚੋਂ ਨਿਕਲਣ ਲਈ ਅਤੇ ਆਪਣੀ ਨਵੇਕਲੀ ਹਸਤੀ ਨੂੰ ਕਾਇਮ ਰਖਣ ਲਈ ਇਕਮੁਠ ਹੋਕੇ ਸਾਵਧਾਨੀ ਨਾਲ ਸੰਘਰਸ਼ ਕੀਤਾ ਜਾਵੇ ਤਾਂ ਜੋ ਗੁਲਾਮੀ ਦੀਆਂ ਬੇੜੀਆਂ ਨੂੰ ਤੋੜਕੇ ਪੰਜਾਬ ਤੇ ਕੇਸਰੀ ਨਿਸ਼ਾਨ ਝੁਲਾਇਆ ਜਾਵੇ। ਏਕੇ ਦਾ ਇਕ ਹੰਭਲਾ ਕੌਮ ਦੀ ਤਕਦੀਰ ਬਦਲਕੇ ਰੱਖ ਦੇਵੇਗਾ।

ਆਓ ਆਪਣੇ ਸ਼ਕਤੀ ਦੇ ਸੋਮੇ ਸ੍ਰੀ ਅਕਾਲ ਤਖਤ ਸਾਹਿਬ ਅਗੇ ਸਿਰ ਝੁਕਾਈਏ, ਆਪਣੀਆਂ ਕੀਤੀਆਂ ਗਲਤੀਆਂ ਦਾ ਪਸ਼ਚਾਤਾਪ ਕਰੀਏ ਅਤੇ ਅਗੇ ਤੋਂ ਆਪਣੇ ਕੌਮੀ ਸੰਘਰਸ਼ ਵਿਚ ਆਪਣਾ ਯੋਗਦਾਨ ਪਾ ਸਕਣ ਦੀ ਅਰਦਾਸ ਕਰੀਏ। ਫਤਹਿ ਹਮੇਸ਼ਾ ਸੱਚ ਦੀ ਹੋਈ ਹੈ ਅਤੇ ਹੁਣ ਵੀ ਹੋਣੀ ਜ਼ਰੂਰ ਹੈ। ਗੁਲਾਮੀ ਦਾ ਜੂਲਾ ਅਸਾਂ ਲਾਹ ਕੇ ਹੀ ਸਾਹ ਲੈਣਾ ਹੈ। ਗੁਲਾਮੀ ਦੇ ਜੀਵਨ ਨਾਲੋਂ ਮਰ ਮਿਟਣਾ ਬਿਹਤਰ ਹੈ।

ਕਾਂਗਰਸ ਦੀ ਸਿਖਮਾਰੂ ਨੀਤੀ
ਸਿਆਸੀ ਪਖੋਂ

ਹਿਦੂ ਕਾਂਗਰਸੀ ਲੀਡਰਾਂ ਨੇ ਅਜ਼ਾਦੀ ਮਿਲਣ ਤਕ ਸਿੱਖਾਂ ਨੂੰ ਸਪੈਸ਼ਲ ਖਿਤਾ ਦੇਣ ਦਾ ਲਾਰਾ ਲਾਇਆ, ਵਿਧਾਨ ਸਿੱਖਾਂ ਦੀ ਸੰਮਤੀ ਤੋਂ ਬਿਨਾਂ ਨਾ ਬਨਾਉਣ ਦੇ ਚਕਮੇ ਵੀ ਦਿੱਤੇ ਅਤੇ ਇਨ੍ਹਾਂ ਵਾਹਦਿਆਂ ਦੀ ਪੁਸ਼ਟੀ ਲਈ ਸੌਗੰਦਾਂ ਖਾਣ ਦੇ ਵੀ ਖੇਖਣ ਕੀਤੇ। ਹੋਰ ਤਾਂ ਹੋਰ, ਅਜ਼ਾਦੀ ਤੋਂ ਕੇਵਲ ਦੋ ਮਹੀਨੇ ਪਹਿਲਾਂ, ਪੰਜਾਬ ਅਸੈਂਬਲੀ ਦੇ ਹਿਦੂ ਲੈਜਿਸਲੇਚਰਾਂ ਨੇ ਨਵੇਂ ਬਣਨ ਵਾਲੇ ਪੰਜਾਬ ਵਿਚ ਸਿੱਖਾਂ ਨੂੰ ਵਿਸ਼ੇਸ਼ ਰਾਖਵੇਂ ਹੱਕ ਦੇਣ ਦੀ ਵੀ ਖੇਡ ਖੇਡੀ।

ਅਜੇਹਾ ਸ਼ਾਨਦਾਰ ਵਾਹਦਿਆਂ ਦਾ ਜਾਲ ਦੇਸ਼ ਦੀ 25 ਫੀਸਦੀ ਮੁਸਲਮਾਨ ਵੱਸੋਂ ਵਾਸਤੇ ਵੀ ਵਿਛਾਇਆ ਗਿਆ ਸੀ। ਮਨ ਵਿਚ ਹੋਰ, ਕਹਿਣੀ ਹੋਰ ਤੇ ਕਰਣੀ ਹੋਰ ਦੀ ਧਾਰਨੀ ਹਿਦੂ ਕੌਮ ਦੇ ਇਸ ਮੱਕਾਰੀ ਖਾਸੇ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਕਾਰਨ ਉਹ ਤਾਂ ਇਨ੍ਹਾਂ ਦੇ ਇਸ ਜਾਲ ਵਿਚ ਨਾ ਫਸੇ ਪਰ ਡੇਢ ਫੀਸਦੀ ਵੱਸੋਂ ਦੇ ਆਗੂਆਂ ਨੇ ਆਪਣੇ ਗੁਰੂ ਦੀਆਂ ਦਿੱਤੀਆਂ ਚਿਤਾਵਨੀਆਂ ਦੀ ਵੀ ਕੋਈ ਪ੍ਰਵਾਹ ਨਾ ਕੀਤੀ ਅਤੇ ਸੁਆਰਥ ਦੇ ਫੰਦਿਆਂ ਦੇ ਜਾਲ ਵਿਚ ਜਾ ਫਸੇ। ਮੁਸਲਮਾਨਾਂ ਨੇ ਇਸ ਚਿਤਾਵਨੀ ਤੋਂ ਫਾਇਦਾ ਉਠਾਇਆ ਪਰ ਸਾਡੇ ਆਗੂਆਂ ਨੇ ਸੁਆਰਥ ਦੀਆਂ ਪੱਟੀਆਂ ਅਖਾਂ ਤੇ ਬੰਨ੍ਹ ਕੇ ਕੌਮ ਨੂੰ ਜਾਲ ਵਿਚ ਜਾ ਫਸਾਇਆ:

> ਮਛਲੀ ਜਾਲੁ ਨਾ ਜਾਣਿਆ ਸਰੁ ਖਾਰਾ ਅਸਗਾਹੁ।
> ਅਤਿ ਸਿਆਣੀ ਸੋਹਣੀ ਕਿਉਂ ਕੀਤੋ ਵੇਸਾਹੁ।

ਸਾਡੇ ਆਗੂਆਂ ਤਾਂ ਹਰ ਪਾਸਿਉਂ ਆਪਣੀਆਂ ਅੱਖਾਂ ਮੀਟੀ ਰਖੀਆਂ। ਇਨ੍ਹਾਂ ਦੀਆਂ ਅੱਖਾਂ ਸਾਹਮਣੇ ਦੇਸ਼ ਦੀ 25 ਫੀਸਦੀ ਵਾਲੀ ਮੁਸਲਮਾਨ ਕੌਮ ਨੂੰ ਖਤਮ ਕਰ ਦੇਣ ਦੀਆਂ ਸਕੀਮਾਂ ਘੜੀਆਂ ਜਾ ਰਹੀਆਂ ਸਨ। ਇਨ੍ਹਾਂ ਨੇ ਇਹ ਜ਼ਰਾ ਵੀ ਸੋਚਣ ਦੀ ਖੇਚਲ ਨਹੀਂ ਕੀਤੀ ਕਿ 2 ਫੀਸਦੀ ਤੋਂ ਵੀ ਘਟ ਸਿਖ ਕੌਮ ਇਨ੍ਹਾਂ ਦੇ ਡੰਗ ਤੋਂ ਕਿਵੇਂ ਬਚ ਸਕੇਗੀ? ਸਾਡੇ ਸੁਆਰਥੀ ਆਗੂਆਂ ਨੇ ਅਜੇਹੇ ਖਤਰਿਆਂ ਤੋਂ ਸੁਚੇਤ ਹੋਣ ਦੀ ਥਾਂ ਆਪਣੀਆਂ ਅੱਖਾਂ ਮੀਟੀ ਰਖਣ ਵਿਚ ਹੀ ਭਲਾ ਸਮਝਿਆ।

ਹਿਦੂ ਫਿਰਕੂ ਲੀਡਰ ਤਾਂ ਪੈਰ ਪੈਰ ਤੇ ਆਪਣੇ ਨਾਪਾਕ ਇਰਾਦਿਆਂ ਦੀਆਂ ਚਿਤਾਵਨੀਆਂ ਦੇਂਦੇ ਰਹੇ ਸਨ। ਲਾਜਪਤ ਰਾਏ ਨੇ ਅਜ਼ਾਦੀ ਤੋਂ ਪਹਿਲਾਂ ਲਾਹੌਰ ਦੇ ਇਕ ਜਲਸੇ ਵਿਚ ਬੋਲਦਿਆਂ ਸਾਫ਼ ਸ਼ਬਦਾਂ ਵਿਚ ਐਲਾਨ ਕੀਤਾ ਸੀ ਕਿ ਭਾਰਤ ਆਜ਼ਾਦ ਹੁੰਦਿਆਂ ਹੀ ਹਿਦੂਆਂ ਵਿਚੋਂ ਨਿਕਲਿਆਂ ਹੋਇਆਂ ਨੂੰ ਸ਼ੁੱਧ ਕਰਕੇ ਮੁੜ ਹਿਦੂ ਬਣਾ ਲਿਆ ਜਾਵੇਗਾ ਪਰੰਤੂ ਸਾਡੇ ਆਗੂ ਇਹ ਸਭ ਕੁਝ ਅਣ-ਸੁਣਿਆ ਕਰਦੇ ਰਹੇ।

ਅਜ਼ਾਦੀ ਦੇ ਹਰ ਸੰਗਰਾਮ ਵਿਚ ਸਿੱਖਾਂ ਨੇ 80 ਫੀਸਦੀ ਤੋਂ ਵਧ ਕੁਰਬਾਨੀਆਂ ਦਿੱਤੀਆਂ। ਫਾਂਸੀ ਦੇ ਰੱਸਿਆਂ ਨੂੰ ਚੁੰਮਿਆ। ਕਾਲੇ ਪਾਣੀ ਦੀਆਂ ਉਮਰ ਕੈਦਾਂ ਕੱਟੀਆਂ। ਦੇਸ਼ ਦੀ ਵੰਡ ਵੇਲੇ ਲੱਖਾਂ ਸਿਖ ਇਸਤਰੀਆਂ ਬੱਚਿਆਂ, ਬਜ਼ੁਰਗਾਂ ਅਤੇ ਜਵਾਨਾਂ ਨੇ ਆਪਣੀਆਂ ਜਾਨਾਂ ਵਾਰੀਆਂ। ਪੱਛਮੀ ਪੰਜਾਬ ਤੋਂ ਸਿਖ ਮਰੀਂਦੇ ਕਟੀਂਦੇ ਜਦ ਅਜ਼ਾਦ ਭਾਰਤ ਦੇ ਕੈਂਪਾਂ ਵਿਚ ਪਹੁੰਚੇ ਤਾਂ ਉਨ੍ਹਾਂ ਸਾਹਮਣੇ ਦੂਜੇ ਦਰਜੇ ਦਾ ਸ਼ਹਿਰੀ ਸਮਝੇ ਜਾਣ ਦੀਆਂ ਤਸਵੀਰਾਂ ਆਉਣੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਨੂੰ ਇਹ ਸਮਝਣ ਵਿਚ ਬਹੁਤੀ ਦੇਰ ਨਹੀਂ ਲਗੀ ਕਿ ਰਾਜ ਕਿਸ ਦਾ ਹੈ ਅਤੇ ਅਜ਼ਾਦੀ ਕਿਸ ਨੂੰ ਮਿਲੀ ਹੈ।

ਉਨ੍ਹਾਂ ਅਜ਼ਾਦੀ ਦੇ ਪਰਵਾਨਿਆਂ ਨੂੰ ਕੀ ਪਤਾ ਸੀ ਕਿ ਇਸ ਫਿਰਕੂ ਸਾਮਰਾਜ ਨੇ ਤਾਂ ਸਿਖ ਕੌਮ ਨੂੰ ਹੌਲੀ ਹੌਲੀ ਹੀਣੇ ਬਣਾ ਕੇ ਮਾਰ ਮੁਕਾਉਣ ਦੀਆਂ ਸਕੀਮਾਂ ਤਾਂ ਅਜ਼ਾਦੀ ਮਿਲਣ ਤੋਂ ਪਹਿਲਾਂ ਹੀ ਤਿਆਰ ਕਰ ਰੱਖੀਆਂ ਸਨ!।

ਹੈਰਾਨਗੀ ਤਾਂ ਇਸ ਗਲ ਦੀ ਹੈ ਕਿ 15 ਅਗਸਤ 1947 ਨੂੰ ਅਜ਼ਾਦੀ ਮਿਲੀ। ਇਸ ਸਰਕਾਰ ਸਾਹਮਣੇ ਸਾਰੇ ਦੇਸ਼ ਦੀ ਵਾਗ ਡੋਰ ਸੰਭਾਲਣ ਦੀ ਸਮੱਸਿਆ ਸੀ, ਬੰਗਾਲ ਤੋਂ ਆਏ ਲਖਾਂ ਸ਼ਰਨਾਰਥੀਆਂ ਦੀ ਸਮੱਸਿਆ ਅਤੇ ਸਾਰੇ ਦੇਸ਼ ਦੀ ਰਾਜਪ੍ਰਬੰਧ ਪ੍ਰਣਾਲੀ ਨੂੰ ਚਾਲੂ ਰਖ ਸਕਣ ਆਦਿ ਦੀਆਂ ਕਈ ਸਮਸਿਆਵਾਂ ਸਾਹਮਣੇ ਸਨ। ਇਹਨਾਂ ਨੂੰ ਪਹਿਲ ਦੇਣ ਦੀ ਬਜਾਏ ਇਸ ਸਰਕਾਰ ਨੇ 'ਸਿਖ-ਮਾਰੂ ਨੀਤੀ' ਨੂੰ ਆਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਸਖਤੀ ਨਾਲ ਲਾਗੂ ਕਰਨ ਵੱਲ ਪੂਰੀ ਤਵੱਜੋ ਦੇਣੀ ਸ਼ੁਰੂ ਕਰ ਦਿੱਤੀ।

ਪੱਛਮੀ ਪੰਜਾਬ ਤੋਂ ਘਰੋਂ ਬੇਘਰ ਹੋ ਕੇ ਆਏ ਲੱਖਾਂ ਸਿੱਖਾਂ ਨੂੰ ਮੁੜ ਵਸਾਉਣ ਲਈ ਫਿਰਕੂ ਸਕੀਮਾਂ ਪਹਿਲਾਂ ਹੀ ਤਿਆਰ ਕੀਤੀਆਂ ਪਈਆਂ ਸਨ ਜਿਨ੍ਹਾਂ ਦਾ ਮੁੱਖ ਮੰਤਵ ਸਿੱਖਾਂ ਨੂੰ ਹੀਣਿਆਂ ਬਣਾਕੇ ਗੁਲਾਮ ਬਣਾਕੇ ਰਖਣਾ ਸੀ ਅਤੇ ਹੌਲੀ ਹੌਲੀ ਇਸ ਕੌਮ ਨੂੰ ਆਪਣੇ ਵਿਚ ਜਜ਼ਬ ਕਰ ਲੈਣਾ ਸੀ। ਇਸ ਨਾਪਾਕ ਸਾਜ਼ਿਸ਼ ਨੂੰ ਸਿਰੇ ਚੜਾਉਨ ਲਈ ਹੇਠ ਲਿਖੇ ਢੰਗ ਅਪਨਾਏ ਗਏ ਜਿਨ੍ਹਾਂ ਨਾਲ ਸਿਖ ਕੌਮ ਲਈ ਸਾਹ ਲੈਣਾ ਵੀ ਔਖਾ ਕਰ ਦਿੱਤਾ ਗਿਆ:

1. ਸਿਖ ਵੱਸੋਂ ਨੂੰ ਅਜੇਹੇ ਢੰਗ ਨਾਲ ਖਲੇਰਨਾ ਕਿ ਉਨ੍ਹਾਂ ਦੀ ਕਿਸੇ ਜ਼ਿਲ੍ਹੇ ਜਾਂ ਤਹਿਸੀਲ ਵਿਚ ਬਹੁਗਿਣਤੀ ਨਾ ਹੋ ਸਕੇ, ਸਿੱਖਾਂ ਨੂੰ ਵੱਧ ਤੋਂ ਵੱਧ ਹਿਦੂ ਬਹੁਗਿਣਤੀ ਵਾਲੇ ਇਲਾਕਿਆਂ ਵਿਚ ਖਲੇਰਕੇ ਵਸਾਉਣਾ ਅਤੇ ਹਿਦੂਆਂ ਨੂੰ ਸਿਖ ਬਹੁਗਿਣਤੀ ਵਾਲੇ ਇਲਾਕਿਆਂ ਵਿਚ, ਲਾਇਲਪੁਰ, ਸ਼ੇਖੂਪੁਰਾ ਤੇ ਗੁਜਰਾਂਵਾਲੇ ਤੋਂ ਆਏ ਸਿੱਖਾਂ ਨੂੰ ਕਰਨਾਲ, ਕੁਰੂਕਸ਼ੇਤਰ ਅਤੇ ਰੋਹਤਕ ਆਦਿ ਇਲਾਕਿਆਂ ਵਿਚ ਖਲੇਰਨਾ, ਇਸੇ ਤਰ੍ਹਾਂ ਕੈਮਲਪੁਰ, ਝੰਗ, ਮੁਲਤਾਨ ਅਤੇ ਬਹਾਵਲਪੁਰ ਤੋਂ ਆਏ ਹਿਦੂਆਂ ਨੂੰ ਸਿਖ ਬਹੁਗਿਣਤੀ ਵਾਲੇ ਇਲਾਕਿਆਂ ਅਰਥਾਤ ਪਟਿਆਲਾ, ਰਾਜਪੁਰਾ ਤੇ ਬਠਿੰਡਾ ਆਦਿ ਵਿਚ ਵਸਾਇਆ ਜਾਣਾ।

2. ਸਿਖ ਲੀਡਰਾਂ ਨੂੰ ਲਾਲਚ ਦੇਕੇ ਸਿੱਖਾਂ ਨੂੰ ਅੰਡੇਮਾਨ ਦੇ ਟਾਪੂਆਂ ਵਿਚ ਆਬਾਦ ਕਰਨ ਦੀਆਂ ਸਕੀਮਾਂ ਵੀ ਘੜੀਆਂ ਗਈਆਂ ਸਨ ਪਰੰਤੂ ਲੋਕ ਵਿਰੋਧਤਾ ਕਾਰਨ ਇਹ ਸਕੀਮਾਂ ਸਿਰੇ ਨਾ ਚੜ੍ਹ ਸਕੀਆਂ।

3. ਯੂ. ਪੀ. ਦੇ ਜੰਗਲਾਂ ਨੂੰ ਆਬਾਦ ਕਰਨ ਵਾਲੀ ਸਕੀਮ ਪਿਛੇ ਵੀ ਇਹੀ ਸ਼ੈਤਾਨੀ ਨਾਪਾਕ ਇਰਾਦੇ ਸਨ। ਜੰਗਲ ਵੀ ਆਬਾਦ ਕਰਾ ਲਏ ਅਤੇ ਹਜ਼ਾਰਾਂ ਸਿੱਖਾਂ ਨੂੰ ਪੰਜਾਬ ਵਿਚੋਂ ਕੱਢਕੇ ਯੂ. ਪੀ. ਜਾ ਸੁੱਟਿਆ ਤਾਂ ਜੋ ਹਿਦੂ ਜਦੋਂ ਚਾਹੁਣ, ਉਨ੍ਹਾਂ ਦੀ ਧੌਣ ਮਰੋੜ ਸਕਨ। ਨਾਲੇ ਪੁੰਨ ਤੇ ਨਾਲੇ ਫਲੀਆਂ!

4. ਕਾਰੋਬਾਰੀ ਸਿੱਖਾਂ ਨੂੰ ਦਿੱਲੀ, ਕਾਨਪੁਰ ਅਤੇ ਬੰਬਈ ਵਰਗੇ ਸ਼ਹਿਰਾਂ ਵਿਚ ਆਬਾਦ ਕੀਤਾ ਗਿਆ ਤਾਂ ਜੋ ਸਰਮਾਏ ਤੋਂ ਸੱਖਣੇ ਪਰ ਸਿਆਣੇ ਕਾਰੋਬਾਰੀ ਲੋਕਾਂ ਤੋਂ ਧਨਾਢ ਹਿਦੂ ਪੂਰਾ ਪੂਰਾ ਲਾਭ ਉਠਾ ਸਕਣ।

5. ਸਿਖਾਂ ਨੂੰ ਖਲੇਰਨ ਲੱਗਿਆਂ ਇਸ ਗੱਲ ਦਾ ਵੀ ਖਾਸ ਧਿਆਨ ਰਖਿਆ ਗਿਆ ਕਿ ਨਹਿਰੀ ਤੇ ਉਪਜਾਊ ਜ਼ਮੀਨਾਂ ਹਿਦੂਆਂ ਨੂੰ ਅਤੇ ਬੈਰਾਨੀ ਤੇ ਗੈਰ ਉਪਜਾਊ ਜ਼ਮੀਨਾਂ ਸਿਖ ਕਿਸਾਨਾਂ ਨੂੰ ਮਿਲਣ।

6. ਇਸੇ ਤਰ੍ਹਾਂ ਸ਼ਹਿਰੀ ਮਕਾਨਾਂ ਦੀ ਵੰਡ ਵੇਲੇ ਵੀ ਮਤ੍ਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਵਧੀਆ ਮਕਾਨ ਹਿਦੂਆਂ ਨੂੰ ਅਤੇ ਘਟੀਆ ਮਕਾਨ ਸਿੱਖਾਂ ਨੂੰ ਦਿੱਤੇ ਗਏ। ਪੱਛਮੀ ਪੰਜਾਬ ਤੋਂ ਆਏ ਧਨਾਢ ਸਿਖਾਂ ਨੂੰ ਜਿਹੜੇ ਵਡੀਆਂ ਵਡੀਆਂ ਹਵੇਲੀਆਂ ਤੇ ਕੋਠੀਆਂ ਛੱਡ ਕੇ ਆਏ ਸਨ, ਇਕ ਜਾਂ

ਦੇ ਕਮਰਿਆਂ ਵਿਚ ਡੱਕ ਦਿੱਤਾ ਗਿਆ।

7. ਪੰਜਾਬ ਦਾ ਰਾਜ ਪ੍ਰਬੰਧ ਸੰਭਾਲਦਿਆਂ ਹੀ ਹਿੰਦੂ ਰਾਜ ਦੀਆਂ ਘੰਟੀਆਂ ਖੜਕਾ ਦਿੱਤੀਆਂ ਗਈਆਂ। ਸਿਖਾਂ ਨੂੰ ਕਿਸੇ ਵੀ ਮਹਿਕਮੇ ਵਿਚ 10 ਫੀਸਦੀ ਤੋਂ ਵਧ ਨੌਕਰੀਆਂ ਨਾ ਦੇਣ, ਕਿਸੇ ਵੀ ਮਹਿਕਮੇ ਦਾ ਮੁੱਖ ਅਫ਼ਸਰ ਸਿੱਖ ਭਰਤੀ ਨਾ ਕਰਨ, ਜੇ ਕੋਈ ਪਹਿਲਾਂ ਤੋਂ ਹੀ ਮੁੱਖ ਅਫਸਰ ਸਿਖ ਹੈ ਤਾਂ ਉਸਨੂੰ ਕੱਢੇ ਜਾਣ ਦੇ ਪ੍ਰਬੰਧ ਕਰਨੇ ਅਤੇ ਸਿਖਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਸਮਝੇ ਜਾਣ ਦੀਆਂ ਹਦਾਇਤਾਂ ਦੇ ਦਿੱਤੀਆਂ ਗਈਆਂ ਸਨ।

8. ਸਿਖਾਂ ਨਾਲ ਕੀਤੇ ਗਏ ਵਾਹਦਿਆਂ ਅਤੇ ਇਨ੍ਹਾਂ ਦੀਆਂ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਦਾ ਪਹਿਲਾ ਇਵਜ਼ਾਨਾ ਇਹ ਕਹਿਕੇ ਦਿੱਤਾ ਗਿਆ ਕਿ ਸਿਖ ਜਮਾਂਦਰੂ ਫਸਾਦੀ ਤੇ ਜਰਾਇਮਪੇਸ਼ਾ ਕੌਮ ਹਨ ਜੋ ਸੂਬੇ ਦੇ ਅਮਨ ਪਸੰਦ ਹਿੰਦੂਆਂ ਲਈ ਇਕ ਵੰਗਾਰ ਬਣ ਚੁੱਕੇ ਹਨ।

9. ਸਿਖਾਂ ਨੂੰ ਥਾਂ ਤੇ ਹੀ ਮਾਰ ਦੇਣ, ਹਿਰਾਸਤ ਵਿਚ ਲੈਣ ਅਤੇ ਇਨ੍ਹਾਂ ਨੂੰ ਠੀਕ ਕਰਨ ਲਈ ਜੋ ਮਨ ਵਿਚ ਆਵੇ ਕਰ ਲੈਣ ਦੀਆਂ ਹਦਾਇਤਾਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਦਿੱਤੀਆਂ ਗਈਆਂ।

10. ਇਨ੍ਹਾਂ ਹੀ ਦਿਨਾਂ ਵਿਚ ਅਛੂਤ ਜਾਤੀਆਂ (Scheduled Castes) ਨੂੰ ਵਿਸ਼ੇਸ਼ ਰਿਆਇਤਾਂ, ਨੌਕਰੀਆਂ, ਅਸੈਂਬਲੀ ਤੇ ਹੋਰ ਪਬਲਿਕ ਸੰਸਥਾਵਾਂ ਵਿਚ ਰਾਖਵੀਆਂ ਸੀਟਾਂ ਅਤੇ ਵਿਦਿਆਰਥੀਆਂ ਲਈ ਵਜ਼ੀਫੇ ਆਦਿ ਦੇਣ ਦਾ ਐਲਾਨ ਕੀਤਾ ਗਿਆ ਜਿਸ ਵਿਚ ਇਹ ਵੀ ਕਿਹਾ ਗਿਆ ਕਿ ਅਛੂਤ ਹਿੰਦੂ ਜਾਤੀ ਦਾ ਹਿਸਾ ਹਨ, ਇਸ ਲਈ ਇਹ ਰਿਹਾਇਤਾਂ ਕੇਵਲ ਹਿੰਦੂ ਅਛੂਤਾਂ ਨੂੰ ਹੀ ਦਿੱਤੀਆਂ ਜਾਣਗੀਆਂ। ਉਂਜ ਕਹਿੰਦੇ ਹਨ ਕਿ ਸਿਖ ਕੇਸਾ ਧਾਰੀ ਹਿੰਦੂ ਹਨ ਪਰ ਰਿਆਇਤਾਂ ਦੇਣ ਲਗਿਆਂ ਸਿਖ ਅਛੂਤ ਹਿੰਦੂ ਅਛੂਤਾਂ ਨਾਲੋਂ ਵੱਖਰੇ ਹਨ। ਮਨ ਵਿਚ ਹੋਰ, ਕਹਿਣਾ ਹੋਰ ਅਤੇ ਕਰਨਾ ਕੁਝ ਹੋਰ ਇਹ ਤਾਂ ਇਨ੍ਹਾਂ ਦਾ ਕੌਮੀ ਖਾਸਾ ਹੈ।

11. ਇਸ ਦਾ ਸਿੱਧਾ ਅਸਰ ਇਹ ਹੋਇਆ ਕਿ ਯੂ.ਪੀ. ਦੇ ਲੱਖਾਂ ਦੀ ਗਿਣਤੀ ਵਿਚ ਸਜੇ ਸਿੰਘਾਂ ਨੇ ਆਪਣੇ ਕੇਸ ਕਤਲ ਕਰਾਕੇ ਆਪਣੇ ਆਪ ਨੂੰ ਹਿੰਦੂ ਲਿਖਵਾਣਾ ਸ਼ੁਰੂਕਰ ਦਿੱਤਾ। ਸਿਖਾਂ ਦੇ ਰੌਲਾ ਪਾਣ ਤੇ ਵੀ ਕੇਵਲ ਚਾਰ ਸਿਖ ਪਛੜੀਆਂ ਜਾਤੀਆਂ ਨੂੰ ਇਹ ਰਿਆਇਤਾਂ ਦਿੱਤੀਆਂ ਗਈਆਂ।

12. ਸਿਖਾਂ ਨੂੰ ਨਵੇਂ ਪੰਜਾਬ ਵਿਚ ਰਾਖਵੀਆਂ ਸੀਟਾਂ ਦੇਣ ਦੇ ਮਈ 1947 ਵਿਚ ਕੀਤੇ ਵਾਹਦੇ ਨੂੰ ਤਿਲਾਂਜਲੀ ਦੇਕੇ, 8 ਅਗਸਤ 1948 ਨੂੰ ਪੰਜਾਹ ਮੈਂਬਰੀ ਸਲਾਹਕਾਰ ਕਮੇਟੀ ਨੇ ਫੈਸਲਾ ਦਿੱਤਾ ਕਿ ਵਿਧਾਨ ਸਭਾ ਦੀਆਂ ਚੋਣਾਂ ਦਾ ਅਧਾਰ ਸਾਂਝੀ ਚੋਣ ਪ੍ਰਣਾਲੀ ਹੋਵੇਗਾ ਅਤੇ ਘਟਗਿਣਤੀ ਲਈ ਕੋਈ ਰਾਖਵੀਂ ਸੀਟ ਨਹੀਂ ਹੋਵੇਗੀ। ਇਸ ਸੰਬੰਧ ਵਿਚ ਸਰਦਾਰ ਪਟੇਲ ਦੇ ਇਹ ਵਿਚਾਰ ਧਿਆਨ ਨਾਲ ਪੜ੍ਹਨ ਵਾਲੇ ਹਨ:

> ਜਦੋਂ ਮੁਸਲਮਾਨ ਲਈ ਪਾਕਿਸਤਾਨ ਦਾ ਵਖਰਾ ਦੇਸ਼ ਬਣ ਗਿਆ ਹੈ ਤਾਂ ਇਹ ਸਪਸ਼ਟ ਹੈ ਕਿ ਹਿੰਦੁਸਤਾਨ ਦਾ ਬਾਕੀ ਹਿਸਾ ਇਕੋ ਕੌਮ ਦਾ, ਯਾਨੀ ਹਿੰਦੂ ਦਾ ਦੇਸ਼ ਹੈ, ਜਿਸਦੀ ਵਸੋਂ 82 ਫੀਸਦੀ ਹੈ।

13. ਉਸ ਵੇਲੇ ਦੇ ਗ੍ਰਹਿ ਮੰਤਰੀ ਮਿ: ਕਾਟਜੂ ਨੇ ਤਾਂ ਸਿਖਾਂ ਨੂੰ ਸਾਫ ਸ਼ਬਦਾਂ ਵਿਚ ਹਿੰਦੂ ਬਣ ਜਾਣ ਦੀ ਵੰਗਾਰ ਪਾਈ ਅਤੇ ਇਹ ਨਾਹਰਾ ਦਿੱਤਾ:

> ਹੁਣ ਸਿਖਾਂ ਦੀ ਭਲਾਈ ਇਸੇ ਵਿਚ ਹੈ ਕਿ ਉਹ ਆਪਣੀ ਵਖਰੀ ਹੋਂਦ ਨੂੰ ਭੁੱਲਕੇ ਦੇਸ਼ ਦੀ ਗਣਤੰਤਰੀ ਪ੍ਰਣਾਲੀ ਵਿਚ ਆਪਣੇ ਆਪ ਨੂੰ ਸਮੋ ਲੈਣ।

14.The idea should have been unity (ਇਕਸੁਰਤਾ) and not uniformity

(ਇਕਸਾਰਤਾ)। ਵੱਖ ਵੱਖ ਕੌਮਾਂ ਅੰਦਰ ਇਕਸੁਰਤਾ ਤਾਂ ਕਾਇਮ ਕੀਤੀ ਜਾ ਸਕਦੀ ਹੈ ਪਰ ਇਕਸਾਰਤਾ ਨਹੀਂ। ਪੰਜਾਬੀ ਧੋਤੀ ਨਹੀਂ ਪਾਣਗੇ ਅਤੇ ਬੰਗਾਲੀ ਪਜਾਮਾ ਨਹੀਂ ਪਾਣਗੇ। ਇਸੇ ਤਰ੍ਹਾਂ ਲਖਨਵੀ ਧੋਤੀ ਨਹੀਂ ਪਾਣਗੇ।

15. ਰਾਖਵੀਆਂ ਸੀਟਾਂ ਸੰਬੰਧੀ ਇਕ ਹੋਰ ਉਘੇ ਕਾਂਗਰਸੀ ਦੇ ਵਿਚਾਰ:

ਮੈਂ ਘਟਗਿਣਤੀ ਦੇ ਸ਼ਬਦ ਨੂੰ ਬਿਲਕੁੱਲ ਪਸੰਦ ਨਹੀਂ ਕਰਦਾ।

16. ਇਕ ਹੋਰ ਉਘੇ ਹਿੰਦੂ ਕਾਂਗਰਸੀ ਮਹਾਂਵੀਰ ਤਿਆਗੀ ਨੇ ਉਦੋਂ ਵਖਰੀ ਚੋਣ ਪ੍ਰਣਾਲੀ ਸੰਬੰਧੀ ਸਪਸ਼ਟ ਕੀਤਾ:

ਸਾਨੂੰ ਇਹ ਕਿਉਂ ਕਿਹਾ ਜਾਂਦਾ ਹੈ ਕਿ ਘੱਟ-ਗਿਣਤੀ ਲਈ ਵਖਰੀ ਚੋਣ ਪ੍ਰਣਾਲੀ ਬਣਾਈ ਜਾਵੇ।

17. ਘੱਟ-ਗਿਣਤੀਆਂ ਵਾਸਤੇ ਕੇਵਲ ਇਹੋ ਹੀ ਰਾਹ ਹੈ ਕਿ ਉਹ ਬਹੁਗਿਣਤੀ ਦੀਆਂ ਵਫਾਦਾਰ ਬਣਕੇ ਰਹਿਣ ਅਤੇ ਬਹੁਗਿਣਤੀ ਦੇ ਭਰੋਸੇ ਨੂੰ ਜਿੱਤਣ ਲਈ ਉਸ ਨਾਲ ਸਹਿਯੋਗ ਕਰਨ।

18. ਘੱਟ-ਗਿਣਤੀਆਂ ਨੂੰ ਅਸੀਂ ਕੱਢ ਦੇਣ ਵਿਚ ਜਾਂ ਵੱਡੀ ਪੱਧਰ ਤੇ ਕਤਲ ਕਰ ਦੇਣ ਵਿਚ ਵਿਸ਼ਵਾਸ ਨਹੀਂ ਰਖਦੇ, ਸਗੋਂ ਧਰਮ ਦੀ ਤਬਦੀਲੀ ਦੇ ਚਾਹਵਾਨ ਹਾਂ।

ਕਿੰਨੇ ਸਾਫ਼ ਸ਼ਬਦਾਂ ਵਿਚ ਚਿਤਾਵਨੀ ਦਿੱਤੀ ਹੈ ਕਿ ਘੱਟ-ਗਿਣਤੀ ਵਾਲੇ ਲੋਕ ਹਿੰਦੂ ਧਰਮ ਵਿਚ ਪ੍ਰਵੇਸ਼ ਕਰ ਲੈਣ ਨਹੀਂ ਤਾਂ ਦੇਸ਼ ਵਿਚੋਂ ਬਾਹਰ ਕਢ ਦਿੱਤੇ ਜਾਣਗੇ ਜਾਂ ਕਤਲ ਕਰ ਦਿੱਤੇ ਜਾਣਗੇ। ਇਸ ਤੋਂ ਸਿਖ-ਮਾਰੂ ਨੀਤੀ ਲਿਸ਼ਕਾਰੇ ਮਾਰਦੀ ਨਜ਼ਰ ਆਉਂਦੀ ਹੈ।

19. 26 ਨਵੰਬਰ 1949 ਨੂੰ ਵਿਧਾਨ ਪਾਸ ਕਰਕੇ 26 ਜਨਵਰੀ 1950 ਤੋਂ ਲਾਗੂ ਕਰ ਦਿੱਤਾ ਗਿਆ ਜਿਸ ਵਿਚ ਸਿੱਖਾਂ ਨਾਲ ਕੀਤੇ ਵਾਹਿਦਿਆਂ ਮੁਤਾਬਕ ਕੁਝ ਵੀ ਨਹੀਂ ਸੀ ਜਿਸ ਕਰਕੇ ਸਿੱਖ ਪ੍ਰਤੀਨਿਧਾਂ ਨੇ ਉਸ ਤੇ ਦਸਤਖਤ ਕਰਨ ਤੋਂ ਸਾਫ਼ ਨਾਂਹ ਕਰ ਦਿੱਤੀ ਤਾਂ ਜੋ ਸੰਸਾਰ ਤੇ ਆਉਣ ਵਾਲੀਆਂ ਨਸਲਾਂ ਸਿੱਖਾਂ ਨਾਲ ਕੀਤੇ ਗਏ ਵਿਸ਼ਵਾਸਘਾਤ ਦੇ ਇਸ ਰੋਸ ਤੋਂ ਜਾਣੂ ਹੋ ਸਕਣ।

20. ਫਿਰਕੂ ਹਿੰਦੂ ਲੀਡਰਾਂ, ਵਜ਼ੀਰਾਂ ਅਤੇ ਪ੍ਰੈੱਸ ਨੇ ਸਿੱਖ ਕੌਮ ਵਿਰੁਧ ਧੂੰਆਧਾਰ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਵਿਚ ਹਰ ਪਾਸਿਓਂ ਸਿੱਖ ਕੌਮ ਤੇ ਵਾਰ ਹੋਣੇ ਸ਼ੁਰੂ ਹੋ ਗਏ। ਗੁਰਦਵਾਰਿਆਂ ਵਿਚ ਸਿਗਰਟਾਂ ਸੁੱਟਣ ਦੀਆਂ ਕਮੀਨੀਆਂ ਹਰਕਤਾਂ, ਗੁਰਦਵਾਰਿਆਂ ਨੂੰ ਅੱਗਾਂ ਲਾਉਣੀਆਂ ਅਤੇ ਦਫਤਰਾਂ ਵਿਚ ਸਿਖ ਕੌਮ ਦੇ ਮਜ਼ਾਕ ਉਡਾਏ ਜਾਣ ਦੀਆਂ ਵਾਰਦਾਤਾਂ ਤੇਜ਼ੀ ਨਾਲ ਹੋਣ ਲੱਗੀਆਂ।

21. 1951 ਦੀ ਮਰਦਮ-ਸ਼ੁਮਾਰੀ ਸਮੇਂ ਹਿੰਦੂ ਫਿਰਕੂ ਵੱਲੋਂ ਪੰਜਾਬੀ ਭਾਸ਼ਾ ਨੂੰ ਆਪਣੀ ਮਾਂ- ਬੋਲੀ ਮੰਨਣ ਤੋਂ ਮੁੱਕਰ ਗਈ। ਕਾਂਗਰਸ ਦੇ ਜਨਰਲ ਸੈਕਟਰੀ, ਆਰੀਆ ਸਮਾਜੀ ਜਗਤ ਨਰਾਇਣ ਨੇ ਇਕ ਸਰਕੂਲਰ ਰਾਹੀਂ ਪੰਜਾਬ ਦੇ ਸਭ ਹਿੰਦੂਆਂ ਨੂੰ ਆਪਣੀ ਮਾਤ ਭਾਸ਼ਾ ਹਿੰਦੀ ਲਿਖਾਉਣ ਤੇ ਜ਼ੋਰ ਲਾਇਆ ਜਿਸ ਵਿਚ ਕੇਂਦਰੀ ਫਿਰਕੂ ਕਾਂਗਰਸ ਸਰਕਾਰ ਦਾ ਹੱਥ ਸੀ।

22. ਇਨ੍ਹਾਂ ਦਿਨਾਂ ਵਿਚ ਹੀ ਹਿੰਦੂ ਕੋਡ ਬਿਲ ਤੇ ਵਿਚਾਰਾਂ ਹੋ ਰਹੀਆਂ ਸਨ ਜਿਸਦੀ ਧਾਰਾ 25 ਅਨੁਸਾਰ ਸਿੱਖਾਂ ਨੂੰ ਜੈਨੀਆਂ ਤੇ ਬੋਧੀਆਂ ਵਾਂਗ ਹਿੰਦੂ ਕਰਾਰ ਦੇ ਦਿੱਤਾ ਗਿਆ। ਇਸ ਧਾਰਾ ਦੇ ਵਿਰੋਧ ਵਿਚ, ਸਾਰੀ ਪਾਰਲੀਮੈਂਟ ਵਿਚ ਸਿਖ ਮੈਂਬਰਾਂ ਦੀ ਸਿਰਫ ਬੰਗਾਲ ਦੇ ਮਿ: ਨਜ਼ੀਰ-ਉ-ਦੀਨ ਅਹਿਮਦ ਨੇ ਹਮਾਇਤ ਕੀਤੀ।

23. ਬੋਲੀਆਂ ਦੇ ਆਧਾਰ ਤੇ ਸੂਬਿਆਂ ਦੀ ਹਦਬੰਦੀ ਲਈ 22 ਦਸੰਬਰ 1953 ਨੂੰ ਇਕ ਕਮਿਸ਼ਨ ਬਣਾਇਆ ਗਿਆ। ਗੁਜਰਾਤੀ, ਮਰਹੱਟੀ, ਤਾਮਲ, ਤੇਲਗੂ, ਬੰਗਾਲੀ, ਆਸਾਮੀ ਅਤੇ ਹਿੰਦੀ ਭਾਸ਼ਾ ਦੇ ਸੂਬੇ ਬਣਾ ਦਿੱਤੇ ਗਏ। ਸਾਰੇ ਦੇਸ਼ ਵਿਚ ਕੇਵਲ ਸਿਖਾਂ ਨੂੰ ਬੋਲੀ ਦੇ ਅਧਾਰ ਤੇ ਪੰਜਾਬੀ ਸੂਬਾ ਲੈਣ ਵਾਸਤੇ ਮੋਰਚੇ ਲਾਣੇ ਪਏ। ਹਜਾਰਾਂ ਸਿਖਾਂ ਨੂੰ ਜੇਲ੍ਹਾਂ ਕੱਟਣੀਆਂ ਪਈਆਂ, ਲਾਠੀਆਂ ਤੇ ਗੋਲੀਆਂ ਖਾਣੀਆਂ ਪਈਆਂ, ਹੋਰ ਤੇ ਹੋਰ ਪੰਜਾਬੀ ਸੂਬੇ ਦਾ ਨਾਂ ਲੈਣ ਤੇ ਪਾਬੰਦੀਆਂ ਲਾਈਆਂ ਗਈਆਂ। ਸਿਖਾਂ ਨੂੰ ਸੈਂਕੜੇ ਸ਼ਹੀਦੀਆਂ ਦੇਣੀਆਂ ਪਈਆਂ। ਮਜਬੂਰ ਹੋਕੇ ਜਦ ਸਰਕਾਰ ਨੂੰ ਪੰਜਾਬੀ ਸੂਬੇ ਦੀ ਮੰਗ ਮੰਨਣੀ ਪਈ ਤਾਂ ਅਜੇਹਾ ਪੰਜਾਬੀ ਸੂਬਾ ਬਣਾ ਕੇ ਦਿੱਤਾ ਕਿ ਸਿਖ ਸਾਰੀ ਉਮਰ ਯਾਦ ਕਰਦੇ ਰਹਿਣਗੇ।

ਕਈ ਪੰਜਾਬੀ ਬੋਲਦੇ ਸ਼ਹਿਰ ਤੇ ਪਿੰਡ ਹਰਿਆਣਾ ਤੇ ਜਾਂ ਹਿਮਾਚਲ ਨਾਲ ਜੋੜ ਦਿੱਤੇ। ਪੰਜਾਬ ਨਾਲ ਨਾ ਕੋਈ ਪਹਾੜੀ ਇਲਾਕਾ ਰਹਿਣ ਦਿੱਤਾ ਅਤੇ ਨਾਹੀ ਕੋਈ ਜੰਗਲ ਰਹਿਣ ਦਿੱਤਾ। ਬੱਸ ਵਿਚ ਬੈਠਕੇ ਛੇ ਘੰਟਿਆਂ ਵਿਚ ਸਾਰਾ ਪੰਜਾਬੀ ਸੂਬਾ ਘੁੰਮਿਆ ਜਾ ਸਕਦਾ ਹੈ। ਇਸਦੀ ਰਾਜਧਾਨੀ ਇਸਤੋਂ ਖੋਹ ਕੇ ਆਪ ਮਾਲਕ ਬਣ ਬੈਠੇ ਅਤੇ ਇਸਨੂੰ ਆਪਣੀ ਹੀ ਰਾਜਧਾਨੀ ਦਾ ਕਿਰਾਏਦਾਰ ਬਣਾ ਕੇ ਰੱਖ ਦਿੱਤਾ। ਇਸ ਫਿਰਕੂ ਸਮਰਾਜ ਨੇ ਪੈਰ ਪੈਰ ਤੇ ਸਿਖ ਕੌਮ ਨਾਲ ਧ੍ਰੋਹ ਤੇ ਧੱਕਾ ਹੀ ਕੀਤਾ ਹੈ।

ਕੁਦਰਤ ਨੇ ਪੰਜਾਬ ਨੂੰ ਕੋਲਾ ਤੇ ਗੈਸ ਦੀ ਥਾਂ ਪਾਣੀ ਤੇ ਉਸਤੋਂ ਉਪਜੀ ਬਿਜਲੀ ਦਿੱਤੀ। ਕੌਮਾਂਤਰੀ ਕਾਨੂੰਨ ਅਨੁਸਾਰ ਦਰਿਆ ਪੰਜਾਬ ਵਿਚ ਵਗਦੇ ਹੋਣ ਕਾਰਨ, ਪੰਜਾਬ ਹੀ ਇਨ੍ਹਾਂ ਦਾ ਮਾਲਕ ਹੈ। ਧੱਕੇਸ਼ਾਹੀ ਦੀ ਕੋਈ ਤਾਂ ਹੱਦ ਹੁੰਦੀ ਹੈ ਪਰ ਇਹ ਫਿਰਕੂ ਕੇਂਦਰ ਸਾਰੇ ਕੌਮਾਂਤਰੀ ਅਸੂਲਾਂ ਨੂੰ ਛਿੱਕੇ ਤੇ ਟੰਗ ਕੇ ਪੰਜਾਬ ਦੇ ਪਾਣੀ ਤੇ ਬਿਜਲੀ ਦਾ ਮਾਲਕ ਆਪ ਬਣ ਬੈਠਾ। ਪੰਜਾਬ ਦਾ ਕਿਸਾਨ ਤਾਂ ਪਾਣੀ ਤੇ ਬਿਜਲੀ ਲਈ ਤਰਸ ਰਿਹਾ ਹੈ ਅਤੇ ਇਸਦਾ ਵਾਲ ਵਾਲ ਕਰਜ਼ੇ ਵਿਚ ਜਕੜਿਆ ਪਿਆ ਹੈ ਪਰ ਹਰਿਆਣਾ, ਰਾਜਿਸਥਾਨ ਅਤੇ ਦਿੱਲੀ ਇਸਦੀਆਂ ਅੱਖਾਂ ਸਾਹਮਣੇ ਦੂਹੱਥੀਂ ਰੱਜ ਰੱਜਕੇ ਲੁੱਟ ਰਹੇ ਹਨ ਇਸਦੀ ਦੌਲਤ ਦੇ ਖਜ਼ਾਨੇ।

ਸਿੰਚਾਈ ਦਾ ਮਹਿਕਮਾ, ਸਾਰੇ ਭਾਰਤ ਵਿਚ, ਹਰ ਸੂਬਾਈ ਸਰਕਾਰ ਦੀ ਨਿੱਜੀ ਜਿਮੇਵਾਰੀ ਹੈ। ਭਾਰਤ ਦੇ ਹੋਰ ਸਾਰੇ ਸੂਬਿਆਂ ਵਿਚ ਇਹੋ ਕਾਨੂੰਨ ਹੈ ਪਰ ਪੰਜਾਬ ਹੀ ਇਕ ਅਜੇਹਾ ਪ੍ਰਾਂਤ ਹੈ ਜਿਸਦਾ ਸਿੰਚਾਈ ਬੋਰਡ ਸੈਂਟਰ ਦੇ ਹੱਥਾਂ ਵਿਚ ਹੈ ਜਿਸਦੇ ਦਰਿਆਵਾਂ ਦੇ ਪਾਣੀ ਦਾ ਵੱਡਾ ਹਿਸਾ ਗਵਾਂਢੀ ਪ੍ਰਾਂਤਾਂ ਨੂੰ ਦਿੱਤਾ ਜਾਂਦਾ ਹੈ ਅਤੇ ਇਸਦੇ ਆਪਣੇ ਕਿਸਾਨਾਂ ਨੂੰ ਪਿਆਸਾ ਰਖਿਆ ਜਾਂਦਾ ਹੈ।

24. ਮੁਗਲ, ਅੰਗਰੇਜ਼ ਅਤੇ ਅਜ਼ਾਦੀ ਮਿਲਣ ਤਕ ਹਿੰਦੂ ਕਾਂਗਰਸੀ ਵੀ ਇਹ ਗਲ ਮੰਨਦੇ ਆਏ ਹਨ ਕਿ ਸਿਖ ਇਕ ਬਹਾਦਰ ਕੌਮ ਹੈ। ਅੰਗਰੇਜ਼ਾਂ ਵੇਲੇ ਸਿਖਾਂ ਦੀ ਵੱਸੋਂ ਢੇਡ ਫੀਸਦੀ ਸੀ ਪਰੰਤੂ ਫੌਜ ਵਿਚ ਇਹ 30 ਫੀਸਦੀ ਭਰਤੀ ਕੀਤੇ ਜਾਂਦੇ ਰਹੇ। ਹੁਣ ਸਿਖਾਂ ਨੂੰ ਫੌਜ ਵਿਚ ਵੱਸੋਂ ਮੁਤਾਬਕ ਡੇਢ ਫੀਸਦੀ ਤੱਕ ਸੀਮਤ ਕਰਨ ਲਈ ਬੜੀਆਂ ਗੁੱਝੀਆਂ ਤੇ ਸ਼ਰਮਨਾਕ ਚਾਲਾਂ ਚੱਲੀਆਂ ਜਾ ਰਹੀਆਂ ਹਨ। ਫੌਜ ਵਿਚ ਸਿਖਾਂ ਦੀ ਨਵੀਂ ਭਰਤੀ ਬੰਦ ਕਰ ਦਿੱਤੀ ਗਈ ਅਤੇ ਪਹਿਲੀ ਫੌਜ ਨੂੰ ਲੜਾਈਆਂ ਦੇ ਮੁਹਾਜ਼ ਤੇ ਭੇਜ ਕੇ ਹੌਲੀ ਹੌਲੀ ਮਰਵਾਂਦੇ ਰਹੇ ਜਿਸ ਨਾਲ ਸਰਕਾਰ ਨੂੰ ਹਰ ਪਾਸਿਉਂ ਲਾਭ ਹੀ ਲਾਭ ਹੋਇਆ। ਫੌਜ ਵਿਚ ਸਿਖਾਂ ਦੀ ਗਿਣਤੀ ਘਟ ਗਈ। ਸਿਖਾਂ ਨਾਲ ਵਿਤਕਰਾ ਕਰ ਕੇ ਕਿਸੇ ਵੀ ਮਹਿਕਮੇ ਵਿਚ ਨੌਕਰੀਆਂ ਨਾ ਦੇਣ ਅਤੇ ਨੌਕਰੀਆਂ ਤੇ ਲੱਗੇ ਹੋਏ ਸਿਖਾਂ ਨੂੰ ਐਵੇਂ ਬਹਾਨੇ ਬਣਾ ਕੇ ਕੱਢੇ ਜਾਣ ਕਾਰਨ ਸਿਖਾਂ ਦੀ ਆਰਥਕ ਹਾਲਤ ਖਰਾਬ ਹੋਣਾ ਅਤੇ ਸਿਖਾਂ ਦਾ ਬੇਰੁਜ਼ਗਾਰ ਹੋ ਕੇ ਹੀਣਿਆਂ ਬਣਨਾ ਆਦਿ ਸਾਰੀਆਂ ਗੱਲਾਂ ਸਰਕਾਰ ਦੀ ਸਿਖ-ਮਾਰੂ ਨੀਤੀ ਨਾਲ ਮੇਚ ਖਾਂਦੀਆਂ ਸਨ।

ਜਿੱਥੇ ਵੀ ਲੜਾਈ ਹੋਈ ਸਿੱਖ ਫੌਜ ਨੂੰ ਮਰਵਾਉਣ ਲਈ ਝੌਂਕਿਆ ਗਿਆ। ਸਿੱਖ ਨੌਜਵਾਨਾਂ ਨੂੰ ਚੀਨ ਤੇ ਪਾਕਿਸਤਾਨ ਦੀਆਂ ਲੜਾਈਆਂ ਵਿਚ ਮਰਵਾਇਆ ਗਿਆ। ਗੋਆ ਅਤੇ ਬੰਗਲਾ ਦੇਸ਼ ਨੂੰ ਅਜ਼ਾਦ ਕਰਾਉਣ ਵੇਲੇ ਸਿੱਖ ਫੌਜ ਨੂੰ ਹੀ ਅਗੇ ਕੀਤਾ ਗਿਆ। ਫਿਰ ਲੰਕਾਂ ਦੇ ਹਿੰਦੂ ਤਾਮਲਾਂ ਨੂੰ ਬਚਾਉਣ ਲਈ ਵੀ ਸਿਖ ਫੌਜ ਨੂੰ ਹੀ ਮਰਵਾਇਆ ਜਾਣ ਲਗਾ। ਤਾਮਲਨਾਡੂ ਦੇ ਮਦਰਾਸੀਆਂ ਨੂੰ ਕਿਉਂ ਨਹੀਂ ਭੇਜਿਆ ਗਿਆ ਜਿਹੜੇ ਤਾਮਲਾਂ ਦੀ ਬੋਲੀ ਅਤੇ ਸਭਿਆਚਾਰ ਤੋਂ ਵੀ ਜਾਣੂ ਹਨ? ਮਤਲਬ ਸਾਫ ਹੈ ਸਿੱਖ ਫੌਜ ਨੂੰ ਹੌਲੀ ਹੌਲੀ ਖਤਮ ਕਰਵਾਕੇ ਘਟਾਣਾ। 30 ਫੀਸਦੀ ਤੋਂ ਘਟਾਕੇ 4 ਫੀਸਦੀ ਤੱਕ ਲੈ ਆਏ ਹਨ ਅਤੇ ਡੇਢ ਫੀਸਦੀ ਤੱਕ ਲੈ ਆਉਣ ਦਾ ਟੀਚਾ ਕੋਈ ਦੂਰ ਨਹੀਂ ਹੈ।

ਸ੍ਰੀ ਦਰਬਾਰ ਸਾਹਿਬ ਨੂੰ ਟੈਂਕਾਂ ਨਾਲ ਢਹਿਢੇਰੀ ਕਰ ਦੇਣ, ਹਜ਼ਾਰਾਂ ਨਿਰਦੋਸ਼ ਬੱਚਿਆਂ, ਇਸਤਰੀਆਂ, ਜਵਾਨਾਂ ਅਤੇ ਬਜ਼ੁਰਗ ਸ਼ਰਧਾਲੂਆਂ ਦੇ ਕਤਲਾਮ ਅਤੇ ਸਿੱਖ ਇਸਤਰੀਆਂ ਦੀਆਂ ਪੱਤਾਂ ਲੁਟੇ ਜਾਣਦੀਆਂ ਖਬਰਾਂ ਜਦ ਧਰਮੀ ਫੌਜੀਆਂ ਦੇ ਕੰਨੀਂ ਪਈਆਂ ਤਾਂ ਉਨ੍ਹਾਂ ਦਾ ਖੂਨ ਉਬਾਲੇ ਖਾਣ ਲੱਗ ਪਿਆ ਅਤੇ ਉਹ ਪੰਜਾਬ ਵੱਲ ਤੁਰੇ। ਇਸ ਬੁੱਚੜ ਸਰਕਾਰ ਨੂੰ ਸਿੱਖ ਫੌਜੀਆਂ ਦੇ ਕਤਲਾਮ ਦਾ ਵੀ ਬਾਹਨਾ ਮਿਲ ਗਿਆ, ਕੁਝ ਨੂੰ ਗੋਲੀਆਂ ਨਾਲ ਭੁੰਨ ਕੇ ਸਬਕ ਸਿਖਾਇਆ ਅਤੇ ਬਾਕੀਆਂ ਨੂੰ ਕਾਲ ਕੋਠੜੀਆਂ ਵਿਚ ਜਾ ਸੁੱਟਿਆ।

ਪਾਕਿਸਤਾਨ ਦੀ ਸੰਨ 1965 ਦੀ ਲੜਾਈ ਵਿਚੋਂ ਭੱਜਕੇ ਖੇਤਾਂ ਵਿਚ ਜਾ ਲੁਕਣ ਵਾਲੇ ਮਦਰਾਸੀ ਭਗੌੜਿਆਂ ਨੂੰ ਤਾਂ ਅੱਜ ਤੱਕ ਕੋਈ ਸਜਾ ਨਹੀਂ ਦਿੱਤੀ ਗਈ ਕਿਉਂਕਿ ਉਹ ਹਿੰਦੂ ਜੁ ਸਨ, ਪਰ ਧਰਮੀ ਸਿੱਖ ਫੌਜੀਆਂ ਨੂੰ ਗੋਲੀ ਨਾਲ ਵੀ ਭੁੰਨਿਆ ਅਤੇ ਬਾਕੀ ਬੱਚਿਆਂ ਨੂੰ ਜੇਲ੍ਹਾਂ ਵਿਚ ਗਾਲਿਆ ਜਾ ਰਿਹਾ ਹੈ ਕਿਉਂਕਿ ਇਹ ਸਿੱਖ ਜੁ ਹੋਏ ਅਤੇ ਇਹ ਆਪਣੇ ਧਰਮ ਅਸਥਾਨਾਂ ਦੀ ਗੈਰਵਿਧਾਨਕ ਬੇਹੁਰਮਤੀ ਤੇ ਸਿੱਖ ਇਸਤਰੀਆਂ ਬੱਚਿਆਂ ਦਾ ਕਤਲਾਮ ਨਾ ਸਹਾਰ ਸਕੇ।

ਫੌਜ ਵਿਚ ਵੀ ਸਿੱਖਾਂ ਨਾਲ ਉਹੋ ਜੇਹਾ ਮਤ੍ਰੇਈ ਵਾਲਾ ਸਲੂਕ ਕੀਤਾ ਜਾ ਰਿਹਾ ਹੈ ਜਿਹੋ ਜੇਹਾ ਸਿਵਲ ਦੀਆਂ ਸਰਕਾਰੀ ਨੌਕਰੀਆਂ ਵਿਚ। ਅਫਸਰ ਹਰ ਪਾਸੇ ਹਿੰਦੂ ਲਏ ਜਾਂਦੇ ਹਨ ਅਤੇ ਸੇਵਾ ਲਈ ਕਲਰਕ ਤੇ ਸਿਪਾਹੀ ਜੇ ਕੋਈ ਸਿੱਖ ਲੈਣਾ ਵੀ ਹੈ ਤਾਂ ਉਹ ਵੀ ਪਤਿਤ ਨੂੰ।

ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਵਰਗਾ ਵਿਅਕਤੀ ਜੋ ਭਾਰਤ ਵਿਚ ਅੱਜ ਆਪਣੇ ਆਪ ਨੂੰ ਇਕ ਸਨਮਾਨਜਨਕ ਸ਼ਹਿਰੀ ਨਹੀਂ ਮਹਿਸੂਸ ਕਰ ਸਕਦਾ ਉਥੇ ਇਕ ਸਾਧਾਰਨ ਸਿੱਖ ਜਾਂ ਫੌਜੀ ਸਿੱਖ ਨੂੰ ਕੌਣ ਪੁਛੇਗਾ? ਉਹ ਤਾਂ ਨਾ ਤਿੰਨਾਂ ਵਿਚ ਤੇ ਨਾ ਤੇਰ੍ਹਾਂ ਵਿਚ। ਜਨਰਲ ਅਰੋੜਾ ਨੇ ਇਕ ਪ੍ਰਸ਼ਨ ਦੇ ਉਤਰ ਵਿਚ ਇੰਜ ਕਿਹਾ:

> ਮੈਂ ਇਕ ਸਿੱਖ ਹੋਣ ਕਰਕੇ ਅੱਜ ਬੁਰੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਮੈਂ ਆਪਣੇ ਦੇਸ਼ ਵਿਚ ਇਕ ਸਨਮਾਨ ਪੂਰਨ ਨਾਗਰਿਕ ਨਹੀਂ ਗਿਣਿਆ ਜਾਂਦਾ।

25 ਅੱਜ ਦੇ ਭਾਰਤ ਵਿਚ ਸਿੱਖ ਹੋਣਾ ਜੁਰਮ ਹੈ। ਦਿਨ ਰਾਤ ਵਿਧਾਨ ਵਿਚ ਰਹਿਕੇ ਪੰਜਾਬ ਦੇ ਫੈਸਲੇ ਦੇ ਰਾਗ ਅਲਾਪੇ ਜਾ ਰਹੇ ਹਨ। ਜਿਸ ਵਿਧਾਨ ਵਿਚ ਸਿੱਖ ਹੋਣਾ ਜੁਰਮ ਹੈ ਉਸ ਵਿਧਾਨ ਨੂੰ ਮੰਨ ਕੇ ਤਾਂ ਸਿੱਖ ਆਪਣੀ ਮੌਤ ਆਪ ਸਹੇੜਨਗੇ। ਪਿਛਲੇ ਬਤਾਲੀ ਸਾਲਾਂ ਵਿਚ ਇਸ ਵਿਧਾਨ ਨੇ ਜਿਹੜਾ ਜ਼ੁਲਮ, ਅਤਿਆਚਾਰ ਅਤੇ ਅਨਿਆਏ ਸਿੱਖ ਕੌਮ ਅਤੇ ਸਿੱਖ ਧਰਮ ਨਾਲ ਕੀਤਾ ਹੈ ਉਸਦੀ ਮਿਸਾਲ ਸੰਸਾਰ ਦੇ ਕਿਸੇ ਇਤਿਹਾਸ ਵਿਚ ਨਹੀਂ ਮਿਲਦੀ।

26. ਅੱਜ ਦੇ ਯੁਗ ਅੰਦਰ ਜਦ ਸਾਰੇ ਸੰਸਾਰ ਵਿਚ ਗੁਲਾਮੀ ਦੇ ਸੰਗਲ ਟੁੱਟ ਰਹੇ ਹਨ ਇਹ ਨਵਾਂ

ਉਠ ਰਿਹਾ ਬ੍ਰਾਹਮਣ ਸਾਮਰਾਜ ਸਿੱਖਾਂ ਵਰਗੀ ਕੌਮ ਨੂੰ ਦਾਸ ਬਣਾਈ ਰੱਖਣ ਦੇ ਸੁਪਨੇ ਲੈ ਰਿਹਾ ਹੈ ਪਰ ਸਿਖ ਹਮੇਸ਼ਾ ਕੁਰਬਾਨੀ ਦੀ ਭੱਠੀ ਵਿਚੋਂ ਸਟੀਲ ਬਣਕੇ ਨਿਕਲਦੇ ਰਹੇ ਹਨ।

27. ਪੰਜਾਬ ਦੇ ਸ਼ਹਿਰਾਂ, ਪਿੰਡਾਂ ਅਤੇ ਖੇਤਾਂ ਵਿਚ ਆਉਂਦਿਆਂ ਜਾਂਦਿਆਂ ਸਿੱਖਾਂ ਦੀ ਤਲਾਸ਼ੀ ਲੈਕੇ ਉਨ੍ਹਾਂ ਨੂੰ ਬੇਇਜ਼ਤ ਕੀਤਾ ਜਾਂਦਾ ਹੈ। ਕੇਵਲ ਸ਼ੱਕ ਹੋ ਜਾਣ ਤੇ ਬਿਨਾਂ ਕਿਸੇ ਸਬੂਤ ਜਾਂ ਪੁਛਗਿਛ ਦੇ ਕੁਟਾਪਾ ਚਾੜ੍ਹ ਦੇਣਾ, ਗੋਲੀ ਮਾਰ ਕੇ ਭੁੰਨ ਦੇਣਾ ਜਾਂ ਜੇਲ੍ਹ ਵਿਚ ਸੁਟ ਦੇਣਾ ਤਾਂ ਰੋਜ਼ ਦਾ ਤੌਰ ਤਰੀਕਾ ਬਣ ਚੁੱਕਿਆ ਹੋਇਆ ਹੈ। ਅਜੇਹੇ ਵਿਧਾਨ ਵਿਚ ਰਹਿਕੇ ਫੈਸਲੇ ਦੀ ਗੱਲ ਕਰਨ ਵਾਲੇ ਸਿੱਖਾਂ ਨੂੰ ਵੀ ਫਿਟਕਾਰ ਹੈ ਅਤੇ ਅਜੇਹੇ ਵਿਧਾਨ ਨੂੰ ਵੀ ਫਿਟਕਾਰ ਹੈ ਜਿਹੜਾ ਆਪਣੇ ਬਹਾਦਰ ਸ਼ਹਿਰੀਆਂ ਨਾਲ ਅਜੇਹੇ ਕੁਕਰਮ ਕਰਨ ਦੀ ਇਜਾਜ਼ਤ ਦਿੰਦਾ ਹੈ।

ਜਰਨੈਲੀ ਸੜਕਾਂ ਤੇ, ਹਵਾਈ ਅੱਡਿਆਂ ਤੇ, ਬੱਸ ਅੱਡਿਆਂ ਤੇ, ਸਕੂਟਰਾਂ 'ਤੇ, ਕਾਰਾਂ ਵਿਚ, ਬੱਸਾਂ ਵਿਚ, ਟਰੱਕਾਂ ਵਿਚ ਜਾਂਦੇ ਹਰ ਸਿਖ ਨੂੰ ਉਤਾਰ ਕੇ ਤਲਾਸ਼ੀ ਲੈਕੇ ਬੇਇਜ਼ਤ ਕਰਨਾ ਜਮਹੂਰੀਅਤ ਦਾ ਮਜ਼ਾਕ ਉਡਾਉਣਾ ਹੈ। ਇਹ ਵਰਤਾਉ ਕੇਵਲ ਪੰਜਾਬ ਵਿਚ ਹੀ ਨਹੀਂ ਸਗੋਂ ਦਿੱਲੀ, ਹਰਿਆਣਾ, ਰਾਜਿਸਥਾਨ, ਹਿਮਾਚਲ ਪਰਦੇਸ਼ ਆਦਿ ਪ੍ਰਾਂਤਾਂ ਵਿਚ ਵੀ ਹੋ ਰਿਹਾ ਹੈ।

ਸੰਨ 1982 ਵਿਚ ਏਸ਼ੀਆਈ ਖੇਡਾਂ ਲਈ ਹਰਿਆਣੇ ਵਿਚੋਂ ਲੰਘ ਰਹੇ ਹਰ ਸਿਖ ਦੀ ਤਲਾਸ਼ੀ ਲੈਕੇ ਬੇਇਜ਼ਤ ਕੀਤਾ ਗਿਆ। ਇਥੋਂ ਤਕ ਕਿ ਮਹੱਤਵਪੂਰਨ ਅਫਸਰਾਂ, ਫੌਜੀ ਅਫਸਰਾਂ, ਸਿਖ ਬੱਚਿਆਂ, ਇਸਤਰੀਆਂ ਅਤੇ ਕਾਂਗਰਸ ਦੇ ਸਿਖ ਪਾਰਲੀਮੈਂਟ ਮੈਂਬਰਾਂ ਨੂੰ ਵੀ ਇਸ ਅਪਮਾਨ ਭਰੀ ਨਿਰਾਦਰੀ ਤੋਂ ਨਾ ਬਖਸ਼ਿਆ ਗਿਆ।

ਇਥੇ ਹੀ ਬੱਸ ਨਹੀਂ, ਇਤਨੇ ਵੱਡੇ ਅਪਮਾਨ ਤੇ ਨਿਰਾਦਰੀ ਵਿਰੁੱਧ ਦੇਸ਼ ਦੇ ਸਾਰੇ ਅਖਬਾਰ ਚੁੱਪ, ਸਰਕਾਰ ਚੁੱਪ, ਹਾਕਮ ਚੁੱਪ ਅਤੇ ਸਾਰੀ ਅਪੋਜ਼ੀਸ਼ਨ ਚੁੱਪ! ਸਭ ਨੇ ਇਹ ਸਮਝ ਕੇ ਹੀ ਚੁੱਪ ਸਾਧੀ ਰਖੀ ਜਿਵੇਂ ਕਿ ਸਿਖਾਂ ਨਾਲ ਇਜ ਹੀ ਹੋਣਾ ਚਾਹੀਦਾ ਹੈ ਕਿਉਂਕਿ ਉਹ ਸਿਖ ਜੁ ਬਣੀ ਬੈਠੇ ਹਨ। ਫਿਟਕਾਰ ਹੈ ਉਨ੍ਹਾਂ ਸਿਖ ਲੀਡਰਾਂ ਤੇ ਅਤੇ ਪਾਰਲੀਮੈਂਟ ਮੈਂਬਰਾਂ ਤੇ ਜਿਹੜੇ ਇਤਨੇ ਵਡੇ ਅਪਮਾਨ ਮਗਰੋਂ ਵੀ ਵਜ਼ੀਰੀਆਂ ਤੇ ਕੁਰਸੀਆਂ ਨਾਲ ਚੰਮੜੇ ਰਹੇ ਸਨ ਅਤੇ ਅੱਜ ਵੀ ਕਾਤਲਾਂ ਤੇ ਕਸਾਈਆਂ ਨਾਲ ਫੈਸਲੇ ਕਰਕੇ ਉਨ੍ਹਾਂ ਦੀਆਂ ਜੁੱਤੀਆਂ ਚਟਣ ਲਈ ਉਤਾਵਲੇ ਬੈਠੇ ਹਨ।

28. ਜਮਹੂਰੀਅਤ ਵਿਚ ਬਹੁਗਿਣਤੀ ਦਾ ਧਰਮ, ਜ਼ਬਾਨ ਅਤੇ ਸਭਿਆਚਾਰ ਤਾਂ ਆਪਣੇ ਆਪ ਹੀ ਸੁਰਖਿਅਤ ਹਨ। ਨਾ ਘਟ ਗਿਣਤੀ ਦੇ ਹੱਥ ਵਿਚ ਰਾਜ-ਸੱਤਾ ਕਦੀ ਆਉਣੀ ਹੈ ਤੇ ਨਾਹੀ ਉਸ ਕਦੀ ਖਤਰਾ ਬਣ ਸਕਣਾ ਹੈ। ਬਹੁਗਿਣਤੀ ਹੀ ਘੱਟ ਗਿਣਤੀ ਲਈ ਵਿਰਕੂ ਬਣ ਸਕਦੀ ਹੈ। ਅਜੇਹੀ ਹਾਲਤ ਵਿਚ ਵਿਧਾਨ ਹੀ ਘਟਗਿਣਤੀ ਦੀ ਰਾਖੀ ਕਰ ਸਕਦਾ ਹੈ।

ਸਭ ਤੋਂ ਪਹਿਲੀ ਗੱਲ ਤਾਂ ਵਿਧਾਨ ਦੀ ਇਹ ਹੈ ਕਿ ਇਸ ਵਿਚ ਘੱਟਗਿਣਤੀਆਂ ਨੂੰ ਕੋਈ ਵਿਸ਼ੇਸ਼ ਹਿਫਾਜ਼ਤ ਦਿੱਤੀ ਹੀ ਨਹੀਂ ਗਈ। ਸਿੱਖਾਂ ਨੂੰ ਤਾਂ ਇਕ ਵੱਖਰੀ ਕੌਮ ਹੀ ਨਹੀਂ ਮੰਨਿਆ ਗਿਆ। ਇਨ੍ਹਾਂ ਨੂੰ ਤਾਂ ਬੋਧੀਆਂ ਤੇ ਜੈਨੀਆਂ ਵਾਂਗ ਹਿੰਦੂ ਬੈਗ ਵਿਚ ਹੀ ਸੁੱਟ ਦਿੱਤਾ ਗਿਆ। ਵਿਧਾਨ ਵਿਚ ਦਿੱਤੇ ਹੱਕਾਂ (ਕੇਵਲ ਲਿਖਤੀ ਰੂਪ) ਦਾ ਗਲਾ ਤਾਂ ਉਂਜ ਹੀ ਘੁੱਟ ਦਿੱਤਾ ਗਿਆ ਜਦ ਕਿ ਪਾਰਲੀਮੈਂਟ ਨੂੰ ਬੁਨਿਆਦੀ ਹੱਕਾਂ ਨੂੰ ਬਦਲ ਸਕਣ ਦਾ ਅਧਿਕਾਰ ਦੇ ਦਿੱਤਾ।

ਪਾਰਲੀਮੈਂਟ ਵਿਚ ਰਾਜ ਰਾਮ ਲਾਲ ਦਾ ਬਣ ਜਾਵੇ ਜਾਂ ਸ਼ਾਮ ਲਾਲ ਦਾ, ਇਸ ਮੁਲਕ ਵਿਚ ਰਾਜ ਹਰ ਹਾਲਤ ਵਿਚ ਹਿੰਦੂ ਬਹੁਗਿਣਤੀ ਦਾ ਹੀ ਰਹਿਣਾ ਹੈ।

29. ਜੇ ਹਿਦੂ ਮੁੱਖਮੰਤਰੀ ਅਤੇ ਰਾਜ ਸਰਕਾਰ ਇਕ ਸਿੱਖ ਕਪੂਰ ਸਿੰਘ ਨੂੰ ਆਈ ਸੀ ਐਸ ਦੀ ਪਦਵੀ ਤੋਂ ਗੈਰਕਾਨੂਨੀ ਢੰਗ ਨਾਲ ਵੀ ਕੱਢ ਦੇਵੇ ਤਾਂ ਭਾਰਤੀ ਵਿਧਾਨ ਆਗਿਆ ਦਿੰਦਾ ਹੈ ਪਰ ਜੇ ਇਕ ਸਿੱਖ ਮੁਖ ਮੰਤਰੀ ਤੇ ਸਰਕਾਰ ਇਕ ਹਿਦੂ ਰਘੂਪਤੀ ਕਪੂਰ ਵਿਰੁਧ ਇਹੋ ਕੁਝ ਕਰੇ ਤਾਂ ਭਾਰਤੀ ਵਿਧਾਨ ਅਨੁਸਾਰ ਇਹ ਗੈਰ ਕਾਨੂਨੀ ਬਣ ਜਾਂਦਾ ਹੈ। ਰਘੂਪਤੀ ਕਪੂਰ ਬਹਾਲ ਹੋ ਕੇ ਤਾਂ ਪੈਨਸ਼ਨ ਲੈ ਸਕਦਾ ਹੈ ਪਰ ਕਪੂਰ ਸਿੰਘ ਨਹੀਂ।

ਸੰਨ 1965 ਵਿਚ ਅਪੋਜੀਸ਼ਨ ਲੀਡਰ ਸ: ਗੁਰਨਾਮ ਸਿੰਘ ਜੱਜ ਨੇ ਲਾਲ ਬਹਾਦਰ ਸ਼ਾਸਤਰੀ ਨੂੰ ਲਿਖਿਆ ਕਿ ਮੁਲਕ ਦਾ ਕਾਨੂਨ ਸ: ਕਪੂਰ ਸਿੰਘ ਤੇ ਸ੍ਰੀ ਰਘੂਪਤੀ ਲਈ ਇਕੋ ਜਿਹਾ ਹੈ ਅਤੇ ਇਕੋ ਜੇਹਾ ਹੋਣਾ ਚਾਹੀਦਾ ਹੈ, ਇਸ ਲਈ ਸ: ਕਪੂਰ ਸਿੰਘ ਨੂੰ ਉਨ੍ਹਾਂ ਦੀ ਤਨਖਾਹ ਤੇ ਪੈਨਸ਼ਨ ਬਹਾਲ ਕੀਤੀ ਜਾਵੇ। ਦੇਸ਼ ਦੇ ਵਿਧਾਨ ਦੇ ਰਾਖੇ ਪ੍ਰਧਾਨ ਮੰਤਰੀ ਨੇ ਨਿਝੱਕ ਹੋਕੇ ਉੱਤਰ ਦਿੱਤਾ:

> ਹਿਦ ਸਰਕਾਰ ਸ: ਕਪੂਰ ਸਿੰਘ ਨੂੰ ਕੁਝ ਵੀ ਦੇਣ ਦਵਾਣ ਨੂੰ ਤਿਆਰ ਨਹੀਂ, ਕੜਾ ਕਾਨੂਨ ਜੋ ਭੀ ਹੋਵੇ ਸੋ ਹੋਵੇ।

ਇਹ ਚਿੱਠੀ ਸੁਪ੍ਰੀਮ ਕੋਰਟ ਦੇ ਰੀਕਾਰਡ ਵਿਚ ਸੁਰਖਿਅਤ ਪਈ ਹੈ। ਇੱਥੇ ਵਿਧਾਨ ਕੀ ਕਰੇਗਾ?

30. ਇਸ ਵਿਧਾਨ ਵਿਚ ਕਿਥੇ ਲਿਖਿਆ ਹੈ ਕਿ ਪੰਜਾਬ ਤੇ ਸਾਰੇ ਭਾਰਤ ਵਿਚੋਂ 15-40 ਸਾਲ ਤੱਕ ਦੇ ਸਿਖਾਂ ਦਾ ਕਤਲਾਮ ਕਰ ਦੇਵੋ ਅਤੇ ਉਨ੍ਹਾਂ ਦੀਆਂ ਇਸਤਰੀਆਂ ਦੀਆਂ ਪੱਤਾਂ ਲੁੱਟੋ? ਇਸੇ ਵਿਧਾਨ ਸਾਹਮਣੇ ਇਹ ਸਭ ਕੁਝ ਕਰਾਉਣ ਵਾਲਾ ਕਸਾਈ ਅਜੇ ਵੀ ਸਨਮਾਨਿਆ ਹੋਇਆ ਅਪੋਜੀਸ਼ਨ ਦਾ ਲੀਡਰ ਹੈ।

31. ਜਿਸ ਵਿਧਾਨ ਦੇ ਸਾਹਮਣੇ ਪੰਜ ਹਜ਼ਾਰ ਤੋਂ ਵਧ ਸਿੱਖਾਂ ਨੂੰ ਅਧਮੋਇਆਂ ਕਰਕੇ ਤੇਲ ਉਤੇ ਛਿੜਕ ਕੇ, ਜ਼ਿੰਦਾ ਜਲਾ ਦਿੱਤਾ ਗਿਆ, ਜਿਸ ਵਿਧਾਨ ਦੀਆਂ ਅਖਾਂ ਸਾਹਮਣੇ ਦੋ ਹਜ਼ਾਰ ਤੋਂ ਵਧ ਸਿਖ ਅਬਲਾ ਇਸਤਰੀਆਂ 'ਤੇ ਬੱਚੀਆਂ ਦੀਆਂ ਪੱਤਾਂ ਜਾਨਵਰਾਂ ਵਾਂਗ ਸੜਕਾਂ ਤੇ ਲੁੱਟੀਆਂ ਗਈਆਂ, ਜਿਸ ਵਿਧਾਨ ਦੇ ਪਰਦੇ ਥੱਲੇ ਦਸ ਹਜ਼ਾਰ ਤੋਂ ਵਧ ਇਸਤਰੀਆਂ ਦੇ ਸੁਹਾਗ ਲੁਟਕੇ ਵਿਧਵਾ ਬਣਾ ਦਿੱਤਾ ਗਿਆ, ਜਿਸ ਵਿਧਾਨ ਦੇ ਵਹਿਸ਼ੀ ਹੱਥਾਂ ਨੇ ਦਸ ਹਜ਼ਾਰ ਤੋਂ ਵਧ ਮਾਸੂਮ ਤੇ ਨਿਰਦੋਸ਼ ਸਿਖ ਬੱਚਿਆਂ ਨੂੰ ਯਤੀਮ ਬਣਾ ਦਿੱਤਾ, ਜਿਸ ਵਿਧਾਨ ਦੀ ਸਹਿਮਤੀ ਨਾਲ ਸੈਂਕੜੇ ਸਿਖ ਗੁਰਦਵਾਰਿਆਂ ਨੂੰ ਸਾੜਿਆ ਗਿਆ, ਜਿਸ ਵਿਧਾਨ ਦੀਆਂ ਅੱਖਾਂ ਸਾਹਮਣੇ ਸਿੱਖਾਂ ਦੀਆਂ ਅਰਬਾਂ ਰੁਪੈ ਦੀਆਂ ਜਾਇਦਾਦਾਂ, ਘਰਾਂ ਤੇ ਫੈਕਟਰੀਆਂ ਦੀ ਸਾੜਫੂਕ ਕੀਤੀ ਗਈ ਹੋਵੇ, ਇਹ ਸਭ ਕੁਝ ਵੇਖਣ ਮਗਰੋਂ ਵੀ ਜੇ ਸਿੱਖ ਲੀਡਰ ਉਸੇ ਵਿਧਾਨ ਵਿਚ ਰਹਿਕੇ ਆਪਣੇ ਭਵਿੱਖ ਦਾ ਫੈਸਲਾ ਕਰਨ ਲਈ ਸੋਚ ਰਹੇ ਹਨ ਤਾਂ ਰੱਬ ਹੀ ਇਨ੍ਹਾਂ ਸਿਖ ਲੀਡਰਾਂ ਦੀ ਸੋਚ ਦਾ ਰਾਖਾ ਹੈ।

32. ਸੰਸਾਰ-ਬਰਾਦਰੀ ਦੀਆਂ ਅੱਖਾਂ ਵਿਚ ਮਿਟੀ-ਘੱਟਾ ਪਾਉਣ ਲਈ, ਜਮਹੂਰੀ ਦੇਸ਼ ਹੋਣ ਦਾ ਰੌਲਾ ਤਾਂ ਖੂਬ ਪਾਇਆ ਜਾਂਦਾ ਹੈ ਪਰ ਅਸਲੀਅਤ ਇਸਦੇ ਬਿਲਕੁਲ ਉਲਟ ਹੈ। ਲੋਕਾਂ ਨੂੰ ਨਾ ਬੋਲਣ ਦੀ ਆਜ਼ਾਦੀ, ਨਾ ਧਰਮ ਦੀ ਅਜ਼ਾਦੀ ਅਤੇ ਨਾਹੀ ਬੁਨਿਆਦੀ ਸ਼ਹਿਰੀ ਹੱਕਾਂ ਦੀ ਅਜ਼ਾਦੀ।

33. ਜੇ ਮਰਾਠੀ ਵਖਰਾ ਮਹਾਂਰਾਸ਼ਟਰ ਦੀ ਮੰਗ ਕਰ ਸਕਦੇ ਹਨ, ਜੇ ਤਾਮਿਲ ਵਖਰਾ ਤਾਮਿਲਨਾਡੂ ਮੰਗ ਸਕਦੇ ਹਨ, ਆਂਧਰਾ ਦੇ ਲੋਕ ਜੇ ਤੇਲਗੂ ਦੇਸ਼ਮ ਦੀ ਗੱਲ ਕਰ ਸਕਦੇ ਹਨ, ਜੇ ਕਸ਼ਮੀਰ ਦੇ ਮੁਸਲਮਾਨ ਅਜ਼ਾਦ ਕਸ਼ਮੀਰ ਦੀ ਮੰਗ ਕਰ ਸਕਦੇ ਹਨ, ਜੇ ਨਾਗਾ ਲੋਕ ਆਪਣਾ ਵਖਰੇ ਨਾਗਾਲੈਂਡ ਦੇਸ਼ ਦੀ ਮੰਗ ਰਖ ਸਕਦੇ ਹਨ ਤਾਂ ਸਿੱਖ ਖਾਲਿਸਤਾਨ ਦੀ ਮੰਗ ਕਿਉਂ ਨਹੀਂ ਕਰ ਸਕਦੇ?

34. ਖਾਲਿਸਤਾਨ ਦੀਆਂ ਖਬਰਾਂ ਤੇ ਪਾਬੰਦੀਆਂ ਕਿਉਂ? ਖਾਲਿਸਤਾਨ ਦੀ ਮੰਗ ਕਰਨ ਵਾਲੇ ਗੋਲੀਆਂ ਦਾ ਨਿਸ਼ਾਨਾ ਕਿਉਂ ਬਣਾਏ ਜਾਣ? ਸਾਰੇ ਭਾਰਤ ਤੇ ਪੰਜਾਬ ਵਿਚ ਕੇਵਲ ਸਿਖਾਂ ਦੀਆਂ ਹੀ ਤਲਾਸ਼ੀਆਂ ਕਿਉਂ? ਖਾਲਿਸਤਾਨੀ ਸਾਹਿਤ ਤੇ ਪਾਬੰਦੀਆਂ ਕਿਉਂ? — ਇਸ ਲਈ ਕਿ ਹਿਂਦੁਸਤਾਨ ਦੀ ਸਰਕਾਰ ਦੀ ਜਮਹੂਰੀਅਤ ਕੇਵਲ ਹਿਂਦੂਆਂ ਲਈ ਹੈ, ਸਿੱਖਾਂ ਲਈ ਨਹੀਂ। ਅਜੇਹੀ ਜਮਹੂਰੀਅਤ ਧੋਖਾ ਹੋ ਸਕਦੀ ਹੈ, ਫਰੇਬ ਹੋ ਸਕਦੀ ਹੈ ਪਰ ਇਸ ਤੋਂ ਵਧ ਹੋਰ ਕੁਝ ਨਹੀਂ।

35. ਜਿਸ ਦੇਸ਼ ਵਿਚ ਸਰਕਾਰ ਆਪਣੇ ਕੀਤੇ ਗੁਨਾਹਾਂ ਨੂੰ ਛੁਪਾਉਣ ਲਈ ਪੈਰ ਪੈਰ ਤੇ ਕਾਨੂੰਨ ਘੜ ਲੈਂਦੀ ਹੈ, ਜਿਥੇ ਕਾਲੇ ਕਾਨੂੰਨਾਂ ਨਾਲ ਲੋਕਾਂ ਦਾ ਕਤਲਾਮ ਕੀਤਾ ਜਾਂਦਾ ਹੈ, ਜਿਥੇ ਡਰ ਤੇ ਸਹਿਮ ਹੈ, ਕਿਸੇ ਪਾਸੇ ਨਿਆਂ ਦੀ ਕੋਈ ਆਸ ਹੀ ਨਹੀਂ ਦਿਸਦੀ ਉਸ ਦੇਸ਼ ਵਿਚ ਨਾਂ ਤਾਂ ਜਮਹੂਰੀਅਤ ਹੈ ਅਤੇ ਨਾਹੀ ਸਾਨੂੰ ਇਹ ਮਨਜ਼ੂਰ ਹੈ।

36. ਜਮਹੂਰੀਅਤ ਅਤੇ ਰਾਸ਼ਟਰਵਾਦ ਦੇ ਪਰਦਿਆਂ ਥੱਲੇ ਘਟਗਿਣਤੀ ਦਾ ਖੂਨ ਵਹਾਇਆ ਗਿਆ ਅਤੇ ਵਹਾਇਆ ਜਾ ਰਿਹਾ ਹੈ। ਰਾਜਸੀ ਤਾਕਤ ਦਾ ਕੇਂਦਰੀਕਰਨ ਦਾ ਤਾਂ ਸਾਫ਼ ਮਤਲਬ ਹੈ ਹਿਂਦੂ ਬਹੁਗਿਣਤੀ ਦਾ ਰਾਜ ਅਤੇ ਘੱਟ-ਗਿਣਤੀਆਂ ਦਾ ਹੌਲੀ ਹੌਲੀ ਸਫਾਇਆ ਕਰ ਦੇਣਾ।

37. ਹਿਂਦੂ ਸਾਮਰਾਜ ਨੂੰ ਦੋ ਗੱਲਾਂ ਚੁੱਭਦੀਆਂ ਹਨ: ਸਿਖ ਹੋਣਾ ਤੇ ਅੱਗੋਂ ਅੜਨਾ। ਰਾਜ ਹੋਵੇ ਹਿਂਦੂ ਦਾ ਤਾਂ ਅਗੋਂ ਅੜੇ ਸਿਖ!

38. ਵੇਖੋ ਇਸ ਫਿਰਕੂ ਸਾਮਰਾਜ ਦਾ ਦੂਹਰਾ ਮਾਪਤੋਲ। ਆਪ ਤਾਂ ਇਹ ਲੰਕਾ ਸਰਕਾਰ ਪਾਸੋਂ ਹਿਂਦੂ ਤਾਮਲਾਂ ਲਈ ਤਲਵਾਰ ਵਿਖਾਕੇ ਆਤਮ-ਨਿਰਣੇ ਦਾ ਹੱਕ ਮੰਗਦੀ ਹੈ ਪਰ ਉਹੋ ਹੱਕ ਆਪਣੇ ਦੇਸ਼ ਦੇ ਬਹਾਦਰ ਸਿਖਾਂ ਨੂੰ ਦੇਣ ਤੋਂ ਮੁਨਕਰ ਹੈ।

39. ਜਿਹੜੀ ਸਰਕਾਰ ਤਿੱਬਤ ਦੇ ਲੋਕਾਂ ਦੇ ਆਤਮ-ਨਿਰਣੇ ਦਾ ਰੌਲਾ ਪਾਉਂਦੀ ਹੈ ਉਸਨੂੰ ਆਪਣੀ ਬੁੱਕਲ ਅੰਦਰ ਵੀ ਝਾਤ ਮਾਰਨੀ ਚਾਹੀਦੀ ਹੈ। ਸਿਖਾਂ ਤੇ ਕਸ਼ਮੀਰੀਆਂ ਨੂੰ ਵੀ ਆਤਮ-ਨਿਰਣੇ ਦਾ ਪੂਰਨ ਹੱਕ ਹੋਣਾ ਚਾਹੀਦਾ ਹੈ।

40. ਇਸ ਫਿਰਕੂ ਸਰਕਾਰ ਨੇ ਸਿਖਾਂ ਨੂੰ ਦੇਸ਼ ਤੇ ਵਿਦੇਸ਼ ਵਿਚ ਬਦਨਾਮ ਕਰਨ ਦਾ ਕੋਈ ਸਾਧਨ ਬਾਕੀ ਨਹੀਂ ਰਹਿਣ ਦਿੱਤਾ। ਸਿੱਟੇ ਵਜੋਂ ਸਰਬੱਤ ਦਾ ਭਲਾ ਮੰਗਣ ਵਾਲੇ ਧਰਮੀ ਸਿਖਾਂ ਨੂੰ ਅੱਜ ਸਾਰੇ ਸੰਸਾਰ ਵਿਚ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਸਿਖਾਂ ਨੂੰ ਬਦਨਾਮ ਕਰਨ ਲਈ ਅਖਬਾਰਾਂ ਵਿਚ ਸਿਖ-ਵਿਰੋਧੀ ਤੇ ਭੜਕਾਊ ਇਸ਼ਤਿਹਾਰ ਛਪਵਾਏ ਜਾਂਦੇ ਹਨ। ਦਿਲੀ ਦੇ ਚੌਰਾਹਿਆਂ ਤੇ ਸਿਖ ਦੁਸ਼ਮਣ ਬੋਰਡ ਲਗਵਾਏ ਜਾਂਦੇ ਹਨ:

ਕੀ ਦੇਸ਼ ਦੀ ਸਰਹੱਦ ਅੰਤ ਵਿਚ ਤੁਹਾਡੀ ਦਿੱਲੀ ਨਾਲ ਆ ਲਗੇਗੀ?

ਉਹ ਝੰਡਾ ਉਚਾ ਕਰਦੇ ਹਨ ਅਤੇ ਇਕ ਆਲੇ ਨੂੰ ਦੇਸ਼ ਦਾ ਨਾਂ ਦਿੰਦੇ ਹਨ।

ਤੁਸੀਂ ਉਸ ਡਰਾਈਵਰ ਦੀ ਟੈਕਸੀ ਵਿਚ ਬੈਠਣ ਤੋਂ ਕਿਉਂ ਘਬਰਾਉਂਦੇ ਹੋ ਜਿਹੜਾ ਦੂਸਰੇ ਪ੍ਰਾਂਤ ਦਾ ਬੰਦਾ ਹੈ।

41. ਅਜ਼ਾਦੀ ਲਈ ਲੜੇ ਤਾਂ ਸਿਖ ਕੌਮ, ਲਹੂਲੁਹਾਣ ਹੋਵੇ ਤਾਂ ਸਿਖ ਕੌਮ, ਫਾਂਸੀ ਦੇ ਰੱਸਿਆਂ ਨੂੰ ਚੁੰਮੇ ਤਾਂ ਸਿਖ ਕੌਮ, ਕਾਲਿਆਂ ਪਾਣੀਆਂ ਦੀਆਂ ਉਮਰ ਕੈਦਾਂ ਕੱਟੇ ਤਾਂ ਸਿਖ ਕੌਮ, ਪਰ ਅਜ਼ਾਦੀ ਮਾਨਣ ਵੇਲੇ ਹਿਂਦੂ ਕੌਮ। ਇਸ ਮਕਾਰ ਸਾਮਰਾਜ ਨੇ 'ਹਿਂਦੂ, ਹਿਂਦੀ ਹਿਂਦੂਸਤਾਨ' ਤੇ 'ਯਿਹ ਚਮਨ

ਹਮਾਰਾ ਹੈ, ਤੁਮਾਰਾ ਨਹੀਂ', ਦੇ ਨਾਅਰੇ ਲਾ ਕੇ ਸਿਖ ਕੌਮ ਨੂੰ ਗੁਲਾਮ ਬਣਾਕੇ ਰੱਖ ਦਿੱਤਾ ਹੈ। ਪਿਛਲੇ ਬਤਾਲੀ ਸਾਲਾਂ ਵਿਚ ਇਹ ਫਿਰਕੂ ਕੋੜ੍ਹ ਇਤਨਾ ਵਧ ਚੁੱਕਾ ਹੈ ਕਿ ਸਿਖਾਂ ਵਰਗੀ ਘਟਗਿਣਤੀ ਲਈ ਸਾਹ ਲੈਣਾ ਔਖਾ ਹੋ ਗਿਆ ਹੈ। ਇਸ ਫਿਰਕੂ ਸਾਮਰਾਜ ਨੇ ਜਿਸ ਮੱਕਾਰੀ ਤੇ ਧੋਖੇ ਨਾਲ ਸਿਖ ਕੌਮ ਦੀਆਂ ਜੜ੍ਹਾਂ ਵੱਢੀਆਂ ਹਨ ਉਸਦੀ ਮਿਸਾਲ ਨਹੀਂ ਮਿਲਦੀ।

42. ਜਿਨ੍ਹਾਂ ਸਿਖ ਰਿਆਸਤਾਂ ਨੂੰ ਮ: ਰਣਜੀਤ ਸਿੰਘ ਆਪਣੇ ਰਾਜ ਵਿਚ ਨਾ ਮਿਲਾ ਸਕਿਆ ਅਤੇ ਜਿਨ੍ਹਾਂ ਦੀ ਅਜ਼ਾਦ ਹਸਤੀ ਨੂੰ ਅੰਗਰੇਜ਼ਾਂ ਨੇ ਵੀ ਕਾਇਮ ਰੱਖਣ ਵਿਚ ਭਲਾ ਸਮਝਿਆ ਸੀ ਉਨ੍ਹਾਂ ਰਿਆਸਤਾਂ ਨੂੰ ਨਾ ਕੇਵਲ ਹਿਦੂ ਰਾਜ ਵਿਚ ਸ਼ਾਮਲ ਕੀਤਾ ਗਿਆ ਸਗੋਂ ਉਨ੍ਹਾਂ ਰਿਆਸਤਾਂ ਵਿਚੋਂ ਸਿਖ ਸਭਿਆਚਾਰ ਅਤੇ ਸਿਖ ਸਰਕਾਰੀ ਤਾਣੇ-ਪੇਟੇ ਉਤੇ ਅਜੇਹਾ ਪੱਕਾ ਹਿਦੂ ਸਭਿਆਚਾਰਕ ਤੇ ਸਿਆਸੀ ਰੰਗ ਚਾੜ੍ਹਿਆ ਕਿ ਨਾ ਤਾਂ ਸਿਖ ਰਾਜਿਆਂ ਦਾ ਕੋਈ ਨਾਂ ਨਿਸ਼ਾਨ ਬਾਕੀ ਛੱਡਿਆ ਤੇ ਨਾਹੀ ਸਿਖ ਸਭਿਆਚਾਰ ਦਾ। ਹੁਣ ਤਾਂ ਇਜ ਲਗਦਾ ਹੈ ਕਿ ਇਥੇ ਕਦੀ ਸਿਖ ਰਾਜਿਆਂ ਰਾਜ ਕੀਤਾ ਹੀ ਨਹੀਂ ਸੀ।

43. ਪੰਜਾਬ ਵਿਚ ਜਿੱਥੇ ਹਿਦੂ ਬਹੁਗਿਣਤੀ ਨੇ ਸਿਖ ਕੌਮ ਨੂੰ ਹੌਲੀ ਹੌਲੀ ਖਤਮ ਕਰਨ ਦਾ ਦੌਰ ਚਲਾਇਆ ਉਥੇ ਸਿਖ ਰਿਆਸਤਾਂ ਵਿਚੋਂ ਸਿਖੀ ਨੂੰ ਖਤਮ ਕਰਨ ਲਈ ਬੀ. ਆਰ. ਪਟੇਲ ਨੂੰ ਲਿਆਂਦਾ ਗਿਆ ਜਿਸ ਨੇ ਆਉਂਦਿਆਂ ਹੀ ਸਾਰੀਆਂ ਸਿਖ ਰਿਆਸਤਾਂ ਵਿਚ ਹਰ ਪਾਸੇ ਕੱਟੜ ਹਿਦੂ ਅਫਸਰਾਂ ਦੀਆਂ ਧਾੜਾਂ ਭਰਤੀ ਕਰ ਲਈਆਂ। ਪੰਜਾਂ ਸਾਲਾਂ ਵਿਚ ਹੀ ਸਿਖ ਰਿਆਸਤਾਂ ਨੂੰ ਹਿਦੂ ਰਾਜ ਵਿਚ ਬਦਲਕੇ ਰੱਖ ਦਿੱਤਾ ਗਿਆ।

44. ਸਾਡੇ ਕੁਝ ਖੁਦਗਰਜ਼ ਤੇ ਟੁੱਕੜਬੋਚ ਲੀਡਰ ਤਾਂ ਵਜ਼ੀਰੀਆਂ, ਕੁਰਸੀਆਂ, ਅਤੇ ਪਦਵੀਆਂ ਬਦਲੇ ਕੌਮ ਦੀ ਅਣਖ ਤੇ ਗੈਰਤ ਵੇਚਦੇ ਰਹੇ ਅਤੇ ਇਸ ਤਰ੍ਹਾਂ ਇਨ੍ਹਾਂ ਬੇਸ਼ਰਮ ਲੀਡਰਾਂ ਨੇ ਡੋਗਰਿਆਂ ਦਾ ਰੋਲ ਅਦਾ ਕੀਤਾ, ਕੁਝ ਕੁ ਨੇ ਰੌਲਾ ਤਾਂ ਪਾਇਆ ਪਰ ਕੀਤਾ ਕਰਾਇਆ ਕੁਝ ਵੀ ਨਹੀਂ।

45. ਉਂਜ ਤਾਂ ਸਿਖਾਂ ਨੂੰ ਹਿਦੂਆਂ ਦਾ ਹਿਸਾ ਕਿਹਾ ਜਾਂਦਾ ਹੈ ਪਰ ਜਦ ਸਿਖ ਇਨਸਾਫ ਲੈਣ ਲਈ ਜਾਵੇ ਤਾਂ ਇਨ੍ਹਾਂ ਦੇ ਵਿਧਾਨ ਦੇ ਕਾਨੂੰਨ ਵੀ ਸਿਖਾਂ ਲਈ ਹੋਰ ਮਤਲਬ ਕੱਢਦੇ ਹਨ ਅਤੇ ਹਿਦੂਆਂ ਲਈ ਹੋਰ। ਮਈ 1947 ਵਿਚ ਪੰਜਾਬ ਦੇ ਹਿਦੂ ਲੈਜਿਸਲੇਟਰਾਂ ਨੇ ਇਕ ਰੈਜ਼ੂਲਿਊਸ਼ਨ ਪਾਸ ਕੀਤਾ ਕਿ ਨਵੇਂ ਬਣਨ ਵਾਲੇ ਪੰਜਾਬ ਵਿਚ ਸਿਖਾਂ ਨੂੰ ਰਾਖਵੇਂ ਰਾਜਸੀ ਹੱਕ ਦਿੱਤੇ ਜਾਣਗੇ। ਜਦ ਦੇਣ ਦਾ ਮੌਕਾ ਆਇਆ ਤਾਂ ਇਹ ਕਹਿ ਦਿੱਤਾ ਗਿਆ ਕਿ ਰਾਖਵੇਂ ਹੱਕ ਨਹੀਂ ਦਿੱਤੇ ਜਾ ਸਕਦੇ ਕਿਉਂਕਿ ਇਜ ਕੀਤਿਆਂ ਬਹੁਗਿਣਤੀ ਦੇ ਹੱਕਾਂ ਨਾਲ ਬੇਇਨਸਾਫੀ ਕਰਨਾ ਹੈ ਜੋ ਕਿ ਜਮਹੂਰੀਅਤ ਦੇ ਅਸੂਲਾਂ ਦੇ ਵਿਰੁੱਧ ਹੈ।

46. ਜਦ ਸਿਖ ਰਿਆਸਤਾਂ ਵਿਚ ਸਿਖ ਬਹੁਗਿਣਤੀ ਨੂੰ ਇਸਦੇ ਰਾਜਸੀ ਹੱਕ ਦਿੱਤੇ ਜਾਣ ਦੀ ਮੰਗ ਕੀਤੀ ਗਈ ਤਾਂ ਕਿਹਾ ਗਿਆ ਕਿ ਇਹ ਸਰਕਾਰ ਤਾਂ ਧਰਮ-ਨਿਰਪੇਖ ਸਰਕਾਰ ਹੈ ਇਸ ਲਈ ਸਿਖ ਬਹੁਗਿਣਤੀ ਨੂੰ ਇਸਦਾ ਹਿਸਾ ਦੇਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

47. ਭਾਰਤ ਸਰਕਾਰ ਨੇ ਸਾਰੇ ਦੇਸ਼ ਵਿਚ ਭਾਸ਼ਾ ਦੇ ਆਧਾਰ ਤੇ ਸੂਬੇ ਬਣਾ ਦਿੱਤੇ। ਜਦ ਪੰਜਾਬ ਦੀ ਭਾਸ਼ਾ ਦੇ ਆਧਾਰ ਤੇ ਹੱਦਬੰਦੀ ਦੀ ਵਾਰੀ ਆਈ ਤਾਂ ਇਸਨੂੰ ਫਿਰਕੂ ਮੰਗ ਕਹਿਕੇ ਭੰਡਿਆ ਗਿਆ ਇਹ ਹੈ ਇਨ੍ਹਾਂ ਦੀ ਜਮਹੂਰੀਅਤ ਅਤੇ ਧਰਮ-ਨਿਰਪੇਖਤਾ ਦੀ ਅਸਲੀਅਤ ਜਿਸਦਾ ਮਾਪਤੋਲ ਹਿਦੂਆਂ ਲਈ ਹੋਰ ਤੇ ਸਿਖਾਂ ਲਈ ਹੋਰ।

48. ਕੇਂਦਰ ਨੇ ਹੁਣ ਤਕ ਸਿਖ-ਮਾਰੂ ਨੀਤੀ ਅਧੀਨ, ਸਿਖ ਕੌਮ ਦੀ ਧੌਣ ਘੁਟੀ ਰੱਖੀ ਹੈ ਅਤੇ ਪੰਜਾਬ ਨੂੰ ਆਪਣੇ ਗੋਡਿਆਂ ਹੇਠ ਦਬਾਈ ਰਖਿਆ ਹੈ। ਜੇ ਸਿਖ ਕੌਮ ਨੇ ਇੱਜ਼ਤ ਨਾਲ ਜੀਉਣਾ ਹੈ ਤਾਂ ਸਿਖਾਂ ਨੂੰ ਆਪਣੇ ਅੰਦਰ ਸਵੈਮਾਨ ਤੇ ਤਾਕਤ ਪੈਦਾ ਕਰਨੀ ਪਏਗੀ। ਤਾਕਤ ਏਕੇ ਵਿਚੋਂ ਪੈਦਾ ਹੁੰਦੀ ਹੈ। ਏਕੇ ਤੇ ਤਾਕਤ ਦਾ ਸੋਮਾ ਹੈ ਸ੍ਰੀ ਅਕਾਲ ਤਖਤ ਸਾਹਿਬ ਜਿਹੜਾ ਭਗਤੀ ਤੇ ਸ਼ਕਤੀ ਦਾ ਸੋਮਾ ਅਤੇ ਸੰਤ ਸਿਪਾਹੀਆਂ ਦੀ ਜੀਵਨ ਜੋਤ ਬਣਿਆ ਰਿਹਾ ਹੈ, ਜਿਥੋਂ ਸਰਬਤ ਖਾਲਸੇ ਨੇ ਗੁਰਮਤੇ ਪਾਸ ਕਰਕੇ ਮੱਲਾਂ ਮਾਰੀਆਂ ਸਨ।

ਏਕੇ ਵਾਸਤੇ ਪਛਾਣ ਕਰਨ ਦੀ ਲੋੜ ਹੈ ਅਤੇ ਜਾਗਣ ਦੀ ਲੋੜ ਹੈ ਅਤੇ ਫੈਸਲਾ ਕਰਨ ਦੀ ਲੋੜ ਹੈ ਕਿ ਸਿਖਾਂ ਦਾ ਖੁਰਾ ਖੋਜ ਮਿਟਾ ਦੇਣ ਵਾਲਿਆਂ ਦਾ ਸਾਥ ਦੇਣਾ ਹੈ ਕਿ ਸਿਖਾਂ ਦੀ ਰਾਖੀ ਕਰਨ ਵਾਲਿਆਂ ਦਾ, ਅਜ਼ਾਦ ਰਹਿਣਾ ਹੈ ਕਿ ਗੁਲਾਮ ਬਣਕੇ, ਸਿਖ ਬਣਕੇ ਰਹਿਣਾ ਹੈ ਜਾਂ ਹਿੰਦੂ ਬਣਕੇ, ਸਚ ਦਾ ਰਾਹੀ ਬਣਨਾ ਹੈ ਕਿ ਧੋਖੇ ਤੇ ਫਰੇਬ ਦਾ, ਗੁਰੂ ਦਾ ਹੁਕਮ ਮੰਨਣਾ ਹੈ ਜਾਂ ਬ੍ਰਾਹਮਣ ਦਾ, ਅਕਾਲ ਤਖਤ ਦੇ ਲੜ ਲਗਣਾ ਹੈ ਜਾਂ ਦਿੱਲੀ ਦੇ ਤਖਤ ਦੇ, ਸਿਖ ਕੌਮ ਨਾਲ ਜੁੜਨਾ ਹੈ ਜਾਂ ਸਿਖ ਕੌਮ ਦੇ ਕਾਤਲਾਂ ਨਾਲ, ਲੁਟੇਰਿਆਂ ਤੇ ਜਾਬਰਾਂ ਦਾ ਸਾਥ ਦੇਣਾ ਹੈ ਜਾਂ ਲੁੱਟੇ ਜਾਣ ਵਾਲਿਆਂ ਦਾ, ਮੂੰਹ ਵਿਚ ਰਾਮ ਰਾਮ ਤੇ ਬਗਲ ਵਿਚ ਛੁਰੀ ਵਾਲੇ ਕਸਾਈਆਂ ਦਾ ਸਾਥ ਦੇਣਾ ਹੈ ਜਾਂ ਗੁਰੂ ਦੇ ਸਚਿਆਰੇ ਸਿਖਾਂ ਦਾ, ਮਜ਼ਲੂਮ ਦਾ ਸਾਥ ਦੇਣਾ ਹੈ ਕਿ ਜ਼ਾਲਮ ਦਾ, ਗੁਰੂ ਦੇ ਹੁਕਮ ਦੀ ਪਾਲਣਾ ਕਰਨੀ ਹੈ ਜਾਂ ਦਿੱਲੀ ਦੇ ਕਾਤਲ ਦੇ ਹੁਕਮ ਦੀ। ਇਹ ਹਨ ਕੁਝ ਫੈਸਲੇ ਹਰ ਸਿਖ ਦੇ ਸਾਹਮਣੇ ਜੋ ਸਾਡਾ ਫੌਰੀ ਧਿਆਨ ਮੰਗਦੇ ਹਨ ਜੇ ਅਸੀਂ ਆਦਰ ਤੇ ਸਨਮਾਨ ਨਾਲ ਜੀਉਣਾ ਹੈ।

49. ਸਰਬਤ ਦਾ ਭਲਾ ਮੰਗਣ ਵਾਲੀ ਸਿਖ ਕੌਮ ਨੂੰ ਦੇਸ਼ ਤੇ ਵਿਦੇਸ਼ ਵਿਚ ਅੱਤਵਾਦੀ ਤੇ ਵਖਵਾਦੀ ਕਹਿਕੇ ਬਦਨਾਮ ਕੀਤਾ ਗਿਆ, ਸਾਡੀ ਨਿਮ੍ਰਤਾ ਨੂੰ ਠੁਕਰਾਇਆ ਗਿਆ, ਸਾਡੀ ਵਫ਼ਾਦਾਰੀ ਤੇ ਸ਼ੱਕ ਕੀਤਾ ਗਿਆ, ਸਾਡੀ ਬਹਾਦਰੀ ਦਾ ਮਜ਼ਾਕ ਉਡਾਇਆ ਗਿਆ, ਸਾਡੀਆਂ ਅਬਲਾ ਇਸਤਰੀਆਂ ਦੀ ਪੱਤ ਲੁਟੀ ਗਈ, ਸਾਡੇ ਪਵਿੱਤਰ ਗੁਰਦਵਾਰਿਆਂ ਨੂੰ ਸਾੜਿਆ ਗਿਆ ਅਤੇ ਸਾਡੀਆਂ ਪੱਗਾਂ ਨੂੰ ਹੱਥ ਪਾਇਆ ਗਿਆ। ਸਮਾਂ ਵੰਗਾਰ ਵੰਗਾਰ ਕੇ ਸਿਖ ਕੌਮ ਨੂੰ ਚਿਤਾਵਨੀ ਦੇ ਰਿਹਾ ਹੈ ਕਿ ਹੁਣ ਜਾਗਣ ਦਾ ਵੇਲਾ ਹੈ, ਸੌਣ ਦਾ ਨਹੀਂ। ਜੇ ਆਪਣੀ ਹੋਂਦ ਨੂੰ ਕਾਇਮ ਰੱਖਣਾ ਹੈ ਤਾਂ ਮੌਕੇ ਨੂੰ ਸੰਭਾਲਣ ਦੀ ਫੌਰੀ ਲੋੜ ਹੈ।

50. ਹਾਕਮ ਹਿੰਦੂ ਬਹੁਗਿਣਤੀ ਦੇ ਪੈਰ ਅਜ ਜ਼ਮੀਨ ਤੇ ਨਹੀਂ ਟਿਕਦੇ, ਕਦੀ ਮੁਸਲਮਾਨਾਂ ਨੂੰ ਕੁਰਬਾਨੀ ਦਾ ਬਕਰਾ ਜਾ ਬਣਾਉਂਦਾ ਹੈ ਤੇ ਕਦੀ ਸਿਖਾਂ ਨੂੰ। ਘਟਗਿਣਤੀਆਂ ਨੂੰ ਆਮ ਤੌਰ ਤੇ ਅਤੇ ਸਿਖਾਂ ਨੂੰ ਖਾਸ ਤੌਰ ਤੇ ਨਿਰਾਦ ਚੌਧਰੀ ਦੇ ਇਹ ਸ਼ਬਦ ਕਦੀ ਨਹੀਂ ਭੁਲਣੇ ਚਾਹੀਦੇ:

> Hindus are the Master-Rulers of India and they are fully aware of it, perhaps overaware.
>
> ਹਿੰਦੂ ਹਿੰਦੁਸਤਾਨ ਦੇ ਮਾਲਕ ਤੇ ਹੁਕਮਰਾਨ ਹਨ, ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਗਿਆਨ ਹੈ, ਸ਼ਾਇਦ ਲੋੜ ਤੋਂ ਵੀ ਵਧ।

51. ਇਨ੍ਹਾਂ ਹੈਂਕੜਬਾਜ਼ਾਂ ਅਨੁਸਾਰ ਹਿੰਦੂ ਕੌਮੀ ਏਕੀਕਰਨ ਦਾ ਨਾਂ ਹੀ ਰਾਸ਼ਟਰਵਾਦ ਹੈ ਜਿਸ ਵਿਚ ਹਿੰਦੂ ਬਣਕੇ ਨਾ ਰਹਿਣਾ ਰਾਸ਼ਟਰ-ਵਿਰੋਧੀ ਹੋਣਾ ਹੈ। ਆਪਣੇ ਧਰਮ ਅਤੇ ਨਸਲੀ ਪਛਾਣ ਉਤੇ ਕੁਦਰਤੀ ਮਾਣ ਹੋਣਾ, ਬੰਗਾਲੀਆਂ, ਮਦਰਾਸੀਆਂ, ਅਤੇ ਤਾਮਲਾਂ ਲਈ ਤਾਂ ਜਾਇਜ਼ ਹੈ ਪਰ ਉਹੋ ਮਾਣ ਜੇ ਸਿਖ ਕਰੇ ਤਾਂ ਉਹ ਰਾਸ਼ਟਰ-ਵਿਰੋਧੀ ਗਿਣਿਆ ਜਾਂਦਾ ਹੈ। ਧਾਰਮਕ ਅਤੇ ਨਸਲੀ

ਘਟਗਿਣਤੀਆਂ ਲਈ ਤਾਂ ਹਿੰਦੁਸਤਾਨ ਵਿਚ ਸਾਹ ਲੈਣਾ ਵੀ ਔਖਾ ਹੋ ਗਿਆ ਹੋਇਆ ਹੈ।

52. ਇਹ ਫਿਰਕੂ ਸਾਮਰਾਜ ਪੰਜਾਬ ਵਿਚੋਂ ਸਿੱਖਾਂ ਦੀ ਬਹੁਗਿਣਤੀ ਨੂੰ ਘਟਾਉਣ ਲਈ ਰਾਤ ਦਿਨ ਨਿਤ ਨਵੀਆਂ ਸਕੀਮਾਂ ਘੜਦਾ ਰਹਿੰਦਾ ਹੈ। ਪੰਜਾਬ ਵਿਚ ਸਿੱਖ ਜਵਾਨ ਵਿਹਲੇ ਬੇਰੁਜ਼ਗਾਰ ਫਿਰ ਰਹੇ ਹਨ ਪਰ ਸੌ ਵਿਚੋਂ ਅੱਸੀ ਸਰਕਾਰੀ ਨੌਕਰੀਆਂ ਦੂਜੇ ਪਰਾਂਤਾਂ ਦੇ ਹਿੰਦੂਆਂ ਨੂੰ ਦੇ ਕੇ ਪੰਜਾਬ ਵਿਚ ਵਸਾਇਆ ਜਾ ਰਿਹਾ ਹੈ ਤਾਂ ਜੋ ਪੰਜਾਬ ਵਿਚ ਸਿੱਖਾਂ ਦੀ ਬਹੁਗਿਣਤੀ ਨੂੰ ਘਟਾਇਆ ਜਾ ਸਕੇ। ਬਿਹਾਰ, ਯੂ. ਪੀ. ਅਤੇ ਰਾਜਿਸਥਾਨ ਤੋਂ ਆਈਆਂ ਅਵਾਸੀਆਂ ਦੀਆਂ ਧਾੜਾਂ ਨੇ ਪੰਜਾਬ ਵਿਚ ਸਿੱਖ ਵਸੋਂ ਨੂੰ ਕਾਫੀ ਢਾਹ ਲਾਈ ਹੈ। 27 ਜੁਲਾਈ 1981 ਦੀ ਟ੍ਰਿਬਿਊਨ ਵਿਚ ਛਪੇ ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਹਨ:

ਸਾਲ	ਪੰਜਾਬ ਵਿਚ ਸਿੱਖ ਵਸੋਂ
1961	62.1 ਫੀਸਦੀ
1971	58.09 ਫੀਸਦੀ
1981	53.91 ਫੀਸਦੀ
1991	?

ਭਾਰਤ ਵਿਚ ਇਕੋ ਖਾਨਦਾਨ ਦੇ ਹਾਕਮ ਬਣੇ ਰਹਿਣ ਨਾਲ ਇਥੋਂ ਦੀ ਸਿਆਸਤ ਵਿਚ ਇਕ ਖਤਰਨਾਕ ਮੋੜ ਆਇਆ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੀ ਇਕ ਨਿੱਜੀ ਗੁਪਤ ਏਜੰਸੀ 'ਥਰਡ ਏਜੰਸੀ' ਦੇ ਨਾਂ ਨਾਲ ਕਾਇਮ ਕੀਤੀ ਜਿਸ ਦਾ ਕੰਮ ਉਸ ਦੇ ਇਸ਼ਾਰਿਆਂ ਤੇ ਕੰਮ ਕਰਨਾ, ਸਮੱਗਲਿੰਗ ਕਰਨੀ, ਸਿਆਸੀ ਕਤਲ ਕਰਨੇ ਅਤੇ ਡਾਕੇ ਮਾਰਕੇ ਅਜੇਹੇ ਲੋੜੀਂਦੇ ਹਾਲਾਤ ਪੈਦਾ ਕਰਨੇ ਜਿਨ੍ਹਾਂ ਨਾਲ ਬ੍ਰਾਹਮਣਵਾਦ ਨੂੰ ਦੇਸ਼ ਦੀ ਸਿਆਸਤ ਤੇ ਕਾਮਯਾਬੀ ਨਾਲ ਕਾਇਮ ਰਖਿਆ ਜਾ ਸਕੇ। ਇਹ ਐਨ ਰੋਮਾਨੀਆ ਦੇ ਪ੍ਰਧਾਨ ਦੀ ਗੁਪਤ ਪੁਲੀਸ ਦੀਆਂ ਲੀਹਾਂ ਤੇ ਕਾਇਮ ਕੀਤੀ ਗਈ ਸੀ। ਇਸ ਏਜੰਸੀ ਨੂੰ ਪ੍ਰਧਾਨ ਮੰਤਰੀ ਵਲੋਂ ਦੇਸ਼ ਦੀ ਸਾਰੀ ਹਕੂਮਤ ਨਾਲ ਲੋੜੀਂਦਾ ਤਾਲਮੇਲ ਰੱਖ ਸਕਣ ਦੀ ਵੀ ਖੁੱਲ੍ਹ ਸੀ। ਅਰਬਾਂ ਖਰਬਾਂ ਦੀ ਸਮਗਲਿੰਗ ਦੀ ਆਮਦਨ ਤੋਂ ਬਿਨਾਂ ਧਨਾਢਾਂ ਤੋਂ ਆਏ ਚੰਦੇ ਵੀ ਇਸ ਦੀ ਤਜੌਰੀ ਵਿਚ ਜਾਂਦੇ ਸਨ।

ਇਸ ਏਜੰਸੀ ਦੇ ਮੁੱਖ ਕੰਮਾਂ ਵਿਚ ਹਰ ਪ੍ਰਾਂਤ ਅੰਦਰ ਆਪਣੇ ਅਦਾਰੇ ਕਾਇਮ ਕਰਨੇ ਅਤੇ ਲੋੜ ਪੈਣ ਤੇ ਡਾਕੇ, ਲੁੱਟਮਾਰ ਅਤੇ ਸਿਆਸੀ ਕਤਲ ਕਰਨੇ ਤੇ ਕਰਵਾਣੇ ਸ਼ਾਮਲ ਸਨ। ਪੰਜਾਬ ਵਿਚ ਇਸੇ ਏਜੰਸੀ ਤੇ ਸੀ ਆਰ ਪੀ ਨੇ ਮਿਲਕੇ ਸਾਰੇ ਸਿਆਸੀ ਕਤਲ ਕਰਵਾਏ। ਡਾਕਿਆਂ ਜਾਂ ਸਿਆਸੀ ਕਤਲਾਂ ਮਗਰੋਂ ਸੀ ਆਰ ਪੀ ਇਨ੍ਹਾਂ ਕਾਤਲਾਂ ਨੂੰ ਆਪਣੀਆਂ ਜੀਪਾਂ ਵਿਚ ਬਿਠਾ ਕੇ ਆਪਣੀਆਂ ਬੈਰਕਾਂ ਵਿਚ ਪਨਾਹ ਦੇਣ ਲਈ ਹਮੇਸ਼ਾ ਤਿਆਰ ਰਹਿੰਦੀ ਸੀ। ਪੰਜਾਬ ਪੁਲਸ ਨੇ ਇਸਦੀ ਸੂਹ ਕੱਢ ਲਈ ਪਰ ਉਨ੍ਹਾਂ ਨੂੰ ਚੁੱਪ ਕਰਾ ਦਿੱਤਾ ਗਿਆ। ਇਸ ਤਰ੍ਹਾਂ ਕਤਲ ਇਹ ਕਰਦੇ ਰਹੇ ਤੇ ਨਾਂ ਜੁਝਾਰੂ ਸਿੰਘਾਂ ਦੇ ਲਗਦੇ ਰਹੇ।

ਇਸ ਸਾਰੇ ਵਿਸ਼ਲੇਸ਼ਣ ਨੂੰ ਸਮਝਣ ਲਈ ਮਈ 1985 ਦੇ 'ਸੂਰੀਆ' ਰਸਾਲੇ ਵਿਚ ਛਪੀ ਇਹ ਭੇਦਭਰੀ ਖਬਰ ਕਾਫੀ ਸਹਾਇਕ ਹੋ ਸਕਦੀ ਹੈ:

> Mrs. Gandhi had decided that she was to take on a new role in her life — the role of the protector of Hindus. She had planned that there was a conflict between the Hindus and Sikhs, in

which the grand strategy was that the Hindus shall be first left unprotected, let them be kiled for a while, let them become angry, so angry that they will seek revenge. The Hindus and Sikhs will then go at each other's throat. And then I will tell the Hindus, look, I can only protect you.

ਇੰਦਰਾ ਗਾਂਧੀ ਨੇ ਆਪਣੇ ਜੀਵਨ ਅੰਦਰ ਇਕ ਨਵੀਂ ਖੇਡ ਖੇਡਣ ਦਾ ਮਨ ਬਣਾ ਲਿਆ। ਇਹ ਖੇਡ ਸੀ ਆਪਣੇ ਆਪ ਨੂੰ ਹਿੰਦੂਆਂ ਦਾ ਰੱਖਿਅਕ ਦਰਸਾਉਣ ਦੀ। ਇਸ ਲਈ ਉਸਨੇ ਹਿੰਦੂਆਂ ਤੇ ਸਿੱਖਾਂ ਨੂੰ ਆਪੋ ਵਿਚ ਉਲਝਾ ਦੇਣ ਦੀ ਵਿਓਂਤ ਉਲੀਕੀ ਜਿਸ ਅਨੁਸਾਰ ਪਹਿਲਾਂ ਹਿੰਦੂਆਂ ਨੂੰ ਕੁਝ ਸਮੇਂ ਲਈ ਨਿਆਸਰਾ ਛੱਡਕੇ ਉਨ੍ਹਾਂ ਦਾ ਕਤਲ ਹੋਣ ਦਿੱਤਾ ਜਾਣਾ ਸੀ ਤਾਂ ਜੋ ਉਨ੍ਹਾਂ ਅੰਦਰ ਬਦਲੇ ਦੀ ਭਾਵਨਾ ਉਠੇ। ਜਦ ਬਦਲੇ ਦੀ ਅੱਗ ਭੜਕ ਉਠੇ ਅਤੇ ਹਿੰਦੂ ਤੇ ਸਿਖ ਇਕ ਦੂਜੇ ਨੂੰ ਵੱਢਣ ਲਗ ਜਾਣ ਤਾਂ ਮੈਂ ਹਿੰਦੂਆਂ ਨੂੰ ਕਹਾਂਗੀ, ਵੇਖ, ਮੈਂ ਹੀ ਕੇਵਲ ਤੁਹਾਡੀ ਜਾਨ ਬਚਾ ਸਕਦੀ ਹਾਂ।

54. ਇੰਦਰਾ ਗਾਂਧੀ ਲੋਕਾਂ ਸਾਹਮਣੇ ਤਾਂ ਜਮਹੂਰੀਅਤ ਦਾ ਬੁਰਕਾ ਪਾ ਲੈਂਦੀ ਸੀ ਪਰ ਅਸਲ ਵਿਚ ਇਹ ਰੋਮਾਨੀਆ ਦੇ ਡਿਕਟੇਟਰ ਚਾਚਸਕੂ ਵਾਂਗ ਇਕ ਬੜੀ ਜ਼ਾਲਮ ਡਿਕਟੇਟਰ ਸੀ। ਇਸਦੀ ਨਿੱਜੀ ਖੁਫ਼ੀਆ ਏਜੰਸੀ ਦੇਸ਼ ਵਿਚ ਕਿਸੇ ਵੀ ਵਿਰੋਧੀ ਨੂੰ ਕਿਸੇ ਵੀ ਵਕਤ ਚੁੱਪ ਕਰਾ ਸਕਣ ਵਾਲੀ ਸ਼ਕਤੀਸ਼ਾਲੀ ਗੁਪਤ ਪੁਲਸ ਦਾ ਮਾਫੀਆ ਸੀ। ਇੰਦਰਾ ਦੀ ਹਿਫਾਜ਼ਤ ਲਈ ਚੋਟੀ ਦੇ ਪੰਜ ਸੋ ਹਥਿਆਰਬੰਦ ਸਿਪਾਹੀ ਚੌਵੀ ਘੰਟੇ ਹਰ ਵੇਲੇ ਲੋਡਿਡ ਸਟੇਨਗੰਨਾਂ ਨਾਲ ਪਹਿਰਾ ਦਿੰਦੇ ਸਨ ਜਿਨ੍ਹਾਂ ਵਿਚ ਪੁਲਸ ਦੇ ਕਈ ਅਸਿਸਟੈਂਟ ਕਮਿਸ਼ਨਰ, ਇਕ ਸੌ ਪੁਲਸ ਇਨਸਪੈਕਟਰ ਤੇ ਸਬਇਨਸਪੈਕਟਰ ਅਤੇ ਚਾਰ ਸੌ ਹੈੱਡ ਕਾਨਸਟੇਬਲ ਤੇ ਚੋਣਵੇਂ ਸਿਪਾਹੀ ਸਨ ਜਿਹੜੇ ਹਰ ਵੇਲੇ ਇੰਦਰਾ ਦੇ ਅੱਗੇ ਪਿੱਛੇ ਹਾਜ਼ਰ ਰਹਿੰਦੇ ਸਨ।

1981 ਵਿਚ ਸੀ. ਆਰ. ਪੀ. ਨੂੰ ਸਿਖਾਂ ਵਿਰੁੱਧ ਭੜਕਾ ਕੇ ਪੰਜਾਬ ਵਿਚ ਲਾਇਆ ਗਿਆ ਜਿਸਦਾ ਸਬੂਤ ਉਨ੍ਹਾਂ ਦੀ ਆਪਸੀ ਬਾਤਚੀਤ ਤੋਂ ਮਿਲਦਾ ਹੈ:

ਹਮੇਂ ਯਿਹ ਕਹਿ ਕਰ ਯਹਾਂ ਲਾਏ ਥੇ ਕਿ ਸਿਖ ਹਿੰਦੂ ਕੋ ਮਾਰ ਰਿਹਾ ਹੈ। ਯਹਾਂ ਤੋਂ ਕੋਈ ਐਸੀ ਬਾਤ ਨਹੀਂ। ਏਕ ਸਕੂਟਰ ਚਲਾ ਰਹਾ ਹੈ ਤੋ ਦੂਸਰਾ ਉਸਕੇ ਪੀਛੇ ਬੈਠਾ ਹੈ।

55. ਸੀ. ਆਰ. ਪੀ. ਨੂੰ ਸਿਖਾਂ ਵਿਰੁੱਧ ਉਕਸਾਇਆ ਗਿਆ ਅਤੇ ਹੇਠ ਲਿਖੀਆਂ ਡਿਊਟੀਆਂ ਲਗਾਈਆਂ ਗਈਆਂ:

ੳ. 15-50 ਸਾਲ ਤਕ ਦੇ ਸਿੱਖਾਂ ਨੂੰ ਮਾਰ ਮੁਕਾਣਾ।

ਅ. ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਸ਼ਿਵ ਸੈਨਾ ਅਤੇ ਆਰ ਐਸ ਐਸ ਨਾਲ ਤਾਲਮੇਲ ਰੱਖਣਾ ਅਤੇ ਲੋੜ ਪੈਣ ਤੇ ਉਨ੍ਹਾਂ ਨੂੰ ਆਪਣੀਆਂ ਬੈਰਕਾਂ ਵਿਚ ਪਨਾਹ ਦੇਣੀ।

ੲ. ਸਿੱਖਾਂ ਨੂੰ ਬਦਨਾਮ ਕਰਨ ਲਈ ਜ਼ਮੀਨ ਤਿਆਰ ਕਰਨੀ।

ਸ. ਡਾਕਿਆਂ ਤੇ ਕਤਲਾਂ ਲਈ ਆਪਣਾ ਇਕ ਯੂਨਿਟ ਸਦਾ ਤਿਆਰ ਰਖਣਾ।

ਹ. ਕਿਸੇ ਵੀ ਸਿਖ ਨੂੰ ਗੋਲੀ ਮਾਰ ਦੇਣ, ਜੇਲ੍ਹ ਵਿਚ ਸੁੱਟ ਦੇਣ, ਉਸ ਦੀ ਮਾਰਕੁਟਾਈ ਕਰਨ ਅਤੇ ਤਲਾਸ਼ੀ ਲੈਣ ਦੇ ਪੂਰਨ ਅਧਿਕਾਰ ਹਰ ਸੀ. ਆਰ. ਪੀ. ਦੇ ਜਵਾਨ ਕੋਲ ਹਨ।

ਕਾਨੂਨ ਦੀ ਸਥਾਪਤੀ ਪੰਜਾਬ ਪੁਲਸ ਦੀ ਜ਼ਿਮੇਵਾਰੀ ਸੀ ਪਰ ਸੀ. ਆਰ. ਪੀ. ਇਸ ਦੇ ਥੱਲੇ ਕੰਮ ਕਰਨਾ ਤਾਂ ਇਕ ਪਾਸੇ ਰਿਹਾ, ਮਿਲਕੇ ਵੀ ਕੰਮ ਨਹੀਂ ਸੀ ਕਰਦੀ। ਸੀ. ਆਰ. ਪੀ. ਆਪਣੇ ਗੁਪਤ ਅਫਸਰਾਂ ਤੋਂ ਹੁਕਮ ਲੈਂਦੀ ਤੇ ਉਨ੍ਹਾਂ ਦੀ ਹੀ ਪਾਲਣਾ ਕਰਦੀ ਹੈ। ਕਾਤਲ ਸ਼ਿਵ ਸੈਨੀਆਂ ਨੂੰ ਪਨਾਹ ਦੇਕੇ ਆਪਣੀਆਂ ਬੈਰਕਾਂ ਵਿਚ ਰਖਦੀ ਹੈ ਅਤੇ ਪੰਜਾਬ ਪੁਲਸ ਦੀ ਮੰਗ ਕਰਨ ਤੇ ਅਗੋਂ ਇਹ ਜਵਾਬ ਮਿਲਦਾ ਹੈ:

ਯਿਹ ਹਮਾਰੇ ਹਿੰਦੂ ਭਾਈ ਹੈਂ।

ਅੰਮ੍ਰਿਤਸਰ ਦੀ ਇਕ ਘਟਨਾ ਵਿਚ ਪੰਜਾਬ ਪੁਲਸ ਨੇ 38 ਬੰਦੇ ਕਰਫਿਊ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਪਕੜ ਕੇ ਹਵਾਲਾਤ ਵਿਚ ਬੰਦ ਕਰ ਦਿੱਤੇ ਕਿਉਂਕਿ ਉਹ ਲੁਟ ਮਾਰ ਕਰਦਿਆਂ ਪਕੜੇ ਗਏ ਸਨ।

ਸੀ. ਆਰ. ਪੀ. ਦੇ ਇਕ ਦਸਤੇ ਨੇ ਉਸ ਥਾਣੇ ਤੇ ਹਮਲਾ ਕਰ ਦਿੱਤਾ ਅਤੇ ਪੁਲਸ ਅਫਸਰਾਂ ਨੂੰ ਮਾਰਕੁੱਟ ਕੇ ਉਨ੍ਹਾਂ ਲੁਟੇਰਿਆਂ ਨੂੰ ਛੁੜਾ ਕੇ ਲੈ ਗਏ ਜਿਹੜੇ ਕਿ ਸੀ. ਆਰ. ਪੀ. ਦੇ ਹੀ ਸਿਵਲੀਅਨ ਕਪੜਿਆਂ ਦੇ ਬੰਦੇ ਸਨ।

ਸੀ. ਆਰ. ਪੀ. ਦੇ ਅਧਿਕਾਰਾਂ ਦੀ ਕੋਈ ਸੀਮਾ ਹੀ ਨਹੀ। ਡੀ. ਸੀ. ਦੇ ਕਰਫਿਊ ਪਾਸਾਂ ਨੂੰ ਪਾੜਕੇ ਸੁੱਟ ਦੇਣ, ਸਿਖ ਪੱਤਰਕਾਰਾਂ ਕੋਲ ਪਾਸ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੂੰ ਕੁਟਾਪੇ ਚਾੜ੍ਹਕੇ ਦੂਰ ਭਜਾ ਦੇਣ ਆਦਿ ਤਾਂ ਮਾਮੂਲੀ ਅਧਿਕਾਰ ਹਨ। ਸੀ. ਆਰ. ਪੀ. ਵਾਲੇ ਤਾਂ ਇਥੋਂ ਤੱਕ ਕਹਿ ਦਿੰਦੇ ਹਨ:

ਡੀ. ਸੀ. ਵੀ ਅੱਤਵਾਦੀ ਹੈ, ਕਰਫਿਊ ਲਗਾ ਕਰ ਆਪਣੇ ਗੁੰਡੋਂ ਕੋ ਕਰਫਿਊ ਪਾਸ ਦੇ ਦੇਤਾ ਹੈ।

ਕਿਸੇ ਵੀ 'ਬੰਦੇ' ਦੇ ਸੱਦੇ ਤੇ ਜਾਂ ਕਰਫਿਊ ਦੌਰਾਨ, ਜਦ ਫਿਰਕੂ ਹਿੰਦੂ ਗੁੰਡਿਆਂ ਨੇ ਸਿਖਾਂ ਦੀਆਂ ਦੁਕਾਨਾਂ ਲੁੱਟੀਆਂ, ਸਾੜੀਆਂ ਜਾਂ ਕਿਸੇ ਸਿਖ ਨੂੰ ਛੁਰੇ ਮਾਰ ਕੇ ਕਤਲ ਕੀਤਾ, ਸੀ. ਆਰ. ਪੀ. ਖੜੀ ਤਮਾਸ਼ਾ ਦੇਖਦੀ ਰਹਿੰਦੀ ਕਿਉਂਕਿ ਸਿਖਾਂ ਨੂੰ ਮਰਵਾਣਾ ਤਾਂ ਉਨ੍ਹਾਂ ਦੀ ਡਿਊਟੀ ਹੈ।

ਝੂਠੇ ਮੁਕਾਬਲੇ ਬਣਾਕੇ, ਹਜ਼ਾਰਾਂ ਨਿਰਦੋਸ਼ ਨੌਜਵਾਨ ਸਿਖਾਂ ਦੀ ਨਸਲਕੁਸ਼ੀ ਤੇ ਕਤਲਾਮ ਤਾਂ ਨਾਦਰਸ਼ਾਹ ਦੇ ਕੀਤੇ ਜੁਲਮਾਂ ਨੂੰ ਵੀ ਮਾਤ ਕਰ ਗਏ ਹਨ। ਪਿਛਲੇ ਬਤਾਲੀ ਸਾਲਾਂ ਵਿਚ ਇਸ ਮੱਕਾਰ ਹਿੰਦੂ ਸਾਮਰਾਜ ਨੇ ਸਿਖ ਕੌਮ ਨੂੰ ਦਾਸ ਬਣਾਈ ਰਖਣ ਲਈ ਹਰ ਹੀਲਾ-ਹਰਬਾ ਵਰਤ ਕੇ ਵੇਖ ਲਿਆ ਹੈ। ਇਸ ਖੂਨੀ ਕਸਾਈ ਨੇ ਸੰਨ 1984 ਵਿਚ ਸਾਰੇ ਦੇਸ਼ ਵਿਚ ਸਿਖ ਕੌਮ ਦਾ ਕਤਲਾਮ ਕਰ ਦੇਣ ਦਾ ਆਖਰੀ ਹਥਿਆਰ ਵੀ ਵਰਤ ਲਿਆ ਹੈ। ਹੁਣ ਇਸ ਸਾਹਮਣੇ ਹੋਰ ਕੋਈ ਹਥਿਆਰ ਬਾਕੀ ਨਹੀਂ ਰਹਿ ਗਿਆ। ਇਸ ਮੱਕਾਰ ਨੇ ਨਵਾਂ ਸਿਖ ਗਦਾਰ ਲੀਡਰ ਅਗੇ ਲਿਆਉਣ ਦਾ ਪੁਰਾਣਾ ਹਥਿਆਰ ਇਕ ਵਾਰ ਫਿਰ ਵਰਤਣ ਦੀ ਕੋਸ਼ਿਸ਼ ਕਰਨੀ ਹੈ ਜਿਸ ਤੋਂ ਸਿਖ ਕੌਮ ਨੂੰ ਸੁਚੇਤ ਰਹਿਣ ਦੀ ਲੋੜ ਹੈ।

ਆਖਿਰ ਕਦੋਂ ਤੱਕ ਆਪਣੀ ਮੁੜ੍ਹਕੇ ਮੁੜ੍ਹਕਾ ਹੋਕੇ ਕੀਤੀ ਕਮਾਈ ਨਾਲ ਇਨ੍ਹਾਂ ਵਿਹਲੜ ਕਸਾਈ ਲਾਲਿਆਂ ਦੀ ਗੋਗੜ ਭਰਦੇ ਰਹਿਣਾ ਹੈ ਅਸਾਂ? ਆਖਿਰ ਕਦੋਂ ਤਕ ਇਨ੍ਹਾਂ ਕਸਾਈਆਂ ਦੇ ਪਹਿਰੇਦਾਰ ਬਣਕੇ ਰਹਿਣਾ ਹੈ? ਇਸ ਜਹਾਨ ਦੇ ਤੇ ਅਗਲੇ ਜਹਾਨ ਦੇ ਮਾਲਕ ਗੁਰੂ ਪਾਤਸ਼ਾਹਾਂ ਦੇ ਅਸੀਂ ਪੁਤਰ ਹਾਂ। ਸਾਡੀ ਕੌਮ ਵਿਚ ਕਿਸ ਗੱਲ ਦਾ ਘਾਟਾ ਹੈ? ਅਸੀਂ ਜਨਮ ਤੋਂ ਰਾਜੇ ਹਾਂ, ਅਸੀਂ ਕਿਉਂ ਕਿਸੇ ਦੇ ਗੁਲਾਮ ਬਣਕੇ ਰਹੀਏ? ਕਿਉਂ ਨਾ ਆਪਣਾ ਰਾਜ ਕਾਇਮ ਕਰਕੇ ਉਸਦੀ ਉਸਾਰੀ ਕਰੀਏ? ਸਿਰਫ ਜਾਗਣ ਦੀ ਲੋੜ ਹੈ।

ਕਾਂਗਰਸ ਦੀ ਸਿਖਮਾਰੂ ਨੀਤੀ ਆਰਥਕ ਪੱਖੋਂ

ਇਸ ਤੋਂ ਪਹਿਲਾਂ ਕਿ ਅਸੀਂ ਸਿੱਖਾਂ ਨਾਲ ਕੀਤੀਆਂ ਗਈਆਂ ਆਰਥਕ ਠਗੀਆਂ ਸੰਬੰਧੀ ਕੁਝ ਵਿਚਾਰ ਕਰੀਏ, ਸਾਨੂੰ ਪੰਜਾਬ ਦੀ ਬੁਨਿਆਦੀ ਆਰਥਕਤਾ ਤੇ ਇਕ ਸੰਖੇਪ ਝਾਤ ਮਾਰ ਲੈਣੀ ਚਾਹੀਦੀ ਹੈ।

ਦੇਸ਼ ਦੀ ਵੰਡ ਵੇਲੇ ਪਛਮੀ ਪੰਜਾਬ ਤੋਂ 50 ਲੱਖ ਲੋਕਾਂ ਨੂੰ ਘਰੋਂ ਬੇਘਰ ਹੋ ਕੇ ਆਉਣਾ ਪਿਆ ਜਿਨ੍ਹਾਂ ਵਿਚੋਂ 20 ਲਖ ਸ਼ਹਿਰੀ ਤੇ 30 ਲੱਖ ਪੇਂਡੂ ਸਨ ਅਤੇ ਇਨ੍ਹਾਂ ਪੇਂਡੂਆਂ ਵਿਚੋਂ 20 ਲੱਖ ਸਿੱਖ ਕਿਸਾਨ ਸਨ ਜਿਹੜੇ 67 ਲੱਖ ਏਕੜ ਉਪਜਾਊ ਜ਼ਮੀਨ ਛੱਡਕੇ ਗਏ ਜਿਸ ਵਿਚ 11.5 ਲੱਖ ਏਕੜ ਜ਼ਮੀਨ ਬੇਬਰੋਸੀ ਤੇ ਗੈਰ ਉਪਜਾਊ ਵੀ ਸ਼ਾਮਲ ਸੀ।

ਉਧਰੋਂ ਆਏ ਸ਼ਹਿਰੀ ਵਪਾਰੀ ਤੇ ਕਾਰੋਬਾਰੀ ਲੋਕ ਸਨ। ਇਧਰੋਂ ਗਏ ਕਾਰੀਗਰ ਤੇ ਮਜ਼ਦੂਰ ਲੋਕ ਸਨ। ਇਸ ਆਰਥਕ ਉਥਲ-ਪੁਥਲ ਨਾਲ ਉਧਰੋਂ ਆਏ ਪੇਂਡੂ ਸਿੱਖ ਕਿਸਾਨਾਂ ਲਈ ਜ਼ਮੀਨ ਘੱਟ ਸੀ ਅਤੇ ਸ਼ਹਿਰੀ ਕਾਰੋਬਾਰੀ ਲੋਕਾਂ ਲਈ ਕੋਈ ਉਦਯੋਗ ਨਹੀਂ ਸੀ।

ਪੰਜਾਬ ਦੇ ਸਿੱਖ ਕਿਸਾਨ ਵਿਚ ਇਸਦੇ ਗੁਰੂਆਂ ਨੇ ਨਾਮ ਜਪਣ, ਹਥੀਂ ਕਿਰਤ ਕਰਨ, ਵੰਡ ਛਕਣ ਅਤੇ ਸੰਗਤ ਤੇ ਪੰਗਤ ਦੀਆਂ ਪਿਰਤਾਂ ਪਾਕੇ, ਅਜੇਹੀ ਨਵੇਕਲੀ ਜੀਵਨ ਜਾਚ ਦੀ ਗੁੜ੍ਹਤੀ ਕੁਟ ਕੁਟਕੇ ਭਰ ਦਿੱਤੀ ਹੋਈ ਸੀ ਕਿ ਦੁਨੀਆਂ ਦੇ ਜਿਸ ਹਿਸੇ ਵਿਚ ਵੀ ਇਹ ਗਿਆ ਆਪਣੇ ਮਿਹਨਤੀ ਸੁਭਾਉ ਸਦਕਾ ਉਥੇ ਹੀ ਖੇਤੀ ਨੂੰ ਇਸ ਚਾਰ ਚੰਨ ਲਾਏ ਭਾਵੇਂ ਉਹ ਕੀਨੀਆ ਸੀ ਜਾਂ ਈਥੋਪੀਆ, ਕੈਲੇਫੋਰਨੀਆ (ਅਮਰੀਕਾ) ਸੀ ਜਾਂ ਟਰਾਂਟੋ (ਕੈਨੇਡਾ), ਗੰਗਾਨਗਰ (ਰਾਜਿਸਥਾਨ) ਸੀ ਜਾਂ ਤਰਾਈ ਖੇਤਰ (ਯੂ.ਪੀ.)। ਇਸ ਪਿਛੇ ਕਿਹੜੀਆਂ ਆਧੁਨਿਕ, ਧਾਰਮਕ, ਸਭਿਆਚਾਰਕ, ਸਿਆਸੀ ਤੇ ਦਾਰਸ਼ਨਿਕ ਕੀਮਤਾਂ ਦਾ ਸੁਮੇਲ ਕੰਮ ਕਰ ਰਿਹਾ ਹੈ? —ਇਹ ਭੇਦ ਭਰਿਆ ਵਿਸ਼ਾ ਵਿਸ਼ੇਸ਼ ਖੋਜ ਦੀ ਮੰਗ ਕਰਦਾ ਹੈ।

ਪੰਜਾਬ ਸਿੱਖਾਂ ਦਾ ਹੋਮਲੈਂਡ (ਘਰ) ਵੀ ਹੈ ਅਤੇ ਹੋਲੀਲੈਂਡ (ਪੁੰਨਭੂਮੀ) ਵੀ। ਪੰਜਾਬ ਤੋਂ ਬਿਨਾਂ ਸਿੱਖ ਅਤੇ ਸਿੱਖਾਂ ਤੋਂ ਬਿਨਾਂ ਪੰਜਾਬ ਇਕ ਅਧੂਰੀ ਇਕਾਈ ਹੈ। ਇਨ੍ਹਾਂ ਦੋਹਾਂ ਨੂੰ ਇਕ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ। ਸਿੱਖਾਂ ਤੇ ਕੀਤਾ ਵਾਰ ਪੰਜਾਬ ਤੇ ਕੀਤਾ ਵਾਰ ਹੈ ਅਤੇ ਪੰਜਾਬ ਤੇ ਹੋਇਆ ਵਾਰ ਸਿੱਖਾਂ ਨਾਲ ਬੇਇਨਸਾਫ਼ੀ ਹੈ। ਪੰਜਾਬ ਨਾਲ ਧੱਕਾ ਕਰਨਾ ਸਿੱਖਾਂ ਨਾਲ ਧੱਕਾ ਕਰਨਾ ਹੈ ਅਤੇ ਸਿੱਖਾਂ ਨਾਲ ਧੱਕਾ ਕਰਨਾ ਪੰਜਾਬ ਨਾਲ ਧੱਕਾ ਕਰਨਾ ਹੈ।

ਸਿੱਖ ਕੌਮ ਦੀ ਆਰਥਕਤਾ ਨੂੰ ਕਮਜ਼ੋਰ ਕਰਨ ਖਾਤਰ, ਹਿੰਦੂ 'ਥਿੰਕ ਟੈਂਕ' ਦੀ ਸਕੀਮ ਅਨੁਸਾਰ, ਆਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਸਿੱਖਾਂ ਨਾਲ ਮਤ੍ਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਪੱਛਮੀ ਪੰਜਾਬ ਤੋਂ ਆਏ ਸਿੱਖਾਂ ਨੂੰ ਚੁਣ ਚੁਣ ਕੇ ਗੈਰ-ਉਪਜਾਊ ਤੇ ਬੇਬਰੋਸੀਆਂ ਫਸਲਾਂ ਵਾਲੀਆਂ ਜ਼ਮੀਨਾਂ ਅਤੇ ਰਹਿਣ ਲਈ ਘਟੀਆ ਕਿਸਮ ਦੇ ਘਰ ਅਲਾਟ ਕੀਤੇ ਗਏ। ਕਈਆਂ ਦੇ ਤਾਂ ਕੁਝ ਵੀ ਹਿੱਸੇ ਨਹੀਂ ਆਇਆ। ਉਚ ਸਰਕਾਰੀ ਨੌਕਰੀਆਂ ਤੋਂ ਵੰਚਿਤ ਕਰ ਦਿੱਤਾ ਗਿਆ ਅਤੇ ਕਲਰਕੀ ਆਦਿ ਨੌਕਰੀਆਂ ਵਿਚ 10 ਫੀਸਦੀ ਤੱਕ ਦੀ ਹੱਦ ਮਿਥ ਦਿੱਤੀ।

ਇਸ ਚਤੁਰ ਹਿਦੂ ਸਾਮਰਾਜ ਨੇ ਪੰਜਾਬ ਦੀ ਆਰਥਕਤਾ ਦੀਆਂ ਉਨ੍ਹਾਂ ਥਾਵਾਂ ਤੇ ਹੀ ਕਰਾਰੀਆਂ ਸੱਟਾਂ ਮਾਰੀਆਂ ਜਿਨ੍ਹਾਂ ਥਾਵਾਂ ਨਾਲ ਸਿਖ ਕੌਮ ਜੁੜੀ ਪਈ ਸੀ ਤਾਂ ਜੋ ਸਿਖ ਆਰਥਕਤਾ ਨੂੰ ਹੀ ਚੋਟ ਲਗ ਸਕੇ। ਪੰਜਾਬ ਦੀ ਸਿਖ ਬਹੁਗਿਣਤੀ ਖੇਤੀ-ਬਾੜੀ ਦੀ ਆਰਥਕਤਾ ਨਾਲ ਜੁੜੀ ਰਹੀ ਹੈ ਅਤੇ ਹਿਦੂ ਬਹੁਗਿਣਤੀ ਵਪਾਰ ਨਾਲ। ਸਿਖ ਕੌਮ ਨੂੰ ਘਸਿਆਰਾ ਬਣਾਉਣ ਲਈ ਇਸਦੀ ਆਰਥਕਤਾ ਦੀਆਂ ਜੜ੍ਹਾਂ ਵੱਢਣੀਆਂ ਸ਼ੁਰੂ ਕੀਤੀਆਂ। ਪੰਜਾਬ ਦੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਆਪਣੇ ਸਕੇ ਭਰਾਵਾਂ ਹਰਿਆਣਾ ਤੇ ਹਿਮਾਚਲ ਪਰਦੇਸ਼ ਨੂੰ ਵੰਡ ਦਿੱਤੇ। ਇਸਦੀ ਰਾਜਧਾਨੀ ਖੋਹ ਲਈ ਤੇ ਇਸਦੇ ਬਿਜਲੀ ਦਾ ਮਾਲਕ ਹਿਦੂ ਕੇਂਦਰ ਆਪ ਬਣ ਬੈਠਾ। ਇਸ ਕੋਲ ਨਾ ਕੋਈ ਜੰਗਲ ਰਹਿਣ ਦਿੱਤਾ ਤੇ ਨਾ ਪਹਾੜ। ਇਸਨੂੰ ਇਤਨਾ ਕਮਜ਼ੋਰ ਤੇ ਨਿਤਾਣਾ ਕਰਕੇ ਰਖ ਦਿੱਤਾ ਕਿ ਇਹ ਕਦੀ ਆਪਣੇ ਪੈਰਾਂ ਤੇ ਦੁਬਾਰਾ ਖੜਾ ਨਾ ਹੋ ਸਕੇ।

ਇਥੇ ਹੀ ਬਸ ਨਹੀਂ, ਸਿਖ ਆਰਥਕਤਾ ਨੂੰ ਤੋੜਨ ਮਰੋੜਨ ਲਈ ਪੈਰ ਪੈਰ ਤੇ ਸੱਟਾਂ ਮਾਰੀਆਂ, ਗਈਆਂ ਜਿਨ੍ਹਾਂ ਵਿਚ ਕੁਝ ਚੋਣਵੀਆਂ ਮਿਸਾਲਾਂ ਦੇਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਪਾਠਕ ਜਨ ਇਸ ਸਾਮਰਾਜ ਦੀਆਂ ਖਤਰਨਾਕ ਚਾਲਾਂ ਦਾ ਕੁਝ ਅਨੁਮਾਨ ਲਾ ਸਕਣ।

1. ਇਸ ਹਿਦੂ ਸਾਮਰਾਜ ਨੇ ਹਰ ਉਹ ਹਰਬਾ ਵਰਤਿਆਂ ਜਿਸ ਨਾਲ ਸਿਖ ਆਰਥਕਤਾ ਦੀ ਤੋੜ-ਫੋੜ ਕੀਤੀ ਜਾ ਸਕੇ। ਸਿਖ ਵੱਸੋਂ ਖੇਤੀ ਬਾੜੀ ਨਾਲ ਜੁੜੇ ਹੋਣ ਕਾਰਨ ਜ਼ਮੀਨ ਦੀ ਵਧੇਰੇ ਮਾਲਕੀ ਵੀ ਸਿਖਾਂ ਦੀ ਹੀ ਹੈ। ਇਸ ਨੂੰ ਤੋੜਨ ਲਈ ਧਰਤੀ ਦੀ ਹਦਬੰਦੀ (ceiling) ਦਾ ਕਾਨੂੰਨ ਲਾਗੂ ਕੀਤਾ ਗਿਆ। ਇਸ ਤਰ੍ਹਾਂ ਇਸ ਕਾਨੂੰਨ ਦੇ ਇਕ ਤੀਰ ਨਾਲ ਚਾਰ ਸ਼ਿਕਾਰ ਮਾਰੇ:

ੳ. ਸਿਖਾਂ ਦੀ ਜ਼ਮੀਨ ਖੋਹਕੇ, ਇਨ੍ਹਾਂ ਦੀ ਆਰਥਕਤਾ ਤੇ ਕਰਾਰੀ ਸੱਟ ਮਾਰਕੇ ਇਨ੍ਹਾਂ ਨੂੰ ਕਮਜ਼ੋਰ ਕੀਤਾ ਗਿਆ।

ਅ. ਇਸ ਤਰ੍ਹਾਂ ਸਿਖਾਂ ਤੋਂ ਖੋਹੀ (ਵਾਧੂ) ਜ਼ਮੀਨ ਹਿਦੂ ਅਛੂਤਾਂ ਵਿਚ ਵਧੇਰੇ ਕਰਕੇ ਵੰਡੀ ਗਈ ਤਾਂ ਜੋ ਅਛੂਤਾਂ ਨੂੰ ਹਿਦੂ ਬਣੇ ਰਹਿਣ ਵਿਚ ਪ੍ਰੇਰਨਾ ਮਿਲੇ। ਜ਼ਮੀਨ ਸਿਖਾਂ ਦੀ, ਕਾਨੂੰਨ ਹਿਦੂ ਦਾ, ਜ਼ਮੀਨ ਤਾਂ ਆਪੇ ਹੀ ਮਿਲਣੀ ਸੀ ਹਿਦੂ ਅਛੂਤਾਂ ਨੂੰ।

ੲ. ਇਨ੍ਹਾਂ ਜ਼ਮੀਨਾਂ ਉਤੇ ਕੰਮ ਕਰਨੇ ਵਾਲੇ ਸਿਖ ਖੇਤ-ਮਜ਼ਦੂਰਾਂ ਦੀ ਮਜ਼ਦੂਰੀ ਨੂੰ ਲੱਤ ਮਾਰ ਕੇ ਉਨ੍ਹਾਂ ਨੂੰ ਹੋਰ ਕਮਜ਼ੋਰ ਕੀਤਾ ਅਤੇ ਹਿਦੂ ਅਛੂਤਾਂ ਨੂੰ ਕੰਮ ਤੇ ਲਾਇਆ।

ਸ. ਸਿਖ ਕੌਮ ਦੀ ਤਾਕਤ ਨੂੰ ਖੇਰੂੰ ਖੇਰੂੰ ਕਰਨ ਲਈ, ਦੂਜਿਆਂ ਪ੍ਰਾਂਤਾਂ ਵਿਚ ਮੰਗਤਿਆਂ ਵਾਂਗ ਜ਼ਮੀਨਾਂ ਪਿਛੇ ਦੌੜਨ ਲਈ ਮਜਬੂਰ ਕੀਤਾ ਤਾਂ ਜੋ ਪੰਜਾਬ ਦੀ ਸਿਕੇਬੰਦ ਸਿਖ ਵਸੋਂ ਨੂੰ ਘਟਾਇਆ ਜਾ ਸਕੇ।

ਹ. ਉਦੋਂ ਦੁਕਾਨਾਂ, ਫੈਕਟਰੀਆਂ, ਕੋਠੀਆਂ ਅਤੇ ਕਾਰਖਾਨਿਆਂ ਆਦਿ ਸ਼ਹਿਰੀ ਜਾਇਦਾਦਾਂ ਤੇ ਵੀ ਸੀਲਿੰਗ ਲਾਏ ਜਾਣ ਦੀਆਂ ਗੱਲਾਂ ਤਾਂ ਬਹੁਤ ਕੀਤੀਆਂ ਗਈਆਂ ਪਰ ਅਮਲੀ ਤੌਰ ਤੇ ਕੁਝ ਨਹੀਂ ਕੀਤਾ ਗਿਆ ਕਿਉਂਕਿ ਇਸ ਨਾਲ ਹਿਦੂਆਂ ਦੀ ਆਰਥਕਤਾ ਨੂੰ ਸੱਟ ਵਜਦੀ ਸੀ।

2. 'ਜ਼ਮੀਨ ਉਹੋ ਰਾਣੀ ਜਿਸ ਦੇ ਸਿਰ ਤੇ ਪਾਣੀ' ਦੇ ਅਖਾਣ ਅਨੁਸਾਰ ਪੰਜਾਬ ਦੀ ਧਰਤੀ ਦੀ ਵਡਿਆਈ ਤੇ ਸਰਦਾਰੀ ਦਾ ਰਾਜ਼ ਵੀ ਇਸ ਦੇ ਵਗਦੇ ਦਰਿਆਵਾਂ ਵਿਚ ਹੀ ਛੁਪਿਆ ਹੋਇਆ ਹੈ।

ਕੁਦਰਤ ਨੇ ਇਸ ਨੂੰ ਕੋਲਾ, ਲੋਹਾ, ਗੈਸ ਜਾਂ ਤੇਲ ਦੀ ਥਾਂ, ਇਸ ਦੀ ਧਰਤੀ ਤੇ ਪੰਜ ਦਰਿਆਵਾਂ ਦਾ ਪੰਜਾ ਲਾਇਆ। ਢਾਈ ਦਰਿਆ ਤਾਂ ਪਾਕਿਸਤਾਨ ਵਿਚ ਚਲੇ ਗਏ ਤੇ ਰਹਿੰਦੇ ਢਾਈਆਂ ਦਾ ਮਾਲਕ ਬਣ ਬੈਠਾ ਹਿੰਦੂ ਸਾਮਰਾਜ ਸਾਰੇ ਕੌਮਾਂਤਰੀ ਕਾਨੂਨਾਂ ਨੂੰ ਛਿੱਕੇ ਤੇ ਟੰਗ ਕੇ।

ਕੌਮਾਤਰੀ ਕਾਨੂਨ ਅਨੁਸਾਰ ਦਰਿਆ ਉਸ ਪ੍ਰਾਂਤ ਦੀ ਮਲਕੀਅਤ ਹਨ ਜਿਸ ਵਿਚ ਉਹ ਵਗਦੇ ਹਨ। ਭਾਰਤ ਦੇ ਸਾਰੇ ਪ੍ਰਾਂਤਾਂ ਵਿਚ ਉਥੋਂ ਦੀਆਂ ਸਰਕਾਰਾਂ ਹੀ ਸਿੰਚਾਈ ਦੇ ਮਹਿਕਮੇ ਦੀਆਂ ਜ਼ਿਮੇਂਵਾਰ ਹਨ। ਪੰਜਾਬ ਹੀ ਕੇਵਲ ਸਾਰੇ ਭਾਰਤ ਦਾ ਇਕੱਲਾ ਪ੍ਰਾਂਤ ਹੈ ਜਿਸਦੇ ਦਰਿਆਵਾਂ ਤੇ ਕੇਂਦਰ ਨੇ ਕਬਜ਼ਾ ਕਰਕੇ ਕੇਂਦਰ ਸਿੰਚਾਈ ਬੋਰਡ ਰਾਹੀਂ ਇਸਦੇ ਪਾਣੀ ਨੂੰ ਮੁਫਤ ਲੁਟਾਇਆ ਹੋਇਆ ਹੈ।

ਰਾਜਿਸਥਾਨ ਨੇ ਨਰਬਦਾ ਨਦੀ ਦੇ ਪਾਣੀ ਦੀ ਮੰਗ ਕੀਤੀ। ਇਸੇ ਸਰਕਾਰ ਨੇ ਇਹ ਕੇਸ ਸੁਪਰੀਮ ਕੋਰਟ ਨੂੰ ਦੇ ਦਿੱਤਾ। ਇਨ੍ਹਾਂ ਦੀ ਹੀ ਸੁਪ੍ਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਨਰਬਦਾ ਨਦੀ ਰਾਜਿਸਥਾਨ ਵਿਚ ਦੀ ਨਹੀਂ ਲੰਘਦੀ, ਇਸ ਲਈ ਉਸਦਾ ਪਾਣੀ ਤੇ ਹੱਕ ਨਹੀਂ ਬਣਦਾ। ਭਲਾ ਕੋਈ ਇਨ੍ਹਾਂ ਤੋਂ ਪੁੱਛੇ: ਸਤਲੁਜ, ਬਿਆਸ ਤੇ ਰਾਵੀ ਹਰਿਆਣਾ ਤੇ ਰਾਜਿਸਥਾਨ ਵਿਚ ਦੀ ਲੰਘਦੇ ਹਨ?

ਜੇ ਪੰਜਾਬ ਦਾ ਪਾਣੀ ਮੁਫਤ ਦੂਜੇ ਰਾਜਾਂ ਨੂੰ ਲੁਟਾਇਆ ਜਾ ਰਿਹਾ ਹੈ ਤਾਂ ਕਿਉਂ ਨਾ ਦੂਜੇ ਰਾਜਾਂ ਦਾ ਕੋਲਾ, ਲੋਹਾ, ਗੈਸ ਤੇ ਤੇਲ ਪੰਜਾਬ ਲਈ ਮੁਫਤ ਲੁਟਾਇਆ ਜਾਵੇ? ਤੇਲ ਤੇ ਗੈਸ ਪੈਦਾ ਕਰਨ ਵਾਲੇ ਰਾਜਾਂ ਨੂੰ ਤਾਂ ਸਗੋਂ 17 ਫੀਸਦੀ ਰਾਇਲਟੀ ਦਿੱਤੀ ਜਾਂਦੀ ਹੈ।

ਰਾਜਿਸਥਾਨ ਨੂੰ ਇਸਦੀ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ, ਪੰਜਾਬ ਤੋਂ ਇਕ ਵੱਡੀ ਨਹਿਰ ਕੱਢਕੇ ਦਿੱਤੀ ਹੋਈ ਹੈ ਪਰ ਪੰਜਾਬ ਦੇ ਕਿਸਾਨ ਨੂੰ ਭੁੱਖੇ ਮਾਰਨ ਖਾਤਰ ਪੰਜਾਬ ਦਾ ਪਾਣੀ ਵੀ ਰਾਜਿਸਥਾਨ ਨੂੰ ਦਿੱਤਾ ਜਾ ਰਿਹਾ ਹੈ।

ਇਸੇ ਤਰ੍ਹਾਂ ਹਰਿਆਣੇ ਕੋਲ ਜਮਨਾ ਨਹਿਰ ਮੌਜੂਦ ਹੈ ਪਰ ਪੰਜਾਬ ਦਾ ਪਾਣੀ ਖੋਹਕੇ ਜ਼ਬਰਦਸਤੀ ਉਸਨੂੰ ਦਿੱਤਾ ਜਾ ਰਿਹਾ ਹੈ ਤਾਂ ਜੋ ਪੰਜਾਬ ਦੇ ਸਿੱਖ ਕਿਸਾਨ ਦਾ ਲੱਕ ਤੋੜਿਆ ਜਾ ਸਕੇ। ਪੰਜਾਬ ਦੇ ਪਾਣੀ ਦਾ ਮਾਲਕ ਤਾਂ ਤਰਸ ਰਿਹਾ ਹੈ ਅਪਣੇ ਪਾਣੀ ਲਈ ਪਰ ਕੇਂਦਰ ਦੇ ਸਕੇ ਭਰਾ ਰੱਜ ਰੱਜ ਕੇ ਲੁੱਟ ਰਹੇ ਹਨ ਇਸਦੀ ਦੌਲਤ ਨੂੰ। ਇਸ ਦਾ 70 ਫੀਸਦੀ ਪਾਣੀ ਹਰਿਆਣਾ ਤੇ ਰਾਜਿਸਥਾਨ ਵਰਤ ਰਹੇ ਹਨ। ਹੁਣ ਤਕ ਇਸਦੇ ਵਰਤੇ ਗਏ ਮੁਫਤ ਪਾਣੀ ਦੀ ਕੀਮਤ ਨਾਲ ਤਾਂ ਦਸ ਚੰਡੀਗੜ੍ਹ ਉਸਾਰੇ ਜਾ ਸਕਦੇ ਹਨ।

3. ਪੰਜਾਬ ਦੇ ਪਾਣੀ ਵਾਂਗ ਇਸ ਦੀ ਬਿਜਲੀ ਦੀ ਵੀ ਨਾਦਰਸ਼ਾਹੀ ਲੁੱਟ ਕੀਤੀ ਗਈ। ਕੋਈ ਵਡੀ ਸਨਅਤ ਤਾਂ ਇਸ ਫਿਰਕੂ ਨੇ ਇਥੇ ਲਾਈ ਹੀ ਨਹੀਂ ਤੇ ਜੇ ਛੋਟੀ ਸਨਅਤ ਨੇ ਆਪਣੇ ਪੈਰਾਂ ਤੇ ਖੜੇ ਹੋਣ ਦਾ ਕੁਝ ਉਪਰਾਲਾ ਕੀਤਾ ਤਾਂ ਉਸਨੂੰ ਬਿਜਲੀ ਤੋਂ ਵੰਚਿਤ ਕਰਕੇ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਗਈ।

ਪੰਜਾਬ ਦੇ ਖੇਤ ਚਾਹੇ ਸੁੱਕ ਜਾਣ ਤੇ ਚਾਹੇ ਇਸਦੀ ਛੋਟੀ ਸਨਅਤ ਤਬਾਹ ਹੋ ਜਾਵੇ ਪਰ ਹਰਿਆਣੇ ਰਾਜਿਸਥਾਨ ਤੇ ਦਿੱਲੀ ਦੀ ਬਿਜਲੀ ਵਿਚ ਕਟੌਤੀ ਨਹੀਂ ਕੀਤੀ ਜਾ ਸਕਦੀ।

ਪੰਜਾਬ ਨੂੰ ਆਪਣੀ ਬਿਜਲੀ ਲੋੜ ਅਨੁਸਾਰ ਵਰਤਣ ਦਾ ਵੀ ਹੱਕ ਨਹੀਂ। ਇਸਦੀ ਸਸਤੀ ਬਿਜਲੀ ਇਸਦੇ ਗਵਾਂਢੀ ਵਰਤਣ ਤੇ ਇਸ ਦੀ ਲੋੜ ਪੂਰੀ ਕਰਨ ਵਾਸਤੇ ਇਸਨੂੰ ਕੋਲੇ ਨਾਲ ਚਲਣ ਵਾਲਾ ਥਰਮਲ ਪਲਾਂਟ ਲਾ ਦਿੱਤਾ। ਇਕ ਤੀਰ ਨਾਲ ਤਿੰਨ ਸ਼ਿਕਾਰ ਮਾਰੇ:

ਪਹਿਲਾ ਤਾਂ ਇਹ ਕਿ ਇਸਨੂੰ ਮਹਿੰਗੀ ਬਿਜਲੀ ਮਿਲੇਗੀ ਅਤੇ ਇਸਦੀ ਸਨਅਤ ਦੀ ਤਰੱਕੀ ਵਿਚ ਰੁਕਾਵਟ ਪਏਗੀ ਜਿਸ ਨਾਲ ਇਸਦੀ ਆਰਥਕਤਾ ਇਸੇ ਤਰ੍ਹਾਂ ਵਿਗੜੀ ਰਹੇਗੀ।

ਦੂਜਾ ਇਹ ਕਿ ਪੰਜਾਬ ਦੂਜੇ ਪ੍ਰਾਂਤਾਂ ਤੋਂ ਕੋਲਾ ਖਰੀਦੇਗਾ ਅਤੇ ਉਸਦੀ ਮੰਡੀ ਬਣਿਆ ਰਹੇਗਾ ਜਿਸ ਨਾਲ ਦੂਜੇ ਪ੍ਰਾਂਤ ਦੀ ਆਰਥਕਤਾ ਨੂੰ ਲਾਭ ਪਹੁੰਚ ਸਕੇਗਾ।

ਤੀਜਾ ਇਹ ਕਿ ਪੰਜਾਬ ਕੋਲੇ ਤੇ ਨਿਰਭਰ ਹੋਣ ਕਾਰਨ, ਕੇਂਦਰ ਦਾ ਸਦਾ ਗੁਲਾਮ ਬਣਿਆ ਰਹੇਗਾ। ਜੇ ਪੰਜਾਬ ਬਿਜਲੀ ਵਿਚ ਸਰਬ-ਸਮਰਥ ਹੋ ਗਿਆ ਤਾਂ ਪੰਜਾਬ ਵਿਚ ਸਨਅਤ ਤਰੱਕੀ ਕਰ ਜਾਵੇਗੀ।

4. ਪੰਜਾਬ ਦੇ ਕਿਸਾਨ ਨੇ ਖੂਨ ਪਸੀਨਾ ਇਕ ਕਰਕੇ ਹਰਾ ਇਨਕਲਾਬ ਲਿਆਂਦਾ ਪਰ ਉਸਦਾ ਲਾਭ ਬਾਹਰ ਦੇ ਪ੍ਰਾਂਤ ਤੇ ਕੇਂਦਰ ਲੈ ਗਏ। ਇਥੋਂ ਦਾ ਕਿਸਾਨ ਉਸੇ ਤਰ੍ਹਾਂ ਕਰਜ਼ੇ ਦੀਆਂ ਪੰਡਾਂ ਥਲੇ ਦਬਿਆ ਪਿਆ ਹੈ।

ਫਿਰਕੂ ਕੇਂਦਰ ਦਾ ਅਖੌਤੀ 'ਪਰਾਈਸ ਕਮੀਸ਼ਨ' ਕਣਕ ਤੇ ਝੋਨੇ ਦਾ ਭਾਅ ਓਨਾ ਹੀ ਨੀਅਤ ਕਰਦਾ ਹੈ ਜਿਸ ਨਾਲ ਪੰਜਾਬ ਦਾ ਕਿਸਾਨ ਸਿਰ ਚੁਕਣ ਜੋਗਾ ਨਾ ਰਹੇ। ਪੰਜਾਬ ਦੇ ਕਿਸਾਨ ਤੋਂ ਮਿਟੀ ਦੇ ਭਾਅ ਖਰੀਦ ਕੇ ਦੂਸਰੇ ਪ੍ਰਾਂਤਾਂ ਨੂੰ ਦੁਗਣੀ ਕੀਮਤ ਤੇ ਵੇਚਕੇ ਕੇਂਦਰ ਤਾਂ ਮੁਨਾਫ਼ਾ ਕਮਾ ਸਕਦਾ ਹੈ ਪਰ ਹਡ ਭੰਨ ਕੇ ਰਾਤ ਦਿਨ ਮਿਹਨਤ ਕਰਨ ਵਾਲਾ ਕਿਰਤੀ ਇੰਜ ਨਹੀਂ ਕਰ ਸਕਦਾ ਕਿਉਂਕਿ ਉਹ ਸਿੱਖ ਜੁ ਹੋਇਆ। ਕਿਉਂ ਨਾ ਕਣਕ ਤੇ ਝੋਨੇ ਦੀ ਕੀਮਤ ਕਿਸਾਨ ਦੀ ਮਿਹਨਤ ਤੇ ਲਾਗਤ ਨੂੰ ਵੇਖਕੇ ਨਿਯਤ ਕੀਤੀ ਜਾਏ।

ਤੇਲ ਦੀ ਪੈਦਾਵਾਰ ਵਾਲੇ ਰਾਜਾਂ ਨੂੰ ਸਰਕਾਰ ਸਤਾਰਾਂ ਪ੍ਰਤੀਸ਼ਤ ਰਾਇਲਟੀ ਦਿੰਦੀ ਹੈ ਕਿਉਂਕਿ ਉਹ ਵਿਦੇਸ਼ੀ ਕਰੰਸੀ ਬਚਾਉਂਦੇ ਹਨ ਪਰ ਪੰਜਾਬ ਅਰਬਾਂ ਖਰਬਾਂ ਦੀ ਕਰੰਸੀ ਦੀ ਬਚਤ ਕਰਦਾ ਹੈ ਕਣਕ ਪੈਦਾ ਕਰਕੇ, ਇਸਨੂੰ ਰਾਇਲਟੀ ਤਾਂ ਕੀ ਦੇਣੀ ਸਗੋਂ ਇਸਨੂੰ ਹੋਰ ਲੁੱਟਿਆ ਜਾਂਦਾ ਹੈ।

5. ਕੋਈ ਵੀ ਦੇਸ਼ ਨਿਰਾ ਖੇਤੀ-ਬਾੜੀ ਨਾਲ ਤੱਰਕੀ ਨਹੀਂ ਕਰ ਸਕਦਾ। ਸਨਅਤ ਜਿਥੇ ਕਿਸੇ ਦੇਸ਼ ਦੀ ਬੁਨਿਆਦੀ ਲੋੜ ਹੁੰਦੀ ਹੈ ਉਥੇ ਉਹ ਰੀੜ ਦੀ ਹੱਡੀ ਦਾ ਵੀ ਕੰਮ ਕਰਦੀ ਹੈ। ਇਸ ਖੇਤਰ ਵਿਚ ਵੀ ਪੰਜਾਬ ਨਾਲ ਮਤ੍ਰੇਈ ਮਾਂ ਵਾਲਾ ਸਲੂਕ ਕੀਤਾ ਗਿਆ ਜਿਸ ਕਰਕੇ ਪੰਜਾਬ ਸਨਅਤੀ ਵਿਕਾਸ ਪੱਖੋਂ ਅਜੇ ਵੀ ਭਾਰਤ ਦਾ ਪਛੜਿਆ ਹੋਇਆ ਪ੍ਰਾਂਤ ਹੈ।

ਪੰਜਾਬ ਸਨਅਤੀ ਵਿਕਾਸ ਕਰ ਸਕਣ ਦੇ ਸਾਰੇ ਗੁਣਾਂ ਦਾ ਮਾਲਕ ਹੈ ਪਰ ਇਸਨੂੰ ਪਛਾੜੀ ਰਖਣ ਦੀ ਨੀਤੀ ਨੇ ਅਗੇ ਨਹੀਂ ਵਧਣ ਦਿੱਤਾ। ਸਨਅਤੀ ਵਿਕਾਸ ਵਾਸਤੇ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ:

ੳ. ਅੰਦਰੂਨੀ ਮੰਡੀ ਦਾ ਵਿਸਥਾਰ ਤਾਂ ਜੋ ਸਨਅਤੀ ਜਿਨਸਾਂ ਦੀ ਖੱਪਤ ਹੋ ਸਕੇ।

ਅ. ਖੇਤੀ ਦੇ ਖੇਤਰ ਵਿਚੋਂ ਲੋੜੀਂਦੇ ਕੱਚੇ ਮਾਲ ਦਾ ਮਿਲਣਾ।

ੲ. ਵਾਧੂ ਪੈਦਾਵਾਰ ਅਤੇ ਆਮਦਨ ਦੇ ਸਰਮਾਏ ਵਿਚ ਬਦਲ ਸਕਣ ਦੀ ਸੰਭਾਵਨਾ

ਸ. ਖੇਤੀ ਤੇ ਸਨਅਤੀ ਅਰਥਚਾਰੇ ਦਾ ਆਪਸੀ ਡੂੰਘਾ ਆਰਥਕ ਸੰਬੰਧ ਹੋਣਾ

ਹ. ਆਰਥਕ ਵਿਕਾਸ ਲਈ ਬਿਜਲੀ, ਸੜਕਾਂ, ਆਵਾਜਾਈ ਦੇ ਸਾਧਨ, ਸਿੰਚਾਈ ਦੇ

ਸਾਧਨ, ਮੰਡੀਆਂ ਦਾ ਪਸਾਰ, ਸਿਖਲਾਈ ਦੀਆਂ ਸਹੂਲਤਾਂ ਅਤੇ ਬੈਂਕ ਦੀਆਂ ਸੰਸਥਾਵਾਂ ਦਾ ਹੋਣਾ।

ਪੰਜਾਬ ਉਪਰਲੀਆਂ ਸਾਰੀਆਂ ਸ਼ਰਤਾਂ ਨਾ ਕੇਵਲ ਪੂਰੀਆਂ ਕਰਦਾ ਹੈ ਸਗੋਂ ਕਈਆਂ ਵਿਚ ਬਹੁਤ ਅਗੇ ਹੈ।

ਬੈਂਕਾਂ ਵਿਚ ਜਮਾ ਕਰਾਇਆ ਪੰਜਾਬ ਦੇ ਲੋਕਾਂ ਦਾ ਪੈਸਾ ਬਾਹਰ ਦੇ ਪ੍ਰਾਂਤਾਂ ਦੇ ਆਰਥਕ ਵਿਕਾਸ ਦੇ ਕੰਮਾਂ ਵਿਚ ਲਾ ਦਿੱਤਾ ਜਾਂਦਾ ਰਿਹਾ ਹੈ। ਰੀਜ਼ਰਵ ਬੈਂਕ ਦੀ ਨੀਤੀ ਅਨੁਸਾਰ ਕਿਸੇ ਪ੍ਰਾਂਤ ਵਿਚੋਂ ਇਕੱਠੇ ਕੀਤੇ ਧਨ ਦਾ 60 ਫੀਸਦੀ ਉਸ ਪ੍ਰਾਂਤ ਦੇ ਵਿਕਾਸੀ ਕੰਮਾਂ ਵਿਚ ਲਾਇਆ ਜਾਣਾ ਚਾਹੀਦਾ ਹੈ ਪਰ ਪੰਜਾਬ ਨਾਲ ਇਥੇ ਵੀ ਠੱਗੀ ਹੋ ਰਹੀ ਹੈ:

ਸੰਨ 1972 ਤੋਂ 1978 ਤਕ—
ਪੰਜਾਬ: 40 ਫੀ ਸਦੀ ਤੋਂ ਵੀ ਘੱਟ
ਹਰਿਆਣਾ: 51.1 ਫੀ ਸਦੀ ਤੋਂ ਵਧ ਕੇ 61.4 ਫੀ ਸਦੀ
ਰਾਜਿਸਥਾਨ: 48.7 ਫੀ ਸਦੀ ਤੋਂ ਵਧ ਕੇ 61.8 ਫੀ ਸਦੀ
ਸਮੁੱਚਾ ਭਾਰਤ: 67.2 ਫੀ ਸਦੀ ਤੋਂ ਵਧ ਕੇ 69.9 ਫੀ ਸਦੀ

7. ਪੰਜਾਬ ਦੇ ਲੋਕਾਂ ਦਾ ਪੈਸਾ ਵੀ ਇਥੇ ਨਹੀਂ ਲਾਇਆ ਗਿਆ। ਭਾਰਤ ਦੇ ਵਖ ਵਖ ਰਾਜਾਂ ਵਿਚ ਪ੍ਰਤੀ ਵਿਅਕਤੀ ਕਰ ਦਾ ਬੋਝ ਵੀ ਸਭ ਤੋਂ ਜਿਆਦਾ ਪੰਜਾਬ ਦੇ ਸਿਖ ਕਿਸਾਨ ਹੀ ਚੁਕਣ:

ਰਾਜ	ਸਾਲ		(ਰੁਪਇਆਂ ਵਿਚ)
	1978-79	1979-80	1980-81
ਆਂਧਰਾ ਪ੍ਰਦੇਸ਼	115-53	140-19	150-26
ਆਸਾਮ	72-01	84-41	90-35
ਬਿਹਾਰ	61-73	91-44	93-08
ਗੁਜਰਾਤ	146-99	178-61	192-48
ਹਰਿਆਣਾ	169-13	200-82	215-69
ਹਿਮਾਚਲ ਪਰਦੇਸ਼	87-80	102-40	108-73
ਜੰਮੂ ਤੇ ਕਸ਼ਮੀਰ	87-27	96-79	100-12
ਕਰਨਾਟਕ	127-51	161-24	169-59
ਕੇਰਲ	130-56	167-53	175-59
ਮਹਾਰਾਸ਼ਟਰ	176-85	210-84	226-71
ਮਨੀਪੁਰ	43-45	65-13	68-25
ਮੇਘਾਲਿਆ	54-89	77-08	80-52

ਰਾਜ	ਸਾਲ		(ਰੁਪਇਆਂ ਵਿਚ)
	1978-79	1979-80	1980-81
ਨਾਗਾਲੈਂਡ	67-80	92-58	96-94
ਉੜੀਸਾ	66-43	90-76	101-70
ਪੰਜਾਬ	200-36	273-96	251-06
ਸਿੱਕਮ	90-80	104-40	110-40
ਤਾਮਲਨਾਡੂ	128-66	159-03	170-46
ਤਰੀਪੁਰਾ	40-20	64-66	64-76
ਉੱਤਰ ਪਰਦੇਸ਼	80-43	99-53	103-63
ਪੱਛਮੀ ਬੰਗਾਲ	103-40	142-12	153-16

8. ਟੈਕਸਾਂ ਦਾ ਬੋਝ ਚੁੱਕਣਾ ਹੋਵੇ ਤਾਂ ਸਭ ਤੋਂ ਵਧ ਪੰਜਾਬ ਚੁਕੇ: ਜਦ ਵੰਡਣ ਦਾ ਵੇਲਾ ਆਵੇ ਤਾਂ ਸਭ ਤੋਂ ਘਟ ਪੰਜਾਬ ਨੂੰ!

1975 ਤਕ ਪੰਜਾਬ ਨੂੰ ਕੇਂਦਰ ਨੇ ਆਪਣੀ ਆਮਦਨ ਦਾ ਕੇਵਲ 1 ਫੀਸਦੀ ਦਿੱਤਾ। ਮਾਰਚ 1979 ਦੇ ਅੰਤ ਵਿਚ ਪੰਜਾਬ ਨੂੰ ਕੇਂਦਰ ਨੇ ਆਪਣੀ ਕੁਲ ਆਮਦਨ (15668 ਕਰੋੜ) ਵਿਚੋਂ ਕੇਵਲ 2.2 ਫੀਸਦੀ (345 ਕਰੋੜ) ਦਾ ਹਿਸਾ ਹੀ ਦਿੱਤਾ।

9. ਕੇਂਦਰੀ ਸਰਕਾਰ ਵਲੋਂ ਵਖ ਵਖ ਰਾਜਾਂ ਵਿਚ ਸਨਅਤੀ ਅਤੇ ਹੋਰ ਆਰਥਕ ਯੋਜਨਾਵਾਂ ਦੇ ਲਾਏ ਜਾਣ ਵਿਚ ਵੀ ਪੰਜਾਬ ਨਾਲ ਮਤ੍ਰੇਈ ਮਾਂ ਵਾਲਾ ਸਲੂਕ ਵੇਖਣ-ਯੋਗ ਹੈ:

1980 ਦੇ ਦੌਰਾਨ ਪ੍ਰੋਜੈਕਟਾਂ ਦੀ ਗਿਣਤੀ—
ਪੰਜਾਬ 19, ਮਹਾਰਾਸ਼ਟਰ 197, ਗੁਜਰਾਤ 136, ਉੱਤਰ ਪ੍ਰਦੇਸ਼ 114,
ਪੱਛਮੀ ਬੰਗਾਲ 109,

10. ਇਸੇ ਤਰ੍ਹਾਂ ਪੰਜਾਬ ਵਿਚ ਸਥਾਪਤ ਸਨਅਤਾਂ ਨੂੰ ਅਪ੍ਰੈਲ 1969 ਤੋਂ ਮਾਰਚ 1979 ਤਕ ਪਬਲਕ ਖੇਤਰ ਦੀਆਂ ਗੈਰ-ਬੈਂਕ ਵਿਤ ਸੰਸਥਾਵਾਂ ਰਾਹੀਂ ਕੁਲ ਦਿੱਤੀ ਸਹਾਇਤਾ ਦਾ ਕੇਵਲ 2.4 ਫੀਸਦੀ ਹਿਸਾ ਹੀ ਦਿੱਤਾ ਗਿਆ। ਨਿਵੇਸ਼ ਪੱਖੋਂ ਵੀ ਪੰਜਾਬ ਵਿਚ ਲਾਇਆ ਹਿਸਾ ਦੂਜੇ ਪ੍ਰਾਂਤਾਂ ਦੇ ਮੁਕਾਬਲੇ ਤੇ ਕਿਤਨਾ ਨਿਗੂਣਾ ਹੈ:

ਪੰਜਾਬ 0.9 ਫੀਸਦੀ, ਆਂਧਰਾ ਪ੍ਰਦੇਸ਼ 14 ਫੀਸਦੀ, ਮਹਾਰਾਸ਼ਟਰ 10.6 ਫੀਸਦੀ, ਬਿਹਾਰ 10.4 ਫੀਸਦੀ, ਕਰਨਾਟਕ 9.1 ਫੀਸਦੀ, ਉੱਤਰ ਪ੍ਰਦੇਸ਼ 6.1 ਫੀਸਦੀ, ਗੁਜਰਾਤ 5.9 ਫੀਸਦੀ

11. ਪੰਜਾਬ ਸਭ ਤੋਂ ਵਧ ਖਾਦ ਵਰਤਦਾ ਹੈ। ਪੰਜਾਬ ਵਿਚ ਰਸਾਇਣਕ ਖਾਦਾਂ ਦੀ ਖੱਪਤ

1960-61 ਵਿਚ ਸਿਰਫ਼ ਪੰਜ ਹਜ਼ਾਰ ਟਨ ਤੋਂ ਵਧ ਕੇ 1980-81 ਵਿਚ 7 ਲੱਖ 62 ਹਜ਼ਾਰ ਟਨ ਹੋ ਗਈ ਜਿਸਦੇ ਕਾਰਖਾਨੇ ਉਨ੍ਹਾਂ ਪ੍ਰਾਂਤਾਂ ਵਿਚ ਲਾਏ ਗਏ ਜਿਹੜੇ 3 ਫੀਸਦੀ ਵੀ ਖਾਦ ਨਹੀਂ ਵਰਤਦੇ।

12. ਕੇਂਦਰੀ ਫਿਰਕੂ ਸਰਕਾਰ ਨੇ ਪੰਜਾਬ ਪ੍ਰਤੀ ਅੰਗਰੇਜ਼ਾਂ ਵਾਲੀ ਨੀਤੀ ਹੀ ਅਪਣਾਈ ਹੋਈ ਹੈ। ਪੰਜਾਬ ਨੂੰ ਕੱਚਾ ਮਾਲ ਸਪਲਾਈ ਕਰਨ ਅਤੇ ਪੰਜਾਬੋਂ ਬਾਹਰ ਪੈਦਾ ਕੀਤੀਆਂ ਸਨਅਤੀ ਜਿਨਸਾਂ ਦੀ ਖੱਪਤ ਦੀ ਮੰਡੀ ਵਜੋਂ ਵਰਤਿਆ ਜਾਂਦਾ ਹੈ।

13. ਸਭ ਤੋਂ ਵੱਧ ਪੰਜਾਬ ਵਿਚ ਦੋ ਲੱਖ ਟਰੈਕਟਰਾਂ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਇਸਦੀਆਂ ਫੈਕਟਰੀਆਂ ਹਰਿਆਣੇ ਤੇ ਤਾਮਲਨਾਡੂ ਵਿਚ ਜਾ ਲਾਈਆਂ ਤਾਂ ਜੋ ਪੰਜਾਬ ਦਾ ਕਿਸਾਨ ਉਨ੍ਹਾਂ ਤੋਂ ਮਹਿੰਗੇ ਭਾਅ ਟਰੈਕਟਰ ਲਵੇ, ਪੰਜਾਬ ਦੇ ਬੇਰੁਜ਼ਗਾਰ ਲੋਕਾਂ ਨੂੰ ਕੰਮ ਦੇਣ ਦੀ ਥਾਂ ਹਰਿਆਣਾ ਦੇ ਲੋਕਾਂ ਤੇ ਤਾਮਲਾਨਾਡੂ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ। ਇਹੀ ਕਾਰਨ ਹੈ ਕਿ ਪੰਜਾਬ ਦੇ ਹਰੇ ਇਨਕਲਾਬ ਦੀ ਇਤਨੀ ਪੈਦਾਵਾਰ ਹੋਣ ਦੇ ਬਾਵਜੂਦ ਪੰਜਾਬ ਦਾ ਕਿਸਾਨ ਅਜੇ ਵੀ ਕਰਜ਼ੇ ਵਿਚ ਜਕੜਿਆ ਹੋਇਆ ਹੈ ਅਤੇ ਇਸਦਾ ਫ਼ਾਇਦਾ ਬਾਹਰ ਦੇ ਪ੍ਰਾਂਤਾਂ ਨੂੰ ਮਿਲ ਰਿਹਾ ਹੈ।

14. ਜੇ ਕੋਈ ਫੈਕਟਰੀ ਪੰਜਾਬ ਵਿਚ ਲਾਈ ਗਈ ਤਾਂ ਉਸ ਵਿਚ ਕੰਮ ਕਰਨ ਲਈ 84 ਫੀਸਦੀ ਹਿੰਦੂ ਦੂਜੇ ਪ੍ਰਾਂਤਾ ਤੋਂ ਲਿਆਕੇ ਲਾਏ ਗਏ ਤਾਂ ਜੋ ਪੰਜਾਬ ਦੀ ਸਿਖ ਬਹੁਗਿਣਤੀ ਨੂੰ ਘਟਗਿਣਤੀ ਵਿਚ ਬਦਲਿਆ ਜਾ ਸਕੇ। ਪੈਸਾ ਤੇ ਜ਼ਮੀਨ ਪੰਜਾਬ ਦੀ ਪਰ ਰੁਜ਼ਗਾਰ ਬਾਹਰ ਦੇ ਹਿੰਦੂ ਕਾਮਿਆਂ ਲਈ! ਸਾਡੀਆਂ ਹੀ ਜੁੱਤੀਆਂ ਤੇ ਸਾਡਾ ਹੀ ਸਿਰ! ਇਸਦੀ ਤਾਜ਼ਾ ਮਿਸਾਲ ਹੈ ਰੇਲਗਡੀ ਦੇ ਡਬਿਆਂ ਦੀ ਲਾਈ ਗਈ ਫੈਕਟਰੀ ਜਿਸ ਵਿਚ 85 ਫੀਸਦੀ ਹਿੰਦੂ ਕਾਮੇ ਬਾਹਰ ਦੇ ਪ੍ਰਾਂਤਾਂ ਤੋਂ ਲਿਆਕੇ ਵਸਾਏ ਗਏ। ਪੰਜਾਬ ਦੇ ਆਪਣੇ ਸਿਖ ਕਾਮੇ ਤਾਂ ਵਿਹਲੇ ਫਿਰਦੇ ਰਹਿਣ ਪਰ ਇਸਦੀਆਂ ਫੈਕਟਰੀਆਂ ਵਿਚ ਬਾਹਰ ਦੇ ਹਿੰਦੂ ਕਾਮਿਆਂ ਦੀਆਂ ਧਾੜਾਂ ਆਕੇ ਕੰਮ ਕਰਨ।

15. ਪੰਜਾਬੀ ਦੇ ਵਿਕਾਸ ਲਈ ਪੰਜਾਬੀ ਯੂਨੀਵਰਸਿਟੀ ਬਣਾਈ ਗਈ ਪਰ ਉਸ ਵਿਚ ਭਰਤੀ ਕੱਟੜ ਫਿਰਕੂ ਹਿੰਦੂ ਲੇਖਕਾਂ ਦੀ ਕੀਤੀ ਗਈ। ਪੈਸਾ ਪੰਜਾਬ ਦਾ ਤੇ ਲਾਭ ਹਿੰਦੂ ਲੇਖਕਾਂ ਤੇ ਵਿਦਵਾਨਾਂ ਨੂੰ।

16. ਪੰਜਾਬ ਦੇ ਸਰਕਾਰੀ ਮੁੱਖ ਅਫ਼ਸਰਾਂ ਦੀ ਬਹੁਗਿਣਤੀ ਹਿੰਦੂ ਹੈ ਜਿਨ੍ਹਾਂ ਦਾ ਮੁੱਖ ਕੰਮ ਸਿਖ ਅਰਥਚਾਰੇ ਨੂੰ ਕਮਜ਼ੋਰ ਕਰਨਾ ਹੈ। ਘਟ ਤੋਂ ਘਟ ਅਤੇ ਨੀਵੇਂ ਪੱਧਰ ਦੀਆਂ ਨੌਕਰੀਆਂ ਹੀ ਸਿੱਖਾਂ ਨੂੰ ਦਿੱਤੀਆਂ ਜਾਂਦੀਆਂ ਹਨ। ਆਰਥਕ ਪਖੋਂ ਸਿਖ ਘਸਿਆਰਾ ਬਣ ਗਿਆ ਤਾਂ ਧਰਮ, ਸਭਿਆਚਾਰ ਅਤੇ ਇਤਹਾਸ ਨੂੰ ਖਤਮ ਕਰਨਾ ਤਾਂ ਖਬੇ ਹੱਥ ਦੀ ਖੇਡ ਹੈ। ਆਰਥਕ ਪਖੋਂ ਹਾਰਿਆ ਮਨੁੱਖ ਕੁਝ ਵੀ ਹੋ ਸਕਦਾ ਹੈ।

17. ਪੰਜਾਬ ਵਿਚ ਅਜੇਹੀ ਛੋਟੀ ਸਨਅਤ ਲਾਈ ਗਈ ਜਿਸ ਨਾਲ ਕੱਚੇ ਮਾਲ ਲਈ ਵੀ ਬਾਹਰ ਦੇ ਪ੍ਰਾਂਤਾਂ ਤੇ ਨਿਰਭਰ ਹੋਣਾ ਪਵੇ ਤੇ ਵੇਚਣ ਲਈ ਵੀ ਜਿਵੇਂ ਕਿ ਹੌਜ਼ਰੀ, ਸੂਤੀ ਕਪੜਾ ਅਤੇ ਖੇਡਾਂ ਦਾ ਸਾਮਾਨ।

18. ਪੰਜਾਬ ਸਨਅਤ ਪਖੋਂ ਪਛੜਿਆ ਹੋਇਆ ਪ੍ਰਾਂਤ ਹੈ। ਇਸ ਪਖੋਂ ਇਹ ਦਸਵੇਂ ਨੰਬਰ ਤੇ ਆਉਂਦਾ ਹੈ। 1979 ਵਿਚ 50 ਮਜ਼ਦੂਰਾਂ ਤਕ ਵਾਲੀਆਂ ਸਨਅਤਾਂ 87 ਫੀਸਦੀ, 50 ਤੋਂ 500 ਤਕ ਦੀਆਂ 11.9 ਫੀਸਦੀ, 500 ਤੋਂ 5000 ਤਕ ਦੀਆਂ 1.1 ਫੀਸਦੀ ਵਾਲੀਆਂ ਸਨਅਤਾਂ ਹੀ ਸਨ। ਪੰਜਾਬ ਵਿਚ ਇਕ ਵੀ ਫੈਕਟਰੀ ਨਹੀਂ ਜਿਸ ਵਿਚ 5000 ਤੋਂ ਵਧ ਮਜ਼ਦੂਰ ਕੰਮ ਕਰਦੇ ਹੋਣ।

ਇਸੇ ਸਮੇਂ ਦੌਰਾਨ ਪੰਜਾਬ ਵਿਚ ਕੇਵਲ 15 ਅਜੇਹੀਆਂ ਫੈਕਟਰੀਆਂ ਸਨ ਜਿਨ੍ਹਾਂ ਵਿਚ 1000 ਤੋਂ ਵਧ ਬੰਦੇ ਕੰਮ ਕਰਦੇ ਸਨ। ਗੁਜਰਾਤ ਵਿਚ ਇਸੇ ਸਾਲ 115 ਅਜੇਹੀਆਂ ਫੈਕਟਰੀਆਂ ਸਨ। ਪੰਜਾਬ ਦਾ ਬਚਾਇਆ ਬੈਂਕਾਂ ਵਿਚ ਜਮ੍ਹਾ ਪੈਸਾ ਬਾਹਰ ਤਾਂ ਲਗ ਸਕਦਾ ਹੈ ਪਰ ਪੰਜਾਬ ਵਿਚ ਨਹੀਂ।

19. ਪੰਜਾਬ ਕਣਕ, ਚਾਵਲ, ਮੱਕੀ, ਕਪਾਹ, ਗੰਨਾ ਤੇ ਦਾਲਾਂ ਆਦਿ ਪੈਦਾ ਕਰਨ ਵਿਚ ਤਾਂ ਸਭ ਤੋਂ ਅਗੇ ਹੈ ਪਰੰਤੂ ਇਨ੍ਹਾਂ ਵਸਤਾਂ ਤੋਂ ਤਿਆਰ ਕੀਤੇ ਖੁਰਾਕ ਪਦਾਰਥਾਂ ਨੂੰ ਤਿਆਰ ਕਰਨ ਵਿਚ ਦੂਜੇ ਪ੍ਰਾਂਤਾਂ ਤੋਂ ਪਿਛੇ ਹੈ ਕਿਉਂਕਿ ਇਹ ਵਸਤਾਂ ਅਣਤਿਆਰ ਰੂਪ ਵਿਚ ਦੂਜੇ ਪ੍ਰਾਂਤਾਂ ਵਿਚ ਭੇਜ ਦਿੱਤੀਆਂ ਜਾਂਦੀਆਂ ਹਨ ਜਿਥੋਂ ਇਨ੍ਹਾਂ ਤੋਂ ਖੁਰਾਕ ਪਦਾਰਥ ਤਿਆਰ ਕਰਕੇ ਵਾਪਸ ਪੰਜਾਬ ਵੇਚਣ ਲਈ ਭੇਜੇ ਜਾਂਦੇ ਹਨ ਜਿਸ ਨਾਲ ਬਾਹਰ ਦੇ ਪ੍ਰਾਂਤਾਂ ਦੇ ਲੋਕਾਂ ਨੂੰ ਦੂਹਰਾ ਫਾਇਦਾ, ਉਨ੍ਹਾਂ ਪ੍ਰਾਂਤਾਂ ਦੇ ਲੋਕਾਂ ਨੂੰ ਕੰਮ ਵੀ ਮਿਲਿਆ ਤੇ ਮੁਨਾਫ਼ ਵੀ!

20. ਕਿਸਾਨ ਦੀ ਲੁੱਟ ਉਂਜ ਤਾਂ ਬਾਣੀਆ ਕਰਦਾ ਹੀ ਆਇਆ ਹੈ ਪਰ ਪੰਜਾਬ ਦੇ ਸਿਖ ਕਿਸਾਨ ਦੀ ਦੂਹਰੀ ਲੁੱਟ ਹੋ ਰਹੀ ਹੈ ਕਿਉਂਕਿ ਉਹ ਸਿਖ ਜੁ ਹੋਇਆ, ਇਸ ਲਈ ਕੁਰਬਾਨੀ ਦਾ ਬੱਕਰਾ ਵੀ ਤਾਂ ਇਸਨੂੰ ਹੀ ਬਣਨਾ ਪਵੇਗਾ।

ਇਸਦੇ ਪੰਜਾਬੀ ਬੋਲਦੇ ਇਲਾਕੇ ਖੋਹ ਲਏ ਗਏ, ਇਸਦੀ ਰਾਜਧਾਨੀ ਖੋਹ ਲਈ ਗਈ, ਇਸਦਾ ਪਾਣੀ ਤੇ ਬਿਜਲੀ ਖੋਹ ਲਏ ਗਏ, ਇਸ ਦੀ ਪੈਦਾਵਾਰ ਮਿਟੀ ਦੇ ਭਾਅ ਚੁੱਕੀ ਗਈ। ਸਨਅਤ ਇਥੇ ਕੋਈ ਲਾਈ ਨਹੀਂ, ਸਰਕਾਰੀ ਨੌਕਰੀਆਂ ਵਿਚ ਇਸ ਲਈ ਦਰਵਾਜ਼ੇ ਬੰਦ, ਫੌਜ ਵਿਚ ਇਸਦੀ ਗਿਣਤੀ 30 ਫੀਸਦੀ ਤੋਂ ਘਟਾ ਕੇ 2 ਫੀਸਦੀ ਕਰ ਦਿੱਤੀ। ਆਰਥਕ ਤੌਰ ਤੇ ਇਸ ਫਿਰਕੂ ਸਰਕਾਰ ਨੇ ਆਪਣੇ ਵਲੋਂ ਪੰਜਾਬ ਵਿਚ ਸਿਖ ਅਰਥਚਾਰੇ ਦੀਆਂ ਜੜ੍ਹਾਂ ਵੱਢਣ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਪਰ ਕਿਰਤ ਕਰਕੇ ਵੰਡ ਛਕਣ ਦੇ ਧਾਰਨੀ ਸਿਖ ਕਿਸਾਨ ਨੇ ਆਪਣੀ ਅਣਖ ਤੇ ਗੈਰਤ ਨੂੰ ਕਾਇਮ ਰਖਣ ਵਿਚ ਸਿਰ ਧੜ ਦੀ ਬਾਜ਼ੀ ਲਾ ਦਿਤੀ ਹੈ।

ਕਾਂਗਰਸ ਦੀ ਸਿਖਮਾਰੂ ਨੀਤੀ ਸਭਿਆਚਾਰਕ ਪਖੋਂ?

ਜੇ ਕਿਸੇ ਕੌਮ ਦੀ ਹੋਂਦ ਨੂੰ ਖਤਮ ਕਰਨਾ ਹੋਵੇ ਤਾਂ ਸਭ ਤੋਂ ਸੌਖਾ ਤਰੀਕਾ ਇਹ ਹੈ ਕਿ ਉਸਦੀਆਂ ਆਰਥਕ ਜੜ੍ਹਾਂ ਨੂੰ ਹੌਲੀ ਹੌਲੀ ਕੁਤਰ ਕੇ ਉਸਨੂੰ ਘਸਿਆਰਾ ਤੇ ਹੀਣਿਆਂ ਬਣਾ ਦਿੱਤਾ ਜਾਵੇ। ਆਰਥਕ ਪਖੋਂ ਹਾਰਿਆ ਮਨੁੱਖ ਕੁਝ ਵੀ ਹੋ ਸਕਦਾ ਹੈ। ਇਸਦੇ ਨਾਲ ਨਾਲ ਜੇ ਉਸ ਕੌਮ ਦੀ ਬੋਲੀ ਤੇ ਸਭਿਆਚਾਰ ਨੂੰ ਵੀ ਹੌਲੀ ਹੌਲੀ ਖੋਰਕੇ ਖਤਮ ਕੀਤਾ ਜਾਵੇ ਤਾਂ ਇਸਦੇ ਧਰਮ, ਬੋਲੀ, ਸਦਾਚਾਰ ਤੇ ਇਤਹਾਸ ਨੂੰ ਮਾਰਨਾ ਕੋਈ ਔਖਾ ਕੰਮ ਨਹੀਂ।

ਇਸ ਤਰ੍ਹਾਂ ਕੀਤਿਆਂ, ਉਸ ਕੌਮ ਦੇ ਲੋਕ, ਥੋੜੇ ਚਿਰ ਮਗਰੋਂ ਹੀ ਹਾਕਮ ਕੌਮ ਦੀ ਬੋਲੀ ਤੇ ਸਭਿਆਚਾਰ ਵਿਚ ਫਖਰ ਕਰਨ ਲਗ ਪੈਂਦੇ ਹਨ ਅਤੇ ਆਪਣੇ ਸਭਿਆਰ ਤੇ ਬੋਲੀ ਨੂੰ ਘਟੀਆ ਸਮਝਣ ਲਗ ਪੈਂਦੇ ਹਨ। ਇਸ ਤਰ੍ਹਾਂ ਉਹ ਕੌਮ ਤਪਦਿਕ ਦੇ ਮਰੀਜ਼ ਵਾਂਗ ਹੌਲੀ ਹੌਲੀ ਖਤਮ ਹੋਣੀ ਸ਼ੁਰੂ ਹੋ ਜਾਂਦੀ ਹੈ।

ਇਸ ਤਰ੍ਹਾਂ ਹਾਕਮ ਜਮਾਤ ਜਦ ਅਜੇਹੀ ਕੌਮ ਨੂੰ ਆਪਣੇ ਧਰਮ, ਸਭਿਆਚਾਰ ਅਤੇ ਬੋਲੀ ਦੀ ਬੁੱਕਲ ਵਿਚ ਲੁਕੋ ਲੈਂਦੀ ਹੈ ਤਾਂ ਉਸ ਕੌਮ ਦੀਆਂ ਰਿਵਾਇਤਾਂ ਦੀਆਂ ਖਿਲੀਆਂ ਉਡਾਕੇ, ਉਸ ਦੀ ਰਹਿੰਦੀ ਖੂੰਹਦੀ ਅਣਖ ਤੇ ਗੈਰਤ ਨੂੰ ਕਰਾਰੀਆਂ ਸੱਟਾਂ ਮਾਰਕੇ ਖਤਮ ਕਰਕੇ ਰੱਖ ਦਿੰਦੀ ਹੈ।

ਗੁਰੂ ਨਾਨਕ ਸਾਹਿਬ ਦੇ ਵੇਲੇ ਜਦ ਹਿੰਦੂ ਕੌਮ ਆਪਣੀ ਬੋਲੀ ਤੇ ਸਭਿਆਚਾਰ ਨੂੰ ਤਿਆਗ ਕੇ ਤੁਰਕਾਂ ਦੀ ਬੋਲੀ ਤੇ ਸਭਿਆਚਾਰ ਵਿਚ ਫਖਰ ਕਰਨ ਲਗ ਪਈ ਸੀ ਉਸ ਵੇਲੇ ਦੀ ਕਾਇਰ ਤੇ ਨਿਢਾਲ ਹੋ ਚੁਕੀ ਹਿੰਦੂ ਕੌਮ ਨੂੰ ਦੂਰਦਰਸ਼ੀ ਗੁਰੂ ਸਾਹਿਬ ਨੇ, ਉਸਦੇ ਸਭਿਆਚਾਰਕ ਫਰਜ਼ਾਂ ਤੋਂ ਜਾਣੂੰ ਕਰਾਕੇ ਉਨ੍ਹਾਂ ਦੀ ਅਣਖ ਅਤੇ ਪਖੰਡ ਨੂੰ ਇਜ ਵੰਗਾਰਿਆ:

1. **ਅੰਤਰਿ ਪੂਜਾ ਪੜਹਿ ਕਤੇਬਾ ਸੰਜਮ ਤੁਰਕਾ ਭਾਈ**
2. **ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ।**
3. **ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਵਰ ਤੁਮਾਰੀ**

ਪਿਛਲੇ ਬਿਤਾਲੀ ਸਾਲਾਂ ਤੋਂ ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਧੁੰਦਲਾਉਣ ਦੇ ਨਾਪਾਕ ਮਨਸੂਬਿਆਂ ਦੀ ਅੱਜ ਬੜੇ ਭਿਆਨਕ ਸਿੱਟੇ ਨਿਕਲਣੇ ਸ਼ੁਰੂ ਹੋ ਗਏ ਹਨ। ਅੱਜ ਦੀ ਸਿਖ ਕੌਮ ਨੂੰ ਐਨ ਉਸੇ ਦੌਰ ਵਿਚ ਲਿਆ ਖੜਾ ਕੀਤਾ ਹੈ ਜਿਸ ਦੌਰ ਵਿਚੋਂ ਸਿੱਖ ਕੌਮ ਨੇ ਇਸ ਮਕਾਰ ਕੌਮ ਨੂੰ ਨਿਕਲਣ ਲਈ ਸਹਾਰਾ ਦਿੱਤਾ ਸੀ।

ਅਜ ਦਾ ਸਿਖ ਭਾਵੇਂ ਪੰਜਾਬ ਵਿਚ ਰਹਿੰਦਾ ਹੈ ਤੇ ਭਾਵੇਂ ਪੰਜਾਬ ਤੋਂ ਬਾਹਰ, ਹਿੰਦੀ ਵਿਚ ਬੋਲਣਾ ਫਖਰ ਸਮਝਣ ਲਗ ਪਿਆ ਹੈ। ਹਿੰਦੂ ਸਭਿਆਚਾਰਕ ਤੌਰ-ਤਰੀਕਿਆਂ ਦੇ ਨਾਲ ਨਾਲ ਮਿਥਿਹਾਸਕ ਹਵਾਲੇ ਵੀ ਹਰ ਵੇਲੇ ਉਸ ਦੀ ਜ਼ਬਾਨ ਤੇ ਰਹਿੰਦੇ ਹਨ ਜਿਸ ਤੋਂ ਸਾਫ਼ ਜ਼ਾਹਰ ਹੈ ਕਿ ਸਿਖ ਕੌਮ ਬੋਲੀ ਤੇ ਸਭਿਆਚਾਰਕ ਪਖੋਂ ਬੜੀ ਤੇਜ਼ੀ ਨਾਲ ਨਿਘਰਨੀ ਸ਼ੁਰੂ ਹੋ ਗਈ ਹੈ। ਜੇ ਇਸ ਨੂੰ ਠੱਲ੍ਹ ਪਾਉਣ ਵਾਲੇ ਲੋੜੀਂਦੇ ਫ਼ੌਰੀ ਕਦਮ ਨਾ ਚੁੱਕੇ ਗਏ ਤਾਂ ਡਰ ਹੈ ਕਿ ਹੋਰ ਪੰਜਾਹ ਸਾਲਾਂ ਤਕ ਅਸੀਂ ਵੀ ਅਫ਼ਰੀਕਨਾਂ ਵਾਂਗ ਆਪਣਾ ਸਭ ਕੁਝ ਗਵਾ ਬੈਠਾਂਗੇ।

ਅਫਰੀਕਨਾਂ ਦੀ ਬੋਲੀ ਤੇ ਸਭਿਆਚਾਰ ਤਾਂ ਜਾਬਰ ਪਰ ਸਮਝਦਾਰ ਘੱਟਗਿਣਤੀ ਨੇ ਤਬਾਹ ਕੀਤੇ ਸਨ। ਅਫਰੀਕਾ ਵਿਚ ਉਨ੍ਹਾਂ ਨੂੰ ਈਸਾਈ ਬਣਾ ਦਿੱਤਾ ਗਿਆ ਸੀ। ਅਮਰੀਕਾ ਤੇ ਵੈਸਟ ਇੰਡੀਜ਼ ਵਿਚ ਗੁਲਾਮ ਬਣਾਕੇ ਬਾਈਬਲ ਉਨ੍ਹਾਂ ਦੇ ਹਥ ਫੜਾ ਦਿੱਤੀ ਸੀ ਜਿਹੜੇ ਸਦੀਆਂ ਮਗਰੋਂ ਅਜ ਵੀ ਨਾ ਅਫਰੀਕਨਾਂ ਵਿਚ ਹਨ ਤੇ ਨਾ ਅਮਰੀਕਨਾਂ ਵਿਚ। 'ਧੋਬੀ ਦਾ ਕੁਤਾ ਨਾ ਘਰ ਦਾ ਨਾ ਘਾਟ ਦਾ' ਵਰਗੀ ਹਾਲਤ ਹੈ ਉਨ੍ਹਾਂ ਦੀ ਪਰ ਸਿਖ ਕੌਮ ਦਾ ਵਾਸਤਾ ਤਾਂ ਕਾਤਲ ਤੇ ਨਿਰਦਈ ਕਸਾਈ ਬਹੁਗਿਣਤੀ ਨਾਲ ਹੈ ਜਿਸਦੀ ਵਹਿਸ਼ੀਆਨਾ ਤਸਵੀਰ ਅਸੀਂ 1984 ਵਿਚ ਦੇਖ ਹੀ ਚੁੱਕੇ ਹਾਂ।

ਬੋਲੀ ਤੇ ਸਭਿਆਚਾਰ ਤੋਂ ਸਖਣੀਆਂ ਹੋ ਚੁੱਕੀਆਂ ਕੌਮਾਂ ਆਪਣਾ ਸਵੈਮਾਨ ਵੀ ਤਿਆਗ ਬੈਠਦੀਆਂ ਹਨ। ਸਵੈਮਾਨ ਗਿਆ ਤਾਂ ਸਵੈਬਲ ਵੀ ਗਿਆ ਸਮਝੋ। ਇਹੀ ਕਾਰਨ ਸੀ ਕਿ ਕਰੋੜਾਂ ਦੀ ਗਿਣਤੀ ਵਾਲੇ ਹਿੰਦੂ ਸਮਾਜ ਨੇ ਮੁਠੀ ਭਰ ਬਾਹਰੋਂ ਆਏ ਮੁਸਲਮਾਨਾਂ ਦੀ ਫੌਜ ਤੋਂ ਹਾਰ ਖਾਕੇ ਸਦੀਆਂ ਲਈ ਰਾਜਨੀਤਕ ਤੌਰ ਤੇ ਗੁਲਾਮੀ ਦਾ ਪਟਾ ਗਲ ਵਿਚ ਪਾਈ ਰਖਿਆ ਸੀ। ਸਿਖ ਕੌਮ ਤਾਂ ਆਟੇ ਵਿਚ ਲੂਣ ਬਰਾਬਰ ਵੀ ਨਹੀਂ ਹੈ। ਇਸ ਲਈ ਸਿੱਖ ਕੌਮ ਨੂੰ ਇਸ ਮਸਲੇ ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ।

ਸੁਆਰਥ ਕਾਰਨ ਪ੍ਰਾਧੀਨ ਹੋਣਾ ਮਨੁਖਤਾ ਨੂੰ ਕਲੰਕ ਲਾਉਣ ਦੇ ਬਰਾਬਰ ਹੈ। ਪ੍ਰਾਧੀਨਤਾ ਨੂੰ ਸਵੀਕਾਰ ਕਰ ਲੈਣਾ ਪਸ਼ੂ ਸਮਾਨ ਹੈ ਜਿਸ ਨੂੰ ਗੱਲ ਵਿਚ ਰੱਸਾ ਪਾਕੇ ਮਨਮਰਜ਼ੀ ਦੇ ਕਿੱਲੇ ਨਾਲ ਬੰਨ੍ਹਿਆ ਜਾਂਦਾ ਹੈ। ਪ੍ਰਾਧੀਨ ਰਹਿਣ ਵਾਲੀਆਂ ਕੌਮਾਂ ਮਾਨਸਕ ਤੌਰ ਤੇ ਨਿਤਾਣੀਆਂ ਹੋ ਜਾਂਦੀਆਂ ਹਨ। ਆਪਣਾ ਸਵੈਮਾਨ ਗਵਾ ਬੈਠੇ ਅਤੇ ਪਰਾਏ ਟੁਕੜਿਆਂ ਦੇ ਰਹਿਮ ਤੇ ਪਲਣ ਵਾਲੇ ਮਨੁਖਾਂ ਨੂੰ ਗੁਰੂ ਨਾਨਕ ਸਾਹਿਬ ਨੇ ਇੰਜ ਲਾਹਨਤ ਪਾਈ ਹੈ:

ਜੇ ਜੀਵੈ ਪਤਿ ਲਥੀ ਜਾਇ।
ਸਭੁ ਹਰਾਮੁ ਜੇਤਾ ਕਿਛੁ ਖਾਇ।

ਸਿਖ ਧਰਮ ਨਵੀਨ, ਮੌਲਕ ਅਤੇ ਕਰਾਂਤੀਕਾਰੀ ਧਰਮ ਹੈ। ਇਹ ਇਕ ਸਰਬ ਪੱਖੀ ਇਨਕਲਾਬ ਬਣਕੇ ਸਾਹਮਣੇ ਆਇਆ। ਜੀਵਨ ਦੀਆਂ ਸਾਰੀਆਂ ਸਮੱਸਿਆਵਾਂ— ਧਾਰਮਕ, ਸਭਿਆਚਾਰਕ ਅਤੇ ਰਾਜਨੀਤਕ ਇਸਦਾ ਅਤੁਟ ਅੰਗ ਹਨ। ਇਹ ਜਿਥੇ ਧਰਮ ਦਾ ਰਾਹ ਉਲੀਕਦਾ ਹੈ ਉਥੇ ਇਸ ਉਤੇ ਪਹਿਰਾ ਵੀ ਦਿੰਦਾ ਹੈ। ਸੰਸਾਰ ਦਾ ਇਹ ਪਹਿਲਾ ਧਰਮ ਹੈ ਜਿਸਨੇ ਦੂਜਿਆਂ ਦੇ ਹੱਕਾਂ ਲਈ ਜੂਝ ਮਰਨ ਦੀ ਨਵੀਂ ਪਿਰਤ ਪਾਈ।

ਸਿਖ ਧਰਮ ਤੇ ਸਿਖਾਂ ਦਾ ਖੁਰਾ ਖੋਜ ਮਿਟਾ ਦੇਣ ਦੇ ਸਪਨੇ ਲੈਣ ਵਾਲੇ ਆਪ ਹੀ ਮਿਟ ਜਾਂਦੇ ਰਹੇ ਹਨ। ਤਾਕਤ ਦੇ ਨਸ਼ੇ ਵਿਚ ਵਿਦੇਸ਼ੀ ਧਾੜਵੀਆਂ, ਮੁਗਲ ਸ਼ਹਿਨਸ਼ਾਹਾਂ ਅਤੇ ਅੰਗਰੇਜ਼ਾਂ ਨੇ ਵੀ ਵਾਰੋ ਵਾਰੀ ਸਿਖਾਂ ਨੂੰ ਮਾਰ ਮੁਕਾਉਣ ਦੀਆਂ ਵੰਗਾਰਾਂ ਪਾਈਆਂ ਸਨ। ਤਾਕਤ ਦੇ ਨਸ਼ੇ ਵਿਚ ਮਸਤ ਹੋਏ ਅੱਜ ਦੇ ਹਿੰਦੂ ਸਾਮਰਾਜ ਨੇ ਉਸੇ ਗਲਤੀ ਨੂੰ ਇਕ ਵਾਰ ਫਿਰ ਦੁਹਰਾਇਆ ਹੈ। ਜਿੱਤ ਹਮੇਸ਼ਾ ਸਚ ਦੀ ਹੁੰਦੀ ਆਈ ਹੈ ਤੇ ਹੁਣ ਵੀ ਜਿੱਤ ਸੱਚ ਦੀ ਹੀ ਹੋਣੀ ਹੈ। ਸੱਚ ਨੂੰ ਕਦੀ ਦਬਾਇਆ ਨਹੀਂ ਜਾ ਸਕਦਾ। ਸਾਡੇ ਗੁਰੂ ਸਾਹਿਬਾਨ ਨੇ ਅਜੇਹੇ ਸਿਧਾਂਤਕ ਤੱਤਾਂ ਦਾ ਨਚੋੜ ਸਾਡੇ ਲਈ ਪਹਿਲਾਂ ਹੀ ਲਿਖਕੇ ਰੱਖ ਦਿੱਤਾ ਹੈ:

1. **ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।**
2. **ਨਾਨਕ ਬਾਜੀ ਕੂੜ ਕੀ ਆਖਰ ਕੂੜੀ ਹੋਇ।**

ਹੁਣ ਅਸੀਂ ਵੇਖਣਾ ਇਹ ਹੈ ਕਿ ਇਸ ਫਿਰਕੂ, ਮੱਕਾਰ ਤੇ ਚਤੁਰ ਹਿੰਦੂ 'ਥਿੰਕ ਟੈਂਕ' ਨੇ ਸਿੱਖ ਕੌਮ ਦੀ ਬੋਲੀ ਤੇ ਸਭਿਆਚਾਰ ਦੀਆਂ ਜੜ੍ਹਾਂ ਕਿਸ ਤਰ੍ਹਾਂ ਕਿੱਥੋਂ ਅਤੇ ਕਿਵੇਂ ਵੱਢਣੀਆਂ ਸ਼ੁਰੂ ਕੀਤੀਆਂ ਹਨ ਤਾਂ ਜੋ ਸਿੱਖ-ਮਾਰੂ ਨੀਤੀ ਦੇ ਇਸ ਘਾਤਕ ਵਾਰ ਦੀ ਰੋਕ ਥਾਮ ਕੀਤੀ ਜਾ ਸਕੇ। ਸਭਿਆਚਾਰਕ ਵਿਤਕਰਿਆਂ ਨੂੰ ਵਿਚਾਰਨ ਤੋਂ ਪਹਿਲਾਂ ਇਥੇ ਕਾਂਗਰਸੀ ਸਰਕਾਰੀ ਲੀਡਰਾਂ ਦੀਆਂ ਕੁਝ ਟੂਕਾਂ ਦੇਣ ਦਾ ਯਤਨ ਕੀਤਾ ਹੈ ਜਿਹੜੀਆਂ ਇਸ ਵਿਸ਼ੇ ਦੇ ਅਧਿਅਨ ਕਰਨ ਵਿਚ ਸਹਾਇਕ ਸਾਬਤ ਹੋਣਗੀਆਂ:

> ਮੈਂ ਘਟ-ਗਿਣਤੀ ਦੇ ਸ਼ਬਦ ਨੂੰ ਬਿਲਕੁਲ ਪਸੰਦ ਨਹੀਂ ਕਰਦਾ।
>
> ਮਿਸਟਰ ਆਈਂਗਰ
>
> ਘਟਗਿਣਤੀਆਂ ਨੂੰ ਅਸੀਂ ਕੱਢ ਦੇਣ ਵਿਚ ਜਾਂ ਵਡੀ ਪਧਰ ਤੇ ਕਤਲ ਕਰ ਦੇਣ ਵਿਚ ਵਿਸ਼ਵਾਸ ਨਹੀਂ ਰਖਦੇ, ਸਗੋਂ ਧਰਮ ਦੀ ਤਬਦੀਲੀ ਦੇ ਚਾਹਵਾਨ ਹਾਂ।
>
> ਮਹਾਂਵੀਰ ਤਿਆਗੀ
>
> ਜਦ ਪਾਕਿਸਤਾਨ ਬਣ ਗਿਆ ਤਾਂ ਇਹ ਸਮਝਿਆ ਗਿਆ ਕਿ ਬਾਕੀ ਭਾਰਤ ਵਿਚ ਕੇਵਲ ਇਕ ਕੌਮ ਰਹਿ ਜਾਂਦੀ ਹੈ।
>
> ਸਰਦਾਰ ਪਟੇਲ
>
> ਗਿਆਨੀ ਜੀ, ਆਪ ਚਿੰਤਾ ਨਾ ਕਰੇਂ, ਅੰਗਰੇਜ਼ੋਂ ਕੋ ਚਲਾ ਜਾਨੇ ਦੋ, ਹਮ ਕੇਵਲ ਵਿਦਿਆ ਪ੍ਰਣਾਲੀ ਮੇਂ ਹੀ ਸੰਸ਼ੋਧਨ ਕਰਕੇ ਮੁਸਲਮਾਨੋਂ ਕੀ ਸਾਰੀ ਮੁਸਲਮਾਨੀ ਨਿਕਾਲ ਦੇਂਗੇ।
>
> ਮਦਨ ਮੋਹਨ ਮਾਲਵੀਆ

ਵਰਤਮਾਨ ਸਾਇੰਸੀ ਯੁਗ ਅੰਦਰ, ਅੱਜ ਦਾ ਮਨੁਖ ਜਿਹੜੀਆਂ ਪ੍ਰਾਪਤੀਆਂ ਪਿਛਲੀ ਇਕ ਸਦੀ ਵਿਚ ਕਰ ਸਕਿਆ ਹੈ ਉਹ ਪਿਛਲੇ ਪੰਜ ਹਜ਼ਾਰ ਸਾਲਾਂ ਵਿਚ ਵੀ ਨਹੀਂ ਸੀ ਕੀਤੀਆਂ ਜਾ ਸਕੀਆਂ। ਮਨੁਖੀ ਜੀਵਨ ਨੇ ਹਰ ਖੇਤਰ ਵਿਚ ਉਨਤੀ ਦੀਆਂ ਨਿੱਤ ਨਵੀਆਂ ਤੇ ਸਜਰੀਆਂ ਟੀਸੀਆਂ ਨੂੰ ਛੂਹ ਸਕਣ ਦੀ ਪ੍ਰਾਪਤੀ ਕੀਤੀ।

ਸਬਰ, ਸੰਤੋਖ, ਸੁਖ ਤੇ ਅਰਾਮ ਤੋਂ ਪੁੰਗਰੀ ਨਿਆਂ-ਭਰਪੂਰ ਮਨੁਖੀ ਸੋਚ ਨੇ ਉਚ ਪੱਧਰ ਦੇ ਸਜਰੇ ਤੇ ਨਵੀਨ ਸਦਾਚਾਰਕ ਆਦਰਸ਼ ਕਾਇਮ ਕੀਤੇ। ਮਨੁੱਖ ਦੀ ਵਿਗਿਆਨਕ ਅਭਿਲਾਸ਼ਾ ਨੇ ਨਾ ਕੇਵਲ ਚੰਦਰਮਾ ਨੂੰ ਜਾ ਲਤਾੜਿਆ ਸਗੋਂ ਪੁਲਾੜ ਵਿਚ ਲੈਬਾਰੇਟਰੀਆਂ ਜਾ ਕਾਇਮ ਕੀਤੀਆਂ ਜਿਨ੍ਹਾਂ ਵਿਚ ਨਿਤ ਨਵੀਆਂ ਵਿਗਿਆਨਕ ਖੋਜਾਂ ਕੀਤੀਆਂ ਜਾ ਰਹੀਆਂ ਹਨ।
ਅਜੇਹੇ ਉਨਤੀ ਦੇ ਵਿਗਿਆਨਕ ਯੁਗ ਅੰਦਰ ਕਾਂਗਰਸੀ ਹਿੰਦੂ ਲੀਡਰਾਂ ਦੇ ਘਟਗਿਣਤੀ ਨੂੰ ਆਪਣੇ ਮੁਲਕ ਵਿਚੋਂ ਕੱਢ ਦੇਣ ਜਾਂ ਕਤਲ ਕਰ ਦੇਣ ਦੇ ਡਰਾਵਿਆਂ ਸਾਹਮਣੇ ਧਰਮ ਬਦਲਣ ਦੀ ਪ੍ਰੇਰਨਾ ਦੇਣਾ ਔਰੰਗਜ਼ੇਬ ਦਾ ਜ਼ਬਰਦਸਤੀ ਹਿੰਦੂਆਂ ਨੂੰ ਮੁਸਲਮਾਨ ਬਨਾਉਣ ਨਾਲੋਂ 1984 ਵਿਚ ਵਧੇਰੇ ਖਤਰਨਾਕ ਸਾਬਤ ਹੋਕੇ ਸਾਹਮਣੇ ਆਇਆ ਹੈ।

ਮਨੁਖਤਾ ਦੇ ਸਾਰੇ ਧਾਰਮਕ, ਸਭਿਆਚਾਰਕ ਅਤੇ ਰਾਜਸੀ ਪ੍ਰਮਾਣਿਤ ਮਿਆਰਾਂ ਨੂੰ ਛਿੱਕੇ ਤੇ ਟੰਗ ਕੇ ਹਿੰਦੂ ਸਾਮਰਾਜੀ ਸਰਕਾਰ ਨੇ ਆਪਣੀ ਘਟਗਿਣਤੀ ਦਾ ਕਤਲਾਮ ਕੀਤਾ ਤੇ ਕਰਾਇਆ। ਨਿਰਦੋਸ਼ ਜੀਉਂਦੇ ਮਨੁੱਖਾਂ ਨੂੰ ਅਤੇ ਮਾਸੂਮ ਬੱਚਿਆਂ ਨੂੰ ਅੱਗਾਂ ਵਿਚ ਸਾੜਿਆਂ ਗਿਆ ਅਤੇ ਹਜ਼ਾਰਾਂ ਅਬਲਾ

ਇਸਤਰੀਆਂ ਦੀ ਬੇਪੱਤੀ ਕਰਕੇ ਮੁਨਖਤਾ ਦਾ ਅਪਮਾਨ ਕੀਤਾ ਗਿਆ। ਅੱਜ ਦੇ ਵਿਗਿਆਨਕ ਯੁਗ ਅੰਦਰ ਕਿਹੜਾ ਮਨੁਖ ਅਜੇਹੇ ਵਹਿਸ਼ੀਆਨਾ ਸਭਿਆਚਾਰ ਨੂੰ ਅਪਨਾਏਗਾ? ਸਿਖ ਕੌਮ ਤੋਂ ਅਜੇਹੀ ਆਸ ਰੱਖਣੀ ਤਾਂ ਆਪਣੀ ਅਕਲ ਦਾ ਦੀਵਾਲੀਆ ਕੱਢਣ ਵਾਲੀ ਗੱਲ ਹੈ।

ਇਹ ਵੀ ਗਲ ਸਚ ਹੈ ਕਿ ਮਨੁਖ ਤਾਕਤ ਦੇ ਨਸ਼ੇ ਵਿਚ ਅੰਨ੍ਹਾ ਹੋ ਜਾਂਦਾ ਹੈ ਅਤੇ ਅੰਨ੍ਹੇ ਹੋਏ ਨੂੰ ਆਪਣੇ ਤੋਂ ਬਿਨਾਂ ਹੋਰ ਕੋਈ ਵਿਖਾਈ ਹੀ ਨਹੀਂ ਦਿੰਦਾ। ਤਾਕਤ ਦਾ ਨਸ਼ਾ ਮਨੁਖ ਦੀ ਅਕਲ ਤੇ ਪਰਦੇ ਪਾ ਦਿੰਦਾ ਹੈ ਅਤੇ ਉਸ ਮਨੁਖ ਦੀ ਸੋਚ ਸ਼ਕਤੀ ਕੰਮ ਕਰਨੋਂ ਬੰਦ ਹੋ ਜਾਂਦੀ ਹੈ। ਮਨੁਖ ਮਨ ਦੀ ਅਗਵਾਈ ਵਿਚ, ਤਾਕਤ ਦੇ ਚੜ੍ਹੇ ਨਸ਼ੇ ਵਿਚ ਮਨਆਈਆਂ ਕਰਨੀਆਂ ਆਰੰਭ ਦਿੰਦਾ ਹੈ ਜਿਹੜੀਆਂ ਆਮ ਕਰਕੇ ਉਸਦੇ ਵਿਨਾਸ਼ ਦਾ ਕਾਰਨ ਹੀ ਬਣਦੀਆਂ ਹਨ।

ਸੰਨ 1947 ਵਿਚ ਤਾਕਤ ਹੱਥ ਆਉਂਦਿਆਂ ਹੀ ਹਿੰਦੂ ਸਾਮਰਾਜ ਨੇ ਸਿਖ ਕੌਮ ਵਿਰੁੱਧ ਅਜੇਹੀਆਂ ਮਨਆਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਦਾ ਸਿਖਰ ਸੰਨ 1984 ਦਾ ਕਤਲਾਮ ਸੀ। ਇਨ੍ਹਾਂ ਮਨਮਾਨੀਆਂ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ:

1. 'ਏਕ ਪਿਤਾ ਏਕਸ ਕੇ ਹਮ ਬਾਰਿਕ' ਤੇ 'ਸਭੇ ਸਾਂਝੀਵਾਲ ਸਦਾਇਨਿ' ਦੀ ਧਾਰਨੀ ਸਿਖ ਕੌਮ ਨੂੰ ਤਾਕਤ ਹਥ ਵਿਚ ਆਉਂਦਿਆਂ ਹੀ ਅਕਤੂਬਰ 1947 ਵਿਚ ਜਰਾਇਮ ਪੇਸ਼ਾ ਕਰਾਰ ਦੇ ਦਿੱਤਾ ਗਿਆ।

2. ਪਹਿਲੀ ਜੂਨ 1948 ਤੋਂ ਪੰਜਾਬ ਵਿਚ ਉਰਦੂ ਦੀ ਥਾਂ ਪੰਜਾਬੀ ਤੇ ਹਿੰਦੀ ਨੂੰ ਵਿਦਿਆ ਦਾ ਮਾਧਿਅਮ ਬਣਾਇਆ ਗਿਆ ਜਿਸ ਤੇ ਮਹਾਸ਼ਾ ਪ੍ਰੈਸ ਦੇ ਸੱਤੀਂ ਕਪੜੀਂ ਅੱਗ ਲੱਗ ਗਈ ਅਤੇ ਪੰਜਾਬੀ ਵਿਰੁਧ ਧੂਆਂਧਾਰ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ। ਨਾਲ ਹੀ ਹਿੰਦੂਆਂ ਸਿੱਖਾਂ ਵਿਚਕਾਰ ਪਾੜਾ ਵਧਣਾ ਸ਼ੁਰੂ ਹੋਇਆ।

3. 26 ਜਨਵਰੀ 1950 ਤੋਂ ਵਿਧਾਨ ਲਾਗੂ ਕੀਤਾ ਗਿਆ ਜਿਸ ਵਿਚ ਸਿੱਖਾਂ ਨਾਲ ਕੀਤੇ ਵਾਅਦਿਆਂ ਦਾ ਜ਼ਿਕਰ ਤੱਕ ਹੀ ਨਹੀਂ ਸੀ। ਸਗੋਂ ਹਿੰਦੂ ਕੋਡ ਬਿਲ ਦੀ ਧਾਰਾ 25 ਅਨੁਸਾਰ ਸਿੱਖਾਂ ਨੂੰ ਜੈਨੀ ਤੇ ਬੋਧੀਆਂ ਵਾਂਗ ਹਿੰਦੂ ਕਰਾਰ ਦੇ ਦਿੱਤਾ ਗਿਆ। 'ਜ਼ੁਲਮ ਰਬ ਦਾ ਤੇ ਸਹੇ ਬੰਦਾ', ਵਾਲੀ ਦਰਦਨਾਕ ਕਹਾਣੀ ਦੀ ਸ਼ੁਰੂਆਤ ਹੋ ਗਈ।

4. ਪੰਜਾਬ ਕਾਂਗਰਸ ਦੇ ਜਨਰਲ ਸੈਕਟਰੀ ਜਗਤ ਨਰਾਇਣ ਨੇ 1951 ਦੀ ਮਰਦਮਸ਼ੁਮਾਰੀ ਵੇਲੇ ਸਰਕੂਲਰ ਜਾਰੀ ਕਰਕੇ ਅਛੂਤਾਂ ਤੇ ਹਿੰਦੂਆਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਤੋਂ ਮੁਨਕਰ ਹੋ ਕੇ ਹਿੰਦੀ ਲਿਖਾਣ ਲਈ ਕਿਹਾ ਜਿਸ ਨਾਲ ਪੰਜਾਬ ਵਿਚ ਫਿਰਕੂ ਹਾਲਾਤ ਪੈਦਾ ਹੋਣੇ ਸ਼ੁਰੂ ਹੋ ਗਏ।

5. ਇਸੇ ਤਰ੍ਹਾਂ 1961 ਦੀ ਮਰਦਮਸ਼ੁਮਾਰੀ ਵਿਚ ਵੀ ਹਿੰਦੂਆਂ ਆਪਣੀ ਮਾਂ ਬੋਲੀ ਨਾਲ ਗਦਾਰੀ ਕੀਤੀ। ਮਾਂ ਨੂੰ ਮਾਂ ਆਖਣੋ ਮੁਨਕਰ ਹੋ ਗਏ। ਘਰਾਂ ਵਿਚ ਬੋਲਣ ਵੇਲੇ ਪੰਜਾਬੀ ਪਰ ਮਰਦਮਸ਼ੁਮਾਰੀ ਵਿਚ ਹਿੰਦੀ ਜਿਹੜੀ ਕਿ ਇਹ ਚੱਜ ਨਾਲ ਬੋਲ ਹੀ ਨਹੀਂ ਸਨ ਸਕਦੇ।

6. ਇਹ ਇਕ ਮੰਨੀ ਹੋਈ ਹਕੀਕਤ ਹੈ ਕਿ ਕਿਸੇ ਕੌਮ ਦਾ ਇਖਲਾਕ ਉਸਦੀ ਬੋਲੀ ਤੋਂ ਉੱਚਾ ਨਹੀਂ ਹੋ ਸਕਦਾ। ਕਿਸੇ ਦੇਸ਼ ਜਾਂ ਕੌਮ ਦੀ ਬੋਲੀ ਦਾ ਉਸਦੇ ਵਿਕਾਸ ਵਿਚ ਬਹੁਤ ਵਡਾ ਹਿਸਾ ਹੋਇਆ ਕਰਦਾ ਹੈ। ਬੋਲੀਆਂ ਦੇ ਅਧਾਰ ਤੇ ਸਾਰੇ ਦੇਸ਼ ਦੀ ਹਦਬੰਦੀ ਕਰ ਦਿੱਤੀ ਗਈ। ਮਰਾਠੀ, ਤਾਮਲ, ਤੇਲਗੂ, ਬੰਗਾਲੀ ਹਿੰਦੀ ਆਦਿ ਬੋਲੀਆਂ ਨੂੰ ਆਪਣੇ ਆਪਣੇ ਸੂਬੇ ਦੀ ਰਾਣੀ ਬਣਾ ਦਿੱਤਾ ਗਿਆ ਪਰ ਜਦ ਪੰਜਾਬੀ ਦੀ ਵਾਰੀ ਆਈ ਤਾਂ ਇਸਨੂੰ ਫਿਰਕੂ ਮੰਗ ਕਹਿਕੇ ਠੁਕਰਾ ਦਿੱਤਾ ਗਿਆ

ਅਤੇ ਗੋਲੀ ਬਣੇ ਰਹਿਣ ਤੇ ਮਜਬੂਰ ਕੀਤਾ ਗਿਆ ਕਿਉਂਕਿ ਇਹ ਸਿੱਖਾਂ ਦੀ ਬੋਲੀ ਜੁ ਹੋਈ। ਸਿਖ ਕੌਮ ਦਾ ਤਾਂ ਉਨ੍ਹਾਂ ਖੁਰਾਖੋਜ ਮਿਟਾ ਦੇਣ ਦੀਆਂ ਸਕੀਮਾਂ ਬਣਾਈਆਂ ਹੋਈਆਂ ਸਨ। ਉਹ ਇਸ ਕੌਮ ਦੀ ਉਨਤੀ ਕਿਵੇਂ ਬਰਦਾਸ਼ਤ ਕਰ ਸਕਦੇ ਹਨ?

7. ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਹਰਿਆਣਾ ਤੇ ਹਿਮਾਚਲ ਨੂੰ ਦੇਕੇ ਇਕ ਪਾਸੇ ਤਾਂ ਪੰਜਾਬ ਦੇ ਸਿੱਖਾਂ ਨੂੰ ਆਰਥਕ ਪੱਖੋਂ ਨਿਤਾਣਾ ਕੀਤਾ ਤੇ ਦੂਜੇ ਪਾਸੇ ਇਥੋਂ ਗਏ ਬਾਰਾਂ ਲੱਖ ਸਿੱਖਾਂ ਨੂੰ ਆਪਣੇ ਧਾਰਮਕ ਅਤੇ ਸਭਿਆਚਾਰਕ ਵਿਰਸੇ ਤੋਂ ਤੋੜਨ ਲਈ ਉਨ੍ਹਾਂ ਸੂਬਿਆਂ ਵਿਚ ਜਾਣ ਬੁਝਕੇ ਪੰਜਾਬੀ ਨਹੀਂ ਪੜ੍ਹਾਈ ਜਾਂਦੀ।

8. ਬਾਰਾਂ ਲੱਖ ਸਿੱਖਾਂ ਦੀ ਨਵੀਂ ਪਨੀਰੀ ਜਦ ਜਵਾਨ ਹੋਵੇਗੀ ਤਾਂ ਉਨ੍ਹਾਂ ਲਈ ਗੁਰੂ ਗਰੰਥ ਸਾਹਿਬ ਓਪਰੀ ਜ਼ਬਾਨ ਵਿਚ ਹੋਵੇਗਾ। ਸਿਖੀ ਨਾਲੋਂ ਟੁੱਟੀ ਇਸ ਨਵੀਂ ਪਨੀਰੀ ਵਿਚੋਂ ਸਿਖੀ ਸਪਿਰਿਟ ਤਾਂ ਖਤਮ ਹੋਈ ਸਮਝ ਲੈਣੀ ਚਾਹੀਦੀ ਹੈ। ਪੰਜਾਬ ਦੀਆਂ ਭੂਗੋਲਕ ਹੱਦਾਂ ਜਾਣ ਬੁਝਕੇ ਅਜੇਹੇ ਨਾਪਾਕ ਇਰਾਦਿਆਂ ਨਾਲ ਹੀ ਬਦਲੀਆਂ ਗਈਆਂ ਸਨ।

9. ਭਾਰਤ ਇਕ ਬਹੁਕੌਮੀ ਦੇਸ਼ ਹੈ ਅਤੇ ਸਭਿਆਚਾਰਕ ਪੱਖ ਤੋਂ ਕਦੀ ਵੀ ਇਕਸੁਰ ਨਹੀਂ ਰਿਹਾ ਹੈ। ਅੰਗਰੇਜ਼ਾਂ ਨੇ ਇਸਨੂੰ ਪਹਿਲੀ ਵਾਰ ਰਾਜ ਪ੍ਰਬੰਧ ਦੀ ਇਕ ਇਕਾਈ ਵਿਚ ਬੰਨ੍ਹਿਆ ਸੀ। ਵਖ ਵਖ ਕੌਮਾਂ ਅੰਦਰ ਇਕਸੁਰਤਾ (unity) ਤਾਂ ਕੀਤੀ ਜਾ ਸਕਦੀ ਹੈ ਪਰ ਇਕਸਾਰਤਾ (uniformity) ਨਹੀਂ। ਰਾਜ ਦੀਆਂ ਕੌਮੀਅਤਾਂ ਨੂੰ ਖਤਮ ਕਰਕੇ ਹਿੰਦੂ ਭਾਰਤੀਅਤਾ ਨੂੰ ਠੋਸਣ ਦੀ ਇਕਸਾਰਤਾ ਖਤਰਨਾਕ ਸੋਚ ਹੈ। ਘਟਗਿਣਤੀ ਦੀਆਂ ਕੌਮੀਅਤਾਂ ਨੂੰ ਰਾਸ਼ਟਰਵਾਦ ਦੇ ਨਾਂ ਥੱਲੇ ਇਸ ਢੰਗ ਨਾਲ ਤਬਾਹ ਕੀਤਾ ਜਾ ਰਿਹਾ ਹੈ ਕਿ ਲੁੱਟੇ ਜਾਣ ਵਾਲੇ ਨੂੰ ਪਤਾ ਤਕ ਨਾ ਲੱਗੇ ਕਿ ਕਦੋਂ ਜੇਬ-ਕੁਤਰਾ ਆਪਣਾ ਸਫ਼ਾਈ ਦਾ ਕੰਮ ਕਰ ਗਿਆ।

10. ਵਖ ਵਖ ਰਾਜਾਂ ਦੇ ਭਾਂਤ-ਭਾਂਤ ਦੇ ਸਾਜ਼ਾਂ ਦੇ ਸੁਰ-ਮੇਲ ਨਾਲ ਇਕਸੁਰਤਾ (unity) ਤਾਂ ਪੈਦਾ ਕੀਤੀ ਜਾ ਸਕਦੀ ਹੈ ਜਿਹੜੀ ਇਕ ਸ਼ਾਨਦਾਰ ਆਰਕੇਸਟਰਾ ਦਾ ਰੂਪ ਵੀ ਧਾਰਨ ਕਰ ਸਕਦੀ ਹੈ ਪਰ ਇਕਸਾਰਤਾ ਨਹੀਂ।

11. ਅਜ਼ਾਦੀ ਮਿਲਦਿਆਂ ਹੀ ਇਸ ਹਿੰਦੂ ਸਾਮਰਾਜ ਨੇ ਰਾਸ਼ਟਰੀ ਏਕਤਾ ਦੇ ਪਰਦੇ ਥੱਲੇ ਸਭ ਨੂੰ ਹਿੰਦੂ ਬਣਾਉਣ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਆਰੰਭ ਦਿੱਤਾ ਅਤੇ ਸਭ ਨੂੰ ਹਿੰਦੂ ਸੰਸਕ੍ਰਿਤੀ ਵਿਚ ਢਾਲ ਕੇ ਜੰਞੂ-ਧੋਤੀ ਵਿਚ ਬੰਨ੍ਹਣਾ ਚਾਹਿਆ। ਹਿੰਦੂਆਂ ਵਿਚੋਂ ਨਿਕਲਿਆਂ ਨੂੰ ਮੁੜ ਸ਼ੁੱਧ ਕਰਕੇ ਹਿੰਦੂ ਬਣਾਉਣ ਦੇ ਨਾਪਾਕ ਇਰਾਦਿਆਂ ਨਾਲ ਗੁੱਝੀਆਂ ਚਾਲਾਂ ਚਲਣੀਆਂ ਸ਼ੁਰੂ ਕਰ ਦਿੱਤੀਆਂ।

12. ਜਿਸ ਕੌਮ ਨੂੰ ਮਾਰਨਾ ਹੋਵੇ ਉਸਦੀ ਬੋਲੀ, ਸਭਿਆਚਾਰ ਅਤੇ ਇਤਹਾਸ ਨੂੰ ਤੋੜ ਮਰੋੜ ਕੇ ਧੁੰਦਲਾ ਕਰ ਦੇਵੋ: ਉਹ ਕੌਮ ਛੇਤੀ ਹੀ ਆਪਣੀ ਕੌਮੀ ਅਣਖ ਤੇ ਗੈਰਤ ਦੀਆਂ ਰਿਵਾਇਤਾ ਗਵਾ ਬੈਠੇਗੀ। ਇਸ ਪਾਸੇ ਵੀ ਇਸ ਫਿਰਕੂ ਸਾਮਰਾਜ ਨੇ ਆਪਣੇ ਵਲੋਂ ਕੋਈ ਕਸਰ ਬਾਕੀ ਨਹੀਂ ਛੱਡੀ। ਪੰਜਾਬੀ ਸੂਬੇ ਦੇ ਸਕੂਲਾਂ-ਕਾਲਜਾਂ ਦੀਆਂ ਪਾਠ-ਪੁਸਤਕਾਂ, ਰਿਸਾਲੇ ਅਤੇ ਇਤਹਾਸਕ ਪੁਸਤਕਾਂ ਲਿਖਵਾਉਣ ਵੇਲੇ ਰਾਸ਼ਟਰ ਏਕਤਾ ਦੇ ਨਾਂ ਥੱਲੇ, ਜਾਂ ਤਾਂ ਸਿਖ ਇਤਹਾਸ ਨੂੰ ਲਾਂਭੇ ਰਖਕੇ ਜਾਂ ਸਿਖ ਇਤਹਾਸਕ ਸਚਾਈਆਂ ਨੂੰ ਤੋੜ ਮਰੋੜ ਕੇ ਸਿੱਖ-ਵਿਰੋਧੀ ਢੰਗ ਨਾਲ ਪੇਸ਼ ਕਰਵਾ ਕੇ ਲਿਖਵਾਈਆਂ ਗਈਆਂ ਤਾਂ ਜੋ ਨਵੀਂ ਸਿਖ ਪਨੀਰੀ ਨੂੰ ਇਸਦੇ ਇਤਹਾਸਕ ਵਿਰਸੇ ਤੋਂ ਦੂਰ ਰਖਿਆ ਜਾ ਸਕੇ। ਪੰਜਾਬੀ ਬੋਲੀ ਦੇ ਅਧਾਰ ਤੇ ਪੰਜਾਬੀ ਸੂਬੇ ਲਈ ਸਾਲਾ ਬੱਧੀ ਅਨੇਕਾਂ ਮੋਰਚੇ ਲਾਣੇ ਪਏ। ਸੱਠ ਹਜ਼ਾਰ

ਸਿਖਾਂ ਨੂੰ ਜੇਲ੍ਹਾਂ ਕਟਣੀਆਂ ਪਈਆਂ, ਲਾਠੀਆਂ ਖਾਣੀਆਂ ਪਈਆਂ, ਗੋਲੀਆਂ ਖਾਣੀਆਂ ਪਈਆਂ ਅਤੇ ਸ਼ਹੀਦੀਆਂ ਦੇਣੀਆਂ ਪਈਆਂ।

ਪੰਜਾਬੀ ਸੂਬਾ ਬਣ ਜਾਣ ਮਗਰੋਂ ਵੀ ਪੰਜਾਬ ਦਾ ਰਾਜ ਪ੍ਰਬੰਧ ਹਿੰਦੀ ਜਾਂ ਅੰਗਰੇਜ਼ੀ ਵਿਚ ਕੀਤਾ ਜਾਂਦਾ ਹੈ। ਰੇਡੀਓ ਸਟੇਸ਼ਨ ਦੇ ਬਹੁਤੇ ਪ੍ਰੋਗਰਾਮ ਹਿੰਦੀ ਵਿਚ ਦਿੱਤੇ ਜਾਂਦੇ ਹਨ। ਪੰਜਾਬੀ ਦਾ ਇਤਨਾ ਵਿਰੋਧ ਕਰਨ ਵਾਲੀ ਸਰਕਾਰ ਦੇ ਦਿਲ ਅੰਦਰ ਪੰਜਾਬੀ ਬੋਲੀ ਲਈ ਅੱਚਣਚੇਤ ਐਡਾ ਪਿਆਰ ਤੇ ਚਾਹ ਕਿਥੋਂ ਜਾਗ ਪਿਆ ਕਿ ਇਸਦੇ ਵਿਕਾਸ ਲਈ ਪੰਜਾਬੀ ਯੂਨੀਵਰਸਿਟੀ ਖੋਲ੍ਹ ਦਿੱਤੀ?— ਧਿਆਨ ਨਾਲ ਸੋਚਿਆ ਜਾਏ ਤਾਂ ਦਾਲ ਵਿਚ ਕੁਝ ਕਾਲਾ ਕਾਲਾ ਨਜ਼ਰ ਆਉਂਦਾ ਹੈ।

14. ਇਸ ਹਿੰਦੂ ਸਾਮਰਾਜ ਦੇ ਦਿਲ ਅੰਦਰ ਪੰਜਾਬੀ ਬੋਲੀ ਲਈ ਨਾ ਤਾਂ ਪਹਿਲਾਂ ਪਿਆਰ ਸੀ ਤੇ ਨਾ ਹੀ ਹੁਣ ਹੈ। ਪੰਜਾਬੀ ਯੂਨੀਵਰਸਿਟੀ ਖੋਲ੍ਹਣ ਪਿਛੇ ਬੜੀਆਂ ਗੁੱਝੀਆਂ ਕੌਮ-ਘਾਤਕ ਚਾਲਾਂ ਚੱਲੀਆਂ ਗਈਆਂ ਸਨ। ਇਹ ਯੂਨੀਵਰਸਿਟੀ ਪੰਜਾਬੀ ਦੇ ਵਿਕਾਸ ਦੀ ਥਾਂ ਅਸਲ ਵਿਚ ਪੰਜਾਬੀ ਦੇ ਵਿਨਾਸ਼ ਲਈ ਖੋਲ੍ਹੀ ਗਈ ਸੀ ਪਰ ਕਾਮਯਾਬੀ ਇਸ ਫਿਰਕੂ ਸਾਮਰਾਜ ਨੂੰ ਕਿੱਥੋਂ ਤੱਕ ਹੁੰਦੀ ਹੈ, ਇਹ ਵਕਤ ਹੀ ਦਸੇਗਾ ਪਰ ਹੇਠ ਲਿਖੇ ਆਸ਼ਿਆਂ ਨੂੰ ਲੈਕੇ ਇਹ ਯੂਨੀਵਰਸਿਟੀ ਖੋਲ੍ਹੀ ਗਈ:

ੳ. ਭੋਲੇ ਭਾਲੇ ਸਿਖਾਂ ਦੀਆਂ ਅੱਖਾਂ ਵਿਚ ਮਿੱਟੀ ਪਾਕੇ ਇਹ ਸਾਬਤ ਕਰਨਾ ਕਿ ਇਹ ਸਰਕਾਰ ਸਿਖ-ਵਿਰੋਧੀ ਨਹੀਂ ਹੈ।

ਅ. ਕੱਟੜ ਹਿੰਦੂ ਫਿਰਕੂ ਲੇਖਕਾਂ ਤੇ ਬੁਧੀਜੀਵੀਆਂ ਨੂੰ ਨਾ ਕੇਵਲ ਨੌਕਰੀਆਂ ਦਿੱਤੀਆਂ ਗਈਆਂ ਸਗੋਂ ਉਨ੍ਹਾਂ ਨੂੰ ਬਹੁਤੇ ਮਹਿਕਮਿਆਂ ਦਾ ਮੁਖੀ ਬਣਾਕੇ ਲਾਇਆ ਗਿਆ ਜਿਨ੍ਹਾਂ ਦਾ ਮੁਖ ਕੰਮ ਸਿਖ ਇਤਹਾਸ ਤੇ ਸਿਖ ਰਿਵਾਇਤਾਂ ਤੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਅਤੇ ਇਸ ਤਰ੍ਹਾਂ ਦੀਆਂ ਲੱਖਾਂ ਕਿਤਾਬਾਂ ਪ੍ਰਕਾਸ਼ਤ ਕਰਾਉਣੀਆਂ ਤਾਂ ਜੋ ਸਿਖਾਂ ਦੀ ਨਵੀਂ ਪਨੀਰੀ ਨੂੰ ਉਨ੍ਹਾਂ ਦੇ ਸ਼ਾਨਦਾਰ ਵਿਰਸੇ ਤੋਂ ਤੋੜਿਆ ਜਾ ਸਕੇ।

ੲ. ਪੰਜਾਬੀ ਯੂਨੀਵਰਸਿਟੀ ਵਿਚੋਂ ਪ੍ਰਕਾਸ਼ਤ ਹੋਈਆਂ ਪੰਜਾਬੀ ਪੁਸਤਕਾਂ ਅਤੇ ਪ੍ਰਕਾਸ਼ਨਾਂ ਵਿਚ ਹਿੰਦੀ ਅਤੇ ਸੰਸਕ੍ਰਿਤ ਦੇ ਸ਼ਬਦ ਲੱਦ ਲੱਦ ਕੇ ਪੰਜਾਬੀ ਬੋਲੀ ਦਾ ਆਪਣਾ ਮੂੰਹ ਮੁਹਾਂਦਰਾ ਹੀ ਖਤਮ ਕੀਤਾ ਜਾ ਰਿਹਾ ਹੈ। ਸਿੱਟੇ ਵਜੋਂ ਪੰਜਾਬੀ ਦੀ ਨਵੀਂ ਪਨੀਰੀ ਦੇ ਲੇਖਕ ਜਿਸ ਰਫਤਾਰ ਨਾਲ ਪੰਜਾਬੀ ਦੇ ਆਪਣੇ ਠੇਠ ਸ਼ਬਦ ਛਡ ਕੇ ਹਿੰਦੀ ਤੇ ਸੰਸਕ੍ਰਿਤ ਦੇ ਸ਼ਬਦ ਵਰਤਣ ਵਿਚ ਫ਼ਖਰ ਮਹਿਸੂਸ ਕਰਨ ਲੱਗ ਪਏ ਹਨ, ਜੇ ਇਹ ਰੁਝਾਨ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਹੋਰ ਪੰਜਾਹ ਸਾਲਾਂ ਤਕ ਪੰਜਾਬੀ ਹਿੰਦਣੀ ਬਣੀ ਸਮਝੋ।

ਸ. ਪੰਜਾਬੀ ਦੇ ਵਿਕਾਸ ਲਈ ਪੰਜਾਬੀ ਯੂਨੀਵਰਸਿਟੀ ਬਣਾਈ ਗਈ ਪਰ ਉਸ ਵਿਚ ਕੰਮ 40 ਫੀਸਦੀ ਤੋਂ ਵੀ ਵਧ ਅੰਗਰੇਜ਼ੀ ਵਿਚ ਕੀਤਾ ਜਾਂਦਾ ਹੈ।

15. ਸਾਰਾ ਹਰਿਆਣਾ ਦਿੱਲੀ ਟੀ. ਵੀ. ਵੇਖਦਾ ਹੈ ਅਤੇ ਹਿਮਾਚਲ ਪਰਦੇਸ਼ ਕਸੌਲੀ ਟੀ. ਵੀ. ਵੇਖਦਾ ਹੈ। ਬਾਕੀ ਪੰਜਾਬੀ ਬੋਲਦਾ ਇਲਾਕਾ ਹੀ ਰਹਿ ਜਾਂਦਾ ਹੈ ਜਿਥੋਂ ਦੇ ਲੋਕ ਹਰ ਗੱਲ ਆਪਣੀ ਮਾਂ-ਬੋਲੀ ਪੰਜਾਬੀ ਵਿਚ ਚੰਗੀ ਤਰ੍ਹਾਂ ਸਮਝ ਸਕਦੇ ਹਨ ਅਤੇ ਜਿਨ੍ਹਾਂ ਦੇ ਜਲੰਧਰ ਟੀ. ਵੀ. ਵਿਚ ਹਿੰਦੀ ਖੇਤਰ ਆਉਂਦਾ ਹੀ ਨਹੀਂ। ਫਿਰ ਸਾਰਾ ਦਿਨ ਇਥੋਂ ਹਿੰਦੀ ਦੇ ਪ੍ਰੋਗਰਾਮ ਪ੍ਰਸਾਰਤ ਕਰਨ ਦਾ ਕੀ ਮਤਲਬ ਹੈ? ਇਸ ਗੱਲ ਨੂੰ ਤਾਂ ਇਕ ਬੱਚਾ ਵੀ ਸਮਝ ਸਕਦਾ ਹੈ ਕਿ ਪੰਜਾਬੀ ਸਭਿਆਚਾਰ ਨੂੰ ਖਤਮ ਕਰਨਾ ਅਤੇ ਹਿੰਦੂ ਸਭਿਆਚਾਰ ਨੂੰ ਪੰਜਾਬੀ ਵਿਚ ਠੋਸਣਾ ਹੀ ਇਸ ਹਿੰਦੂ ਸਾਮਰਾਜ ਦਾ ਮੁੱਖ ਉਦੇਸ਼ ਹੈ।

16. ਜਲੰਧਰ ਪੰਜਾਬ ਦਾ ਇਕੋ ਇਕ ਰੇਡੀਓ ਹੈ ਜਿਸ ਤੋਂ ਪੰਜਾਬੀ ਬੋਲੀ ਅਤੇ ਸਭਿਆਚਾਰ ਨੂੰ ਵਧਣ ਫੁਲਣ ਦਾ ਮੌਕਾ ਮਿਲ ਸਕਦਾ ਹੈ ਅਤੇ ਪੰਜਾਬ ਦੇ ਲੋਕੀ ਆਪਣੀ ਮਾਂ ਬੋਲੀ ਵਿਚ ਧਾਰਮਕ ਅਤੇ ਸਭਿਆਚਾਰਕ ਪ੍ਰੋਗਰਾਮ ਦਾ ਅਨੰਦ ਮਾਣ ਸਕਦੇ ਹਨ। ਪਰੰਤੂ ਇਸਦੇ ਉਲਟ ਪੰਜਾਬੀ ਬੋਲੀ ਅਤੇ ਸਭਿਆਚਾਰ ਵਿਚ ਖੋਟ ਮਿਲਾਉਣ ਲਈ ਰਾਤ ਦਿਨ 80 ਫੀਸਦੀ ਹਿੰਦੀ ਵਿਚ ਸਭ ਕੁਝ ਪ੍ਰਸਾਰਤ ਕੀਤਾ ਜਾਂਦਾ ਹੈ।

17. ਜਲੰਧਰ ਰੇਡੀਓ ਸਟੇਸ਼ਨ ਦੀਆਂ ਉੱਚ-ਪਧਰ ਦੀਆਂ ਸਾਰੀਆਂ ਪਦਵੀਆਂ ਕੱਟੜ ਹਿੰਦੂ ਫਿਰਕਾਪ੍ਰਸਤ ਸਾਂਭੀ ਬੈਠੇ ਹਨ ਤਾਂ ਜੋ ਹੌਲੀ ਹੌਲੀ ਪੰਜਾਬੀ ਬੋਲੀ ਅਤੇ ਸਭਿਆਚਾਰ ਨੂੰ ਖਤਮ ਕਰਨ ਦਾ ਕੰਮ ਸਿਰੇ ਚੜ੍ਹਾ ਸਕਣ।

18. ਸਿਖਾਂ ਨੇ ਆਪਣੇ ਪੈਸਿਆਂ ਨਾਲ ਪਰ ਸਰਕਾਰ ਦੇ ਪ੍ਰਬੰਧ ਥੱਲੇ ਇਕ ਸ਼ਕਤੀਸ਼ਾਲੀ ਟਰਾਂਸਮਿਟਰ ਲਗਾਉਣ ਦੀ ਮੰਗ ਕੀਤੀ ਤਾਂ ਜੋ ਦੇਸ਼ ਤੇ ਵਿਦੇਸ਼ ਵਿਚ ਬੈਠੇ ਸਿਖ ਆਪਣੇ ਹਰਿਮੰਦਰ ਸਾਹਿਬ ਦੇ ਕੀਰਤਨ ਨੂੰ ਸੁਣ ਸਕਣ ਪਰ ਇਹ ਗੱਲ ਇਸ ਫਿਰਕੂ ਸਰਕਾਰ ਨੂੰ ਕਿਵੇਂ ਚੰਗੀ ਲਗ ਸਕਦੀ ਹੈ ਜਿਸ ਨਾਲ ਸਿਖ ਆਪਣੇ ਵਿਰਸੇ ਤੋਂ ਜਾਣੂ ਹੋ ਸਕਣ?— ਇਸ ਨੂੰ ਤਾਂ ਦਰਬਾਰ ਸਾਹਿਬ ਨਾਲ ਚਿੜ੍ਹ ਹੈ ਜਿਸਨੂੰ ਮਲੀਆ-ਮੇਟ ਕਰਨ ਲਈ ਹੱਥਪੈਰ ਮਾਰਦੀ ਰਹਿੰਦੀ ਹੈ ਹਰ ਵੇਲੇ।

19. ਸਿਖਾਂ ਮੰਗ ਕੀਤੀ ਕਿ ਸਿਖਾਂ ਦੇ ਜਗਤ ਪ੍ਰਸਿਧ ਦਰਬਾਰ ਸਾਹਿਬ ਦੇ ਸ਼ਹਿਰ ਸ੍ਰੀ ਅੰਮ੍ਰਿਤਸਰ ਨੂੰ ਹਿੰਦੂਆਂ ਦੇ ਹਰਦਵਾਰ, ਬਨਾਰਸ, ਅਤੇ ਕੁਰਕਸ਼ੇਤਰ ਵਾਂਗ ਪਵਿੱਤਰ ਸ਼ਹਿਰ ਕਰਾਰ ਦਿੱਤਾ ਜਾਵੇ ਅਤੇ ਸ਼ਰਾਬ, ਤੰਬਾਕੂ ਤੇ ਗੋਸ਼ਤ ਦੀਆਂ ਦੁਕਾਨਾਂ ਹਟਾ ਦਿੱਤੀਆਂ ਜਾਣ ਜਿਸ ਤੇ ਸਾਰੇ ਹਿੰਦੂ ਤੜਪ ਉਠੇ ਕਿ ਉਨ੍ਹਾਂ ਦਾ ਕਾਰੋਬਾਰ ਠੱਪ ਹੋ ਜਾਏਗਾ।

20. ਜਿਥੇ ਸਾਡਾ ਧਰਮ ਤੇ ਸਭਿਆਚਾਰ ਖਤਮ ਕੀਤਾ ਜਾ ਰਿਹਾ ਉਥੇ ਸਾਡੇ ਧਾਰਮਕ ਮੇਲਿਆਂ ਤੇ ਸਮਾਗਮਾਂ ਤੇ ਵੀ ਦਹਿਸ਼ਤ ਫੈਲਾਈ ਜਾ ਰਹੀ ਹੈ। ਸੀ. ਆਰ. ਪੀ. ਦੇ ਕਾਤਲ ਦਸਤੇ ਦਗੜ ਦਗੜ ਕਰਦੇ ਫਿਰਦੇ ਹਨ ਹਰ ਪਾਸੇ।

21. ਜਿਹੜੀ ਸਰਕਾਰ ਤੇ ਫੌਜ ਮਨੁਖਤਾ ਦੀਆਂ ਸਾਰੀਆਂ ਕਦਰਾਂ-ਕੀਮਤਾਂ ਅਤੇ ਸੰਸਾਰ ਬਰਾਦਰੀ ਦੇ ਸਾਰੇ ਅਖਲਾਕੀ ਨਿਯਮਾਂ ਨੂੰ ਛਿੱਕੇ ਦੇ ਟੰਗ ਕੇ ਹਜ਼ਾਰਾਂ ਨਿਰਦੋਸ਼ ਸਿਖ ਇਸਤਰੀਆਂ, ਬੱਚਿਆਂ ਅਤੇ ਜਵਾਨਾਂ ਦੇ ਹੱਥ ਪਿਛੇ ਬੰਨ੍ਹ ਕੇ ਕਤਲਾਮ ਕਰ ਸਕਦੀ ਹੈ ਅਤੇ ਜਿਹੜੀ ਸਰਕਾਰ ਸਿਖ ਕੌਮ ਦਾ ਸਮੁੱਚਾ ਇਤਿਹਾਸਕ ਵਿਰਸਾ, ਇਤਿਹਾਸਕ ਪੁਸਤਕਾਂ, ਗੁਰੂ ਸਾਹਿਬਾਨ ਦੇ ਹੱਥ-ਲਿਖਤ ਹੁਕਮਨਾਮੇ ਅਤੇ ਹਜ਼ਾਰਾਂ ਗੁਰੂ ਗਰੰਥ ਸਾਹਿਬਾਨ ਦੇ ਸਰੂਪ ਨੂੰ ਸਾੜ ਕੇ ਸੁਆਹ ਕਰ ਸਕਦੀ ਹੈ ਉਸ ਸਰਕਾਰ ਅਗੇ ਵਿਤਕਰਿਆਂ ਤੇ ਬੇਇਨਸਾਫੀਆਂ ਦੀਆਂ ਗੱਲਾਂ ਕਰਨਾ ਆਪਣੇ ਆਪ ਨਾਲ ਧੋਖਾ ਕਰਨਾ ਹੈ।

22. ਜਿਉਂ ਜਿਉਂ ਪੰਜਾਬ ਤੇ ਸਿਖ ਕੌਮ ਨਾਲ ਧੱਕੇ ਹੁੰਦੇ ਗਏ, ਕਾਂਗਰਸੀਆਂ ਦੀ ਜਮਹੂਰੀਅਤ ਦਾ ਪਰਦਾ ਲਥਦਾ ਗਿਆ ਅਤੇ ਸਿਖ ਕੌਮ ਅੰਦਰ ਆਪਣੇ ਧਰਮ, ਜ਼ਬਾਨ ਤੇ ਸਭਿਆਚਾਰ ਨੂੰ ਲਗਦੀ ਢਾਹ ਨੂੰ ਰੋਕਣ ਵਾਲੀ ਸੋਚ ਵੀ ਉਭਰਨੀ ਸ਼ੁਰੂ ਹੋ ਗਈ।

23. ਇਸ ਸਰਕਾਰ ਨੇ ਸਿਖ ਕੌਮ ਨੂੰ ਮਾਰ ਮੁਕਾਉਣ ਲਈ ਜਿੱਥੇ ਇਸ ਦੀਆਂ ਧਾਰਮਕ, ਆਰਥਕ ਅਤੇ ਸਿਆਸੀ ਜੜ੍ਹਾਂ ਵੱਢੀਆਂ ਹਨ ਉਥੇ ਸਿਖਾਂ ਨੂੰ ਆਪਣੇ ਧਰਮ ਅਤੇ ਸਿਖ ਸਭਿਆਚਾਰ ਤੋਂ ਡੇਗਣ ਲਈ, ਪੰਜਾਬ ਵਿਚ ਨਸ਼ਿਆਂ ਦੇ ਅੰਬਾਰ ਲਾ ਦਿੱਤੇ ਹਨ। ਦਸਿਆ ਜਾਂਦਾ ਹੈ ਕਿ ਥਰਡ ਏਜੰਸੀ ਅਫ਼ੀਮ ਅਤੇ ਬਦੇਸ਼ੀ ਸ਼ਰਾਬ ਦੀ ਸਮਗਲਿੰਗ ਕਰਕੇ ਪੰਜਾਬ ਵਿਚ ਇਨ੍ਹਾਂ ਦੇ ਜ਼ਖੀਰੇ ਹਮੇਸ਼ਾ

ਭਰਪੂਰ ਰਖਦੀ ਰਹੀ ਹੈ। ਸਿੱਟੇ ਵਜੋਂ ਪੰਜਾਬ ਵਿਚ ਨਸ਼ਿਆਂ ਦੀ ਵਰਤੋਂ ਖਤਰਨਾਕ ਪੱਧਰ ਤਕ ਪਹੁੰਚ ਚੁਕੀ ਹੈ:

ਸਾਲ	ਦੇਸੀ ਸ਼ਰਾਬ ਪਰੂਫ ਲੀਟਰ	ਬਦੇਸ਼ੀ ਸ਼ਰਾਬ ਪਰੂਫ ਲੀਟਰ	ਸ਼ਰਬਤ ਬੀਅਰ ਬਲਕ ਲੀਟਰ	ਅਫ਼ੀਮ ਕਿਲੋਗ੍ਰਾਮ	ਭੰਗ ਕਿਲੋਗ੍ਰਾਮ
1965-66	4052537	682641	790599	30	74800
1973-74	16348228	2368688	2692807	23	91120
1976-77	9999534	4005710	5588550	22	78000
1979-80	14309970	6172598	7875071	63	104000

ਡਾ: ਨਿਰਮਲ ਸਿੰਘ ਆਜ਼ਾਦ, ਪੰਜਾਬ ਦੀ ਆਰਥਕਤਾ, ਸਫਾ 235

ਇਸ ਉਪਰ ਦਿੱਤੀ ਸੂਚੀ ਵਿਚ ਘਰ ਦੀ ਬਣਾਈ ਸ਼ਰਾਬ (ਰੂੜੀ ਮਾਰਕਾ) ਸ਼ਾਮਲ ਨਹੀਂ ਹੈ ਜਿਹੜੀ ਕਿਸੇ ਹਿਸਾਬ ਕਿਤਾਬ ਵਿਚ ਹੀ ਨਹੀਂ।

24. ਸੰਨ 1984 ਵਿਚ ਇਸ ਕਾਤਲ ਸਰਕਾਰ ਨੇ ਸਿੱਖ ਕੌਮ ਤੇ ਆਖਰੀ ਮਾਰੂ ਵਾਰ ਕਰਕੇ ਆਪਣੇ ਵਲੋਂ ਸਿੱਖ ਕੌਮ ਨੂੰ ਇਕ ਵਾਰੀ ਖਤਮ ਕਰਕੇ ਰੱਖ ਦਿੱਤਾ ਸੀ ਪਰ ਇਥੇ ਇਹ ਕਾਤਲ ਸਰਕਾਰ ਵੀ ਸਿੱਖ ਕੌਮ ਨੂੰ ਮਾਰ ਮੁਕਾਉਣ ਵਾਲੇ ਪਹਿਲੇ ਕਾਤਲਾਂ ਵਾਂਗ ਭੁਲੇਖਾ ਖਾ ਗਈ। ਸਿੱਖ ਕੌਮ ਦੀਆਂ ਧਾਰਮਕ, ਆਰਥਕ ਅਤੇ ਸਭਿਆਚਾਰਕ ਜੜ੍ਹਾਂ ਕੁਤਰੀਆਂ ਜਾਣ ਮਗਰੋਂ ਕਮਜ਼ੋਰ ਤਾਂ ਹੋ ਗਈਆਂ ਸਨ ਪਰੰਤੂ ਜਦ ਇਨ੍ਹਾਂ ਤੇ ਮਾਰੂ ਵਾਰ ਕੀਤਾ ਗਿਆ ਤਾਂ ਇਹ ਸਾਰੀਆਂ ਇਕਠੀਆਂ ਜੁੜ ਗਈਆਂ ਅਤੇ ਸਿੱਖ ਕੌਮ ਹੋਰ ਮਜ਼ਬੂਤ ਹੋ ਗਈ।

25. ਸਿੱਖ ਕੌਮ ਅੰਦਰ ਸਭਿਆਚਾਰਕ ਪਖੋਂ ਪਤਨ ਆਉਣ ਨਾਲ ਜਿਥੇ ਗਦਾਰ ਲੀਡਰਾਂ ਦੀ ਟੋਲੀ ਵਿਚ ਵਾਧਾ ਹੋਇਆ ਉਥੇ ਹਜ਼ਾਰਾਂ ਜੁਝਾਰੂ ਸਿੰਘ ਵੀ ਮੈਦਾਨ ਵਿਚ ਆ ਨਿਤਰੇ ਇਹ ਸੋਚਕੇ ਕਿ ਹਿੰਦੂ ਦੇ ਗੁਲਾਮ ਰਹਿਣ ਨਾਲੋਂ ਮਰ ਮਿਟ ਕੇ ਅਜ਼ਾਦ ਹੋਣਾ ਚੰਗਾ ਹੈ।

ਇਕ ਵਾਰ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਚੇ ਜੁਝਾਰੂ ਸਿੰਘਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖ ਕੌਮ ਨੂੰ ਦੁਨੀਆ ਦੀ ਕੋਈ ਤਾਕਤ ਮਾਰ ਨਹੀਂ ਸਕਦੀ। ਜੇ ਸਾਡੀ ਪਗ ਹਥੇਗੀ ਤਾਂ ਬਚਣੀ ਧੋਤੀ ਤੇ ਟੋਪੀ ਵੀ ਨਹੀਂ, ਜੇ ਪੰਜਾਬ ਮਰੇਗਾ ਤਾਂ ਬਚੇਗਾ ਭਾਰਤ ਵੀ ਨਹੀਂ ਅਤੇ ਜੇ ਪੰਜਾਬ ਨਾ ਬਚਿਆ ਤਾਂ ਬਚਣਾ ਭਾਰਤ ਨੇ ਵੀ ਨਹੀਂ।

ਸਿੱਖਾਂ ਦੇ ਮਨਾਂ ਅੰਦਰ ਹਮੇਸ਼ਾ ਹੀ ਅਜ਼ਾਦ ਸਿੱਖ ਕੌਮ ਦਾ ਸੰਕਲਪ ਉਸਲਵੱਟੇ ਲੈਂਦਾ ਰਿਹਾ ਹੈ ਅਤੇ ਸਿੱਖਾਂ ਦੇ ਮਨਾਂ ਅੰਦਰੋਂ ਅਜ਼ਾਦ ਸਿੱਖ ਕੌਮ ਦਾ ਸੰਕਲਪ ਕਦੀ ਨਹੀਂ ਗਿਆ। ਸਿੱਖ ਆਪਣੇ ਤੇ ਬਿਗਾਨਿਆਂ ਦੇ ਹੱਕਾਂ ਲਈ ਸਦਾ ਜੂਝਦਾ ਹੀ ਰਹੇਗਾ। ਤਾਕਤ ਦਾ ਦਾਬਾ ਸਿੱਖਾਂ ਨੂੰ ਕਦੀ ਨਹੀਂ ਦਬਾ ਸਕਿਆ। ਇਹ ਸਿੱਖਾਂ ਦਾ ਸਭਿਆਚਾਰਕ ਖਾਸਾ ਹੈ ਜਿਹੜਾ ਇਨ੍ਹਾਂ ਨੂੰ ਇਨ੍ਹਾਂ ਦੇ ਗੁਰੂਆਂ ਨੇ ਬਖਸ਼ਿਆ ਹੈ।

ਭਾਗ-ਚੌਥਾ

ਖਾਲਿਸਤਾਨ ਸੰਘਰਸ਼

ਖਾਲਿਸਤਾਨ ਦੀ ਲੋੜ ਕਿਉਂ?

ਮੈਂ ਇਸ ਵਿਸ਼ਾਲ ਵਿਸ਼ੇ ਨੂੰ ਦੋ ਹਿਸਿਆਂ ਵਿਚ ਵੰਡਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਇਸ ਦੀ ਰੂਪ ਰੇਖਾ ਨੂੰ ਅਸਾਨੀ ਨਾਲ ਜਾਣਿਆ ਜਾ ਸਕੇ।

ੳ. ਖਾਲਿਸਤਾਨ ਬਣਨਾ ਚਾਹੀਦਾ ਹੈ ਜਾਂ ਨਹੀਂ?
ਅ. ਜੇ ਬਣਨਾ ਚਾਹੀਦਾ ਹੈ ਤਾਂ ਕਿਉਂ?

ਖਾਲਸਤਾਨ ਬਣਨਾ ਚਾਹੀਦਾ ਹੈ ਜਾਂ ਨਹੀਂ?

ਜਿਸ ਬੰਦੇ ਕੋਲ ਆਪਣਾ ਘਰ ਨਾ ਹੋਵੇ ਉਸਨੂੰ ਖਾਨਾ-ਬਦੋਸ਼ ਕਿਹਾ ਜਾਂਦਾ ਹੈ। ਜਿਸਦਾ ਨਾ ਘਰ ਹੋਵੇ ਨਾ ਘਾਟ ਹੋਵੇ ਉਹ ਬੰਦਾ ਭਾਵੇਂ ਕਿੰਨਾ ਚੰਗਾ ਤੇ ਸਾਊ ਵੀ ਕਿਉਂ ਨਾ ਹੋਵੇ ਸਮਾਜ ਦੀਆਂ ਨਜ਼ਰਾਂ ਵਿਚ ਨਾ ਤਾਂ ਉਹ ਵਿਸ਼ਵਾਸ ਦਾ ਪਾਤਰ ਹੁੰਦਾ ਹੈ ਤੇ ਨਾ ਹੀਂ ਸਤਿਕਾਰ ਦਾ।

ਇਸੇ ਤਰ੍ਹਾਂ ਕੋਈ ਵੀ ਕੌਮ ਆਪਣੇ ਘਰ ਦੀ ਸਥਾਪਤੀ ਅਤੇ ਆਜ਼ਾਦੀ ਤੋਂ ਬਿਨਾ ਸੰਸਾਰ ਬਰਾਦਰੀ ਵਿਚ ਸਤਿਕਾਰ ਭਰੀ ਥਾਂ ਨਹੀਂ ਲੈ ਸਕਦੀ। ਪ੍ਰਾਧੀਨ ਰਹਿਣ ਵਾਲੀਆਂ ਕੌਮਾਂ ਮਾਨਸਿਕ ਤੌਰ ਤੇ ਨਿਤਾਣੀਆਂ ਹੋ ਜਾਂਦੀਆਂ ਹਨ ਅਤੇ ਆਪਣਾ ਸਵੈਮਾਨ ਖੋਹ ਬੈਠਦੀਆਂ ਹਨ।

ਆਪਣਾ ਸਵੈਮਾਨ ਗਵਾ ਬੈਠੇ ਅਤੇ ਪਰਾਏ ਟੁਕੜਿਆਂ ਦੇ ਰਹਿਮ ਤੇ ਪਲਣ ਵਾਲੇ ਸੁਆਰਥੀ ਮਨੁਖਾਂ ਨੂੰ ਗੁਰੂ ਨਾਨਕ ਸਾਹਿਬ ਨੇ ਲਾਅਨਤ ਪਾਈ ਹੈ:

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

ਕੋਈ ਕੌਮ ਅਣਖ ਅਤੇ ਗੈਰਤ ਤੋਂ ਬਿਨਾਂ ਬਹੁਤਾ ਚਿਰ ਜ਼ਿੰਦਾ ਨਹੀਂ ਰਹਿ ਸਕਦੀ। ਸਿੱਖ ਕੌਮ ਦਾ ਸਾਰਾ ਇਤਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜੀਣਾ ਹੈ ਤਾਂ ਅਣਖ ਤੇ ਗ਼ੈਰਤ ਨਾਲ, ਨਹੀਂ ਤਾਂ ਮਰ ਮਿਟਣਾ ਹੈ।

ਪ੍ਰਾਧੀਨ ਨਾ ਹੋਣਾ, ਕਿਸੇ ਦੇ ਦਰ ਤੇ ਨਾ ਰੁਲਣਾ ਅਤੇ ਅਣਖ ਤੇ ਗ਼ੈਰਤ ਨਾਲ ਆਪਣੇ ਘਰ ਵਿਚ ਰਹਿਣਾ ਹੀ ਸਿੱਖ ਧਰਮ ਸਿਖਾਉਂਦਾ ਹੈ। ਇਕ ਸਿਖ ਬੇਨਤੀ ਦੇ ਰੂਪ ਵਿਚ ਅਕਾਲ ਪੁਰਖ ਤੋਂ ਇਸੇ ਬੁਨਿਆਦੀ ਮੰਗ ਦੀ ਜਾਚਨਾ ਇੰਜ ਕਰਦਾ ਹੈ:

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹਿ॥

ਸਿਖ ਧਰਮ ਸੰਸਾਰ ਦਾ ਨਿਰਾਲਾ ਤੇ ਪਹਿਲਾ ਧਰਮ ਹੈ ਜੋ ਧਾਰਮਕ, ਸਮਾਜਕ ਅਤੇ ਰਾਜਨੀਤਕ ਕਦਰਾਂ-ਕੀਮਤਾਂ ਨੂੰ ਕੇਂਦਰਤ ਕਰਕੇ ਮਨੁਖੀ ਜੀਵਨ ਦੇ ਹਰ ਪਹਿਲੂ ਤੇ ਅਗਵਾਈ ਕਰਦਾ ਹੈ। ਜਿਥੇ ਇਹ ਆਤਮਕ ਰਾਹ ਉਲੀਕਦਾ ਹੈ ਉਥੇ ਇਸਦੇ ਪੁੰਗਰਨ ਤੇ ਵਧਣ ਫੁਲਣ ਲਈ ਯੋਗ ਸਮਾਜਕ ਵਾਤਾਵਰਨ ਵੀ ਪੈਦਾ ਕਰਦਾ ਹੈ ਅਤੇ ਲੋੜ ਪੈਣ ਤੇ ਇਸਦੀ ਰਾਖੀ ਵੀ ਕਰਦਾ ਹੈ।

ਸਿਖ ਧਰਮ ਦੇ ਗੁਰਦਵਾਰੇ ਇਨ੍ਹਾਂ ਹੀ ਕਦਰਾਂ-ਕੀਮਤਾਂ ਦਾ ਆਦਰਸ਼ਕ ਨਮੂਨਾ ਹਨ। ਇਹ ਧਾਰਮਕ ਜੀਵਨ ਦਾ ਕੇਂਦਰ, ਗੁਰ-ਉਪਦੇਸ਼ ਦੇ ਸੋਮੇ, ਸਮਾਜਕ ਸੇਵਾ ਤੇ ਸਾਂਝੇ ਪੰਥਕ ਵਿਚਾਰ ਵਟਾਂਦਰੇ ਦਾ ਗੜ੍ਹ ਅਤੇ ਵਿਆਹ-ਸ਼ਾਦੀ ਤੇ ਖੁਸ਼ੀ-ਗਮੀ ਦੇ ਮੌਕਿਆਂ ਤੇ ਇਕੱਠੇ ਹੋਣ ਦਾ ਸਮਾਜਕ ਕੇਂਦਰ ਹਨ।

ਇਹ ਵਿਦਿਆਰਥੀਆਂ ਲਈ ਵਿਦਿਆਲਾ, ਆਤਮਕ ਗਿਆਨ ਦੇ ਖੋਜੀਆਂ ਤੇ ਚਾਹਵਾਨਾਂ ਲਈ ਬ੍ਰਹਮ-ਗਿਆਨ ਦਾ ਸੋਮਾ, ਰੋਗੀਆਂ ਲਈ ਦਵਾ-ਘਰ, ਰਾਹੀਆਂ ਤੇ ਮੁਸਾਫਰਾਂ ਲਈ ਬਿਸਰਾਮ ਘਰ ਅਤੇ ਭੁਖਿਆਂ ਲਈ ਲੰਗਰ-ਰੂਪ ਹਨ।

ਸਿਖ ਕੌਮ ਕੋਲ ਆਪਣੀ ਬੋਲੀ ਹੈ, ਆਪਣਾ ਇਲਾਕਾ ਹੈ ਅਤੇ ਆਪਣਾ ਸਭਿਆਚਾਰ ਹੈ। ਦੁਨੀਆਂ ਵਿਚ ਸ਼ਾਇਦ ਹੀ ਸਿਖਾਂ ਜਿਨਾ ਸ਼ਾਨਦਾਰ ਇਤਹਾਸ ਹੋਰ ਕਿਸੇ ਕੌਮ ਦੇ ਵਿਰਸੇ ਵਿਚ ਆਇਆ ਹੋਵੇ। ਕੌਮਾਂ ਆਪਣੇ ਇਤਹਾਸ ਅਤੇ ਰਵਾਇਤਾਂ ਦੀ ਰੋਸ਼ਨੀ ਵਿਚ ਹੀ ਆਪਣਾ ਭਵਿੱਖ ਬਣਾ ਸਕਦੀਆਂ ਹਨ।

ਜਿਸ ਕੌਮ ਕੋਲ ਇਤਨੀਆਂ ਸ਼ਾਨਦਾਰ ਰਵਾਇਤਾਂ ਦਾ ਇਤਹਾਸ ਹੋਵੇ ਅਤੇ ਆਪਣਾ ਘਰ ਨਾ ਹੋਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਕੌਮ ਨੂੰ ਕੋਈ ਘੁਣ ਲਗ ਚੁਕਾ ਹੋਇਆ ਹੈ ਅਤੇ ਉਹ ਢਹਿੰਦੀਆਂ ਕਲਾਂ ਵਲ ਜਾ ਰਹੀ ਹੈ।

ਦੂਜੇ ਸੰਸਾਰ ਯੁੱਧ ਮਗਰੋਂ ਜਦ ਪਛਮੀ ਦੇਸ਼ਾਂ ਨੇ ਆਪਣੀਆਂ ਕਾਲੋਨੀਆਂ ਨੂੰ ਅਜ਼ਾਦੀ ਦੇਣੀ ਸ਼ੁਰੂ ਕੀਤੀ ਤਾਂ ਕਈ ਨਵੀਆਂ ਕੌਮਾਂ ਵਜੂਦ ਵਿਚ ਆਈਆਂ ਜਿਹੜੀਆਂ ਕਿ ਕੌਮ ਦੇ ਸਿਧਾਂਤ ਤੇ ਪੂਰੀਆਂ ਨਹੀਂ ਉਤਰਦੀਆਂ ਪਰੰਤੂ ਫਿਰ ਵੀ ਰਾਜਸੱਤਾ ਦੇ ਬਲ-ਬੋਤੇ ਤੇ ਉਹ ਕੌਮੀ ਬਾਣਾ ਪਾਈ ਬੈਠੀਆਂ ਹਨ। ਇਸਦੇ ਉਲਟ ਕੁਝ ਅਜੇਹੀਆਂ ਕੌਮਾਂ ਵੀ ਹਨ ਜੋ ਕੌਮ ਦੇ ਹਰ ਮਿਆਰ ਤੇ ਪੂਰੀਆਂ ਉਤਰਦੀਆਂ ਹਨ ਪਰੰਤੂ ਇਹ ਘਟਗਿਣਤੀ ਹੋਣ ਕਾਰਨ, ਅੰਤਰ-ਰਾਸ਼ਟਰੀ ਸਾਜ਼ਿਸ਼ਾਂ ਕਾਰਨ, ਵਿਸਾਹਘਾਤ ਕਾਰਨ ਜਾਂ ਇਸਦੇ ਆਪਣੇ ਸੁਆਰਥੀ ਲੀਡਰਾਂ ਦੀਆਂ ਗਲਤੀਆਂ ਕਾਰਨ ਆਪਣਾ ਕੌਮੀ ਸਰੂਪ ਸੰਸਾਰ-ਮੰਚ ਤੇ ਨਹੀਂ ਲਿਆ ਸਕੀਆਂ ਅਤੇ ਜਿਨ੍ਹਾਂ ਦੀ ਮਜਬੂਰੀ ਦਾ ਨਾਜਾਇਜ਼ ਫ਼ਾਇਦਾ ਉਠਾਂਦਿਆਂ, ਉਨ੍ਹਾਂ ਦੇ ਕੌਮੀ ਸਰੂਪ ਨੂੰ ਮਿਟਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪਿਛਲੇਰੀ ਸ਼੍ਰੇਣੀ ਦੀਆਂ ਕੌਮਾਂ ਵਿਚੋਂ ਸਿੱਖ ਕੌਮ ਇਕ ਹੈ ਜਿਸ ਨਾਲ ਇਹ ਸਭ ਕੁਝ ਵਾਪਰ ਰਿਹਾ ਹੈ।

ਆਪਣਾ ਘਰ ਭਾਵੇਂ ਕਿਤਨਾ ਹੀ ਛੋਟਾ ਕਿਉਂ ਨਾ ਹੋਵੇ ਜੋ ਚੈਨ, ਸੁਖ-ਅਰਾਮ ਅਤੇ ਅਜ਼ਾਦੀ ਆਪਣੇ ਘਰ ਵਿਚ ਮਿਲਦੀ ਹੈ ਉਹ ਹੋਰ ਕਿਤੇ ਨਹੀਂ। ਅਪਣੇ ਨਿੱਕੇ ਜਿਹੇ ਘਰ ਵਿਚ ਅਜ਼ਾਦੀ ਮਾਨਣਾ ਦੂਜੇ ਦੀਆਂ ਕੋਠੀਆਂ ਤੇ ਮਹਿਲਾਂ ਨਾਲੋਂ ਕਿਤੇ ਵਧ ਹੁੰਦਾ ਹੈ। ਪੰਜਾਬੀ ਤੇ ਅੰਗਰੇਜ਼ੀ ਦੀਆਂ ਕਹਾਵਤਾਂ ਇਸ ਵਿਸ਼ੇ ਨੂੰ ਹੋਰ ਵੀ ਜ਼ਿਆਦਾ ਸਪਸ਼ਟ ਕਰ ਦੇਂਦੀਆਂ ਹਨ:

> ਜੋ ਸੁਖ ਛੱਜੂ ਦੇ ਚੁਬਾਰੇ,ਉਹ ਬਲਖ ਨਾ ਬੁਖਾਰੇ
>
> East or West home is the best

ਯਹੂਦੀ ਉਦੋਂ ਤਕ ਦਰ ਦਰ ਦੀਆਂ ਠੋਕਰਾਂ ਖਾਂਦੇ ਰਹੇ ਜਦੋਂ ਤਕ ਉਨ੍ਹਾਂ ਆਪਣਾ ਘਰ ਸਥਾਪਤ ਨਹੀਂ ਕਰ ਲਿਆ। ਅੱਜ ਦਾ ਯਹੂਦੀ, ਸਾਡੇ ਵੇਖਦਿਆਂ ਵੇਖਦਿਆਂ, ਇਜ਼ਰਾਈਲ ਦੇ ਨਾਂ ਹੇਠਾਂ ਇਕ ਸੁਪਰ-ਪਾਵਰ ਬਣਿਆ ਬੈਠਾ ਹੈ। ਬ੍ਰਾਹਮਣਵਾਦ ਜੋ ਅਠਵੀਂ ਸਦੀ ਤੋਂ ਲੈਕੇ 1947 ਤਕ ਗੁਲਾਮਾਂ ਵਾਂਗ ਮੁਸਲਮਾਨਾਂ ਤੇ ਅੰਗਰੇਜ਼ਾਂ ਦਾ ਦੁਬੇਲ ਬਣਿਆ ਰਿਹਾ ਸੀ ਅੱਜ ਦਾ ਉਹੀ ਬ੍ਰਾਹਮਣ ਪਾਕਿਸਤਾਨ, ਬੰਗਲਾ ਦੇਸ਼ ਅਤੇ ਭਾਰਤ ਦੇ ਮੁਸਲਮਾਨਾਂ ਦੀ ਕਿਸਮਤ ਦਾ ਮਾਲਕ ਬਣਿਆ ਬੈਠਾ ਹੈ। ਇਹ ਸਭ ਰਾਜਨੀਤਕ ਸ਼ਕਤੀ ਦੀ ਹੀ ਕਰਾਮਾਤ ਹੈ। ਜ਼ਰੂਰੀ ਨਹੀਂ ਕਿ ਇਹ ਰਾਜ-ਸਤਾ ਹਜ਼ਾਰਾਂ ਜਾਂ ਲੱਖਾਂ ਮੀਲਾਂ ਦੇ ਰਕਬੇ ਵਿਚ ਹੀ ਹੋਵੇ। ਇਹ ਵੀ ਜ਼ਰੂਰੀ ਨਹੀਂ ਕਿ ਉਹ ਇਹ ਰਾਜਸੱਤਾ ਕਰੋੜਾਂ ਲੋਕਾਂ ਦੀ ਵਸੋਂ ਤੇ ਆਧਾਰਤ ਹੋਵੇ।

ਇਹ ਰਾਜਸੱਤਾ ਕੁਝ ਏਕੜਾਂ ਦੇ ਰਕਬੇ ਵਿਚ ਵੀ ਉਤਨੀ ਹੀ ਸ਼ਕਤੀਸ਼ਾਲੀ ਹੋ ਸਕਦੀ ਹੈ ਅਤੇ ਕੁਝ ਹਜ਼ਾਰ ਲੋਕਾਂ ਦੀ ਵਸੋਂ ਤੇ ਅਧਾਰਤ ਵੀ ਉਤਨੀ ਹੀ ਮਜ਼ਬੂਤੀ ਤੇ ਅਹਿਮੀਅਤ ਵਾਲੀ ਹੋ ਸਕਦੀ ਹੈ।

ਪੋਪ ਦਾ ਰਾਜ ਭਾਵੇਂ ਪੰਜ-ਸੱਤ ਏਕੜ ਜ਼ਮੀਨ ਤਕ ਦੀ ਸੀਮਤ ਹੈ ਪਰੰਤੂ ਉਸਦੇ ਸਾਰੀ ਦੁਨੀਆਂ ਦੇ ਮੁਲਕਾਂ ਨਾਲ ਆਪਣੇ ਸੁਤੰਤਰ ਸੰਬੰਧ ਹਨ। ਜਾਪਾਨ ਰਕਬੇ ਅਤੇ ਵਸੋਂ ਵਜੋਂ ਇਕ ਬਹੁਤ ਛੋਟਾ ਮੁਲਕ ਹੈ ਪਰੰਤੂ ਆਰਥਕ ਤੌਰ ਤੇ ਦੁਨੀਆਂ ਦੀਆਂ ਸਾਰੀਆਂ ਵਡੀਆਂ ਤਾਕਤਾਂ ਅਮਰੀਕਾ, ਰੂਸ, ਚੀਨ, ਇੰਗਲੈਂਡ, ਫਰਾਂਸ, ਕੈਨੇਡਾ ਆਦਿ ਨੂੰ ਪਛਾੜ ਚੁੱਕਾ ਹੈ।

ਇਜ਼ਰਾਈਲ ਵਸੋਂ ਅਤੇ ਰਕਬੇ ਵਜੋਂ ਬਹੁਤ ਛੋਟਾ ਮੁਲਕ ਹੈ ਪਰੰਤੂ ਇਤਨਾ ਤਾਕਤਵਰ ਬਣ ਚੁੱਕਾ ਹੈ ਕਿ ਕਿਸੇ ਵੀ ਅਰਬ ਮੁਲਕ ਨੂੰ ਕੁਸਕਣ ਨਹੀਂ ਦਿੰਦਾ। ਸਾਰੇ ਅਰਬ ਮੁਲਕ ਮਿਲਕੇ ਵੀ ਉਸਦਾ ਮੁਕਾਬਲਾ ਨਹੀਂ ਕਰ ਸਕਦੇ। ਕੋਰੀਆ ਇਕ ਹੋਰ ਮਿਸਾਲ ਹੈ ਜਿਹੜਾ ਰੂਸ ਤੇ ਚੀਨ ਵਰਗੇ ਮੁਲਕਾਂ ਨੂੰ ਆਰਥਕ ਤੌਰ ਤੇ ਪਛਾੜ ਚੁੱਕਾ ਹੈ। ਇਹ ਸਾਰੀਆਂ ਕਰਾਮਾਤਾਂ ਸੁਤੰਤਰ ਰਾਜ ਸ਼ਕਤੀ ਪਿਛੇ ਲੁਕੀਆਂ ਪਈਆਂ ਹਨ।

ਅੱਜ ਦੇ ਯੁਗ ਅੰਦਰ, ਸੁਤੰਤਰਤਾ ਮਨੁਖ ਦਾ ਜਮਾਂਦਰੂ ਹੱਕ ਮੰਨਿਆ ਜਾ ਚੁੱਕਾ ਹੈ। ਸੰਸਾਰ ਬਰਾਦਰੀ ਨੇ ਅਜ਼ਾਦੀ ਨਾਲ ਰਹਿਣਾ ਹਰ ਮਨੁਖ ਦਾ ਜਮਾਂਦਰੂ ਹੱਕ ਮੰਨਿਆ ਹੈ। ਕਿਸੇ ਕੌਮ ਨੂੰ ਕੋਈ ਹੱਕ ਨਹੀਂ ਕਿ ਉਹ ਦੂਜੇ ਨੂੰ ਗੁਲਾਮ ਬਣਾਕੇ ਉਸ ਉਤੇ ਰਾਜ ਕਰੇ ਤੇ ਉਹ ਵੀ ਸਿਖਾਂ ਵਰਗੀ ਕੌਮ ਤੇ ਜਿਹੜੀ ਸਵੇਰੇ-ਸ਼ਾਮ ਸਰਬੱਤ ਦਾ ਭਲਾ ਮੰਗਦੀ ਹੈ।

ਜਿਸ ਕੌਮ ਦੇ ਗੁਰੂ ਨੇ ਦੂਜਿਆਂ ਦੇ ਹੱਕ ਬਹਾਲ ਕਰਾਉਣ ਲਈ ਆਪਣੀ ਸ਼ਹਾਦਤ ਦੇਕੇ ਇਸਨੂੰ ਇਹ ਸੇਧ ਦਿੱਤੀ, ਕੀ ਉਹ ਕੌਮ ਆਪਣੇ ਹੱਕਾਂ ਤੇ ਪਹਿਰਾ ਨਹੀਂ ਦੇ ਸਕਦੀ? ਅਜ਼ਾਦੀ ਦਾ ਸੰਕਲਪ ਸਿਖੀ ਦਾ ਧੁਰਾ ਹੈ। ਹਰ ਸਿਖ ਅਜ਼ਾਦੀ ਨਾਲ ਜੀਉਣਾ ਚਾਹੁੰਦਾ ਹੈ, ਦਾਸ ਬਣਕੇ ਨਹੀਂ। ਜੀਣਾ ਹੈ ਤਾਂ ਅਜ਼ਾਦੀ ਨਾਲ, ਨਹੀਂ ਤਾਂ ਮਰ ਮਿਟਣਾ ਹੈ ਇਸ ਹੱਕ ਲਈ!

ਪਿਛਲੇ ਸਮੇਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਫਿਰਕੂ ਹਿੰਦੂ ਬਹੁਗਿਣਤੀ ਨੇ ਸਿਖ ਕੌਮ ਦੀ ਹੋਂਦ ਨੂੰ ਵਹਿਸ਼ੀਆਨਾ ਢੰਗ ਨਾਲ ਜ਼ਲੀਲ ਕਰਕੇ ਖਤਮ ਕਰਨ ਦੀ ਸਿਰਤੋੜ ਕੋਸ਼ਿਸ਼ ਕੀਤੀ ਹੈ। ਸਿਖ ਕੌਮ ਨੇ ਹੁਣ ਫੈਸਲਾ ਕਰਨਾ ਹੈ ਕਿ ਉਸ ਨੇ ਗੁਲਾਮ ਰਹਿ ਕੇ ਜੀਣਾ ਜਾਂ ਅਜ਼ਾਦ ਰਹਿਕੇ। ਜੇ ਗੈਰਤ ਤੇ ਅਣਖ ਨਾਲ ਜੀਉਣਾ ਹੈ ਤਾਂ ਸਿਖਾਂ ਸਾਹਮਣੇ ਐਸ ਵੇਲੇ ਦੂਜਾ ਰਾਹ ਕੋਈ ਰਹਿ ਹੀ ਨਹੀਂ ਗਿਆ ਸਿਵਾਏ ਇਸਦੇ ਕਿ ਆਪਣੇ ਪੰਜਾਬ ਨੂੰ ਕਾਤਲਾਂ ਤੇ ਲੋਟੂਆਂ ਤੋਂ ਅਜ਼ਾਦ ਕਰਾ ਲੈਣ।

ਸਿਖਾਂ ਆਪਣੀਆਂ ਬੁਨਿਆਦੀ ਮੰਗਾਂ ਵਾਸਤੇ ਬੜੇ ਅਮਨ ਨਾਲ ਰੋਸ ਪ੍ਰਗਟ ਕੀਤੇ, ਸਬਰ ਤੇ ਸੰਤੋਖ ਤੋਂ ਕੰਮ ਲਿਆ, ਅਨੇਕਾਂ ਮੋਰਚੇ ਲਾਏ, ਕਾਨੂੰਨੀ ਰਾਹਾਂ ਤੇ ਚਲਦੇ ਰਹੇ, ਸ਼ਾਂਤੀ ਨਾਲ ਕਾਨੂੰਨੀ ਜਦੋ-ਜਹਿਦ ਕੀਤੀ, ਕੋਈ ਸਾੜ-ਫੂਕ ਨਹੀਂ ਕੀਤੀ, ਲੱਖਾਂ ਗ੍ਰਿਫਤਾਰੀਆਂ ਦਿੱਤੀਆਂ, ਤਸੀਹੇ ਸਹੇ, ਜੇਲ੍ਹਾਂ ਕੱਟੀਆਂ ਅਤੇ ਸ਼ਹੀਦੀਆਂ ਪਾਈਆਂ। ਅਗੋਂ ਮਿਲਿਆ ਕੀ ਸਾਨੂੰ? — ਜਬਰ, ਜ਼ੁਲਮ, ਤਸ਼ੱਦਦ, ਸਾਡੇ ਗੁਰਧਾਮਾਂ ਦਾ ਅਪਮਾਨ ਅਤੇ ਸਮੁਚੀ ਕੌਮ ਦੀ ਹੇਠੀ!

ਇਸ ਫਿਰਕੂ ਸਰਕਾਰ ਨੇ ਹਥਿਆਰਬੰਦ ਜਦੋਜਹਿਦ ਤੋਂ ਬਿਨਾਂ ਕੋਈ ਰਾਹ ਛਡਿਆ ਹੀ ਨਹੀਂ ਸਾਡੇ ਲਈ। ਧਨ ਹਨ ਜੁਝਾਰੂ ਸੂਰਮੇ ਜਿਹੜੇ ਮੈਦਾਨ ਵਿਚ ਆ ਨਿਤਰੇ ਅਤੇ ਸਿਖ ਕੌਮ ਦੇ ਵਕਾਰ ਨੂੰ ਬਹਾਲ ਕਰਨ ਵਾਸਤੇ ਆਪਣੀਆਂ ਜਾਨਾਂ ਵਾਰ ਰਹੇ ਹਨ। ਆਪਣੇ ਪੁਰਖਿਆਂ ਦੀਆਂ ਰਾਹਾਂ ਤੇ

ਚਲਦਿਆਂ ਕੁਰਬਾਨੀ ਦੀਆਂ ਨਵੀਆਂ ਰਵਾਇਤਾਂ ਕਾਇਮ ਕਰ ਰਹੇ ਹਨ। ਜਦ ਤਕ ਅਸੀਂ ਆਪਣਾ ਘਰ ਸਥਾਪਤ ਨਹੀਂ ਕਰ ਲੈਂਦੇ ਤਦ ਤਕ ਅਸੀਂ ਇਹ ਜਦੋਜਹਿਦ ਜਾਰੀ ਰਹਿਣੀ ਹੈ।

ਜਦੋਜਹਿਦ ਭਾਵੇਂ ਹਥਿਆਰਬੰਦ ਹੋਵੇ ਤੇ ਭਾਵੇਂ ਸ਼ਾਂਤਮਈ, ਇਹ ਦ੍ਰਿੜਤਾ, ਹੱਠ ਅਤੇ ਤਿਆਗ ਦੀ ਭਾਵਨਾ ਤੋਂ ਬਿਨਾਂ ਨਹੀਂ ਚਲਾਈ ਜਾ ਸਕਦੀ। ਇਸ ਵਿਚ ਦ੍ਰਿੜਤਾ ਅਤੇ ਵਿਸ਼ਵਾਸ ਕਰਾਮਾਤਾਂ ਕਰ ਵਿਖਾਂਦਾ ਹੈ। 'ਨਿਸਚੈ ਕਰ ਅਪਨੀ ਜੀਤ ਕਰੋਂ' ਦਾ ਦ੍ਰਿੜ ਵਿਸ਼ਵਾਸ ਖਾਲਸੇ ਵਿਚ ਭਰਿਆ ਹੋਇਆ ਹੈ। ਖਾਲਸਾ ਵਿਸ਼ਵਾਸੀ ਹੈ ਭਰਮੀ ਨਹੀਂ। ਇਹ ਦ੍ਰਿੜ੍ਹਚਿੱਤ ਹੈ, ਡਾਵਾਂਡੋਲ ਨਹੀਂ। ਦ੍ਰਿੜਤਾ ਅਤੇ ਹੱਠ ਕਿਸੇ ਕੌਮ ਦੀ ਆਨ ਤੇ ਸ਼ਾਨ ਦਾ ਮਹਤਵਪੂਰਨ ਅੰਗ ਹੁੰਦੇ ਹਨ।

ਮੁਗਲ ਰਾਜ ਨੂੰ ਜੜੋਂ ਉਖੇੜ ਕੇ, ਨਾਦਰ ਸ਼ਾਹ ਅਤੇ ਅਹਿਮਸ਼ਾਹ ਅਬਦਾਲੀ ਨੂੰ ਹਰਾਕੇ ਤੇ ਕਾਬਲ ਤੋਂ ਜਮਨਾ ਤਕ ਰਾਜ ਕਾਇਮ ਕਰਕੇ ਇਹ ਗੱਲ ਸਿਖ ਕੌਮ ਪਹਿਲਾਂ ਹੀ ਸਾਬਤ ਕਰ ਚੁੱਕੀ ਹੈ।

ਪੰਜਾਬ ਤੇ ਸਿੱਖ ਕੌਮ ਨਾਲ ਪੈਰ ਪੈਰ ਤੇ ਧੱਕੇ ਤੇ ਬੇਇਨਸਾਫੀਆਂ ਕੀਤੀਆਂ ਗਈਆਂ ਹਨ। ਸਾਡੀਆਂ ਕੌਮੀ ਭਾਵਨਾਵਾਂ ਨੂੰ ਮਸਲਿਆ ਗਿਆ ਹੈ। ਸਾਡੇ ਗੁਰ ਅਸਥਾਨਾਂ ਦੀਆਂ ਬੇਹੁਰਮਤੀਆਂ ਕੀਤੀਆਂ ਗਈਆਂ ਹਨ, ਸਾਡੇ ਕੌਮੀ ਵਕਾਰ ਨੂੰ ਰੋਲਿਆ ਗਿਆ ਹੈ, ਹੁਣ ਗੁਲਾਮੀ ਦੀ ਛੱਟ ਲਾਹੇ ਬਿਨਾ ਪੰਜਾਬ ਵਿਚ ਚੈਨ ਆ ਹੀ ਨਹੀਂ ਸਕਦਾ। ਦੁਨੀਆ ਦੀ ਕੋਈ ਤਾਕਤ ਵੀ ਸਿੱਖਾਂ ਨੂੰ ਆਪਣੀ ਅਜ਼ਾਦ ਹਸਤੀ ਕਾਇਮ ਕਰਨੋਂ ਨਹੀਂ ਰੋਕ ਸਕਦੀ, — ਹੁਣ ਬ੍ਰਾਹਮਣਵਾਦ ਭਾਵੇਂ ਜਿੰਨੇ ਮਰਜ਼ੀ ਝੋਲੀਚੁੱਕ ਪੈਦਾ ਕਰ ਲਵੇ।

ਪੰਜਾਬ ਹਿੰਦੂ ਸਿੱਖ ਈਸਾਈ ਤੇ ਮੁਸਲਮਾਨ ਦਾ ਸਾਂਝਾ ਹੈ। ਇਹ ਹਰ ਪੰਜਾਬੀ ਦੇ ਦਿਲ ਦੀ ਧੜਕਣ ਹੈ। ਇਸਦੀ ਮਿਠੀ ਬੋਲੀ, ਸ਼ਾਨਦਾਰ ਇਤਿਹਾਸ ਅਤੇ ਸਭਿਆਚਾਰ ਸਭ ਦੇ ਸਾਂਝੇ ਹਨ ਪਰ ਸਿੱਖਾਂ ਤੋਂ ਬਿਨਾਂ ਪੰਜਾਬ ਨਾਲ ਸਾਰੇ ਗ਼ਦਾਰੀਆਂ ਹੀ ਕਰਦੇ ਰਹੇ ਹਨ।

ਇਥੇ ਹੇਠਲੀ ਉਤੇ ਕਈ ਵੇਰਾਂ ਹੋਈ ਹੈ, ਜ਼ੁਲਮ ਦੀਆਂ ਹਨੇਰੀਆਂ ਤੇ ਝੱਖੜ ਝੁਲਦੇ ਰਹੇ ਹਨ ਤੇ ਇਹ ਮੁੜ ਮੁੜ ਉਜੜਦਾ ਤੇ ਵਸਦਾ ਰਿਹਾ ਹੈ। ਹਰ ਹਨੇਰੀ, ਹਰ ਤੂਫਾਨ ਅਤੇ ਹਰ ਕੁਰਬਾਨੀ ਦੀ ਭੱਠੀ ਵਿਚੋਂ ਇਸਦੇ ਬਹਾਦਰ ਸਿਖ ਸਟੀਲ ਬਣਕੇ ਨਿਕਲਦੇ ਰਹੇ ਹਨ। ਸੰਨ 1984 ਦੇ ਸਿੱਖਾਂ ਦੇ ਕਤਲਾਮ ਨੇ ਹਿੰਦੂ ਸਾਮਰਾਜ ਦਾ ਅਸਲੀ ਖੂਨੀ ਚਿਹਰਾ ਨੰਗਾ ਕਰ ਦਿੱਤਾ ਹੈ। ਸਿੱਖ ਕੌਮ ਹੁਣ ਓਨਾ ਚਿਰ ਚੈਨ ਨਾਲ ਨਹੀਂ ਬੈਠ ਸਕਦੀ ਜਿੰਨਾ ਚਿਰ ਇਸ ਖੂਨਖਾਰ ਤੇ ਵਹਿਸ਼ੀ ਕਾਤਲ ਤੋਂ ਛੁਟਕਾਰਾ ਨਹੀਂ ਪਾ ਲੈਂਦੀ।

ਸਿੱਖਾਂ ਨੂੰ ਇਤਨੀਆਂ ਵੱਡੀਆਂ ਕੁਰਬਾਨੀਆਂ ਦੇਣ ਬਦਲੇ ਹੁਣ ਆਪਣਾ ਕੌਮੀ ਘਰ ਚਾਹੀਦਾ ਹੀ ਹੈ ਜਿਥੇ ਸਾਡੇ ਪਵਿੱਤਰ ਗੁਰਧਾਮਾਂ ਵੱਲ ਕੋਈ ਭੈੜੀ ਨਜ਼ਰ ਨਾਲ ਤਕਣ ਦਾ ਹੀਆ ਨਾ ਕਰ ਸਕੇ ਅਤੇ ਜਿਥੇ ਸਾਡੀਆਂ ਧੀਆਂ ਭੈਣਾਂ ਦੀ ਬੇਪੱਤੀ ਦੀਆਂ ਵਾਰਦਾਤਾਂ ਨਾ ਦੁਹਰਾਈਆਂ ਜਾ ਸਕਣ। ਅਸੀਂ ਆਪਣਾ ਘਰ ਚਾਹੁੰਦੇ ਹਾਂ ਕਾਤਲਾਂ ਤੇ ਲੋਟੂਆਂ ਤੋਂ ਦੂਰ - ਬਹੁਤ ਦੂਰ - ਬਹੁਤ ਹੀ ਦੂਰ ਜਿਥੇ ਆਪਣੀ ਕਿਸਮਤ ਦੇ ਫੈਸਲੇ ਅਸੀਂ ਆਪ ਕਰ ਸਕੀਏ। ਸਾਨੂੰ ਅਜ਼ਾਦ ਘਰ ਚਾਹੀਦਾ ਹੈ ਜਿਥੇ ਕੋਈ ਰੋਕਾਂ ਨਾ ਹੋਣ। ਸਾਡੇ ਗੁਰੂ ਦਾ ਫੁਰਮਾਨ ਵੀ ਇਜ ਕਹਿੰਦਾ ਹੈ:

> **ਜਿਹ ਦਰ ਆਵਤ ਜਾਤਿਹੁ ਹਟਕੈ ਨਾਹਿ ਕੋਇ।**
> **ਕਬੀਰ ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ।**

ਜੇ ਸਿਖ ਕੌਮ ਨੇ ਆਪਣੀ ਅਜ਼ਾਦ ਹਸਤੀ ਨੂੰ ਕਾਇਮ ਰਖਣਾ ਹੈ ਤਾਂ ਗਲ ਹੁਣ ਅਧਿਕਾਰ ਲੈਣ ਦੀ

ਨਹੀਂ ਹੈ ਸਗੋਂ ਹੱਕ ਲੈਣ ਦੀ ਹੈ। ਜਿਸ ਲਈ ਅਸੀਂ ਲੱਖਾਂ ਜਾਨਾਂ ਵਾਰੀਆਂ ਅਤੇ ਅਰਬਾਂ ਖਰਬਾਂ ਦੀਆਂ ਜੱਦੀਜਾਇਦਾਦਾਂ ਛੱਡੀਆਂ ਉਹ ਅਜ਼ਾਦੀ ਤਾਂ ਸਾਡਾ ਹੱਕ ਹੈ।

ਗੱਲ ਹੁਣ ਸੋਨੇ ਦੇ ਪਿੰਜਰੇ ਵਿਚ ਪੈਕੇ ਚੂਰੀ ਖਾਣ ਦੀ ਨਹੀਂ ਹੈ, ਸਗੋਂ ਅਕਾਸ਼ ਵਿਚ ਅਜ਼ਾਦ ਉਡਾਰੀਆਂ ਮਾਰਨ ਦੀ ਹੈ। ਗੱਲ ਹੁਣ ਖਾਲਿਸਤਾਨ ਲੈਣ ਦੀ ਨਹੀਂ ਹੈ, ਸਗੋਂ ਆਪਣੇ ਪੰਜਾਬ ਨੂੰ ਜ਼ਾਲਮਾਂ ਪਾਸੋਂ ਅਜ਼ਾਦ ਕਰਾਉਣ ਦੀ ਹੈ।

ਖਾਲਿਸਤਾਨ ਤੋਂ ਉਰੇ ਗੱਲ ਕਰਨ ਵਾਲੇ ਦਲਾਲਾਂ ਦੀ ਹੁਣ ਲੋੜ ਨਹੀਂ ਹੈ ਤੇ ਨਾਹੀ ਹੱਕ ਤੇ ਸੱਚ ਦੀ ਗੱਲ ਕਰਨ ਤੋਂ ਝਿਜਕਣ ਵਾਲੇ ਲੀਡਰਾਂ ਦੀ ਹੀ। ਅੱਜ ਲੋੜ ਹੈ ਕੌਮ ਨੂੰ ਨਿਸ਼ਕਾਮ ਤੇ ਪਰਖੇ ਹੋਏ ਨਿਧੜਕ ਸੂਰਮਿਆਂ ਦੀ।

ਸਾਰੇ ਭਾਰਤ ਵਿਚ ਗੁਲਾਮੀ ਦਾ ਜੀਵਨ ਬਤੀਤ ਕਰਨ ਅਤੇ ਦੂਜੇ ਦਰਜੇ ਦੇ ਸ਼ਹਿਰੀ ਬਣਨ ਨਾਲੋਂ ਆਪਣੇ ਨਿਕੇ ਜੇਹੇ ਪੰਜਾਬ ਵਿਚ ਅਜ਼ਾਦੀ ਨਾਲ ਰਹਿਣਾ ਸੌ ਦਰਜੇ ਚੰਗਾ ਹੈ ਜਿਥੇ ਸਾਡੇ ਗੁਰਧਾਮਾਂ ਵੱਲ ਕੋਈ ਭੈੜੀ ਨਜ਼ਰ ਨਾਲ ਨਹੀਂ ਦੇਖ ਸਕੇਗਾ, ਜਿਥੇ ਅਸੀਂ ਆਪਣੀ ਕਿਸਮਤ ਦੇ ਆਪ ਘਾੜੇ ਹੋਵਾਂਗੇ ਅਤੇ ਗੁਰੂ ਸਾਡੇ ਸਿਰ ਤੇ ਹੋਵੇਗਾ।

ਆਪਣੇ ਕੌਮੀ ਘਰ ਖਾਲਿਸਤਾਨ ਤੋਂ ਉਰੇ ਹੁਣ ਗੱਲ ਕਰਨਾ ਲੱਖਾਂ ਸਿਖ ਨੌਜਵਾਨਾਂ, ਬੱਚਿਆਂ, ਬਜ਼ੁਰਗਾਂ ਅਤੇ ਇਸਤਰੀਆਂ ਦੀਆਂ ਦਿੱਤੀਆਂ ਸ਼ਹਾਦਤਾਂ ਨਾਲ ਧ੍ਰੋਹ ਕਰਨਾ ਹੋਵੇਗਾ। ਜੇ ਹੁਣ ਵੀ ਅਸੀਂ ਆਪਣਾ ਕੌਮੀ ਘਰ ਨਾ ਬਣਾ ਸਕੇ ਅਤੇ ਕੌਮ ਨਾਲ ਗ਼ਦਾਰੀਆਂ ਕਰਦੇ ਰਹੇ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੀ ਮੁਆਫ਼ ਨਹੀਂ ਕਰਨਗੀਆਂ, ਸਗੋਂ ਸਾਡੇ ਸਵਾਰਥ ਅਤੇ ਕਾਇਰਤਾ ਨੂੰ ਘਿਰਣਾ-ਭਰੀਆਂ ਨਜ਼ਰ ਨਾਲ ਵੇਖਕੇ ਸਾਨੂੰ ਲਾਅਨਤਾਂ ਪਾਉਣਗੀਆਂ।

ਜੇ ਖਾਲਿਸਤਾਨ ਬਣਨਾ ਚਾਹੀਦਾ ਹੈ ਤਾਂ ਕਿਉਂ?

1. ਅਜ ਤੋਂ ਕੋਈ ਡੇਢ ਸੌ ਸਾਲ ਤੋਂ ਵੀ ਘਟ ਸਮਾਂ ਪਹਿਲਾਂ ਖਾਲਸਾ ਸਰਕਾਰ ਕਾਬਲ ਤੋਂ ਲੈਕੇ ਜਮਨਾ ਤਕ ਅਤੇ ਤਿੱਬਤ ਤੋਂ ਲੈਕੇ ਸਿੰਧ ਤਕ ਦੇ ਵੱਡੇ ਤੇ ਵਿਸ਼ਾਲ ਰਾਜ ਭਾਗ ਦੀ ਮਾਲਕ ਸੀ। ਡੋਗਰਿਆਂ ਤੇ ਪੂਰਬੀਆਂ ਦੇ ਵਿਸਾਹਘਾਤ ਤੇ ਗ਼ਦਾਰੀ ਕਾਰਨ ਹੀ ਸਿਖ ਰਾਜ ਦਾ ਪਤਨ ਆਇਆ। ਦੇਸ਼ ਨੂੰ ਮਿਲੀ ਆਜ਼ਾਦੀ ਸਮੇਂ ਲੱਖਾਂ ਜਾਨਾਂ ਵਾਰੀਆਂ ਅਤੇ ਅਰਬਾਂ-ਖਰਬਾਂ ਦੀਆਂ ਜਾਇਦਾਦਾਂ ਛਡੀਆਂ। ਮੁਲਕ ਨੂੰ ਅਜ਼ਾਦ ਕਰਾਉਣ ਲਈ ਅਸਾਂ 85 ਫੀਸਦੀ ਕੁਰਬਾਨੀਆਂ ਦਿੱਤੀਆਂ, ਸਾਡਾ ਹਿਸਾ ਕਿਥੇ? ਜੇ ਹੋਰ ਕੁਝ ਨਹੀਂ ਤਾਂ ਘਟ ਤੋਂ ਘਟ ਪੰਜਾਬ ਤਾਂ ਸਾਡਾ ਹਿਸਾ ਬਣਦਾ ਹੀ ਹੈ।

2. ਅੰਗਰੇਜ਼ਾਂ ਦੇਸ਼ ਦੀ ਵੰਡ ਵੇਲੇ ਤਿੰਨ ਕੌਮਾਂ ਨੂੰ ਮਾਨਤਾ ਦਿੱਤੀ ਸੀ: ਹਿੰਦੂ ਮੁਸਲਮਾਨ ਅਤੇ ਸਿਖ। ਤਿੰਨਾਂ ਨੇ ਮਿਲਕੇ ਅਜ਼ਾਦੀ ਦਾ ਸੰਘਰਸ਼ ਆਰੰਭਿਆ। ਸਿੱਖਾਂ ਨੇ ਸਭ ਤੋਂ ਵਧ ਕੁਰਬਾਨੀਆਂ ਦਿੱਤੀਆਂ। ਅਜ਼ਾਦੀ ਵੇਲੇ ਅਸਾਂ ਆਪਣੀ ਕਿਸਮਤ ਕਾਂਗਰਸ ਨਾਲ ਇਸ ਲਈ ਜੋੜੀ ਸੀ ਕਿ ਸਾਨੂੰ ਭਾਰਤ ਵਿਚ ਵਿਸ਼ੇਸ਼ ਕੌਮੀ ਹੱਕ ਵਿਧਾਨਕ ਤੌਰ ਤੇ ਦਿੱਤੇ ਜਾਣਗੇ। ਕਾਂਗਰਸ ਨੇ ਆਪਣੇ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਇਸ ਲਈ ਸਿਖ ਕੌਮ ਆਪਣੀ ਸੁਤੰਤਰ ਹਸਤੀ ਨੂੰ ਮੁੜ ਬਹਾਲ ਕਰਨ ਦਾ ਪੂਰਾ ਹੱਕ ਰਖਦੀ ਹੈ।

3. ਦੇਸ਼ ਦੀ ਵੰਡ ਵੇਲੇ ਤਿੰਨਾਂ ਕੌਮਾਂ ਵਿਚੋਂ ਮੁਸਲਮਾਨਾਂ ਨੂੰ ਤਾਂ ਪਾਕਿਸਤਾਨ ਮਿਲ ਗਿਆ। ਬਾਕੀ ਦੇ ਹਿੰਦੁਸਤਾਨ ਦੇ ਹਿੰਦੂ ਤੇ ਸਿਖ ਭਾਈਵਾਲ ਹਨ। ਹਿੰਦੂਆਂ ਨੇ ਇਸ ਭਾਈਵਾਲੀ ਦੇ ਕੀਤੇ ਵਾਅਦਿਆਂ ਦੀ ਸ਼ਰਤ ਪੂਰੀ ਨਹੀਂ ਕੀਤੀ। ਭਾਈਵਾਲੀ ਟੁੱਟ ਜਾਣ ਤੇ ਸਿੱਖਾਂ ਨੂੰ ਆਪਣੇ ਹਿੱਸੇ ਵਜੋਂ

ਘਟੋ ਘਟ ਪੰਜਾਬ ਤਾਂ ਮਿਲਣਾ ਹੀ ਮਿਲਣਾ ਚਾਹੀਦਾ ਹੈ।

4. ਜੇ ਕੁਰਬਾਨੀਆਂ ਦੇ ਪੱਖ ਤੋਂ ਵੇਖੀਏ ਤਾਂ 82 ਫੀਸਦੀ ਹਿਦੂ ਵਸੋਂ ਮੰਦਰਾਂ ਵਿਚ ਟੱਲ ਖੜਕਾਂਦੀ ਰਹੀ ਜਦਕਿ ਸਿਖ ਫਾਂਸੀ ਦੇ ਰਸਿਆਂ ਨੂੰ ਚੁੰਮਦੇ ਰਹੇ। 10 ਫੀਸਦੀ ਕੁਰਬਾਨੀਆਂ ਦੇਣ ਵਾਲੀ ਹਿਦੂ ਕੌਮ ਸਾਰੇ ਹਿਦੁਸਤਾਨ ਦੀ ਮਾਲਕ ਕਿਵੇਂ ਬਣ ਗਈ? ਦੇਸ਼ ਦੀ ਮਾਲਕੀ ਦਾ ਹਿਸਾ ਕੀਤੀਆਂ ਕੁਰਬਾਨੀਆਂ ਦੇ ਵੱਟੇ ਨਾਲ ਜੋਖਣਾ ਚਾਹੀਦਾ ਹੈ। ਇਸ ਇਨਸਾਫ ਦੇ ਪਲੜੇ ਵਿਚ ਵੀ ਪੰਜਾਬ ਤਾਂ ਸਿਖਾਂ ਦਾ ਬਣਦਾ ਹੀ ਬਣਦਾ ਹੈ।

5. ਅੰਗਰੇਜ਼ਾਂ ਦੇ ਪੰਜਾਬ ਨੂੰ ਗੈਰ ਕਾਨੂਨੀ ਢੰਗ ਨਾਲ ਆਪਣੇ ਰਾਜ ਵਿਚ ਮਿਲਾਉਣ ਤੋਂ ਪਹਿਲਾਂ ਵੀ ਇਥੇ ਸਿਖ ਹੀ ਰਾਜ ਕਰ ਰਹੇ ਸਨ: ਇਸ ਪੱਖੋਂ ਵੀ ਪੰਜਾਬ ਤੇ ਸਿਖਾਂ ਦਾ ਹੀ ਹੱਕ ਬਣਦਾ ਹੈ।

6. ਸਿਖਾਂ ਦਾ ਮੱਕਾ ਵੀ ਪੰਜਾਬ ਵਿਚ ਹੈ ਤੇ ਮਦੀਨਾ ਵੀ ਪੰਜਾਬ ਵਿਚ। ਪੰਜਾਬ ਸਿਖਾਂ ਦਾ ਹੋਮਲੈਂਡ (ਘਰ) ਵੀ ਹੈ ਤੇ ਹੋਲੀਲੈਂਡ (ਪੁੰਨਭੂਮੀ) ਵੀ। ਜਦ ਤਕ ਇਕ ਵੀ ਸਿਖ ਜ਼ਿਦਾ ਹੈ ਇਸ ਤੋਂ ਪੰਜਾਬ ਅਲਗ ਨਹੀਂ ਕੀਤਾ ਜਾ ਸਕਦਾ।

7. ਵਰਤਮਾਨ ਸੰਸਾਰਕ ਕਦਰਾਂ-ਕੀਮਤਾਂ ਅਨੁਸਾਰ ਅਜ਼ਾਦੀ ਹਰ ਮਨੁਖ ਦਾ ਜਮਾਂਦਰੂ ਹੱਕ ਮੰਨਿਆ ਜਾ ਚੁੱਕਾ ਹੈ। ਸਿਖ ਕੌਮ ਦਾ ਜਨਮ ਪੰਜਾਬ ਵਿਚ ਹੋਇਆ ਅਤੇ ਇਸ ਵਿਚ ਅਜ਼ਾਦੀ ਨਾਲ ਰਹਿਣ ਲਈ ਲੱਖਾਂ ਜਾਨਾਂ ਵੀ ਇਸੇ ਕੌਮ ਨੇ ਹੀ ਵਾਰੀਆਂ: ਇਸ ਕਰਕੇ ਵੀ ਪੰਜਾਬ ਵਿਚ ਅਜ਼ਾਦੀ ਨਾਲ ਰਹਿਣਾ ਸਿਖਾਂ ਦਾ ਸੰਸਾਰ ਪਰਮਾਣਿਤ ਜਮਾਂਦਰੂ ਹੱਕ ਹੈ। ਹਿਦੁਸਤਾਨ ਦੀ ਸੈਂਟਰ ਸਰਕਾਰ ਜਿਨੇ ਮਰਜ਼ੀ ਝੋਲੀ-ਚੁੱਕ ਤੇ ਗੱਦਾਰ ਪੈਦਾ ਕਰ ਲਵੇ, ਸਿਖ ਕੌਮ ਹੁਣ ਗੁਲਾਮ ਬਣਾਕੇ ਨਹੀਂ ਰਖੀ ਜਾ ਸਕਦੀ। ਕਿਸੇ ਵੀ ਤਾਕਤ ਦਾ ਦਬਾਅ ਹੁਣ ਸਿਖਾਂ ਨੂੰ ਆਪਣੀ ਅਜ਼ਾਦ ਹਸਤੀ ਕਾਇਮ ਕਰਨ ਤੋਂ ਪਿਛੇ ਨਹੀਂ ਹਟਾ ਸਕਦਾ।

8. ਅਜ਼ਾਦੀ ਵੇਲੇ ਹਿਦੂਆਂ ਬੇਈਮਾਨੀ ਤੇ ਠਗੀ ਨਾਲ ਸਿਖਾਂ ਨੂੰ ਸਪੈਸ਼ਲ ਕੌਮੀ ਅਧਿਕਾਰ ਤੇ ਸਪੈਸ਼ਲ ਖਿਤੇ ਦੇ ਲਾਰੇ ਲਾਏ ਪਰ ਸਕੀਮਾਂ ਬਣਾਈਆਂ ਸਿਖ ਕੌਮ ਦੀ ਨਸਲਕੁਸ਼ੀ ਦੀਆਂ। ਅਜ਼ਮਾਏ ਹੋਏ ਅਜੇਹੇ ਬੇਈਮਾਨ ਠੱਗਾਂ ਨਾਲ ਸਿਖ ਕੌਮ ਦਾ ਜੀਣਾ ਹਰਾਮ ਹੋ ਚੁੱਕਾ ਹੋਇਆ ਹੈ। ਇਸ ਲਈ ਆਪਣਾ ਘਰ ਜ਼ਰੂਰੀ ਹੈ।

9. ਸਾਡੇ ਗੁਰਧਾਮਾਂ ਵਿਚ ਜਾਕੇ ਹਜ਼ਾਰਾਂ ਨਿਰਦੋਸ਼ ਇਸਤਰੀਆਂ, ਬੱਚਿਆਂ ਅਤੇ ਜਵਾਨਾਂ ਨੂੰ ਬੰਨ੍ਹਕੇ ਉਨ੍ਹਾਂ ਦਾ ਕਤਲਾਮ ਕਰਨ ਵਾਲੀ ਕਸਾਈ ਫੌਜ ਅਤੇ ਇਸਨੂੰ ਹੁਕਮ ਦੇਣ ਵਾਲੇ ਕਾਤਲ ਨਾਲ ਅਸੀਂ ਕਿਵੇਂ ਰਹਿ ਸਕਦੇ ਹਾਂ? ਜਿਨ੍ਹਾਂ ਬੇਸ਼ਰਮ ਫੌਜੀਆਂ ਨੇ ਸਾਡੇ ਗੁਰੂ ਗਰੰਥ ਸਾਹਿਬ ਦੀਆਂ ਇਤਹਾਸਕ ਹੱਥ-ਲਿਖਤ ਸੈਂਕੜੇ ਬੀੜਾਂ, ਸਾਡੇ ਗੁਰੂਆਂ ਦੇ ਹੱਥ-ਲਿਖਤ ਹੁਕਮਨਾਮੇ ਅਤੇ ਹੋਰ ਸਾਰੀਆਂ ਸਿਖ ਵਿਰਸੇ ਦੀਆਂ ਹਜ਼ਾਰਾਂ ਪੁਸਤਕਾਂ ਸਾੜ ਕੇ ਸੁਆਹ ਕਰ ਦਿੱਤੀਆਂ ਅਜੇਹੇ ਕਾਤਲਾਂ ਤੇ ਜ਼ਾਲਮਾਂ ਨਾਲ ਅਸੀਂ ਸਾਂਝ ਕਿਵੇਂ ਰੱਖ ਸਕਦੇ ਹਾਂ?

10. ਜੇ ਤਾਮਲ ਵਖਰਾ ਤਾਮਲਨਾਡੂ ਮੰਗ ਸਕਦੇ ਹਨ, ਕਸ਼ਮੀਰ ਦੇ ਮੁਸਲਮਾਨ ਅਜ਼ਾਦ ਕਸ਼ਮੀਰ ਮੰਗ ਸਕਦੇ ਹਨ, ਆਂਧਰਾ ਦੇ ਲੋਕ ਤੇਲਗੂ ਦੇਸ਼ ਮੰਗ ਸਕਦੇ ਹਨ, ਨਾਗੇ ਆਪਣੇ ਨਾਗਾਲੈਂਡ ਦੀ ਮੰਗ ਕਰ ਸਕਦੇ ਹਨ ਤਾਂ ਪੰਜਾਬ ਦੀ 85 ਫੀਸਦੀ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੀ ਬਹਾਦਰ ਸਿਖ ਕੌਮ ਖਾਲਿਸਤਾਨ ਦੀ ਮੰਗ ਕਿਉਂ ਨਹੀਂ ਕਰ ਸਕਦੀ?

11. ਉਨ੍ਹਾਂ ਸਾਰਿਆਂ ਨੂੰ ਵੀ ਵੱਖਵਾਦੀ ਅਤੇ ਅੱਤਵਾਦੀ ਕਹਿ ਕੇ ਸਾਰੀ ਦੁਨੀਆ ਵਿਚ ਬਦਨਾਮ ਕਿਉਂ ਨਹੀਂ ਕੀਤਾ ਜਾਂਦਾ? — ਕਿਉਂਕਿ ਉਹ ਹਿਦੂ ਭਾਈ ਹਨ!

12. ਏਸ਼ੀਆਈ ਖੇਡਾਂ ਸਮੇਂ ਹਰਿਆਣੇ ਵਿਚੋਂ ਲੰਘ ਰਹੇ ਸਾਰੇ ਸਿੱਖਾਂ ਨੂੰ ਹਰਿਆਣਾ ਪੁਲਸ ਹੱਥੋਂ ਬੇਇਜ਼ਤ ਕੀਤਾ ਗਿਆ। ਇਥੋਂ ਤੱਕ ਕਿ ਸਿਖ ਇਸਤਰੀਆਂ ਅਤੇ ਅਫਸਰ ਕਲਾਸ ਬੰਦਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਅਖਬਾਰਾਂ ਨੇ ਚੁਪ ਸਾਧ ਲਈ ਜਿਵੇਂ ਉਥੇ ਕੁਝ ਹੋਇਆ ਹੀ ਨਹੀਂ, ਨਾ ਤਾਂ ਕਿਸੇ ਹਾਕਮ ਪਾਰਟੀ ਜਾਂ ਸਰਕਾਰੀ ਬੰਦੇ ਨੇ ਮੂੰਹ ਖੋਲ੍ਹਿਆ ਅਤੇ ਨਾਹੀ ਵਿਰੋਧੀ ਪਾਰਟੀ ਦੇ ਕਿਸੇ ਮੈਂਬਰ ਨੇ ਇਸ ਅਣਮਨੁਖੀ ਬੇਹੂਦਗੀ ਵਿਰੁੱਧ ਇਕ ਲਫਜ਼ ਵੀ ਬੋਲਿਆ। ਇਨ੍ਹਾਂ ਤੋਂ ਵੀ ਵਧ ਬੇਸ਼ਰਮ ਕਾਂਗਰਸੀ ਸਿੱਖ ਪਾਰਲੀਮੈਂਟ ਮੈਂਬਰ ਨਿਕਲੇ ਜਿਹੜੇ ਤਲਾਸ਼ੀਆਂ ਕਰਾਕੇ ਵੀ ਕੁਰਸੀ ਨੂੰ ਜਾ ਚਿੰਬੜੇ। ਲਾਅਨਤ ਹੈ ਅਜੇਹੇ ਕੁਰਸੀ ਦੇ ਭੁਖਿਆਂ ਨੂੰ ਜਿਨ੍ਹਾਂ ਆਪਣੀ ਅਣਖ ਤੇ ਗੈਰਤ ਦਾ ਵੀ ਕੋਈ ਖਿਆਲ ਨਹੀਂ ਕੀਤਾ। ਕੌਮ ਦਾ ਖਿਆਲ ਤਾਂ ਇਨ੍ਹਾਂ ਨੂੰ ਕਿਥੋਂ ਆਉਣਾ ਸੀ? ਜਿਸ ਦੇਸ਼ ਦੇ ਅਖਬਾਰ ਤੇ ਪ੍ਰੈਸ, ਸਰਕਾਰ ਤੇ ਵਿਰੋਧੀ ਪਾਰਟੀਆਂ, ਸਰਕਾਰੀ ਮਸ਼ੀਨਰੀ ਤੇ ਪੁਲਸ ਸਿੱਖਾਂ ਦੀ ਬੇਇਜ਼ਤੀ ਕਰ ਸਕਦੇ ਹਨ ਉਹ ਸਿੱਖਾਂ ਦਾ ਦੇਸ਼ ਨਹੀਂ ਹੈ। ਇਸ ਲਈ ਸਿੱਖਾਂ ਨੂੰ ਆਪਣਾ ਘਰ ਚਾਹੀਦਾ ਹੀ ਹੈ।

13. ਅਜ ਈਸਟਰਨ ਬਲਾਕ ਦੇ ਸਾਰੇ ਮੁਲਕਾਂ ਨੇ ਗੁਲਾਮੀ ਦੇ ਸੰਗਲਾਂ ਨੂੰ ਤੋੜ ਮਾਰਿਆ ਹੈ। ਹਰ ਪਾਸੇ ਅਜ਼ਾਦੀ ਦੇ ਗੀਤ ਗਾਏ ਜਾ ਰਹੇ ਹਨ ਪਰ ਸਿੱਖਾਂ ਵਰਗੀ 'ਸਰਬਤ ਦਾ ਭੱਲਾ' ਮੰਗਣ ਵਾਲੀ ਕੌਮ ਨਾਲ ਪੈਰ ਪੈਰ ਤੇ ਧੱਕੇ ਹੋ ਰਹੇ ਹਨ। ਹਰ ਰੋਜ਼ ਪੰਜਾਬ ਵਿਚ ਇਸਦੇ ਆਪਣੇ ਘਰ ਵਿਚ ਬੰਦੂਕਾਂ ਦੀ ਨੋਕ ਸਾਹਮਣੇ ਤਲਾਸ਼ੀਆਂ ਲਈਆਂ ਜਾਂਦੀਆਂ ਹਨ। ਸ਼ਹਿਰਾਂ ਵਿਚ, ਪਿੰਡਾਂ ਵਿਚ, ਖੇਤਾਂ ਵਿਚ, ਕੰਮ ਤੇ ਅਉਂਦਿਆਂ ਜਾਂਦਿਆਂ ਬੇਇਜ਼ਤ ਕੀਤਾ ਜਾਂਦਾ ਹੈ। ਜਰਨੈਲੀ ਸੜਕਾਂ ਤੇ, ਹਵਾਈ ਅੱਡਿਆਂ ਤੇ, ਬੱਸਾਂ ਤੇ ਅਤੇ ਗੱਡੀਆਂ ਤੇ ਸਿੱਖਾਂ ਨੂੰ ਬੇਇਜ਼ਤ ਕਰਨਾ ਤਾਂ ਇਕ ਸਾਧਾਰਨ ਰੋਜ਼ ਦਾ ਤੌਰ-ਤਰੀਕਾ ਬਣ ਗਿਆ ਹੈ। ਭਾਵੇਂ ਕੋਈ ਵਕੀਲ ਹੈ ਤੇ ਭਾਵੇਂ ਕੋਈ ਜੱਜ, ਭਾਵੇਂ ਕੋਈ ਟੀਚਰ ਤੇ ਭਾਵੇਂ ਕੋਈ ਸਰਕਾਰੀ ਅਫਸਰ ਜੇ ਉਸਦੀ ਦਾੜ੍ਹੀ ਤੇ ਪਗੜੀ ਹੈ ਤਾਂ ਅਪਮਾਨ ਕਰਾਏ ਬਗੈਰ ਸੀ. ਆਰ. ਪੀ. ਤੋਂ ਬਚ ਨਹੀਂ ਸਕਦਾ। ਇਹ ਕੇਵਲ ਪੰਜਾਬ ਵਿਚ ਹੀ ਨਹੀਂ, ਨਾਲ ਦੇ ਪ੍ਰਾਂਤਾਂ ਵਿਚ ਵੀ ਇਹੀ ਹਾਲ ਹੈ। ਅੱਠ ਤੋਂ ਦਸ ਸਾਲ ਦੇ ਬੱਚੇ ਵੀ ਅੱਤਵਾਦੀ ਅਤੇ ਅੱਸੀ ਸਾਲ ਦੇ ਬਜ਼ੁਰਗ ਵੀ ਅੱਤਵਾਦੀ। ਰਾਤ ਦਿਨ ਵਿਧਾਨ ਦੇ ਵਿਚ ਰਹਿਕੇ ਫੈਸਲੇ ਕਰਨ ਦਾ ਰਾਗ ਅਲਾਪਿਆ ਜਾਂਦਾ ਹੈ। ਕਿਹੜਾ ਵਿਧਾਨ ਤੇ ਕਿਹੜਾ ਕਾਨੂੰਨ? ਸਿੱਖਾਂ ਲਈ ਨਾ ਕੋਈ ਵਿਧਾਨ ਹੈ ਤੇ ਨਾ ਹੀ ਕੋਈ ਕਾਨੂੰਨ। ਸੀ. ਆਰ. ਪੀ. ਦੀ ਬੰਦੂਕ ਹੀ ਸਿੱਖਾਂ ਲਈ ਕਾਨੂੰਨ ਹੈ।

14. As a Sikh today, I have this horrible feeling of being regarded as an unreliable and undesirable citizen.

ਮੈਂ ਇਕ ਸਿਖ ਹੋਣ ਕਰਕੇ ਅਜ ਬੁਰੀ ਤਰ੍ਹਾਂ ਮਹਿਸੂਸ ਕੀਤਾ ਹੈ ਕਿ ਮੈਨੂੰ ਨਾ-ਭਰੋਸੇਯੋਗ ਅਤੇ ਅਣਚਾਹਿਆ ਸ਼ਹਿਰੀ ਸਮਝਿਆ ਜਾ ਰਿਹਾ ਹੈ।

ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ

ਇਹ ਸ਼ਬਦ ਉਸ ਜਨਰਲ ਅਰੋੜਾ ਦੇ ਹਨ ਜਿਸਨੇ ਬੰਗਲਾ ਦੇਸ਼ ਦੀ ਲੜਾਈ ਜਿੱਤ ਕੇ ਤਿਰਾਨਵੇ ਹਜ਼ਾਰ ਪਾਕੀ ਫੌਜੀਆਂ ਤੋਂ ਹਥਿਆਰ ਸੁਟਵਾਏ ਸਨ। ਜਿਸ ਦੇਸ਼ ਵਿਚ ਐਡਾ ਵਡਾ ਸਿਖ ਜਨਰਲ ਆਪਣੇ ਆਪ ਨੂੰ ਇਕ ਸਾਧਾਰਨ ਨਾਗਰਕ ਮਹਿਸੂਸ ਨਹੀਂ ਕਰ ਸਕਦਾ ਤਾਂ ਉਥੇ ਇਕ ਸਾਧਾਰਨ

ਸਿੱਖ ਦੀ ਤਾਂ ਗੱਲ ਕਰਨੀ ਹੀ ਫਜ਼ੂਲ ਹੈ। ਦੂਸਰੇ ਸ਼ਬਦਾਂ ਵਿਚ ਜੇ ਸਿੱਖ ਰਹਿਣਾ ਹੈ ਤਾਂ ਗੁਲਾਮ ਬਣਕੇ ਰਹੋ, ਨਹੀਂ ਤਾਂ ਹਿੰਦੂ ਬਣੋ। ਪਰ ਇਹ ਸਿੱਖ ਰਿਵਾਇਤਾਂ ਦੇ ਉਲਟ ਹੈ। ਸਿੱਖਾਂ ਸਾਹਮਣੇ ਹੋਰ ਕੋਈ ਹਾਰ ਬਾਕੀ ਰਹਿ ਹੀ ਨਹੀਂ ਗਿਆ ਸਿਵਾਏ ਆਪਣੇ ਘਰ ਨੂੰ ਅਜ਼ਾਦ ਕਰਾਣ ਦੇ।

15. What is this maligning that goes on Telivision night after night? What is happening under the name of security in Punjab, Haryana and U.P.? Sikhs are being asked to remove their turbans to see if there are any grenades inside. I mean they take things to ridiculous length. One friend of mine recently travelled from Dehradun to Delhi. He was searched 21 times during the journey. Will such things make one feel part of the country.

ਜੋ ਕੁਝ ਹਰ ਰਾਤ ਨੂੰ ਟੈਲੀਵੀਜਨ ਤੇ ਵਿਖਾਇਆ ਜਾਂਦਾ ਹੈ ਕਿੰਨਾ (ਸਿੱਖਾਂ ਨੂੰ) ਬਦਨਾਮ ਕਰਨ ਵਾਲਾ ਹੈ। ਸਕਿਉਰਿਟੀ ਦੇ ਨਾਂ ਥੱਲੇ ਪੰਜਾਬ, ਹਰਿਆਣਾ ਤੇ ਯੂ.ਪੀ. ਵਿਚ ਕੀ ਹੋ ਰਿਹਾ ਹੈ? ਸਿੱਖਾਂ ਨੂੰ ਆਪਣੀਆਂ ਪਗੜੀਆਂ ਉਤਾਰ ਕੇ ਵਿਖਾਉਣ ਲਈ ਕਿਹਾ ਜਾਂਦਾ ਹੈ ਮਤਾ ਕਿੱਤੇ ਇਨ੍ਹਾਂ ਹੇਠ ਗ੍ਰਨੇਡ ਨਾ ਛੁਪਾਏ ਹੋਏ ਹੋਣ। ਮੇਰਾ ਕਹਿਣ ਤੋਂ ਭਾਵ ਹੈ ਕਿ ਕਿਤਨੀਆਂ ਹਾਸੋਹੀਣੀਆਂ ਗੱਲਾਂ ਹੋ ਰਹੀਆਂ ਹਨ। ਮੇਰੇ ਇਕ ਦੋਸਤ ਦੀ ਡੇਹਰਾਦੂਨ ਤੋਂ ਦਿੱਲੀ ਜਾਂਦਿਆਂ 21 ਵਾਰੀ ਤਲਾਸ਼ੀ ਲਈ ਗਈ। ਕੀ ਅਜੇਹੀਆਂ ਗਲਾਂ ਕਿਸੇ ਨੂੰ ਦੇਸ਼ ਦਾ ਸ਼ਹਿਰੀ ਹੋਣ ਦਾ ਯਕੀਨ ਬੰਨ੍ਹਾ ਸਕਦੀਆਂ ਹਨ?

ਜਿਥੇ ਜਨਰਲ ਅਰੋੜਾ ਅਤੇ ਉਨ੍ਹਾਂ ਦੇ ਪਤਵੰਤੇ ਸਿੱਖ ਮਿੱਤਰਾਂ ਨਾਲ ਇਹ ਕੁਝ ਕੀਤਾ ਜਾ ਸਕਦਾ ਹੈ ਉਥੇ ਇਕ ਸਾਧਾਰਨ ਸਿੱਖ ਨਾਲ ਕੀ ਕੁਝ ਵਾਪਰ ਸਕਦਾ ਹੈ ਇਸ ਗੱਲ ਦਾ ਅੰਦਾਜ਼ਾ ਪਾਠਕ ਆਪ ਲਗਾ ਸਕਦੇ ਹਨ। ਆਪਣੇ ਨਿੱਕੇ ਜੇਹੇ ਘਰ ਵਿਚ ਅਜ਼ਾਦੀ ਅਤੇ ਸਵੈਮਾਨ ਨਾਲ ਜੀਣਾ ਗੁਲਾਮੀ ਦੇ ਜੀਵਨ ਨਾਲੋਂ ਹਜ਼ਾਰ ਦਰਜੇ ਚੰਗਾ ਹੈ।

16. ਇਸ ਜਾਬਰ ਤੇ ਕਸਾਈ ਸਰਕਾਰ ਨੇ ਜ਼ੁਲਮਾਂ ਦੇ ਪਿਛਲੇ ਸਾਰੇ ਰਿਕਾਰਡ ਤੋੜ ਮਾਰੇ ਹਨ। ਸਾਡੇ ਦਰਬਾਰ ਸਾਹਿਬ ਤੇ ਵਹਿਸ਼ੀਆਨਾ ਹਮਲਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਢਾਹਕੇ ਸਿੱਖ ਕੌਮ ਦਾ ਅਪਮਾਨ ਕੀਤਾ। ਹਜ਼ਾਰਾਂ ਨਿਰਦੋਸ਼ ਯਾਤਰੂ ਸਿੱਖ ਇਸਤਰੀਆਂ, ਬੱਚਿਆਂ, ਬਜ਼ੁਰਗਾਂ ਅਤੇ ਜਵਾਨਾਂ ਦਾ ਵਹਿਸ਼ੀਆਨਾ ਕਤਲਾਮ ਕੀਤਾ। ਉਨ੍ਹਾਂ ਦੀਆਂ ਲਾਸ਼ਾਂ ਵਾਰਸਾਂ ਨੂੰ ਦੇਣ ਦੀ ਥਾਂ ਉਨ੍ਹਾਂ ਨੂੰ ਖੁਰਦ-ਬੁਰਦ ਕਰਨ ਤੇ ਇਕ ਮਹੀਨਾ ਲਾਇਆ। ਸਿੱਖ ਰੈਫਰੈਂਸ ਲਾਇਬਰੇਰੀ ਸਾੜਕੇ ਸੁਆਹ ਕੀਤੀ ਗਈ। ਅਕਾਲ ਤਖਤ ਢਾਹੁਣ ਦੇ ਜ਼ਖਮ ਅਜੇ ਸਿੱਖਾਂ ਨੂੰ ਤੜਪਾ ਹੀ ਰਹੇ ਸਨ ਕਿ ਦਿੱਲੀ ਦੇ ਘਲੂਘਾਰੇ ਨੇ ਸਿੱਖਾਂ ਦੇ ਦਿਲਾਂ ਤੇ ਨਵੇਂ ਫੱਟ ਤੇ ਪੱਛ ਲਾ ਦਿੱਤੇ। ਸਿੱਖਾਂ ਦਾ ਸ਼ਿਕਾਰ ਸਾਰੇ ਭਾਰਤ ਵਿਚ ਖੇਡਿਆ ਗਿਆ। ਗੁਰਦਵਾਰੇ ਸਾੜੇ ਗਏ, ਘਰ ਸਾੜੇ ਗਏ, ਫੈਕਟਰੀਆਂ ਸਾੜੀਆਂ ਗਈਆਂ ਤੇ ਕਤਲਾਮ ਕੀਤਾ ਗਿਆ। ਇਹ ਸਭ ਕੁਝ ਹੋਇਆ ਵੀ ਸਰਕਾਰ ਦੇ ਕਹਿਣ ਤੇ ਅਤੇ ਹੋਇਆ ਵੀ ਪੁਲਸ ਦੀਆਂ ਅੱਖਾਂ ਸਾਹਮਣੇ। ਵਹਿਸ਼ੀ ਕਾਤਲਾਂ ਤੇ ਧਰਮੀਆਂ ਦਾ ਮੇਲ ਕਾਹਦਾ?

ਇਸ ਭੁੱਖੀ ਦਿੱਲੀ ਡੈਣ ਦਾ ਇਤਨੇ ਖੂਨ ਦੇ ਖੱਪਰਾਂ ਨਾਲ ਢਿੱਡ ਨਹੀਂ ਭਰਿਆ ਅਤੇ ਪੰਜਾਬ ਵਿਚ ਸੀ. ਆਰ. ਪੀ. ਤੇ ਬੀ. ਐਸ. ਐਫ. ਵਰਗੇ ਬੁੱਚੜਾਂ ਨੂੰ ਪੰਜਾਬ ਦੀ ਜਵਾਨੀ ਨੂੰ ਖਤਮ ਕਰਨ ਤੇ ਲਾ ਦਿੱਤਾ ਹੋਇਆ ਹੈ ਜੋ ਝੂਠੇ ਮੁਕਾਬਲੇ ਦੀ ਆੜ ਥੱਲੇ ਸਿੱਖ ਜੁਆਨਾਂ ਦਾ ਕਤਲਾਮ ਕਰ ਰਹੇ ਹਨ। ਪੰਜਾਬ ਵਿਚ ਨਾ ਕੋਈ ਹਕੂਮਤ ਹੈ ਨਾ ਅਦਾਲਤ ਅਤੇ ਨਾਹੀ ਕੋਈ ਕਾਨੂੰਨ ਹੈ। ਆਪਣੀਆਂ ਕਾਲੀਆਂ ਕਰਤੂਤਾਂ ਨੂੰ ਛੁਪਾਉਣ ਲਈ ਪੈਰ ਤੇ ਹੀ ਮਰਜ਼ੀ ਦੇ ਕਾਨੂੰਨ ਘੜ ਲਏ ਜਾਂਦੇ ਹਨ।

ਵਿਦੇਸ਼ੀ ਸਿਖਾਂ ਦਾ ਪੰਜਾਬ ਵਿਚ ਜਾਣਾ ਬੰਦ ਕਰ ਦਿੱਤਾ ਹੈ। ਵਿਸ਼ੇਸ਼ ਪਰਮਿਟ ਤੋਂ ਬਿਨਾਂ ਉਨ੍ਹਾਂ ਦਾ ਪੰਜਾਬ ਦੀ ਧਰਤੀ ਤੇ ਕਦਮ ਰਖਣਾ ਬੰਦ ਕੀਤਾ ਹੋਇਆ ਹੈ। ਸੰਸਾਰ ਦੇ ਕਿਹੜੇ ਕਾਨੂੰਨ ਅਧੀਨ ਇਹ ਸਭ ਕੀਤਾ ਗਿਆ ਹੈ? ਇਸ ਤੋਂ ਵੀ ਵਧ ਸ਼ਰਮ ਦੀ ਗੱਲ ਇਹ ਕਿ ਇਤਨਾ ਕੁਝ ਸਿਖ ਕੌਮ ਨਾਲ ਹੋਣ ਦੇ ਬਾਵਜੂਦ ਅਜੇ ਵੀ ਕੁਝ ਟੁਕੱੜ-ਬੋਚ ਸਿਖ ਵਜ਼ੀਰੀਆਂ ਬਦਲੇ ਕਾਤਲਾਂ ਤੇ ਕਸਾਈਆਂ ਦੀਆਂ ਜੁੱਤੀਆਂ ਚਟੱਣ ਵਾਸਤੇ ਝਾਤ ਲਾਈ ਬੈਠੇ ਹਨ।

18. ਸਿਖਾਂ ਨੂੰ ਘਸਿਆਰਾ ਬਣਾਉਣ ਲਈ ਇਸ ਦਾ ਬਿਜਲੀ ਪਾਣੀ ਦੂਜੇ ਪ੍ਰਾਂਤਾਂ ਵਿਚ ਵੰਡਿਆ ਜਾ ਰਿਹਾ ਹੈ ਜਦ ਕਿ ਪੰਜਾਬ ਦੇ ਆਪਣੇ ਕਿਸਾਨ ਇਨ੍ਹਾਂ ਲਈ ਤਰਸ ਰਹੇ ਹਨ। ਪੰਜਾਬ ਵਿਚ ਕੋਈ ਵਡੀ ਸਨਅਤ ਨਹੀਂ ਲਾਈ ਗਈ। ਇਥੋਂ ਦੇ ਲੋਕਾਂ ਦਾ ਬੈਂਕਾਂ ਵਿਚ ਬਚਾਇਆ ਧਨ ਦੂਜੇ ਪਰਾਂਤਾਂ ਵਿਚ ਲਾਇਆ ਗਿਆ। ਸਰਕਾਰੀ ਨੌਕਰੀਆਂ ਵਿਚ ਸਿਖਾਂ ਲਈ ਦਰਵਾਜ਼ੇ ਬੰਦ ਕਰ ਦਿੱਤੇ ਗਏ। ਫੌਜ ਵਿਚ ਸਿਖਾਂ ਦੀਆਂ ਨੌਕਰੀਆਂ 30 ਫੀਸਦੀ ਤੋਂ ਘਟਾਕੇ 2 ਫੀਸਦੀ ਕਰ ਦਿੱਤੀਆਂ ਗਈਆਂ। ਪੰਜਾਬ ਨੂੰ ਆਰਥਕ ਤੌਰ ਤੇ ਭੁੰਜੇ ਲਾਉਣ ਲਈ ਪੈਰ ਪੈਰ ਤੇ ਮਤ੍ਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਇਹ ਇਕ ਇਤਹਾਸਕ ਸਚਾਈ ਹੈ ਕਿ ਇਹ ਠਗ ਹਨ ਅਤੇ ਇਨ੍ਹਾਂ ਨੇ ਠਗ ਹੀ ਰਹਿਣਾ ਹੈ। ਕਹਿਣਾ ਹੋਰ, ਮਨ ਵਿਚ ਹੋਰ ਅਤੇ ਕਰਨਾ ਹੋਰ!— ਇਹ ਇਨ੍ਹਾਂ ਦਾ ਖਾਸਾ ਹੈ। ਅਜ਼ਮਾਏ ਹੋਏ ਠਗਾਂ ਨੂੰ ਫਿਰ ਅਜ਼ਮਾਣਾ ਬੇਵਕੂਫੀ ਹੁੰਦੀ ਹੈ। ਖਾਲਿਸਤਾਨ ਬਣਨ ਵਿਚ ਦੋਹਾਂ ਦੀ ਭਲਾਈ ਹੈ। ਸਿਖਾਂ ਹਿੰਦੂ ਬਣਕੇ ਗੁਲਾਮ ਰਹਿਣਾ ਨਹੀਂ ਅਤੇ ਹਿੰਦੂਆਂ ਤਾਕਤ ਦੇ ਨਸ਼ੇ ਵਿਚ ਇਸ ਗੱਲੋਂ ਹਟਣਾ ਨਹੀਂ। ਇਸ ਨਰਕ ਨਾਲੋਂ ਚੰਗਾ ਹੈ ਕਿ ਹਿੰਦੂਸਤਾਨ ਦੀ ਸਰਕਾਰ ਆਪਣੇ ਆਪ ਸਿਖਾਂ ਨੂੰ ਬੁਲਾ ਕੇ ਖਾਲਿਸਤਾਨ ਦੇ ਦੇਵੇ।

19. ਪਿਛਲੇ ਬਤਾਲੀ ਸਾਲਾਂ ਵਿਚ ਇਹ ਹਿੰਦੂ ਸਾਮਰਾਜ ਸਿਖ ਜਜ਼ਬਾਤ ਨਾਲ ਖੇਡਦਾ ਰਿਹਾ ਹੈ। ਪੰਜ ਹਜ਼ਾਰ ਤੋਂ ਵੱਧ ਗੁਰੂ ਗਰੰਥ ਸਾਹਿਬ ਦੀਆਂ ਬੀੜਾਂ ਸਾੜੀਆਂ ਗਈਆਂ, ਸੈਂਕੜੇ ਸਾਡੇ ਗੁਰੂਆਂ ਦੇ ਹੱਥ ਲਿਖਤ ਹੁਕਮਨਾਮੇ ਅਤੇ ਹੋਰ ਲਿਖਤਾਂ ਸਾੜੀਆਂ ਗਈਆਂ, ਹਜ਼ਾਰਾਂ ਦੁਰਲਭ ਪੁਸਤਕਾਂ ਸਾੜਕੇ ਸੁਆਹ ਕਰ ਦਿੱਤੀਆਂ ਗਈਆਂ, ਢਾਈ ਹਜ਼ਾਰ ਤੋਂ ਵੱਧ ਗੁਰਦਵਾਰਿਆਂ ਨੂੰ ਸਾੜਿਆ ਗਿਆ ਜਾਂ ਢਾਹਿਆ ਗਿਆ। ਇਕ ਲੱਖ ਤੋਂ ਇਕ ਲੱਖ ਪੰਜਾਹ ਹਜ਼ਾਰ ਦੇ ਕਰੀਬ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ ਜਾਂ ਉਹ ਲਾਪਤਾ ਹਨ, ਦਸ ਹਜ਼ਾਰ ਇਸਤਰੀਆਂ ਨੂੰ ਵਿਧਵਾ ਕੀਤਾ ਗਿਆ, ਪੰਦਰਾਂ ਹਜ਼ਾਰ ਬੱਚਿਆਂ ਨੂੰ ਯਤੀਮ ਕੀਤਾ ਗਿਆ ਅਤੇ ਹਜ਼ਾਰਾਂ ਸਿਖ ਇਸਤਰੀਆਂ ਦੀ ਪੱਤ ਲੁੱਟੀ ਗਈ। ਸਾਡੇ ਹਜ਼ਾਰਾਂ ਗੁਰਧਾਮਾਂ ਦੀ ਬੇਹੁਰਮਤੀ ਕੀਤੀ ਗਈ। ਲਾਅਨਤ ਹੈ ਅਜੇਹੇ ਲੀਡਰਾਂ ਤੇ ਜਿਹੜੇ ਇਹ ਕੁਝ ਜਾਣਕੇ ਵੀ ਕੌਮ ਨੂੰ ਵੇਚ ਵੱਟ ਕੇ ਖਾਣ ਤੋਂ ਨਹੀਂ ਸ਼ਰਮਾਂਦੇ।

20. ਜਨੇਵਾ ਕਨਵੈਨਸ਼ਨ ਅਨੁਸਾਰ ਮਨੁੱਖ ਜਾਤੀ ਤੇ ਜ਼ੁਲਮ ਕਰਨਾ, ਬਿਨਾਂ ਮੁਕਦਮਾ ਚਲਾਏ ਤੇ ਦੋਸ਼ ਸਾਬਤ ਕੀਤੇ ਕਿਸੇ ਨੂੰ ਮਾਰਨਾ, ਕਤਲ ਕਰਨਾ, ਉਸ ਤੇ ਜ਼ੁਲਮ ਕਰਨਾ, ਸਤੀ ਦਾ ਸਤ ਭੰਗ ਕਰਨਾ ਅਤੇ ਨਿਹਥਿਆਂ ਨੂੰ ਮਾਰਨਾ ਜੁਰਮ ਹੈ ਅਤੇ ਉਸ ਦੇਸ਼ ਦੇ ਪ੍ਰੈਸ ਦਾ ਅਖਲਾਕੀ ਫਰਜ਼ ਬਣਦਾ ਹੈ ਕਿ ਉਹ ਅਜੇਹੇ ਜ਼ੁਲਮ ਵਿਰੁਧ ਅਵਾਜ਼ ਉਠਾਏ ਅਤੇ ਜ਼ੁਲਮ ਕਰਨ ਵਾਲਿਆਂ ਨੂੰ ਨੰਗਾ ਕਰੇ। ਇਸ ਕਾਤਲ ਸਰਕਾਰ ਨੇ ਆਪਣੇ ਅਣ-ਮਨੁੱਖੀ ਜ਼ੁਲਮਾਂ ਦੇ ਪਿਛਲੇ ਸਾਰੇ ਰੀਕਾਰਡ ਤੋੜ ਮਾਰੇ। ਸਿੱਖਾਂ ਦਾ ਕਤਲਾਮ ਕੀਤਾ, ਕੈਦੀਆਂ ਨੂੰ ਤਸੀਹੇ ਦਿੱਤੇ। ਅੱਠ ਤੋਂ ਦੱਸ ਸਾਲ ਦੇ ਬੱਚਿਆਂ ਨੂੰ ਅੱਤਵਾਦੀ ਕਰਾਰ ਦਿੱਤਾ ਅਤੇ ਇਸ ਸਭ ਕੁਝ ਦਾ ਧੂੰਆਂ ਤੱਕ ਬਾਹਰ ਨਹੀਂ ਨਿਕਲਣ ਦਿੱਤਾ। ਇਥੋਂ ਦੇ ਸਾਰੇ ਪ੍ਰੈਸ ਨੇ ਵੀ ਜਿਸ ਢੀਠਤਾਈ ਨਾਲ ਅੱਖਾਂ ਮੀਟੀ ਰਖੀਆਂ ਉਸਦੀ ਵੀ ਸੰਸਾਰ ਵਿਚ ਮਿਸਾਲ ਮਿਲਣੀ ਮੁਸ਼ਕਲ ਹੈ। ਇਸ ਲਈ ਸਿੱਖਾਂ ਸਾਹਮਣੇ ਕੋਈ ਹੋਰ ਰਾਹ ਬਾਕੀ ਰਹਿ ਹੀ ਨਹੀਂ

ਗਿਆ ਸਿਵਾਏ ਇਸਦੇ ਕਿ ਉਹ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਖਾਲਿਸਤਾਨ ਅਜ਼ਾਦ ਕਰਾਉਣ ਲਈ ਲੜ ਮਰਨ। ਸਿੱਖਾਂ ਸਾਹਮਣੇ ਸਿਧਾ ਸੁਆਲ ਹੈ ਕਿ ਉਹ ਜਾਣ ਤਾਂ ਕਿਥੇ ਜਾਣ। ਹਿਦੂ ਉਹ ਬਣ ਨਹੀਂ ਸਕਦੇ, ਗੁਲਾਮ ਬਣ ਕੇ ਰਹਿ ਨਹੀਂ ਸਕਦੇ। ਇਕੋ ਰਾਹ ਹੈ ਆਪਣੀ ਗੈਰਤ ਤੇ ਅਣਖ ਨੂੰ ਬਚਾਉਣ ਦਾ ਤੇ ਉਹ ਹੈ ਹੱਕ ਤੇ ਸੱਚ ਲਈ ਲੜ ਮਰਨਾ।

21. ਸਾਡੇ ਗੁਰਦਵਾਰਿਆਂ ਦੀਆਂ ਤਲਾਸ਼ੀਆਂ, ਸਾਡੇ ਘਰਾਂ ਦੀਆਂ ਤਲਾਸ਼ੀਆਂ, ਸਾਡੀਆਂ ਕਾਰਾਂ ਦੀਆਂ ਤਲਾਸ਼ੀਆਂ, ਸਾਡੀਆਂ ਬੱਸਾਂ ਦੀਆਂ ਤਲਾਸ਼ੀਆਂ, ਸਾਡੇ ਟਰੱਕਾਂ ਦੀਆਂ ਤਲਾਸ਼ੀਆਂ, ਸਾਡੇ ਟਰੈਕਟਰਾਂ ਦੀਆਂ ਤਲਾਸ਼ੀਆਂ, ਸਾਡੇ ਖੇਤਾਂ ਦੀਆਂ ਤਲਾਸ਼ੀਆਂ ਅਤੇ ਸਾਡੀਆਂ ਜਰਨੈਲੀ ਸੜਕਾਂ ਤੇ ਤਲਾਸ਼ੀਆਂ ਲੈਕੇ ਬੇਇਜ਼ਤ ਕਰਨਾ ਇਸ ਸਾਮਰਾਜ ਦਾ ਰੋਜ਼ ਦਾ ਕੰਮ ਬਣ ਚੁੱਕਾ ਹੈ, ਫਿਰ ਕਿਉਂ ਨਾ ਅਸੀਂ ਆਪਣਾ ਘਰ ਅਜ਼ਾਦ ਕਰਾਈਏ ਇਨ੍ਹਾਂ ਜਾਬਰਾਂ ਤੋਂ?

22. ਸਾਡੇ ਗੁਰਦਵਾਰਿਆਂ ਤੇ ਪਾਬੰਦੀਆਂ, ਸਾਡੀ ਬਾਣੀ ਪੜ੍ਹਣ ਤੇ ਪਾਬੰਦੀਆਂ, ਸਾਡੀ ਕਿਰਪਾਨ ਤੇ ਪਾਬੰਦੀਆਂ, ਸਾਡੀ ਪਗੜੀ ਤੇ ਪਾਬੰਦੀਆਂ, ਸਾਡੇ ਜਲੂਸਾਂ ਤੇ ਪਾਬੰਦੀਆਂ ਤੇ ਪਹਿਰਾਵਿਆਂ ਤੇ ਪਾਬੰਦੀਆਂ, ਸਾਡੇ ਸਫਰ ਕਰਨ ਤੇ ਪਾਬੰਦੀਆਂ, ਸਾਡੇ ਧਾਰਮਕ ਚਿੰਨ੍ਹਾਂ ਤੇ ਪਾਬੰਦੀਆਂ, ਸਾਡੀ ਬੋਲੀ ਤੇ ਪਾਬੰਦੀਆਂ, ਅੰਮ੍ਰਿਤਧਾਰੀ ਹੋਣ ਤੇ ਪਾਬੰਦੀਆਂ। ਅਜੇ ਤੱਕ ਸਾਡੇ ਗੁਰਅਸਥਾਨਾਂ ਦੇ ਬਾਹਰ ਪਹਿਰਾ ਲਾਇਆ ਹੋਇਆ ਹੈ। ਦਰਸ਼ਨ ਕਰਨ ਗਏ ਹਰ ਸਿੱਖ ਨੂੰ ਪਹਿਲਾਂ ਕਾਤਲਾਂ ਤੇ ਜਲਾਦਾਂ ਦਾ ਦਰਸ਼ਨ ਕਰਨਾ ਪੈਂਦਾ ਹੈ। ਕਿਉਂ ਨਾ ਅਸੀਂ ਪਹਿਲਾਂ ਜਲਾਦਾਂ ਨੂੰ ਜਹਾਨ ਪਾਰ ਕਰਕੇ ਆਪਣਾ ਪੰਜਾਬ ਅਜ਼ਾਦ ਕਰਾਈਏ?

23. ਹਿਦੂ ਰਾਜ ਦੇ ਸੁਪਨੇ ਲੈਣ ਵਾਲੇ ਫਿਰਕੂ ਸਭ ਤੇ ਜ਼ਬਰਦਸਤੀ ਢਾਈ ਹਜ਼ਾਰ ਪੁਰਾਣੀ ਵੇਦਕ ਸੰਸਕ੍ਰਿਤੀ ਠੋਸਣਾ ਚਾਹੁੰਦੇ ਹਨ। ਜਿਸ ਫਿਰਕੇਦਾਰੀ ਨੇ ਦੇਸ਼ ਨੂੰ ਵੰਡਿਆ ਉਸੇ ਨੂੰ ਇਸ ਫਿਰਕੂ ਨੇ ਪਾਲਿਆ-ਪੋਸਿਆ ਅਤੇ ਸਿੱਖਾਂ ਵਿਰੁਧ ਸਾਰੇ ਹਿਂਦੁਸਤਾਨ ਵਿਚ ਅਤੇ ਵਿਦੇਸ਼ਾਂ ਵਿਚ ਜ਼ਹਿਰ ਉਗਲਿਆ। ਸਿੱਖਾਂ ਨੇ ਕਦੀ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਉਨ੍ਹਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਬਣਕੇ ਰਹਿਣਾ ਪਵੇਗਾ। ਸਾਡੇ ਸਾਰੀ ਸ਼ਹਿਰੀ ਹੱਕ ਖੋਹਕੇ ਸਾਨੂੰ ਗੁਲਾਮ ਬਣਾਕੇ ਰੱਖ ਦਿੱਤਾ ਹੋਇਆ ਹੈ। ਜਮਹੂਰੀਅਤ ਦਾ ਪਰਦਾ ਹੁਣ ਲੀਰ-ਲੀਰ ਹੋ ਚੁੱਕਾ ਹੈ ਅਤੇ ਹਿਦੂ ਫਿਰਕੂ ਸਾਮਰਾਜ ਸਾਹਮਣੇ ਨਗਨ ਆ ਗਿਆ ਹੈ ਸਭ ਨੂੰ। ਕਿਉਂ ਨਾਂ ਅਸੀਂ ਆਪਣੇ ਆਪ ਨੂੰ ਹੁਣ ਇਸ ਖੂਨਖਾਰ ਦਰਿੰਦੇ ਤੋਂ ਅਜ਼ਾਦ ਕਰਾਈਏ?

24. ਪੰਜਾਬ ਦੇ ਅਰਥਚਾਰੇ ਨੂੰ ਭੁੰਜੇ ਲਾਹੁਣ ਲਈ ਇਸਦੇ ਕਿਸਾਨਾਂ ਦੀ ਮਿਹਨਤ ਨੂੰ ਲੁੱਟਿਆ ਜਾ ਰਿਹਾ ਹੈ। ਜਿਨਸ ਪੈਦਾ ਕਰਨ ਵਾਲਾ ਕਿਸਾਨ ਤੇ ਮੁੱਲ ਪਾਣ ਵਾਲੀ ਲੋਟੂ ਹਿਦੂ ਸਰਕਾਰ! ਖਰੀਦ ਵਾਲਾ ਕਿਉਂ ਮੁੱਲ ਪਾਵੇ ਜਿਨਸ ਦਾ? ਇਸਦੇ ਪੈਦਾ ਕਰਨ ਵਾਲਾ ਹੀ ਜਾਣ ਸਕਦਾ ਹੈ ਇਸਤੇ ਹੋਈ ਲਾਗਤ ਨੂੰ। ਇਸ ਲਈ ਅਸੀਂ ਲੁਟ ਤੋਂ ਬਚਣ ਲਈ ਕਿਉਂ ਨਾ ਅਜ਼ਾਦ ਕਰਾਈਏ ਆਪਣਾ ਸੁਹਣਾ ਪੰਜਾਬ?

25. ਇਤਹਾਸ ਗਵਾਹ ਹੈ ਕਿ ਜਾਬਰ ਕੋਲੋਂ ਕਦੇ ਇਨਸਾਫ ਨਹੀਂ ਮਿਲਿਆ ਕਰਦਾ ਅਤੇ ਜਾਬਰ ਕੇਵਲ ਤਲਵਾਰ ਦੀ ਜ਼ਬਾਨ ਹੀ ਜਾਣਦਾ ਹੈ। ਅਸੀਂ ਗੁਰੀਲਾ ਲੜਾਈਆਂ ਲੜੀਆਂ ਹਨ ਅਤੇ ਅਸੀਂ ਲੜਨਾ ਜਾਣਦੇ ਹਾਂ। ਸਾਨੂੰ ਇਹ ਵੀ ਚੰਗੀ ਤਰ੍ਹਾਂ ਪਤਾ ਹੈ ਕਿ ਮੰਗਿਆਂ ਹਮੇਸ਼ਾਂ ਮਾਯੂਸੀ ਮਿਲਦੀ ਹੈ। ਇਜ਼ਤ ਤੇ ਅਣਖ ਤਾਕਤ ਨਾਲ ਮਿਲਦੀਆਂ ਹਨ। ਤਾਕਤ ਦਾ ਸੋਮਾ ਹੈ ਸਾਡਾ ਅਕਾਲ ਤਖਤ। ਸਾਡਾ ਹਰਿਮੰਦਰ ਸਾਹਿਬ ਕੰਪਲੈਕਸ ਸਾਡਾ ਭਗਤੀ ਤੇ ਸ਼ਕਤੀ ਦਾ ਭੰਡਾਰ ਜਿਸ ਤੋਂ ਅਸੀ ਹਮੇਸ਼ਾ ਸੇਧ ਲਈ ਹੈ ਅਤੇ ਅਗੇ ਤੋਂ ਲੈਣੀ ਹੈ ਉਸਨੂੰ ਅਸੀਂ ਜਰਵਾਣਿਆਂ ਤੋਂ ਕਿਉਂ ਨਾ ਆਜ਼ਾਦ

ਕਰਵਾਈਏ।

ਉਪਰਲੇ ਆਸ਼ਿਆਂ ਦੀ ਪੂਰਤੀ ਲਈ ਅਜ਼ਾਦ ਘਰ ਦੀ ਲੋੜ ਹੈ। ਸਿੱਖਾਂ ਵਰਗੀ ਬਹਾਦਰ ਤੇ ਮਿਹਨਤੀ ਕੌਮ ਲਈ ਆਪਣਾ ਘਰ ਹੋਣਾ ਲਾਜ਼ਮੀ ਹੈ, ਕਮਜ਼ੋਰਾਂ ਤੇ ਕਾਇਰਾਂ ਦਾ ਜੀਵਨ ਜੀਣ ਨਾਲੋਂ ਕੌਮ ਲਈ ਆਪਾ ਵਾਰਕੇ ਮਰ ਜਾਣਾ ਸੌ ਦਰਜੇ ਚੰਗਾ ਹੈ ਕਿਉਂਕਿ ਅਣਖ ਤੇ ਗੈਰਤ ਤੋਂ ਬਿਨਾਂ ਕੋਈ ਕੌਮ ਜ਼ਿੰਦਾ ਨਹੀਂ ਰਹਿ ਸਕਦੀ।

ਪਰਾਧੀਨ ਹੋਣ ਵਾਲੀਆਂ ਕੌਮਾਂ ਮਾਨਸਕ ਤੌਰ ਤੇ ਕਮਜ਼ੋਰ ਹੋ ਜਾਂਦੀਆਂ ਹਨ। ਮਾਨਸਕ ਤੌਰ ਤੇ ਕਮਜ਼ੋਰ ਹੋਈਆਂ ਕੌਮਾਂ ਆਪਣਾ ਸਵ੍ਮਾਨ ਖੋਹ ਬੈਠਦੀਆਂ ਹਨ। ਸਵੈਮਾਨ ਖੋਹ ਬੈਠਣ ਮਗਰੋਂ ਆਪਣਾ ਮਨੋਬਲ ਗਵਾ ਬੈਠਦੀਆਂ ਹਨ। ਮਨੋਬਲ ਖਤਮ ਹੋਣ ਮਗਰੋਂ ਅਣਖ ਤੇ ਗੈਰਤ ਆਪਣੇ ਆਪ ਖਤਮ ਹੋ ਜਾਂਦੀ ਹੈ। ਜਿਸ ਤੋਂ ਸਪਸ਼ਟ ਹੈ ਅਣਖ ਤੇ ਗੈਰਤ ਅਜ਼ਾਦੀ ਦੇ ਜੀਵਨ ਵਿਚੋਂ ਹੀ ਪੁੰਗਰਦੀਆਂ ਹਨ। ਅਜ਼ਾਦੀ ਦਾ ਜੀਵਨ ਆਪਣੇ ਅਜ਼ਾਦ ਘਰ ਵਿਚ ਹੀ ਮਿਲ ਸਕਦਾ ਹੈ, ਕਿਸੇ ਦੇ ਘਰ ਨਹੀਂ। ਅਜੇਹਾ ਘਰ ਜਿਥੇ ਕੋਈ ਰੋਕਾਂ ਨਾ ਹੋਣ, ਜਿਥੇ ਕੋਈ ਸ਼ੱਕ ਦੀ ਨਜ਼ਰ ਨਾਲ ਨਾ ਵੇਖੇ ਅਤੇ ਜਿਥੇ ਕੋਈ ਤਲਾਸ਼ੀਆਂ ਲੈਣ ਵਾਲਾ ਨਾ ਹੋਵੇ। ਅਜ਼ਾਦ ਘਰ ਜਿਥੇ ਕੋਈ ਹਟਕਣ ਵਾਲਾ ਨਾ ਹੋਵੇ ਜਿਵੇਂ ਗੁਰਬਾਣੀ ਵਿਚ ਲਿਖਿਆ ਹੈ 'ਕਬੀਰ ਜਿਹ ਦਰ ਆਵਤ ਜਾਤਿਹ ਹਟਕੈ ਨਾਹਿ ਕੋਇ।'

ਗੁਰੂ ਦੇ ਦਸੇ ਹੋਏ ਅਜੇਹੇ ਅਜ਼ਾਦ ਘਰ ਲਈ, ਗੁਰੂ ਦੇ ਹੀ ਦਸੇ ਹੋਏ ਨਾਅਰੇ 'ਨਿਸਚੈ ਕਰ ਅਪਨੀ ਜੀਤ ਕਰੋਂ' ਉਦੋਂ ਤੱਕ ਲਗਦੇ ਰਹਿਣਗੇ ਜਦੋਂ ਤੱਕ ਕਿ ਪੰਜਾਬ ਤੇ ਕੇਸਰੀ ਨਿਸ਼ਾਨ ਨਹੀਂ ਝੁੱਲਣ ਲਗ ਜਾਂਦਾ।

ਕੀ ਖਾਲਿਸਤਾਨ ਇਕ ਵਖਰਾ ਮੁਲਕ ਬਣਨ ਦੇ ਯੋਗ ਹੈ?

ਭਾਰਤ ਸਰਕਾਰ ਨੂੰ ਸਾਡੇ ਬਾਹੂਬਲ ਦਾ ਚੰਗਾ ਗਿਆਨ ਹੈ ਪਰ ਨਾਲ ਹੀ ਉਸਨੂੰ ਸਾਡੀਆਂ ਕਮਜ਼ੋਰੀਆਂ ਦਾ ਵੀ ਚੰਗੀ ਤਰ੍ਹਾਂ ਪਤਾ ਹੈ। ਕਰੋੜਾਂ ਰੁਪੈ ਖਰਚ ਕਰਕੇ ਦੇਸ਼ ਅਤੇ ਵਿਦੇਸ਼ਾਂ ਵਿਚ ਸਿੱਖਾਂ ਨੂੰ ਬਦਨਾਮ ਕਰਨ ਲਈ ਅੱਤਵਾਦੀ ਅਤੇ ਵੱਖਵਾਦੀ ਹੋਣ ਦਾ ਪਰਚਾਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਸਾਡੀ ਹੱਕ ਤੇ ਸੱਚ ਦੀ ਅਜ਼ਾਦੀ ਦੀ ਜਦੋਜਹਿਦ ਨੂੰ ਕਮਜ਼ੋਰ ਕਰਨ ਲਈ ਵੀ ਸਿਆਸੀ ਹਥਕੰਡਿਆਂ ਰਾਹੀਂ ਸਾਰੀ ਭਾਰਤੀ ਫਿਰਕੂ ਪ੍ਰੈੱਸ ਵਿਚ ਅਜੇਹੀਆਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ ਕਿ ਖਾਲਿਸਤਾਨ ਇਕ ਅਜ਼ਾਦ ਮੁਲਕ ਬਣਨ ਦੇ ਯੋਗ ਹੀ ਨਹੀਂ ਹੈ। ਇਨ੍ਹਾਂ ਦਲੀਲਾਂ ਦਾ ਮੂੰਹ-ਤੋੜਵਾਂ ਜਵਾਬ ਦੇਣ ਲਈ ਨਾ ਤਾਂ ਸਿਖ ਕੌਮ ਕੋਲ ਆਪਣਾ ਪ੍ਰੈੱਸ ਹੈ ਅਤੇ ਨਾਹੀ ਸਿੱਖ ਬੁਧੀਜੀਵੀਆਂ ਨੇ ਇਸ ਪਾਸੇ ਵੱਲ ਕੋਈ ਠੋਸ ਉਪਰਾਲੇ ਕੀਤੇ ਹਨ। ਸਿੱਟੇ ਵਜੋਂ, ਵਿਚ-ਵਿਚਾਲੇ ਤੇ ਭੋਲੇਭਾਲੇ ਸਿਖ ਵੀ ਇਸ ਪ੍ਰੈੱਸ ਦੇ ਝੂਠੇ ਪਰਚਾਰ ਦਾ ਸ਼ਿਕਾਰ ਹੋ ਜਾਂਦੇ ਹਨ।

ਇਸ ਲਈ ਇਹ ਉਚਿਤ ਅਤੇ ਅਵਸ਼ੱਕ ਹੋ ਜਾਂਦਾ ਹੈ ਕਿ ਇਨ੍ਹਾਂ ਥੋਥੀਆਂ ਦਲੀਲਾਂ ਨੂੰ ਪਰਮਾਣਤ ਅਸੂਲਾਂ ਦੇ ਆਧਾਰ ਤੇ ਪਰਖ ਕੇ ਆਪਣਿਆਂ ਅਤੇ ਬਿਗਾਨਿਆਂ ਦੇ ਭੁਲੇਖਿਆਂ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ ਜਾਵੇ। ਹੁਣ ਅਸੀਂ ਵੇਖਣਾ ਹੈ ਕਿ ਪੰਜਾਬ ਆਰਥਕ ਪੱਖੋਂ, ਸਭਿਆਚਾਰਕ ਪੱਖੋਂ ਅਤੇ ਰਾਜਸੀ ਪੱਖੋਂ ਇਕ ਅਜ਼ਾਦ ਮੁਲਕ ਬਣਨ ਦੇ ਯੋਗ ਹੈ ਜਾਂ ਨਹੀਂ। ਕਿਸੇ ਮੁਲਕ ਦੀ ਆਰਥਕਤਾ ਦਾ ਅੰਦਾਜ਼ਾ ਲਾਉਣ ਲਈ ਸਾਨੂੰ ਉਸਦੇ ਹੇਠ-ਲਿਖੇ ਵਸੀਲਿਆਂ ਤੇ ਵਿਚਾਰ ਕਰਨੀ ਪਵੇਗੀ।

1. ਉਸ ਮੁਲਕ ਦਾ ਆਕਾਰ
2. ਉਸ ਮੁਲਕ ਦੇ ਲੋਕ ਤੇ ਵਸੋਂ
3. ਉਸ ਮੁਲਕ ਦੀ ਜ਼ਮੀਨ ਤੇ ਪੌਣਪਾਣੀ
4. ਖੇਤੀ-ਬਾੜੀ ਤੇ ਸਿੰਚਾਈ ਦੇ ਸਾਧਨ
5. ਸਨਅਤ
6. ਆਵਾਜਾਈ ਦੇ ਸਾਧਨ

ਮੁਲਕ ਦਾ ਆਕਾਰ:

ਕੁਝ ਲੋਕਾਂ ਵਿਚ ਇਹ ਭੁਲੇਖਾ ਪਾਇਆ ਜਾਂਦਾ ਹੈ ਕਿ ਪੰਜਾਬ ਦਾ ਆਕਾਰ ਇਤਨਾ ਛੋਟਾ ਹੈ ਕਿ ਇਹ ਇਕ ਅਜ਼ਾਦ ਮੁਲਕ ਬਣ ਸਕਣ ਦੇ ਯੋਗ ਨਹੀਂ, ਇਹ ਤਾਂ ਕੇਵਲ ਹਿੰਦੁਸਤਾਨ ਦਾ ਗੁਲਾਮ ਬਣਨ ਦੇ ਹੀ ਯੋਗ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸਦੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਜਾਣ ਬੁਝਕੇ ਇਸ ਤੋਂ ਖੋਹ ਲਏ ਗਏ ਹਨ ਜੋ ਖਾਸਿਤਾਨ ਦਾ ਹੀ ਹਿਸਾ ਹੋਣਗੇ। ਪਰੰਤੂ ਫਿਰ ਵੀ ਜੇ ਅਸੀਂ ਦੁਨੀਆਂ ਦੇ ਕੁਝ ਹੋਰ ਮੁਲਕਾਂ ਦੇ ਆਕਾਰ ਨਾਲ ਟਾਕਰਾ ਕਰੀਏ ਤਾਂ ਵਰਤਮਾਨ ਪੰਜਾਬ ਇਸ ਪੱਖੋਂ ਵੀ ਇਸ ਕਸੌਟੀ ਤੇ ਪੂਰਾ ਉਤਰਦਾ ਹੈ।

ਦੁਨੀਆਂ ਵਿਚ 165 ਅਜ਼ਾਦ ਮੁਲਕ ਹਨ ਜਿਨ੍ਹਾਂ ਵਿਚੋਂ 64 ਅਜੇਹੇ ਅਜ਼ਾਦ ਮੁਲਕ ਹਨ ਜੋ ਪੰਜਾਬ ਨਾਲੋਂ ਵੀ ਘਟ ਰਕਬੇ ਵਾਲੇ ਹਨ। ਜੇ ਉਹ ਮੁਲਕ ਪੰਜਾਬ ਨਾਲੋਂ ਵੀ ਛੋਟੇ ਹੋਣ ਦੇ ਬਾਵਜੂਦ

ਆਪਣੀ ਹੋਂਦ ਸੰਸਾਰ ਮੰਚ ਤੇ ਵਿਖਾ ਸਕਦੇ ਹਨ ਤਾਂ ਪੰਜਾਬ ਅਤੇ ਇਸਦੀ ਜਗਤ-ਪ੍ਰਸਿਧ ਸਿਖ ਕੌਮ ਆਪਣਾ ਕੌਮੀ ਕੇਸਰੀ ਝੰਡਾ ਸੰਸਾਰ ਮੰਚ ਤੇ ਕਿਉਂ ਨਹੀਂ ਖੜਾ ਕਰ ਸਕਦੀ? ਸਾਰੇ ਮੁਲਕਾਂ ਦਾ ਵੇਰਵਾ ਦੇਣ ਦੀ ਥਾਂ ਮੈਂ ਕੁਝ ਚੋਣਵੇਂ ਤੇ ਮਸ਼ਹੂਰ ਮੁਲਕਾਂ ਦਾ ਨਾਂ ਤੇ ਉਨ੍ਹਾਂ ਦਾ ਆਕਾਰ ਦੇਕੇ ਮਿਸਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਫਿਰਕੂ ਹਿੰਦੂ ਪ੍ਰੈੱਸ ਵਲੋਂ ਦਿੱਤੀਆਂ ਥੋਥੀਆਂ ਤੇ ਨਿਰਮੂਲ ਦਲੀਲਾਂ ਦਾ ਖੰਡਨ ਕੀਤਾ ਜਾ ਸਕੇ।

ਮੁਲਕ	ਅਕਾਰ ਸ.ਕਿ.-ਮੀਟਰ	ਮੁਲਕ	ਆਕਾਰ ਸ.ਕਿ.-ਮੀਟਰ
ਪੰਜਾਬ	50,362	ਸਵਾਜ਼ੀਲੈਂਡ	17,363
ਅਲਬਾਨੀਆ	28,748	ਅਲਸਲਵਾਡੋਰ	21,393
ਬਹਿਰੀਨ	00,622	ਸਾਈਪਰਸ	09,251
ਬੈਲਜੀਅਮ	30,513	ਡੈਨਮਾਰਕ	43,033
ਬਾਰਬੇਡੋਜ਼	00,431	ਲਕਸਮਬਰਗ	02,586
ਬਹਾਮਾਜ਼	11.406	ਨੀਦਰ ਲੈਂਡ	36,175
ਬਰੁੰਡੀ	27,834	ਵੈਟੀਕਨਸਿਟੀ	00,044
ਤਾਈਵਾਨ	35,203	ਬਿਲੀਜ਼	22,961
ਭੂਟਾਨ	49,421	ਗਰੇਨਾਡਾ	00,344
ਫਿਜੀ	18,272	ਜਮੈਕਾ	11,424
ਇਜ਼ਰਾਇਲ	20,692	ਐਟੀਗੁਆ ਤੇ ਬਰਬੂਡਾ	00,442
ਕੁਵੈਤ	20,150	ਬਰਮੂਡਾ	05,303
ਲੇਬਨਾਨ	10,400	ਪੁਰਤਗਾਲ	35,516
ਸਿੰਗਾਪੁਰ	00,616	ਸੀਰੀਆ	35,000
ਗੈਂਬੀਆ	10,403	ਸਵਿਟਜ਼ਰਲੈਂਡ	41,288

ਉਸ ਮੁਲਕ ਦੇ ਲੋਕ ਤੇ ਵਸੋਂ

ਪੰਜਾਬ ਦੇ ਸੁਚੱਜੇ ਤੇ ਬਹਾਦਰ ਸਿੱਖ ਕਿਸਾਨਾਂ ਦੀ ਮਿਹਨਤ ਦਾ ਲੋਹਾ ਨਾ ਕੇਵਲ ਪੰਜਾਬ ਤੇ ਭਾਰਤ ਵਿਚ ਹੀ ਮੰਨਿਆ ਜਾ ਚੁੱਕਾ ਹੈ ਸਗੋਂ ਦੁਨੀਆਂ ਵਿਚ ਇਹ ਜਿਥੇ ਵੀ ਗਏ ਹਨ ਅਤੇ ਜਿਹੜੇ ਵੀ ਮਾਹੌਲ ਵਿਚ ਗਏ ਹਨ ਇਨ੍ਹਾਂ ਖੇਤੀ ਨੂੰ ਚਾਰ ਚੰਨ ਲਾਏ ਹਨ। ਕੀਨੀਆ ਵਿਚ ਗਏ ਜਾਂ ਈਥੋਪੀਆ ਵਿਚ, ਕੈਲੀਫ਼ੋਰਨੀਆ ਵਿਚ ਗਏ ਜਾਂ ਟਰਾਂਟੋ ਵਿਚ, ਖੇਤੀ ਦੀਆਂ ਨੁਹਾਰਾਂ ਬਦਲ ਦਿੱਤੀਆਂ। ਯੂ.ਪੀ. ਦੇ ਜੰਗਲਾਂ ਨੂੰ ਬਹਾਰਾਂ ਵਿਚ ਬਦਲਣ ਅਤੇ ਰਾਜਸਥਾਨ ਦੇ ਥਲਾਂ ਤੋਂ ਵੀ ਪੂਰੀ ਪੂਰੀ ਉਪਜ ਲੈ ਸਕਣ ਦਾ ਦਾਅਵਾ ਇਹ ਅਣਥਕ ਸਿੱਖ ਕਿਸਾਨ ਹੀ ਕਰ ਸਕਦੇ ਹਨ। ਪੰਜਾਬ ਹੀ ਤਾਂ ਭਾਰਤ ਦਾ ਅੰਨ-ਦਾਤਾ ਹੈ।

ਹਰਾ ਇਨਕਲਾਬ ਭਾਰਤ ਦੇ ਸਾਰੇ ਰਾਜਾਂ ਨਾਲੋਂ ਵਧ ਪੰਜਾਬ ਵਿਚ ਕਾਮਯਾਬ ਹੋਇਆ। ਨਵੇਂ ਬੀਜ, ਰਸਾਇਣਕ ਖਾਦ ਅਤੇ ਸਿੰਚਾਈ ਦੇ ਸਾਧਨ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਵੀ ਮਿਲਦੇ ਹਨ ਅਤੇ ਕਈ ਥਾਵਾਂ ਤੇ ਤਾਂ ਇਥੋਂ ਨਾਲੋਂ ਵਧ ਹਨ ਪਰ ਪੰਜਾਬ ਦੀਆਂ ਸਭ ਤੋਂ ਵੱਧ ਬੀਜੀਆਂ ਜਾਣ ਵਾਲੀਆਂ ਫਸਲਾਂ ਦੀ ਪ੍ਰਤੀ ਏਕੜ ਪੈਦਾਵਾਰ ਸੰਸਾਰ ਵਿਚ ਸਭ ਨਾਲੋਂ ਵੱਧ ਕਿਉਂ ਹੈ? ਇਹ ਇਕ ਭੇਦਭਰੀ

ਗੱਲ ਹੈ ਜੋ ਵਿਗਿਆਨਕ ਖੋਜ ਦੀ ਮੰਗ ਕਰਦੀ ਹੈ।

ਪੰਜਾਬ ਦਾ ਕਿਸਾਨ ਸਿਖ ਧਰਮ, ਸਭਿਆਚਾਰ ਅਤੇ ਦਾਰਸ਼ਨਿਕ ਕਦਰਾਂ-ਕੀਮਤਾਂ ਵਿਚ ਪਲਦਾ ਹੈ। ਸਿੱਖ ਧਰਮ ਦੀਆਂ ਉਹ ਕਿਹੜੀਆਂ ਵਿਗਿਆਨਕ ਕਦਰਾਂ-ਕੀਮਤਾਂ ਹਨ ਜੋ ਇਸਨੂੰ ਆਰਥਕ ਵਿਕਾਸ ਦੀ ਪ੍ਰੇਰਨਾ ਦਿੰਦੀਆਂ ਹਨ? ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਨਵੇਕਲੀਆਂ ਕਦਰਾਂ-ਕੀਮਤਾਂ ਦੇ ਸਦਕੇ ਹੀ ਪੰਜਾਬ ਨੇ ਖੇਤੀ ਵਿਚ ਇਤਨੀ ਉਨਤੀ ਕੀਤੀ ਹੈ। ਇਹ ਪੰਜਾਬ ਦੇ ਹੀ ਬਹਾਦਰ ਕਿਸਾਨ ਸਨ ਜਿਨ੍ਹਾਂ ਠੂਠਾ ਅੱਡ ਕੇ ਮੰਗਣ ਵਾਲੇ ਭਿਖਾਰੀ ਭਾਰਤ ਨੂੰ ਆਤਮ-ਨਿਰਭਰਦਾ ਵਿਚ ਬਦਲ ਕੇ ਰੱਖ ਦਿੱਤਾ। ਨਾ ਕੇਵਲ ਇਸਦੀ ਭੁਖ ਨੂੰ ਦੂਰ ਕੀਤਾ ਸਗੋਂ ਹਿੰਦੁਸਤਾਨ ਨੂੰ ਦੂਜਿਆਂ ਦੇ ਢਿੱਡਾਂ ਵਿਚ ਪਾਣ ਜੋਗਾ ਦਾਤਾ ਵੀ ਬਣਾ ਦਿੱਤਾ ਪਰ ਅਫਸੋਸ ਕਿ ਜਿਨ੍ਹਾਂ ਭੁਖਿਆਂ ਦਾ ਢਿਡ ਭਰਕੇ ਮਰਨੋ ਬਚਾਇਆ ਉਹੀ ਅਕ੍ਰਿਤਘਣ ਅੱਜ ਇਸਨੂੰ ਮਾਰ ਮੁਕਾਣ ਤੇ ਆ ਗਏ: ਪਰ ਜਿਸਦਾ ਰਾਖਾ ਵਾਹਿਗੁਰੂ ਆਪ ਉਸਦਾ ਕੋਈ ਕੀ ਵਿਗਾੜ ਸਕਦਾ ਹੈ?

ਜ਼ਮੀਨ ਤੇ ਪੌਣਪਾਣੀ:

ਕੁਦਰਤ ਨੇ ਪੰਜਾਬ ਨੂੰ ਬੜੀ ਉਪਜਾਊ ਜ਼ਮੀਨ ਦਿੱਤੀ ਹੈ। ਪੰਜਾਬੀ ਦਾ ਅਖਾਣ ਹੈ: 'ਜ਼ਮੀਨ ਉਹ ਰਾਣੀ, ਜਿਸਦੇ ਸਿਰ ਤੇ ਪਾਣੀ।' ਇਹ ਗੱਲ ਹੈ ਵੀ ਸੋਲਾਂ ਆਨੇ ਠੀਕ। ਪਾਣੀ ਤੋਂ ਬਿਨਾਂ ਜ਼ਮੀਨ ਇੰਜ ਹੈ ਜਿਵੇਂ ਪ੍ਰਾਣ ਤੋਂ ਬਿਨਾ ਪ੍ਰਾਣੀ।

ਪੰਜਾਬ ਦੀ ਧਰਤੀ ਦੀ ਵਡਿਤੱਣ ਅਤੇ ਸਰਦਾਰੀ ਦਾ ਰਾਜ਼ ਵੀ ਇਸ ਗੱਲ ਵਿਚ ਹੈ ਕਿ ਕੁਦਰਤ ਨੇ ਇਸ ਵਿਚ ਹੱਥ ਦੇ ਪੰਜੇ ਵਾਂਗ ਪੰਜ ਦਰਿਆ ਉਲੀਕ ਦਿੱਤੇ ਤਾਂ ਜੋ ਇਸਦੀ ਚੱਪਾ ਚੱਪਾ ਧਰਤੀ ਇਨ੍ਹਾਂ ਦਰਿਆਵਾਂ ਨਾਲ ਸਿੰਚੀ ਜਾ ਸਕੇ।

ਧਿੰਗੋ-ਜ਼ੋਰੀ ਤੇ ਅਨਿਆਏ ਦੀ ਵੀ ਕੋਈ ਹੱਦ ਹੁੰਦੀ ਹੈ। ਫਿਰਕੂ ਕੇਂਦਰ ਨੇ ਸਾਰੇ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ ਤੇ ਟੰਗ ਕੇ ਇਸਦਾ ਪਾਣੀ ਤੇ ਬਿਜਲੀ ਨਾਲ ਦੇ ਪ੍ਰਾਂਤਾਂ ਨੂੰ ਵੰਡਣਾ ਸ਼ੁਰੂ ਕਰ ਦਿੱਤਾ ਜਦ ਕਿ ਇਸ ਦੇ ਆਪਣੇ ਕਿਸਾਨ ਇਨ੍ਹਾਂ ਲਈ ਤਰਸ ਰਹੇ ਸਨ। ਇਸਦੇ ਬਾਵਜੂਦ ਵੀ ਮਿਟੀ ਨਾਲ ਮਿਟੀ ਹੋ ਕੇ ਤੇ ਮੁੜ੍ਹਕੋ-ਮੁੜ੍ਹਕੀ ਹੋ ਕੇ ਇਨ੍ਹਾਂ ਮਿਹਨਤੀ ਕਿਸਾਨਾਂ ਨੇ ਪੈਦਾਵਾਰ ਵਿਚ ਜਿਹੜੇ ਮਾਅਰਕੇ ਮਾਰੇ ਉਹ ਕਰਾਮਾਤ ਤੋਂ ਜ਼ਰਾ ਵੀ ਘੱਟ ਨਹੀਂ ਹਨ।

ਜੇ ਇਨ੍ਹਾਂ ਮਿਹਨਤੀ ਕਿਸਾਨਾਂ ਨੂੰ ਇਨ੍ਹਾਂ ਦੀ ਲੋੜ ਅਨੁਸਾਰ ਪਾਣੀ ਤੇ ਬਿਜਲੀ ਮਿਲੇ ਅਤੇ ਨਾਲ ਹੀ ਕੁਝ ਕਰ ਗੁਜ਼ਰਨ ਦੀ ਹਲਾਸ਼ੇਰੀ ਮਿਲ ਜਾਵੇ ਤਾਂ ਫਿਰ ਵੇਖੋ ਇਨ੍ਹਾਂ ਦੀਆਂ ਕਰਾਮਾਤਾਂ ਤੇ ਚਮਤਕਾਰ। ਇਸਦੀ ਮਿਹਨਤ ਦੇ ਚਮਤਕਾਰ ਦਾ ਅੰਦਾਜ਼ਾ ਲਾਉਣ ਲਈ ਅਤੇ ਇਥੋਂ ਦੀ ਮਿਟੀ ਦੀ ਸ਼ਕਤੀ-ਕਰਾਮਾਤ ਜਾਣਨ ਲਈ ਵੇਖੋ ਪੈਦਾਵਾਰ ਦੇ ਇਹ ਅੰਕੜੇ:

ਪੰਜਾਬ ਤੇ ਭਾਰਤ ਦੀ ਕਣਕ ਤੇ ਝੋਨੇ ਦੀ ਪੈਦਾਵਾਰ

(ਆਧਾਰ 1969-70 — 100)

	ਪੰਜਾਬ		ਭਾਰਤ	
ਸਾਲ	ਝੋਨਾ	ਕਣਕ	ਝੋਨਾ	ਕਣਕ
1960-61	49-09	41-44	88-03	60-09
1965-66	61-82	45-58	78-01	57-06

	ਪੰਜਾਬ		ਭਾਰਤ	
ਸਾਲ	ਝੋਨਾ	ਕਣਕ	ਝੋਨਾ	ਕਣਕ
1969-70	103-04	15-12		
1971-72	194-37	133-65		
1973-74	240-88	123-25		
1975-76	305-75	137-69	124-07	159-09
1977-78	527-62	158-01	134-07	176-00
1979-80	644-89	187-20	107-09	175-00

ਉਪਰੋਕਤ ਅੰਕੜੇ ਡਾ: ਨਿਰਮਲ ਸਿੰਘ ਲਿਖਿਤ 'ਪੰਜਾਬ ਦੀ ਆਰਥਕਤਾ' ਵਿਚੋਂ ਧੰਨਵਾਦ ਸਹਿਤ ਲਏ ਗਏ ਹਨ)

ਸਮੁੰਦਰ ਤੋਂ ਦੂਰ ਹੋਣ ਕਾਰਨ ਪੰਜਾਬ ਦਾ ਪੌਣ ਪਾਣੀ ਗਰਮੀਆਂ ਵਿਚ ਸਖਤ ਗਰਮ ਅਤੇ ਸਰਦੀਆਂ ਵਿਚ ਸਖਤ ਸਰਦ ਹੁੰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸਖਤ ਸਰਦੀ ਤੇ ਸਖਤ ਗਰਮੀ ਨਾਲ ਘੁਲਣ ਵਾਲੇ ਇਹ ਮਿਹਨਤੀ ਕਿਸਾਨ ਆਪਣੇ ਆਪ ਨੂੰ ਹਰ ਮਾਹੌਲ ਵਿਚ ਢਾਲ ਲੈਣ ਦੀ ਸ਼ਕਤੀ ਰਖਦੇ ਹਨ।

ਖੇਤੀ ਬਾੜੀ ਤੇ ਸਿੰਚਾਈ ਦੇ ਸਾਧਨ

ਪੰਜਾਬ ਦੇ ਸਿਖ ਕਿਸਾਨਾਂ ਜਿਥੇ ਮੁੜ੍ਹਕੋ ਮੁੜ੍ਹਕੀ ਹੋ ਕੇ ਹਰੇ ਇਨਕਲਾਬ ਵਿਚ ਕਰਾਮਾਤਾਂ ਕਰ ਵਿਖਾਈਆਂ ਉਥੇ ਫਿਰਕੂ ਕੇਂਦਰ ਇਨ੍ਹਾਂ ਦਾ ਲੱਕ ਤੋੜਨ ਵਾਸਤੇ, ਆਪਣੀ ਕੁਟਲ ਨੀਤੀ ਅਧੀਨ, ਚੌਹਾਂ ਪਾਸਿਆਂ ਤੋਂ ਇਸ ਨੂੰ ਲੁੱਟਣ ਵਿਚ ਅੰਗਰੇਜ਼ੀ ਸਾਮਰਾਜ ਨੂੰ ਵੀ ਪਿੱਛੇ ਛੱਡ ਗਿਆ। ਇਨ੍ਹਾਂ ਧਰਮੀ ਕਿਸਾਨਾਂ ਨੇ ਆਪਣੀਆਂ ਜਾਨਾਂ ਮਾਰਕੇ ਤੇ ਮਿੱਟੀ ਨਾਲ ਮਿੱਟੀ ਹੋ ਕੇ ਆਪਣੇ ਸਿਰਤੋੜ ਯਤਨਾਂ ਨਾਲ ਹਰੇ ਇਨਕਲਾਬ ਦੀ ਪੈਦਾਵਾਰ ਵਿਚ ਕਹਿਰਾਂ ਦਾ ਵਾਧਾ ਕੀਤਾ ਪਰੰਤੂ ਇਸਦਾ ਲਾਭ ਕੇਂਦਰ ਸਰਕਾਰ, ਪੰਜਾਬ ਦਾ ਹਿੰਦੂ ਵਪਾਰੀ ਅਤੇ ਦੂਜੇ ਪ੍ਰਾਂਤਾਂ ਦੇ ਕਾਰਖਾਨਿਆਂ ਤੇ ਲੋਕਾਂ ਨੂੰ ਹੋਇਆ। ਇਹ ਆਪ ਪਹਿਲਾਂ ਨਾਲੋਂ ਵੀ ਜ਼ਿਆਦਾ ਕਰਜ਼ੇ ਥੱਲੇ ਦੱਬ ਗਿਆ।

ਪੰਜਾਬ ਦੇ ਕਿਸਾਨਾਂ ਨੂੰ ਆਪਣੇ ਲੋੜੀਂਦੇ ਖੇਤੀ ਬਾੜੀ ਦੇ ਸੰਦ, ਖਾਦ ਅਤੇ ਡੀਜ਼ਲ ਆਦਿ ਤੋਂ ਲੈ ਕੇ ਖਾਣ-ਪੀਣ ਦੀਆਂ ਵਸਤਾਂ ਤੱਕ ਮੰਡੀ ਦੇ ਭਾਅ ਤੇ ਲੈਣੀਆਂ ਪੈਂਦੀਆਂ ਹਨ ਜਾਂ ਬਲੈਕ ਵਿਚ ਪਰ ਇਸਦੀ ਜਿਨਸ ਦਾ ਘਟ ਤੋਂ ਘਟ ਭਾਅ ਨਿਯਤ ਕਰਨ ਸਮੇਂ ਫਿਰਕੂ ਕੇਂਦਰ ਇਹ ਢੰਗ ਵਰਤਦਾ ਹੈ ਕਿ ਜਿਤਨੀ ਜਿਨਸ ਦੀ ਪੈਦਾਵਾਰ ਵੱਧ ਉਤਨਾ ਹੀ ਇਸ ਦਾ ਭਾਅ ਘੱਟ ਤਾਂ ਜੋ ਇਹ ਕਿਸਾਨ ਕਰਜ਼ੇ ਦੀ ਜਿਲ੍ਹਣ ਵਿਚੋਂ ਕਦੀ ਨਾ ਨਿਕਲ ਸਕਣ ਕਿਉਂਕਿ ਖੁਸ਼ਹਾਲ ਹੋਇਆ ਕਿਸਾਨ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਸਕਦਾ ਹੈ।

ਸਸਤੇ ਭਾਅ ਖਰੀਦੀ ਜਿਨਸ ਦਾ ਪਹਿਲਾ ਲਾਭ ਤਾਂ ਪੰਜਾਬ ਦੇ ਹਿੰਦੂ ਵਪਾਰੀ ਤੇ ਕੇਂਦਰ ਸਰਕਾਰ ਨੂੰ ਹੋਇਆ। ਹਿੰਦੂ ਵਪਾਰੀ ਇਥੋਂ ਕਮਾਇਆ ਪੈਸਾ ਹਰਿਆਣੇ ਤੇ ਦਿੱਲੀ ਵਿਚ ਲਾਂਦਾ ਹੈ ਅਤੇ ਕੇਂਦਰ ਸਰਕਾਰ ਸਿੱਖਾਂ ਨੂੰ ਮਾਰਨ ਲਈ ਸੀ. ਆਰ. ਪੀ. ਤੇ ਖਰਚਦੀ ਹੈ। ਸਾਡੀਆਂ ਜੁੱਤੀਆ ਤੇ ਸਾਡਾ ਹੀ ਸਿਰ!

ਦੂਜਾ ਲਾਭ ਬਾਹਰ ਦੇ ਪ੍ਰਾਂਤਾਂ ਦੇ ਕਾਰਖਾਨੇਦਾਰਾਂ ਨੂੰ ਮਿਲਿਆ ਜਿਨ੍ਹਾਂ ਨੂੰ ਮਿੱਟੀ ਦੇ ਭਾਅ ਜਿਨਸਾਂ

ਮਿਲ ਗਈਆਂ ਜਿਹੜੀਆਂ ਉਨ੍ਹਾਂ ਨੂੰ ਆਪਣੇ ਪ੍ਰਾਂਤਾਂ ਵਿਚ ਚੁਗਣੀ ਕੀਮਤ ਤੇ ਵੀ ਨਹੀਂ ਸੀ ਮਿਲ ਸਕਦੀਆਂ।

ਤੀਜਾ ਲਾਭ ਦੂਜੇ ਪ੍ਰਾਂਤਾਂ ਦੇ ਕਾਮਿਆਂ ਨੂੰ ਹੋਇਆ ਜਿਨ੍ਹਾਂ ਨੂੰ ਕਾਰਖਾਨਿਆਂ ਵਿਚ ਇਸ ਨਾਲ ਕੰਮ ਮਿਲਿਆ।

ਚੌਥਾ ਲਾਭ ਬਾਹਰ ਦੇ ਵਪਾਰੀਆਂ ਨੂੰ ਮਿਲਿਆ ਜਿਨ੍ਹਾਂ ਮਿੱਟੀ ਦੇ ਭਾਅ ਜਿਨਸ ਖਰੀਦ ਕੇ ਤਿਆਰ ਕੀਤਾ ਮਾਲ ਸੋਨੇ ਦੇ ਭਾਅ ਮੁੜ ਪੰਜਾਬ ਦੀ ਮੰਡੀ ਵਿਚ ਜਾ ਵੇਚਿਆ।

ਪੰਜਵਾਂ ਲਾਭ ਪੰਜਾਬ ਦੇ ਹਿੰਦੂ ਵਪਾਰੀ ਨੂੰ ਹੋਇਆ ਜਿਸਨੇ ਬਾਹਰੋਂ ਆਏ ਮਾਲ ਨੂੰ ਵੇਚਕੇ ਫਿਰ ਮੁਨਾਫਾ ਕਮਾਇਆ। ਪੰਜੇ ਵਾਰੀ ਲਾਭ ਹੋਇਆ ਹਿੰਦੂ ਭਰਾਵਾਂ ਨੂੰ ਤੇ ਲੱਕ ਟੁਟਿਆ ਪੰਜਾਬ ਦੇ ਸਿਖ ਕਿਸਾਨਾਂ ਦਾ। ਇਸ ਲੁੱਟ-ਖਸੁੱਟ ਨੂੰ ਖਤਮ ਕਰਨ ਲਈ ਖਾਲਿਸਤਾਨ ਦਾ ਬਣਨਾ ਲਾਜ਼ਮੀ ਹੈ।

ਜੇ ਪੰਜਾਬ ਦੀ ਧਰਤੀ ਦਾ ਉਗਲਿਆਂ ਸੋਨਾ ਅਤੇ ਇਸ ਦੇ ਕਿਸਾਨਾਂ ਦੀ ਖੂਨ-ਪਸੀਨੇ ਦੀ ਕਮਾਈ ਕੌਡੀਆਂ ਬਦਲੇ ਨਾ ਲੁੱਟਣ ਦਿੱਤੀ ਜਾਂਵੇ ਤਾਂ ਇਹ ਤਾਂ ਪੰਜਾਂ ਸਾਲਾਂ ਵਿਚ ਰਾਜਾ ਬਣ ਸਕਦਾ ਹੈ।

ਕਪਾਹ ਪੈਦਾ ਕਰੇ ਪੰਜਾਬ ਪਰ ਕੱਤੇ ਹੋਰ ਅਤੇ ਕਪੜਾ ਬਣਾਏ ਕੋਈ ਹੋਰ। ਕਣਕ ਚਾਵਲ ਆਦਿ ਪੈਦਾ ਕਰੇ ਪੰਜਾਬ ਪਰ ਇਸਤੋਂ ਖਾਣ ਵਾਲੀਆਂ ਵਸਤਾਂ ਬਣਾਏ ਕੋਈ ਹੋਰ, ਦੇਸ਼ ਦੇ 40 ਫੀਸਦੀ ਟਰੈਕਟਰ ਵਰਤੇ ਪੰਜਾਬ ਪਰ ਜੋੜੇ ਜਾਣ ਕਿਤੇ ਹੋਰ। ਸਭ ਤੋਂ ਵੱਧ ਖਾਦ ਵਰਤੇ ਪੰਜਾਬ ਪਰ ਤਿਆਰ ਕੀਤੀ ਜਾਵੇ ਕਿਤੇ ਹੋਰ। ਪੰਜਾਬ ਵਿਚ ਦੇਸ਼ ਦਾ 18 ਫੀਸਦੀ ਤੋਂ ਵੀ ਵੱਧ ਦੁੱਧ ਪੈਦਾ ਹੁੰਦਾ ਹੈ ਪਰ ਬੇਬੀ ਫੂਡ 54.2 ਫੀਸਦੀ ਗੁਜਰਾਤ ਵਿਚ ਬਣਦਾ ਹੈ।

ਕੁਦਰਤ ਨੇ ਤਾਂ ਰਜਵਾਂ ਪਾਣੀ ਪੰਜਾਬ ਨੂੰ ਦਿੱਤਾ ਪਰ ਬਾਹਰ ਦੇ ਲੋਟੂ ਇਸਨੂੰ ਦੁਹੱਥੀਂ ਲੁੱਟਣ ਲਗ ਪਏ। ਇਸਦੇ ਬਾਵਜੂਦ ਵੀ ਇਨ੍ਹਾਂ ਬਹਾਦਰ ਕਿਸਾਨਾਂ ਨੇ ਸਿੰਚਾਈ ਦੇ ਪ੍ਰਬੰਧ ਵਿਚ ਚੰਗੀਆਂ ਮੱਲਾਂ ਮਾਰੀਆਂ। ਸੰਨ 1979-80 ਤੱਕ ਕਾਸ਼ਤ ਹੋਣ ਵਾਲੀ ਜ਼ਮੀਨ ਦਾ 87.2 ਫੀਸਦੀ ਰਕਬਾ ਸਿੰਚਾਈ ਹੇਠ ਸੀ:

> ਨਹਿਰਾਂ ਰਾਹੀ 30.8 ਫੀਸਦੀ, ਟਿਊਬਵੈੱਲਾਂ ਰਾਹੀ 54.0 ਫੀਸਦੀ
> ਅਤੇ ਖੂਹਾਂ ਰਾਹੀਂ 2.4 ਫੀਸਦੀ।

ਕੁਲ ਟਿਊਬਵੈਲ 6.1 ਲੱਖ ਸਨ ਜਿਨ੍ਹਾਂ ਵਿਚੋਂ 3.3 ਲੱਖ ਡੀਜ਼ਲ ਨਾਲ ਅਤੇ 2.8 ਲੱਖ ਬਿਜਲੀ ਨਾਲ ਚੱਲਣ ਵਾਲੇ ਸਨ।

ਜਿੱਥੇ ਧਰਤੀ ਇਕ ਨੰਬਰ ਹੋਵੇ, ਪਾਣੀ ਹੋਵੇ, ਬਿਜਲੀ ਹੋਵੇ ਅਤੇ ਮਿਹਨਤੀ ਕਾਮੇ ਹੋਣ ਉਥੇ ਘਾਟਾ ਕਿਸ ਗੱਲ ਦਾ? ਖਾਲਿਸਤਾਨ ਬਣ ਜਾਣ ਨਾਲ ਵੱਧ ਤੋਂ ਵੱਧ ਨਹਿਰਾਂ ਦਾ ਪਾਣੀ ਵਰਤ ਕੇ ਬਾਕੀ ਲੋੜ ਅਨੁਸਾਰ ਬਿਜਲੀ ਦੇ ਟਿਊਬਵੈੱਲਾਂ ਰਾਹੀਂ ਘਟ ਤੋਂ ਘਟ ਖਰਚ ਨਾਲ ਸਾਰੀ ਜ਼ਮੀਨ ਸਿੰਚਾਈ ਹੇਠ ਲਿਆਂਦੀ ਜਾ ਸਕਦੀ ਹੈ।

ਆਰਥਕ ਪੱਖੋਂ ਛਾਣਬੀਣ ਕਰਕੇ ਬਿਜਲੀ ਨਾਲ ਸਨਅਤ ਲਗਾਈ ਜਾ ਸਕਦੀ ਹੈ। ਵਾਧੂ ਪਾਣੀ ਤੇ ਬਿਜਲੀ ਨਾਲ ਦੇ ਪਰਾਂਤਾਂ ਨੂੰ ਮੰਡੀ ਦੇ ਭਾਅ ਵੇਚਿਆ ਜਾ ਸਕਦਾ ਹੈ। ਫਿਰ ਵੇਖੋ ਲਗਦੀਆਂ ਬਹਾਰਾਂ ਪੰਜਾਬ ਨੂੰ! ਇਸਦੇ ਬਹਾਦਰ ਲੋਕਾਂ ਦੀਆਂ ਹਥਕੜੀਆਂ ਟੁੱਟਣ ਦੀ ਦੇਰ ਹੈ ਤੇ ਬਸ ਪੰਜਾਬ ਜਾਪਾਨ ਬਣਿਆ ਸਮਝੋ। ਇਸਦੇ ਬਹਾਦਰ ਲੋਕਾਂ ਨੂੰ ਦਰ ਦਰ ਤੇ ਠੋਕਰਾਂ ਖਾਣ ਦੀ ਲੋੜ ਹੀ ਨਹੀਂ ਪੈਣੀ।

ਸਨਅਤ:

ਕੇਂਦਰ ਨੇ ਸਿੱਖਾਂ ਕੌਮ ਨੂੰ ਘਸਿਆਰਾ ਬਣਾਉਣ ਲਈ ਇਥੇ ਕੋਈ ਵਡੀ ਸਨਅਤ ਨਹੀਂ ਲਾਈ, ਪੰਜਾਬ ਵਿਚ ਇਕ ਵੀ ਕਾਰਖਾਨਾ ਨਹੀਂ ਲਾਇਆ ਜਿਸ ਵਿਚ ਪੰਜ ਹਜ਼ਾਰ ਕਾਮੇ ਕੰਮ ਕਰਦੇ ਹੋਣ। ਸਨਅਤੀ ਤੌਰ ਤੇ ਪੰਜਾਬ ਭਾਰਤ ਦਾ ਪਛੜਿਆ ਹੋਇਆ ਪ੍ਰਾਂਤ ਹੈ ਭਾਵੇਂ ਪ੍ਰਤੀ ਜੀਅ ਆਮਦਨ ਪੱਖੋਂ ਹਮੇਸ਼ਾ ਪਹਿਲੇ ਜਾਂ ਦੂਜੇ ਨੰਬਰ ਤੇ ਰਿਹਾ ਹੈ। ਬੈਂਕਾਂ ਦੇ ਕਾਨੂੰਨ ਅਨੁਸਾਰ ਕਿਸੇ ਪ੍ਰਾਂਤ ਵਿਚ ਜਮ੍ਹਾਂ ਕਰਾਏ ਪੈਸੇ ਦਾ 60 ਫੀਸਦੀ ਉਸ ਪ੍ਰਾਂਤ ਦੇ ਵਿਕਾਸ ਵਿਚ ਲਗਣਾ ਚਾਹੀਦਾ ਹੈ ਪਰ ਪੰਜਾਬ ਵਿਚ ਇਝ ਨਹੀਂ ਕੀਤਾ ਗਿਆ।

ਸਾਲ	ਪ੍ਰਾਂਤ ਦਾ ਨਾਂ	ਵਿਕਾਸ ਤੇ ਲਾਇਆ ਪੈਸਾ
1972-78	ਪੰਜਾਬ	33.2 ਫੀਸਦੀ ਤੋਂ 37.0 ਫੀਸਦੀ
1972-78	ਹਰਿਆਣਾ	51.1 ਫੀਸਦੀ ਤੋਂ 61.4 ਫੀਸਦੀ
1972-78	ਰਾਜਿਸਤਾਨ	48.7 ਫੀਸਦੀ ਤੋਂ 60.8 ਫੀਸਦੀ
1972-78	ਸਮੁੱਚੇ ਭਾਰਤ ਵਿਚ	67.2 ਫੀਸਦੀ ਤੋਂ 69.9 ਫੀਸਦੀ

ਪੰਜਾਬ ਦੇ ਲੋਕਾਂ ਦਾ ਜਮ੍ਹਾ ਕਰਾਇਆ ਬਾਕੀ ਪੈਸਾ ਦੂਜਿਆਂ ਪ੍ਰਾਂਤਾਂ ਦੀ ਸਨਅਤ ਵਿਚ ਲਾਇਆ ਜਾਂਦਾ ਹੈ। ਭਾਰਤ ਦੇ ਟੈਕਸ ਦਾ ਬੋਝ ਸਾਰੇ ਰਾਜਾਂ ਨਾਲੋਂ ਵੱਧ ਪੰਜਾਬ ਤੇ ਸੁਟਿਆ ਜਾਂਦਾ ਹੈ ਪਰ ਵਾਪਸ ਵਿਕਾਸ ਦੇ ਕੰਮਾਂ ਲਈ ਦੇਣ ਵੇਲੇ ਸਭ ਤੋਂ ਘਟ ਪੰਜਾਬ ਨੂੰ ਦਿੱਤਾ ਜਾਂਦਾ ਹੈ ਭਾਵ 15,668 ਕਰੋੜ ਰੁਪੈ ਵਿਚੋਂ ਕੇਵਲ 345 ਕਰੋੜ ਦਾ ਹਿਸਾ ਹੀ ਪੰਜਾਬ ਨੂੰ ਮਿਲਿਆ — 'ਅੰਨ੍ਹਾ ਵੰਡੇ ਰੇਵੜੀਆਂ ਤੇ ਮੁੜ ਮੁੜ ਅਪਣਿਆਂ ਨੂੰ, ਦੇਣ ਵਾਲੀ ਹੀ ਗੱਲ ਹੈ। ਕੇਂਦਰ ਦੇ ਵਖ ਵਖ ਰਾਜਾਂ ਵਿਚ ਲਾਏ ਪ੍ਰਾਜੈਕਟਾਂ ਦੀ ਮਿਸਾਲ ਵੇਖੋ:

ਸਾਲ	ਪ੍ਰਾਂਤ ਦਾ ਨਾਮ	ਲਾਏ ਗਏ ਪ੍ਰਾਜੈਕਟ
1980-89	ਪੰਜਾਬ	19
1980-89	ਮਹਾਰਾਸ਼ਟਰ	197
1980-89	ਗੁਜਰਾਤ	136
1980-89	ਉਤਰ ਪ੍ਰਦੇਸ਼	114
1980-90	ਪੱਛਮੀ ਬੰਗਾਲ	109

ਪੰਜਾਬ ਵਿਚ ਛੋਟੀ ਸਨਅਤ ਦੀ ਹੋਈ ਉਨਤੀ ਦੀ ਬਣਤਰ ਇਸ ਤਰ੍ਹਾਂ ਦੀ ਹੈ ਕਿ ਉਹ ਅਗਲੇਰੀ ਤਰੱਕੀ ਲਈ ਬਹੁਤ ਲਾਭਕਾਰੀ ਨਹੀਂ। ਹੁੰਦਾ ਇਸ ਤਰ੍ਹਾਂ ਹੈ ਕਿ ਵਡੀ ਸਨਅਤ ਲਗ ਜਾਣ ਨਾਲ ਸਹਾਇਕ ਪਿਛਲਗ ਸਨਅਤਾਂ ਆਪਣੇ ਆਪ ਵਜੂਦ ਵਿਚ ਆ ਜਾਂਦੀਆਂ ਹਨ ਪਰੰਤੂ ਪੰਜਾਬ ਵਿਚ ਇਸਦੀ ਅਣਹੋਂਦ ਕਾਰਨ ਸਨਅਤ ਵਿਕਾਸ ਦਾ ਆਧਾਰ ਨਹੀਂ ਬਣ ਸਕੀ। ਪੰਜਾਬ ਵਿਚ ਛੋਟੀ ਸਨਅਤ ਨੇ ਆਪਣੀ ਹਿੰਮਤ ਨਾਲ ਕਾਫੀ ਤਰੱਕੀ ਕੀਤੀ ਹੈ। ਸੰਨ 1980-81 ਵਿਚ ਛੋਟੀਆਂ ਸਨਅਤਾਂ ਦੀ ਗਿਣਤੀ 63806 ਦੇ ਕਰੀਬ ਸੀ।

ਪੰਜਾਬ ਵਿਚ ਚਾਰ ਸਾਈਕਲ ਫੈਕਰੀਆਂ ਹਨ ਅਤੇ 1800 ਇਨ੍ਹਾਂ ਲਈ ਪੁਰਜੇ ਬਣਾਨ ਵਾਲੀਆਂ ਇਕਾਈਆਂ ਹਨ। ਟਰੈਕਟਰ ਦਾ ਮੁਖ ਪਲਾਂਟ ਕੇਵਲ ਇਕ ਹੈ ਪਰੰਤੂ 250-300 ਦੇ ਕਰੀਬ ਸਹਾਇਕ ਇਕਾਈਆਂ ਹਨ।

ਹੌਜ਼ਰੀ ਸਨਅਤ ਵਿਚ ਕੋਈ ਤਿੰਨ ਹਜ਼ਾਰ ਇਕਾਈਆਂ ਕੰਮ ਕਰ ਰਹੀਆਂ ਹਨ ਪਰ ਇਹ ਹੋਰਨਾ ਫਰਮਾਂ ਲਈ ਕੰਮ ਕਰਦੀਆਂ ਹਨ। ਖੇਡ ਦੇ ਸਮਾਨ ਵਿਚ 39 ਇਕਾਈਆਂ ਹਨ ਜਿਨ੍ਹਾਂ ਦਾ ਬਰਾਮਦ ਵਿਚ 70 ਫੀਸਦੀ ਹਿਸਾ ਹੈ ਪਰ ਇਨ੍ਹਾਂ ਵਿਚੋਂ ਕੇਵਲ 17 ਫਰਮਾਂ ਹਨ ਜੋ ਬਰਾਮਦ ਦਾ ਸਾਰਾ ਸਾਮਾਨ ਆਪ ਤਿਆਰ ਕਰਦੀਆਂ ਹਨ। ਦਰਮਿਆਨੇ ਪੱਧਰ ਦੀਆਂ ਸਨਅਤਾਂ ਵਿਚ ਕੁਝ ਤਰੱਕੀ ਹੋਈ ਹੈ। ਛੋਟੇ ਸਨਅਤੀ ਅਦਾਰੇ ਬਹੁਤ ਹਨ ਜਿਨ੍ਹਾਂ ਵਿਚੋਂ ਸਿਲਾਈ ਦੀਆਂ ਮਸ਼ੀਨਾਂ, ਆਟੇ ਦੀਆਂ ਮਿਲਾਂ, ਕਾਰਾਂ ਦੇ ਪੁਰਜੇ, ਬਿਸਕੁਟ, ਸਕੂਟਰ, ਬਿਜਲੀ ਦੇ ਪੱਖੇ, ਫਰਨੀਚਰ ਅਤੇ ਨਟਸ ਬੋਲਟਸ ਆਦਿ ਵਰਨਣ-ਯੋਗ ਹਨ। ਪੰਜਾਬ ਵਿਚ ਕਾਰੀਗਰੀ ਅਤੇ ਹੁਨਰ ਦੇ ਕਮਾਲ ਦੀ ਘਾਟ ਨਹੀਂ ਹੈ। ਕੇਵਲ ਮੌਕਾ ਮਿਲਣ ਦੀ ਦੇਰ ਹੈ। ਸਾਡੇ ਬਹਾਦਰਾਂ ਸੂਰਬੀਰਾਂ ਪੰਜਾਬ ਨੂੰ ਨੰਬਰ ਇਕ ਮੁਲਕ ਬਣਾ ਦਿੱਤਾ ਹੈ।

ਵਿਦੇਸ਼ਾਂ ਵਿਚ ਬੈਠੇ ਸਿੱਖਾਂ ਕੋਲ ਕੀ ਨਹੀਂ ਹੈ? ਪੈਸਾ ਨਹੀਂ ਹੈ? ਵਿਦਿਆ ਨਹੀਂ ਹੈ? ਜਾਂ ਸ਼ਰਧਾ ਨਹੀਂ ਹੈ? ਸਿੱਖਾਂ ਤੇ ਤਾਂ ਵਾਹਿਗੁਰੂ ਦੀ ਕਿਰਪਾ ਹੈ ਅਤੇ ਉਹ ਆਪਣੇ ਕੌਮੀ ਘਰ ਦੇ ਵਿਕਾਸ ਲਈ ਸਭ ਕੁਝ ਕਰਨਗੇ। ਗੁਰੂ ਗੋਬਿਦ ਸਿਘ ਸਾਹਿਬ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਕਿਹੜਾ ਸਿਖ ਪਿਛੇ ਰਹੇਗਾ?

ਜੇ ਇਜ਼ਰਾਈਲੀ ਨਿੱਕੀ ਜੇਹੀ ਰੇਗਿਸਤਾਨ ਦੀ ਟੁਕੜੀ ਨੂੰ ਹਰਿਆਵਲ ਵਿਚ ਬਦਲ ਕੇ ਉੱਥੇਂ ਇਕ ਸੁਪਰ ਪਾਵਰ ਬਣ ਸਕਦੇ ਹਨ ਤਾਂ ਕੀ ਪੰਜਾਬ ਦੇ ਬਹਾਦਰ ਤੇ ਮਿਹਨਤੀ ਸਿਖ ਇਸਦੀ ਸ਼ਾਨਦਾਰ ਉਪਜਾਊ ਮਿਟੀ ਤੋਂ ਸੋਨਾ ਨਹੀਂ ਉਗਲਾ ਸਕਦੇ?

ਸੋਨਾ ਤਾਂ ਉਹ ਪਹਿਲਾਂ ਹੀ ਉਗਲ ਰਹੀ ਹੈ ਪਰ ਲੋਟੂ ਇਸਨੂੰ ਲੁੱਟ ਰਹੇ ਹਨ ਦੂਹੱਥੀਂ। ਇਨ੍ਹਾਂ ਲੋਟੂਆਂ ਨੂੰ ਭਾਂਜ ਦੇਕੇ ਅਜ਼ਾਦ ਕਰਾਣਾ ਹੈ ਖਾਲਿਸਤਾਨ। ਅਜ਼ਾਦੀ ਮਿਲਦਿਆਂ ਹੀ ਵੱਡੀਆਂ ਅਤੇ ਛੋਟੀਆਂ ਸਨਅਤਾਂ ਦੀਆਂ ਲਾਈਨਾਂ ਲੱਗ ਜਾਣਗੀਆਂ ਅਤੇ ਪੰਜਾਬ ਦੀਆਂ ਨੁਹਾਰਾਂ ਹੀ ਬਦਲ ਜਾਣਗੀਆਂ। ਸਿਖ ਹਰੇ ਇਨਕਲਾਬ ਵਿਚ ਆਪਣੇ ਬਾਹੂਬਲ ਅਤੇ ਮਨੋਬਲ ਦੀ ਮਿਸਾਲ ਪਹਿਲਾਂ ਕਾਇਮ ਕਰ ਚੁੱਕੇ ਹਨ।

ਆਵਾਜਾਈ ਦੇ ਸਾਧਨ (Communication Network)

ਆਵਾਜਾਈ ਦੇ ਸਾਧਨ ਵਿਸ਼ੇਸ਼ ਤੌਰ ਤੇ ਸੜਕਾਂ, ਰੇਲਵੇ ਅਤੇ ਹਵਾਈ ਸੇਵਾਵਾਂ ਹਨ। ਪੰਜਾਬ ਵਿਚ 35501 ਕਿਲੋ ਮੀਟਰ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ ਅਤੇ 3630 ਕਿਲੋਮੀਟਰ ਰੇਲਵੇ ਲਾਈਨਾਂ ਵਿਛੀਆਂ ਹਨ। ਇਥੇ ਦੋ ਹਵਾਈ ਅੱਡੇ ਹਨ ਅੰਮ੍ਰਿਤਸਰ ਅਤੇ ਚੰਡੀਗੜ, ਜਿਥੋਂ ਹਰ ਰੋਜ਼ ਦਿੱਲੀ ਅਤੇ ਸ੍ਰੀ ਨਗਰ ਲਈ ਹਵਾਈ ਉਡਾਨਾਂ ਦਾ ਬਾਕਾਇਦਾ ਪ੍ਰਬੰਧ ਹੈ।

3422 ਸਰਕਾਰੀ ਬੱਸਾਂ 815380 ਕਿਲੋਮੀਟਰ ਦਾ ਰੂਟ ਰੋਜ਼ ਪੂਰਾ ਕਰਦੀਆਂ ਹਨ ਜਿਨ੍ਹਾਂ ਰਾਹੀਂ ਲੱਖਾਂ ਆਦਮੀ ਰੋਜ਼ ਸਫਰ ਕਰਦੇ ਹਨ। ਸੜਕਾਂ ਦਾ ਚੰਗਾ ਪ੍ਰਬੰਧ ਹੋਣ ਕਾਰਨ ਪਿੰਡ ਸ਼ਹਿਰਾਂ ਨਾਲ ਜੁੜੇ ਹੋਏ ਹਨ ਅਤੇ ਇਹ ਸ਼ਹਿਰਾਂ ਦੀਆਂ ਮੰਡੀਆਂ ਦੀ ਇਕਾਈ ਬਣਦੇ ਜਾ ਰਹੇ ਹਨ।

ਪੰਜਾਬ ਵਿਚ 12322 ਪਰਾਈਮਰੀ ਸਕੂਲ, 1395 ਮਿਡਲ ਸਕੂਲ, 2405 ਹਾਈ ਸਕੂਲ ਅਤੇ 324 ਸੀਨੀਅਰ ਸੈਕੰਡਰੀ ਸਕੂਲ ਹਨ। ਪੰਜਾਬ ਦੀ ਵਿਦਿਅਕ ਪ੍ਰਣਾਲੀ ਉਨਤੀ ਦੀਆਂ ਪੁਲਾਘਾਂ ਪੁੱਟ ਰਹੀ ਹੈ। ਇਥੇ ਚਾਰ ਯੂਨੀਵਰਸਿਟੀਆਂ ਹਨ:

ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਅਤੇ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ

ਲੰਮੀ ਉਮਰ ਦੇ ਪੱਖੋਂ ਪੰਜਾਬ ਭਾਰਤ ਦੇ ਸਾਰੇ ਪ੍ਰਾਂਤਾ ਤੋਂ ਅਗੇ ਹੈ। ਇਥੇ ਮਰਦ ਦੀ ਔਸਤਨ ਉਮਰ 60.7 ਸਾਲ ਅਤੇ ਇਸਤਰੀ ਦੀ ਔਸਤਨ ਉਮਰ 60.6 ਸਾਲ ਹੈ। ਇਸੇ ਤਰ੍ਹਾਂ ਪੰਜਾਬ ਵਿਚ ਮਿਰਤਕਾਂ ਦੀ ਗਿਣਤੀ ਵੀ ਭਾਰਤ ਦੇ ਸਾਰੇ ਸੂਬਿਆਂ ਨਾਲੋਂ ਘੱਟ ਹੈ: 9 ਬੰਦੇ 1000 ਬੰਦਿਆਂ ਪਿਛੇ।

ਪੰਜਾਬ ਦੇ ਸਿਹਤ ਵਿਭਾਗ ਨੇ ਵੀ ਕਾਫੀ ਉਨਤੀ ਕੀਤੀ ਹੈ। ਇਥੇ 265 ਹਸਪਤਾਲ, 528 ਅਯੁਰਵੇਦਕ, 280 ਯੂਨਾਨੀ ਹਸਪਤਾਲ ਤੇ ਡਿਸਪੈਨਸਰੀਆਂ, 280 ਪਰਾਈਮਰੀ ਹੈਲਥ ਸੈਂਟਰ, 2752 ਛੋਟੇ ਹੈਲਥ ਸੈਂਟਰ ਅਤੇ 1652 ਡਿਸਪੈਨਸਰੀਆਂ ਦਾ ਜਾਲ ਵਿਛਿਆ ਹੋਇਆ ਹੈ।

ਪੰਜਾਬ ਦਾ ਸਮੁੰਦਰੀ ਤੱਟ ਦੇ ਨੇੜੇ ਨਾ ਹੋਣਾ ਇਕ ਵੱਡਾ ਘਾਟਾ ਹੈ ਪਰ ਦੁਨੀਆਂ ਵਿਚ ਬਹੁਤ ਸਾਰੇ ਮੁਲਕ ਹਨ ਜਿਨ੍ਹਾਂ ਨਾਲ ਸਮੁੰਦਰੀ ਬੰਦਰਗਾਹਾਂ ਨਹੀਂ ਲਗਦੀਆਂ। ਜੇ ਦੁਨੀਆਂ ਦੇ ਦੂਜੇ ਮੁਲਕ ਸਮੁੰਦਰੀ ਬੰਦਰਗਾਹਾਂ ਤੋਂ ਬਿਨਾ ਆਪਣੀ ਸੁਤੰਤਰ ਹਸਤੀ ਕਾਇਮ ਰਖ ਸਕਦੇ ਹਨ ਤਾਂ ਪੰਜਾਬ ਕਿਉਂ ਨਹੀਂ ਰੱਖ ਸਕਦਾ ਜਿਸਦੇ ਬਹਾਦਰ ਸਿੱਖ ਹਰ ਮਾਹੌਲ ਵਿਚ ਆਪਣੇ ਆਪ ਨੂੰ ਢਾਲ ਲੈਣ ਵਿਚ ਜਗਤ ਪ੍ਰਸਿਧ ਹਨ ਅਤੇ ਜਿਨ੍ਹਾਂ ਦੀ ਮਿਹਨਤ ਦਾ ਲੋਹਾ ਦੁਨੀਆ ਮੰਨਦੀ ਹੈ? ਹੇਠ ਲਿਖੇ ਕੁਝ ਅਜੇਹੇ ਮੁਲਕ ਹਨ ਜਿਨ੍ਹਾਂ ਨਾਲ ਕੋਈ ਸਮੁੰਦਰ ਤੱਟ ਨਹੀਂ ਲਗਦਾ:-

1. ਅਫਗਾਨਿਸਤਾਨ 2. ਨੇਪਾਲ 3. ਭੂਟਾਨ 4. ਤਿੱਬਤ
5. ਮੰਗੋਲੀਆ 6. ਚੈਕੋਸਲੋਵਾਕੀਆ 7. ਆਸਟਰੀਆ
8. ਸਵਿਟਜ਼ਰਲੈਂਡ 9. ਚੈਡ 10. ਨਾਈਜਰ ਵੋਲਟਰ
11. ਸੈਂਟਰਲ ਅਫਰੀਕਾ 12. ਯੂਗੰਡਾ 13. ਜ਼ਆਇਰੇ
14. ਜ਼ੰਬੀਆ 15. ਬੋਟਸਵਾਨਾ 16. ਜ਼ਿੰਬਾਬਵੇ
17. ਮਾਲੀ 18. ਬੋਲੀਵੀਆ 19. ਪੈਰਾਗੁਆਏ

ਕੁਝ ਲੋਕਾਂ ਵਿਚ ਇਹ ਭੁਲੇਖਾ ਵੀ ਪਾਇਆ ਜਾਂਦਾ ਹੈ ਕਿ ਪੰਜਾਬ ਇਕ ਨਿਕਾ ਜੇਹਾ ਪ੍ਰਾਂਤ ਹੈ ਅਤੇ ਅਜ਼ਾਦ ਮੁਲਕ ਬਣਨ ਦੇ ਯੋਗ ਨਹੀਂ ਹੈ ਪਰ ਇਹ ਦਲੀਲਾਂ ਬਿਲਕੁਲ ਨਿਰਮੂਲ ਤੇ ਥੋਥੀਆਂ ਹਨ। ਪੰਜਾਬ ਤੋਂ ਵੀ ਘਟ ਰਕਬੇ ਵਾਲੇ ਸੰਸਾਰ ਵਿਚ 64 ਤੋਂ ਵੀ ਵੱਧ ਸੁਤੰਤਰ ਮੁਲਕ ਹਨ। ਜੇ ਉਹ ਪੰਜਾਬ ਨਾਲੋਂ ਛੋਟੀ ਥਾਂ ਤੇ ਰਹਿਕੇ ਆਪਣੀ ਹੋਂਦ ਸੰਸਾਰ ਮੰਚ ਤੇ ਵਿਖਾ ਸਕਦੇ ਹਨ ਤਾਂ ਪੰਜਾਬ ਅਤੇ ਇਸਦੀ ਜਗਤ-ਪ੍ਰਸਿਧ ਸਿੱਖ ਕੌਮ ਆਪਣਾ ਕੇਸਰੀ ਝੰਡਾ ਸੰਸਾਰ ਮੰਚ ਤੇ ਕਿਉਂ ਨਹੀਂ ਖੜਾ ਕਰ ਸਕਦੀ? ਸਾਰੇ ਛੋਟੇ ਛੋਟੇ ਮੁਲਕਾਂ ਦਾ ਵੇਰਵਾ ਦੇਣ ਦੀ ਥਾਂ ਮੈਂ ਕੁਝ ਚੋਣਵੇਂ ਮਸ਼ਹੂਰ ਮੁਲਕਾਂ ਦਾ ਨਾਂ ਤੇ ਅਕਾਰ ਦੇਕੇ ਮਿਸਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਮੁਲਕ	ਰਕਬਾ ਸੁ.ਕਿਲੋਮੀਟਰ	ਮੁਲਕ	ਰਕਬਾ ਸੁ.ਕਿਲੋਮੀਟਰ
ਪੰਜਾਬ	50-362	ਬੈਲਜ਼ੀਅਮ	30-518
ਅਲਬਾਨੀਆ	28-748	ਬੀਲਿਜ਼	22-963
ਐਟਗੁਅ ਤੇ ਬਰਬੂਡਾ	00-442	ਬਰਮੂਡਾ	05-303
ਬਹਾਮਾਜ਼	13864	ਪੁਆਲ	46-500
ਬਾਰਬੇਡੋਜ਼	00-430	ਤਈਵਾਲ	36-179

ਮੁਲਕ	ਰਕਬਾ ਸੁ.ਕਿਲੋਮੀਟਰ	ਮੁਲਕ	ਰਕਬਾ ਸੁ.ਕਿਲੋਮੀਟਰ
ਸਾਈਪਰਸ	09-251	ਕੁਵੈਤ	20-150
ਡੈਨਮਾਰਕ	43-075	ਸਿੰਗਾਪੁਰ	00-616
ਪੁਰਤਗਾਲ	35-516	ਨੀਦਰਲੈਂਡ	36-175
ਸੀਰੀਆ	35-000	ਸਵਿਟਜ਼ਰਲੈਂਡ	41-288
ਫ਼ੀਜੀ	18-272	ਜਮਐਕਾ	11-424
ਇਜ਼ਰਾਈਲ	20-692	ਐਲਸਲਵਾਡੋਰ	21-393

ਸੰਸਾਰ ਵਿਚ 165 ਅਜ਼ਾਦ ਮੁਲਕ ਹਨ ਜਿਨ੍ਹਾਂ ਵਿਚੋਂ 129 ਮੁਲਕਾਂ ਦੀ ਵੱਸੋਂ ਨਾਲੋਂ ਪੰਜਾਬ ਦੀ ਵੱਸੋਂ ਜ਼ਿਆਦਾ ਹੈ। ਵੱਸੋਂ ਦੀ ਕਸਵੱਟੀ ਉਤੇ ਪੰਜਾਬ ਪੂਰਾ ਉਤਰਦਾ ਹੈ। ਇਸ ਦੀ ਵੱਸੋਂ ਅੰਦਰ ਜਿਹੜੇ ਵਿਸ਼ੇਸ਼ ਗੁਣ ਹਨ ਉਹ ਸ਼ਾਇਦ ਹੀ ਦੁਨੀਆ ਦੀ ਕਿਸੇ ਹੋਰ ਕੌਮ ਵਿਚ ਹੋਣ। ਇਨ੍ਹਾਂ ਦੀ ਮਹਿਨਤ ਦੇ ਕਾਰਨਾਮੇ ਸਾਡੇ ਸਾਹਮਣੇ ਹਨ। ਯੂ.ਪੀ. ਦੇ ਜੰਗਲਾਂ ਨੂੰ ਬਹਾਰਾਂ ਵਿਚ ਬਦਲਣ ਅਤੇ ਰਾਜਿਸਥਾਨ ਦੇ ਥਲਾਂ ਵਿਚੋਂ ਫ਼ਸਲਾਂ ਦੇ ਝਾੜ ਕੱਢ ਮਾਰਨੇ ਇਸ ਪੰਜਾਬ ਦੇ ਸਿੱਖ ਕਿਸਾਨ ਦੇ ਹਿੱਸੇ ਹੀ ਆਇਆ ਹੈ। ਪੰਜਾਬ ਹੀ ਤਾਂ ਭਾਰਤ ਦਾ ਅੰਨਦਾਤਾ ਬਣਿਆ ਹੋਇਆ ਹੈ। ਸਾਰੇ ਮੁਲਕਾਂ ਦੇ ਨਾਂ ਦੇਣ ਦੀ ਥਾਂ ਕੁਝ ਮੁਲਕਾਂ ਦਾ ਨਾ ਤੇ ਵੱਸੋਂ ਮਿਸਾਲ ਵਜੋਂ ਦਿਤੀ ਜਾਂਦੀ ਹੈ:

ਮੁਲਕ	ਵਸੋਂ ਮਿਲੀਅਨ ਵਿਚ	ਮੁਲਕ	ਵਸੋਂ ਮਿਲੀਅਨ ਵਿਚ
ਪੰਜਾਬ	18-00	ਹੰਗਰੀ	10-06
ਅੰਗੋਲਾ	09-39	ਇਰਾਕ	17-06
ਅਸਟਰੇਲੀਆ	16-25	ਆਇਰਲੈਂਡ	03-54
ਅਸਟਰੀਆ	07-58	ਇਜ਼ਰਾਇਲ	04-44
ਬੈਲੀਅਮ	09-88	ਜਮੈਕਾ	02-03
ਬਲਗਾਰੀਆ	08-97	ਕੁਵੈਤ	01-96
ਚਿੱਲੀ	12-68	ਲਿਬੀਆ	03-96
ਕਿਊਬਾ	10-24	ਨਿਪਾਲ	16-63
ਡੈਨਮਾਰਕ	05-13	ਨਿਊਜ਼ੀਲੈਂਡ	03-03
ਫਿਨਲੈਂਡ	04-94	ਪੁਰਤਗਾਲ	10-29
ਜਰਮਨ ਡੈ. ਰੀ.	16-06	ਸਿੰਗਾਪੁਰ	02-61
ਗਰੀਸ	09-99	ਸਾਊਦੀ ਅਰੇਬੀਆ	11-52

ਜੇ ਵਰਤਮਾਨ ਪੰਜਾਬ ਇਨ੍ਹਾਂ ਅੰਕੜਿਆਂ ਅਨੁਸਾਰ ਇਤਨਾ ਸ਼ਾਨਦਾਰ ਤੇ ਮਜ਼ਬੂਤ ਅਜ਼ਾਦ ਮੁਲਕ ਬਣ ਸਕਣ ਦੇ ਯੋਗ ਹੈ ਤਾਂ ਇਹ ਉਦੋਂ ਤਾਂ ਹੋਰ ਵੀ ਜ਼ਿਆਦਾ ਮਜ਼ਬੂਤ ਤੇ ਕਾਮਯਾਬ ਮੁਲਕ ਬਣ ਸਕੇਗਾ ਜਦ ਇਸਨੂੰ ਇਸਦੇ ਖੋਹੇ ਗਏ ਪੰਜਾਬੀ ਬੋਲਦੇ ਇਲਾਕੇ ਵਾਪਸ ਮਿਲ ਜਾਣਗੇ।

ਸਾਰੇ ਭਾਰਤ ਵਿਚ ਕੋਈ ਵੀ ਪ੍ਰਾਂਤ ਪੰਜਾਬ ਦੇ ਮਿਹਨਤੀ ਤੇ ਸਿਰੜੀ ਕਿਸਾਨਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਸਾਰੇ ਭਾਰਤ ਨਾਲੋਂ ਸਿਹਤਮੰਦ ਪੰਜਾਬੀ ਹਨ। ਪੰਜਾਬ ਦਾ ਜੀਵਨ ਪਧਰ ਸਾਰੇ ਭਾਰਤ

ਨਾਲੋਂ ਉੱਚਾ ਹੈ। ਭਾਵੇਂ ਇਥੋਂ ਦੇ ਸਿਖਾਂ ਨੂੰ ਗੁਲਾਮੀ ਦੀਆਂ ਬੇੜੀਆਂ ਪਾਈਆਂ ਹੋਈਆਂ ਹਨ ਫਿਰ ਵੀ ਸਾਰੇ ਭਾਰਤ ਨਾਲੋਂ ਪ੍ਰਤੀ ਜੀਅ ਆਮਦਨ ਪੰਜਾਬ ਦੀ ਜ਼ਿਆਦਾ ਹੈ। ਕਰਾਮਾਤਾਂ ਹੋਣਗੀਆਂ ਉਦੋਂ ਜਦੋਂ ਇਨ੍ਹਾਂ ਦੀਆਂ ਗੁਲਾਮੀ ਦੀਆਂ ਬੇੜੀਆਂ ਟੁੱਟਣਗੀਆਂ।

ਆਪਣੀਆਂ ਛਾਤੀਆਂ ਨਾਲ ਬੰਬ ਬੰਨ੍ਹਕੇ ਲੜਾਈਆਂ ਲੜ ਕੇ ਹਿੰਦੁਸਤਾਨ ਨੂੰ ਜੇਤੂ ਬਨਾਣ ਵਾਲੇ ਸਿਖ ਹਨ। ਸਿਖਾਂ ਦੀ ਬਹਾਦਰੀ ਦੀਆਂ ਧਾਕਾਂ ਤਾਂ ਲੰਡਨ ਤੱਕ ਪਈਆਂ ਹੋਈਆਂ ਹਨ।

ਭਾਰਤ ਤਾਂ ਅਕ੍ਰਿਤਘਣ ਹੈ। ਸਿਖਾਂ ਵਰਗੀ ਕੌਮ ਦਾ ਮੁੱਲ ਤਾਂ ਕੀ ਪਾਣਾ ਸੀ ਸਗੋਂ ਇਸਨੂੰ ਖਤਮ ਕਰਨ ਦੇ ਬਾਨ੍ਹਣੂ ਬੰਨ੍ਹਦਾ ਰਿਹਾ। ਸਿਖਾਂ ਵਰਗੀ ਕੌਮ ਜਿਸ ਨੇ ਹਮੇਸ਼ਾ ਹਿੰਦੂਆਂ ਦੀ ਆਪਣੀਆਂ ਜਾਨਾਂ ਵਾਰ ਕੇ ਸਹਾਇਤਾ ਕੀਤੀ ਹੈ, ਨੂੰ ਮਾਰਨਾ ਤੇ ਖਤਮ ਕਰਨਾ ਮੂਰਖਤਾ ਨਹੀਂ ਤਾਂ ਹੋਰ ਕੀ ਹੈ? ਇਨ੍ਹਾਂ ਸਾਰੇ ਗੁਣਾਂ ਦੇ ਹੁੰਦਿਆਂ ਖਾਲਿਸਤਾਨ ਇਕ ਸ਼ਾਨਦਾਰ ਮੁਲਕ ਬਣ ਸਕਦਾ ਹੈ।

ਸੰਸਾਰ ਦੇ 64 ਸੁਤੰਤਰ ਮੁਲਕਾਂ ਨਾਲੋਂ ਵੱਧ ਰਕਬੇ ਵਾਲਾ, 129 ਅਜ਼ਾਦ ਮੁਲਕਾਂ ਨਾਲੋਂ ਵੱਧ ਵਸੋਂ ਵਾਲਾ, ਭਾਰਤ ਦੇ ਅੱਠ ਪ੍ਰਾਂਤਾਂ ਨਾਲੋਂ ਵੱਧ ਰਕਬੇ ਵਾਲਾ ਅਤੇ ਸਭ ਤੋਂ ਵੱਧ ਮਿਹਨਤੀ ਤੇ ਬਹਾਦਰ ਸਿਖਾਂ ਦਾ ਪੰਜਾਬ ਇਕ ਅਜ਼ਾਦ ਮੁਲਕ ਖਾਲਿਸਤਾਨ ਕਿਉਂ ਨਹੀਂ ਬਣ ਸਕਦਾ? ਖਾਲਿਸਤਾਨ ਬਣਨ ਵਿਚ ਨਾ ਕੇਵਲ ਹਿੰਦੁਸਤਾਨ ਦੀ ਭਲਾਈ ਹੈ ਸਗੋਂ ਪਾਕਿਸਤਾਨ ਦੀ ਵੀ।

ਅੱਜ ਦੀ ਦੁਨੀਆ ਵਿਗਿਆਨਕ ਤੌਰ ਤੇ ਬਹੁਤ ਉਨਤੀ ਕਰ ਗਈ ਹੈ। ਮਨੁੱਖ ਦੀ ਹਰ ਲੋੜ ਨੂੰ ਪੂਰਾ ਕਰਨ ਲਈ ਸਾਧਨ ਬਣ ਚੁੱਕੇ ਹਨ ਅਤੇ ਬਣ ਰਹੇ ਹਨ। ਸਮੁੰਦਰ ਦੇ ਘਾਟੇ ਨੂੰ ਪੂਰਾ ਕਰਨ ਦੀਆਂ ਵੀ ਵਿਧੀਆਂ ਹਨ।

ਹਿੰਦੁਸਤਾਨ ਅਤੇ ਪਾਕਿਸਤਾਨ ਵਿਚਕਾਰ ਖਾਲਿਸਤਾਨ ਇਕ ਨਿਰਪੱਖ ਦੇਸ਼ ਹੋਵੇਗਾ ਜਿਸਦੇ ਦੋਹਾਂ ਮੁਲਕਾਂ ਨਾਲ ਮਿਤਰਤਾ ਦੇ ਸੰਬੰਧ ਹੋਣਗੇ। ਇਸ ਤਰ੍ਹਾਂ ਹਿੰਦੁਸਤਾਨ ਤੇ ਪਾਕਿਸਤਾਨ ਦੀ ਪੁਰਾਣੀ ਦੁਸ਼ਮਣੀ ਤੇ ਖਿਚੋਤਾਣ ਵੀ ਖਤਮ ਹੋ ਜਾਵੇਗੀ ਅਤੇ ਆਪਣੇ ਆਪ ਵਿਚ ਦੋਵੇਂ ਸੁਰਖਿਅਤ ਮਹਿਸੂਸ ਕਰਨਗੇ।

ਸਿਖਾਂ ਦੇ ਪਵਿੱਤਰ ਗੁਰਦਵਾਰੇ ਪਾਕਿਸਤਾਨ ਵਿਚ ਵੀ ਹਨ ਅਤੇ ਹਿੰਦੁਸਤਾਨ ਵਿਚ ਵੀ। ਅਸਾਂ ਦੋਹਾਂ ਦੇਸ਼ਾਂ ਤੋਂ ਮਾਲ ਖਰੀਦਣਾ ਵੀ ਹੈ ਅਤੇ ਵੇਚਣਾ ਵੀ ਜਿਸ ਕਰਕੇ ਅਸੀਂ ਦੋਹਾਂ ਦੇਸ਼ਾਂ ਨਾਲ ਹਮੇਸ਼ਾਂ ਚੰਗੇ ਮਿਤਰਤਾਨਾ ਸੰਬੰਧ ਰਖਣ ਦੀ ਨੀਤੀ ਰਖਣੀ ਹੈ ਜਿਸ ਨਾਲ ਅਮਨ ਤੇ ਸ਼ਾਂਤੀ ਵਧੇਗੀ।

ਆਪਣਾ ਸਮੁੰਦਰੀ ਤਟ ਨਾ ਹੋਣ ਕਾਰਨ ਮਾਲ ਆਪਣੇ ਮੁਲਕ ਵਿਚ ਲਿਆਉਣ ਅਤੇ ਬਾਹਰ ਭੇਜਣ ਵਾਸਤੇ ਖਾਲਿਸਤਾਨ ਦੋਹਾਂ ਮੁਲਕਾਂ ਦੀਆਂ ਸੇਵਾਵਾਂ ਲੈਣ ਦੀ ਕੋਸ਼ਿਸ਼ ਕਰੇਗਾ। ਸਮੁੰਦਰ ਤੋਂ ਸਾਡੇ ਮੁਲਕ ਤੱਕ ਅਤੇ ਸਾਡੇ ਮੁਲਕ ਤੋਂ ਸਮੁੰਦਰ ਤੱਕ ਜਿਸ ਮੁਲਕ ਦੀਆਂ ਰੇਲਵੇ ਸੇਵਾਵਾਂ ਵਧੇਰੇ ਚੰਗੀਆਂ ਹੋਣਗੀਆਂ ਉਸਨੂੰ ਇਨ੍ਹਾਂ ਸੇਵਾਵਾਂ ਦਾ ਵਪਾਰਕ ਲਾਭ ਦਿੱਤਾ ਜਾਵੇਗਾ।

ਖਾਲਿਸਤਾਨ ਨੂੰ ਆਪਣੇ ਦੋਹਾਂ ਗਵਾਂਢੀ ਦੇਸ਼ਾਂ ਤੋਂ ਕੱਚਾ ਮਾਲ ਖਰੀਦਣਾ ਤੇ ਵੇਚਣਾ ਪਵੇਗਾ; ਜੋ ਇਸਦੇ ਕੋਲ ਹੈ ਗਵਾਂਢੀ ਦੇਸ਼ਾਂ ਕੋਲ ਨਹੀਂ ਅਤੇ ਜੋ ਗਵਾਂਢੀ ਦੇਸ਼ਾਂ ਕੋਲ ਹੈ ਇਸ ਕੋਲ ਨਹੀਂ। ਇਸ ਤਰ੍ਹਾਂ ਇਕ ਦੂਜੇ ਤੇ ਨਿਰਭਰਤਾ ਵੀ ਚੰਗੇ ਸੰਬੰਧਾਂ ਦੀ ਗਰੰਟੀ ਬਣੇਗੀ। ਇਸ ਤਰ੍ਹਾਂ ਖਾਲਿਸਤਾਨ ਨਾ ਕੇਵਲ ਇਕ ਚੰਗਾ ਮੁਲਕ ਬਣਨ ਯੋਗ ਹੈ ਸਗੋਂ ਇਸਦਾ ਬਣਨਾ ਲਾਜ਼ਮੀ ਵੀ ਹੈ।

ਖਾਲਿਸਤਾਨ ਕੋਲ ਕੀ ਨਹੀਂ ਹੈ? ਸ਼ਾਨਦਾਰ ਉਪਜਾਊ ਧਰਤੀ ਹੈ। ਪਾਣੀ ਹੈ ਅਤੇ ਬਿਜਲੀ ਹੈ। ਧਰਤੀ ਦਾ ਚੱਪਾ ਚੱਪਾ ਸਿੰਚਣ ਦਾ ਸ਼ਾਨਦਾਰ ਪ੍ਰਬੰਧ ਹੈ। ਇਸਦੇ ਕਿਰਤੀ ਤੇ ਕਾਮੇ ਲੋਕ ਮਿਹਨਤੀ,

ਸਿਰੜੀ ਅਤੇ ਕਰਾਮਾਤਾਂ ਕਰ ਵਿਖਾਉਣ ਵਾਲੀਆਂ ਸ਼ਕਤੀਆਂ ਰਖਦੇ ਹਨ। ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ ਇਨ੍ਹਾਂ ਧਰਮੀਆਂ ਦਾ ਸਾਧਾਰਨ ਜੀਵਨ ਹੈ ਪਰ ਇਹ ਬੇੜੀਆਂ ਵਿਚ ਜਕੜੇ ਪਏ ਹਨ। ਇਨ੍ਹਾਂ ਦੇ ਆਪਣੇ ਹੀ ਸੁਆਰਥੀ ਲੀਡਰਾਂ ਨੇ ਵਜ਼ੀਰੀਆਂ ਬਦਲੇ ਇਨ੍ਹਾਂ ਨੂੰ ਗੁਲਾਮੀ ਦੀਆਂ ਬੇੜੀਆਂ ਪੁਆ ਦਿੱਤੀਆਂ।

ਗੁਲਾਮੀ ਦੀਆਂ ਬੇੜੀਆਂ ਟੁੱਟਣ ਦੀ ਦੇਰ ਹੈ ਕਿ ਇਨ੍ਹਾਂ ਮਿਹਨਤੀ ਕਾਮਿਆਂ ਜਾਪਾਨ ਵਾਂਗ ਪੰਜਾਬ ਦੇ ਹਰ ਘਰ ਨੂੰ ਛੋਟੀ ਸਨਅਤ ਦਾ ਇਕ ਅਦਾਰਾ ਬਣਾਕੇ ਰਖ ਦੇਣਾ ਹੈ ਅਤੇ ਖੇਤੀ ਤੇ ਸਨਅਤ ਨੇ ਇਕਸੁਰਤਾ ਨਾਲ ਪੰਜਾਬ ਨੂੰ ਮਾਲਾਮਾਲ ਕਰ ਦੇਣਾ ਹੈ।

ਉਂਜ ਵੀ ਸਾਰੇ ਭਾਰਤ ਵਿਚ ਗੁਲਾਮੀ ਦਾ ਜੀਵਨ ਬਤੀਤ ਕਰਨ ਅਤੇ ਦੂਜੇ ਦਰਜੇ ਦਾ ਸ਼ਹਿਰੀ ਬਣਨ ਨਾਲੋਂ ਆਪਣੇ ਨਿਕੇ ਜੇਹੇ ਪੰਜਾਬ ਵਿਚ ਅਜ਼ਾਦੀ ਨਾਲ ਰਹਿਣਾ ਸੌ ਦਰਜੇ ਚੰਗਾ ਹੈ ਜਿਥੇ ਨਾ ਤਾਂ ਸਾਡੇ ਪਵਿੱਤਰ ਗੁਰਦਵਾਰਿਆਂ ਵਲ ਕੋਈ ਭੈੜੀ ਨਜ਼ਰ ਨਾਲ ਵੇਖ ਸਕੇਗਾ ਅਤੇ ਨਾਹੀ ਕਿਸੇ ਮਸਜਿਦ ਜਾਂ ਮੰਦਰ ਵਲ, ਜਿਥੇ ਇਸਤਰੀ ਜਾਤੀ ਦਾ ਪੂਰਨ ਸਤਕਾਰ ਬਹਾਲ ਕੀਤਾ ਜਾਵੇਗਾ, ਸਿਖ ਰਵਾਇਤਾਂ ਅਨੁਸਾਰ ਹਰ ਇਸਤਰੀ ਨੂੰ ਪੂਰਨ ਸਤਕਾਰ ਮਿਲੇਗਾ ਅਤੇ ਖਾਲਸੇ ਦਾ ਕੇਸਰੀ ਨਿਸ਼ਾਨ ਹਰ ਇਕ ਦੀ ਜਾਨ ਦੀ ਰਾਖੀ ਦਾ ਜ਼ਾਮਨ ਹੋਵੇਗਾ।

ਪੰਜਾਬ ਕੋਲ ਆਪਣੀ ਮਿਠੀ ਬੋਲੀ ਹੈ, ਆਪਣਾ ਉਪਜਾਊ ਇਲਾਕਾ ਹੈ ਅਤੇ ਸ਼ਾਨਦਾਰ ਸਭਿਆਚਾਰ ਹੈ। ਸ਼ਾਨਦਾਰ ਸਿਖੀ ਰਵਾਇਤਾਂ ਹਨ। ਸੱਚੇ ਤੇ ਸੁੱਚੇ ਧਰਮੀ ਬੰਦੇ ਹਨ। ਦੂਜਿਆਂ ਦੇ ਹੱਕਾਂ ਦੀ ਰਾਖੀ ਲਈ ਆਪਣੀ ਜਾਨ ਵਾਰ ਦੇਣਾ ਇਹ ਫਖਰ ਸਮਝਦੇ ਹਨ। ਕਿਹੜੇ ਮੁਲਕ ਵਿਚ ਅਜੇਹੇ ਗੁਣ ਹਨ?

ਪੰਜਾਬ ਖਾਲਿਸਤਾਨ ਬਣਨ ਦੇ ਯੋਗ ਸਭ ਤੋਂ ਵੱਧ ਇਸ ਕਰਕੇ ਵੀ ਹੈ ਕਿ ਇਸ ਕੋਲ ਸੰਸਾਰ ਦਾ ਆਧੁਨਿਕ ਧਾਰਮਕ ਸਿਧਾਂਤ, ਅਸਲੀ ਜਮਹੂਰੀਅਤ ਦੀ ਵਿਚਾਰਧਾਰਾ ਅਤੇ ਸ਼ਾਨਦਾਰ ਸਿੱਖ ਰਵਾਇਤਾਂ ਆਦਿ ਸਭ ਕੁਝ ਅਣਵਰਤਿਆ ਪਿਆ ਹੋਇਆ ਹੈ। ਮ: ਰਣਜੀਤ ਸਿੰਘ ਨੇ ਪਹਿਲਾਂ ਪੰਜਾਬੀ ਰਾਜ ਤਾਂ ਜ਼ਰੂਰ ਕਾਇਮ ਕੀਤਾ ਸੀ ਪਰੰਤੂ ਉਸਨੇ ਆਪਣੇ ਇਕ-ਪੁਰਖੀ ਰਾਜ ਦੀ ਵਾਗਡੋਰ ਪੰਜ ਪਿਆਰਿਆਂ (ਬਹੁ-ਪੁਰਖੀ ਰਾਜ) ਦੇ ਹੱਥਾਂ ਵਿਚ ਦੇਣ ਦੀ ਥਾਂ ਡੋਗਰਿਆਂ ਦੇ ਹੱਥ ਵਿਚ ਫੜਾਈ ਜਿਨ੍ਹਾਂ ਵਿਸਾਹਘਾਤ ਕਰਕੇ ਬੇਦਰਦੀ ਨਾਲ ਉਸਦਾ ਖਾਤਮਾ ਕੀਤਾ।

ਖਾਲਸੇ ਦੀ ਅਸਲੀ ਜਮਹੂਰੀਅਤ ਦੀਆਂ ਸ਼ਾਨਦਾਰ ਰਵਾਇਤਾਂ ਖਾਲਿਸਤਾਨ ਵਿਚ ਰਾਇਜ ਕਰਕੇ ਭਾਰਤੀ ਕਾਤਲਾਂ ਦੀਆਂ ਅੱਖਾਂ ਖੋਲ੍ਹਣੀਆਂ ਹਨ ਅਤੇ ਸੰਸਾਰ ਵਿਚ ਇਕ ਨਵੇਕਲੇ ਰਾਜ ਦੀ ਮਿਸਾਲ ਕਾਇਮ ਕਰਨੀ ਹੈ ਜਿਥੇ ਫਰੇਬੀ, ਚਾਲਾਕ, ਸੁਆਰਥੀ ਅਤੇ ਧਨਾਢ ਲੋਕਾਂ ਦੀ ਥਾਂ ਉਚ ਸਦਾਚਾਰਕ ਜੀਵਨ ਵਾਲੇ ਰਾਜ ਪ੍ਰਬੰਧ ਦਾ ਕੰਮ ਚਲਾਉਣਗੇ ਕਿਉਂਕਿ ਧਰਮ-ਰਹਿਤ ਨੀਤੀ ਸਦਾਚਾਰ ਦੇ ਸਾਰੇ ਅਸੂਲਾਂ ਨੂੰ ਮਧੋਲ ਕੇ ਰੱਖ ਦਿੰਦੀ ਹੈ।

ਖਾਲਿਸਤਾਨ ਵਿਚ ਰਾਜ-ਪ੍ਰਬੰਧਕ (ਰਾਜਾ) ਪਿਤਾ ਪੁਰਖੀ ਜਾਂ ਆਪਣੀਆਂ ਸਿਆਸੀ ਚਤੁਰਾਈਆਂ ਕਾਰਨ ਨਹੀਂ ਬਣ ਸਕੇਗਾ ਸਗੋਂ ਆਪਣੇ ਸਦਾਚਾਰਕ ਗੁਣਾਂ ਅਤੇ ਪੰਚਾਇਤ (ਬਹੁਗਿਣਤੀ) ਦੇ ਸਤਕਾਰ ਕਰਨ ਕਰਕੇ ਜਿਵੇਂ ਕਿ ਗੁਰਬਾਣੀ ਸਿਖ ਰਾਜ ਸੰਕਲਪ ਵਲ ਸੰਕੇਤ ਕਰਦੀ ਹੈ:

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ

ਮਾਰੂ ਮ: ੨, ਗੁਰੂ ਗ੍ਰੰਥ ਸਾਹਿਬ

ਤਖਤਿ ਬਹੈ ਤਖਤੈ ਕੀ ਲਾਇਕ। ਪੰਚ ਸਮਾਏ ਗੁਰਮਤਿ ਪਾਇਕ।

ਮਾਰੂ ਸੋਹਲੇ ਮ: ੫, ਗੁਰੂ ਗ੍ਰੰਥ ਸਾਹਿਬ

ਪੰਦਰਵੀਂ ਸਦੀ ਦੇ ਅਖੀਰ ਵਿਚ ਹਜ਼ਾਰਾਂ ਸਾਲਾਂ ਦੀ ਦੱਬੀ-ਕੁਚਲੀ ਇਸਤਰੀ ਨੂੰ ਘਿਰਣਾ ਦੇ ਪਹਾੜਾਂ ਥਲਿਓਂ ਕਢਕੇ ਸਮਾਜ ਵਿਚ ਆਦਰਨੀ ਅਸਥਾਨ ਦੇਣ ਵਾਲੇ ਸਿਖ ਧਰਮ ਦਾ ਹੇਠ ਲਿਖਿਆ ਸਦਾਚਾਰਕ ਸੰਕਲਪ ਲਾਗੂ ਕੀਤਾ ਜਾਵੇਗਾ:

ਪਰ ਨਾਰੀ ਧੀ ਭੈਣ ਵਖਾਣੈ

'ਸਰਬਤ ਦਾ ਭਲਾ' ਅਤੇ 'ਸਭੇ ਸਾਂਝੀਵਾਲ ਸਦਾਇਨਿ' ਵਾਲੇ ਸਿਖ ਰਾਜ ਦੇ ਸੰਕਲਪ ਹੀ ਸਾਰੀ ਮਨੁਖਤਾ ਨੂੰ ਅਜੇਹੇ ਆਦਰਸ਼ਕ ਸਿਧਾਂਤ ਦੇ ਸਕਣ ਦਾ ਮਾਣ ਲੈ ਸਕਦੇ ਹਨ ਜਿਸ ਵਿਚ ਹਿਦੂ, ਸਿਖ, ਮੁਸਲਮਾਨ ਤੇ ਈਸਾਈ ਸਭ ਦਾ ਭਲਾ ਚਿਤਵਿਆ ਜਾਵੇਗਾ।

ਸਰਬ ਸੰਸਾਰ ਲਈ ਸ਼ੁਭਇੱਛਕ ਹੋ ਕੇ ਰਬ ਕੋਲੋਂ ਵੈਰ-ਵਿਰੋਧ ਦੀ ਅੱਗ ਵਿਚ ਜਲ ਰਹੀ ਮਨੁਖਤਾ ਦੀ ਸ਼ਾਂਤੀ ਵਾਸਤੇ ਅਰਦਾਸ ਕਰਨੀ ਵੀ ਸਿਖ ਰਾਜ ਦੇ ਸੰਕਲਪ ਦੀ ਹੀ ਦੇਣ ਹੈ।

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।

ਸਾਰੀ ਖਲਕਤ ਦੀ ਭਲਾਈ ਮੰਗਣੀ ਅਤੇ ਉਸਦੀ (ਸਮਾਜ) ਸੇਵਾ ਕਰਨ ਦਾ ਸਿਧਾਂਤ ਵੀ ਸਿੱਖ ਰਾਜ ਦੇ ਸੰਕਲਪ ਦਾ ਹੀ ਅੰਗ ਹੈ। ਰਬ ਦੇ ਬੰਦਿਆਂ ਦੀ ਭਲਾਈ ਤੋਂ ਸੰਕੋਚ ਕਰਨਾ ਖ਼ੁਦਗਰਜ਼ੀ ਹੈ। ਕਿਉਂਕਿ ਸਾਰੀ ਖਲਕਤ ਦੀ ਹਥੀਂ ਸੇਵਾ ਨਹੀਂ ਕੀਤੀ ਜਾ ਸਕਦੀ ਇਸ ਲਈ ਸਰਬਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ ਅਤੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਰਬ ਦੀ ਦਰਗਾਹ ਵਿਚ ਪ੍ਰਵਾਨ ਤਦ ਹੀ ਚੜਨਾ ਹੈ ਜੇ ਰਬ ਦੇ ਬੰਦਿਆਂ (ਸਮਾਜ ਸੇਵਾ) ਦੀ ਸੇਵਾ ਕੀਤੀ ਜਾਵੇ।

ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ।

ਸ੍ਰੀ ਰਾਗ ਮ: ੨, ਗੁਰੂ ਗ੍ਰੰਥ ਸਾਹਿਬ

ਸਭ ਦਾ ਭਲਾ ਮੰਗਣ ਵਾਲਾ ਅਤੇ ਕਿਸੇ ਦਾ ਬੁਰਾ ਨਾ ਸੋਚਣ ਵਾਲਾ ਹੀ ਇਕ ਆਦਰਸ਼ਕ ਅਤੇ ਸਦਾਚਾਰਕ ਰਾਜ-ਪ੍ਰਬੰਧਕ ਬਣ ਸਕਦਾ ਹੈ ਜਿਸਨੂੰ ਆਪਣੇ ਗੁਰੂ ਦਾ ਇਹ ਆਦੇਸ਼ ਹੈ:

ਪਰ ਕਾ ਬੁਰਾ ਨ ਰਾਖਹੁ ਚੀਤ।

ਇਹ ਸਨ ਕੁਝ ਵਿਸ਼ੇਸ਼ ਅਤੇ ਨਵੇਕਲੇ ਸਿਖ ਰਾਜ ਦੇ ਸੰਕਲਪ ਜਿਹੜੇ ਖਾਲਿਸਤਾਨ ਨੂੰ ਇਕ ਆਦਰਸ਼ਕ ਅਜ਼ਾਦ ਮੁਲਕ ਬਣ ਸਕਣ ਦੇ ਯੋਗ ਬਣਾਉਂਦੇ ਹਨ।

ਖਾਲਿਸਤਾਨ ਦੀ ਰਾਜ-ਪ੍ਰਬੰਧ ਪ੍ਰਣਾਲੀ ਦੀ ਰੂਪ-ਰੇਖਾ ਤਾਂ ਪਾਠਕਾਂ ਨੇ ਪੜ੍ਹ ਲਈ ਹੈ। ਹੁਣ ਆਓ ਅਸੀਂ ਭਾਰਤੀ ਕਾਂਗਰਸ ਦੀ ਰਾਜਨੀਤੀ ਤੇ ਵੀ ਇਕ ਝਾਤ ਮਾਰੀਏ।

ਹਿਦੂ ਕਾਂਗਰਸ ਦੀ ਸਿਖ ਮਾਰੂ-ਨੀਤੀ ਸੰਬੰਧੀ ਤਾਂ ਅਸੀਂ ਕਾਫ਼ੀ ਵਿਚਾਰ ਕੀਤੀ ਹੈ ਪਰੰਤੂ ਇਸਦੀ ਆਮ ਲੋਕਾਂ ਪ੍ਰਤੀ ਰਾਜਨੀਤਕ ਨੀਤੀ ਤੇ ਘਟ ਹੀ ਵਿਚਾਰ ਕੀਤਾ ਹੈ। ਇਸ ਸੰਬੰਧ ਵਿਚ ਮੈਂ ਆਪਣੇ ਕੋਲੋਂ ਕੁਝ ਲਿਖਣ ਦੀ ਥਾਂ ਪੰਜਾਬ ਕਾਂਗਰਸ ਦੇ ਸਾਬਕਾ ਗ੍ਰਹਿ ਮੰਤਰੀ ਤੇ ਪੰਜਾਬ ਕਾਂਗਰਸ (ਆਈ) ਦੇ ਡਿਪਟੀ ਲੀਡਰ ਪੰਡਤ ਮੋਹਣ ਲਾਲ ਦੀ ਲਿਖੀ ਕਿਤਾਬ 'ਹਸ਼ਰ ਪੰਜਾਬ ਦਾ' ਵਿਚੋਂ ਇਕ ਟੂਕ ਦੇਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਪਾਠਕ ਜਨ ਇਨ੍ਹਾਂ ਦੀ ਜਮਹੂਰੀਅਤ ਦਾ ਦੂਜਾ ਪਾਸਾ ਵੀ ਵੇਖ

ਸਕਣ।

ਜਿਥੋਂ ਤੱਕ ਪੰਜਾਬ ਕਾਂਗਰਸ ਦਾ ਸੰਬੰਧ ਹੈ ਉਸਨੇ ਪੰਜਾਬ ਨਾਲ ਹਰ ਪੱਖੋਂ ਗ਼ਦਾਰੀ ਤੇ ਵਿਸਾਹਘਾਤ ਹੀ ਕੀਤਾ ਹੈ। ਇਨ੍ਹਾਂ ਗ਼ਦਾਰਾਂ ਪੰਜਾਬ ਦਾ ਜੋ ਹਸ਼ਰ ਕੀਤਾ ਹੈ ਉਹ ਤਾਂ ਇਕ ਬਿਲਕੁਲ ਵਖਰਾ ਵਿਸ਼ਾ ਹੈ ਪਰੰਤੂ ਇਥੇ ਪੰਡਤ ਮੋਹਣ ਲਾਲ ਨੇ ਆਪਣੀ ਪੁਸਤਕ ਦੇ ਅਖੀਰ ਵਿਚ ਆਪਣੀ ਜ਼ਿੰਦਗੀ ਦਾ ਨਚੋੜ ਅਤੇ ਕਾਂਗਰਸ ਦੀ ਸਿਆਸਤ ਦਾ ਜੋ ਆਦਰਸ਼ਕ ਨਮੂਨਾ ਪੇਸ਼ ਕੀਤਾ ਹੈ ਉਹ ਪਾਠਕਾਂ ਦੇ ਪੜ੍ਹਨ-ਯੋਗ ਹੈ:

> ਇਹ ਸਿਆਸਤ ਦੀ ਖੇਡ ਸੀ ਤੇ ਸਹੀ ਮਾਮਲਿਆਂ ਵਿਚ ਸਿਆਸਤ ਦੀ ਖੇਡ ਬਹੁਤ ਗੰਦੀ ਖੇਡ ਹੁੰਦੀ ਹੈ। ਛਲ, ਫ਼ਰੇਬ, ਬਦਦਿਆਨਤਦਾਰੀ ਤੇ ਆਪੇ ਨਾਲ ਮੋਹ ਕੁਝ ਅਜੇਹੀਆਂ ਗੱਲਾਂ ਹਨ ਜਿਹੜੀਆਂ ਸਿਆਸਤ ਵਿਚ ਸਫਲ ਹੋਣ ਲਈ ਜ਼ਰੂਰੀ ਹਨ। ਹਰਮਨ ਪਿਆਰੇ ਤੇ ਸਫਲ ਸਿਆਸਤਦਾਨ ਹੋਣ ਲਈ ਹਵਾ ਦੇ ਰੁਖ ਨਾਲ ਬਦਲ ਜਾਣ ਵਾਲਾ ਦਾਅ-ਪੇਚ ਸਭ ਤੋਂ ਵਧੇਰੇ ਉਪਯੋਗੀ ਹੁੰਦਾ ਹੈ।

ਪਾਠਕ ਇਸ ਟੂਕ ਤੋਂ ਅੰਦਾਜ਼ਾ ਲਗਾ ਸਕਦੇ ਹਨ ਕਿ ਕਿਥੇ ਖਾਲਿਸਤਾਨ ਦੀ 'ਸਰਬਤ ਦਾ ਭਲਾ' ਮੰਗਣ ਵਾਲੀ ਸ਼ਾਨਦਾਰ, ਆਦਰਸ਼ਕ ਤੇ ਨਿਆਂਕਾਰੀ ਰਾਜਪ੍ਰਬੰਧ ਪ੍ਰਣਾਲੀ ਅਤੇ ਕਿਥੇ ਝੂਠ, ਫ਼ਰੇਬ ਤੇ ਬਦਦਿਆਨਤਦਾਰੀ ਵਾਲੀ ਰਾਜਪ੍ਰਬੰਧ ਪ੍ਰਣਾਲੀ! ਨਿਰਸੰਦੇਹ ਖਾਲਿਸਤਾਨ ਸੰਸਾਰ ਦਾ ਇਕ ਸ਼ਾਨਦਾਰ ਮੁਲਕ ਬਣ ਸਕਣ ਦੇ ਯੋਗ ਹੈ ਜਿਸ ਵਿਚ ਇਕ ਆਦਰਸ਼ਕ ਰਾਜ-ਪ੍ਰਣਾਲੀ ਚੱਲ ਸਕਣ ਦੀਆਂ ਪੂਰੀਆਂ ਪੂਰੀਆਂ ਸੰਭਾਵਨਾਵਾਂ ਹਨ।

ਕਿਹੋ ਜੇਹਾ ਖਾਲਿਸਤਾਨ?

ਖਾਲਸੇ ਨੇ ਸੰਸਾਰ ਵਿਚ 'ਹਲੇਮੀ ਰਾਜ' ਕਾਇਮ ਕਰਨ ਦੀ ਨਵੀਂ ਪਿਰਤ ਪਾਨੀ ਹੈ ਜਿਸਦੇ ਰਾਜਪ੍ਰਬੰਧਕ ਲੋਕ-ਸੇਵਾ ਦੇ ਆਸ਼ੇ ਨਾਲ ਰਾਜ ਪ੍ਰਬੰਧ ਕਰਨਗੇ, ਜਿਸ ਵਿਚ 'ਸਰਬਤ ਦਾ ਭਲਾ' ਮੰਗਿਆ ਜਾਵੇਗਾ, ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ ਮਨੁੱਖੀ ਜੀਵਨ ਦੇ ਆਦਰਸ਼ ਹੋਣਗੇ, ਜਿਥੇ ਕੋਈ ਕਿਸੇ ਨੂੰ ਦੁਖ ਨਹੀਂ ਦੇ ਸਕੇਗਾ ਅਤੇ ਹਰ ਪਾਸੇ ਸ਼ਾਂਤੀ ਦਾ ਵਰਤਾਰਾ ਹੋਵੇਗਾ। ਇਸਤਰੀ ਤੇ ਹੱਥ ਉਠਾਣਾ ਜੁਰਮ ਹੋਵੇਗਾ ਅਤੇ ਕਿਸੇ ਧਰਮ ਵਿਰੁੱਧ ਕੋਈ ਅਧਿਕਾਰੀ ਅਨਿਆਏ ਨਹੀਂ ਕਰ ਸਕੇਗਾ।

ਖਾਲਸੇ ਨੇ ਗੁਰੂ ਨਾਨਕ ਸਾਹਿਬ ਦਾ ਰਾਜ ਕਾਇਮ ਕਰਕੇ ਸੰਸਾਰ ਦੇ ਸਾਹਮਣੇ ਮਿਸਾਲ ਕਾਇਮ ਕਰਨੀ ਹੈ ਜਿਸ ਵਿਚ ਧਨੀ ਮਨੁੱਖ ਨਾਲੋਂ ਸਦਾਚਾਰਕ ਜੀਵਨ ਵਾਲੇ ਮਨੁੱਖ ਦੀ ਵਧੇਰੇ ਕਦਰ ਹੋਵੇਗੀ, ਜਿਸ ਵਿਚ ਨਾ ਕੋਈ ਕਾਫ਼ਰ ਹੋਵੇਗਾ ਤੇ ਨਾਹੀ ਮਲੇਛ, ਨਾਹੀਂ ਕੋਈ ਸ਼ੂਦਰ ਤੇ ਨਾਹੀ ਬ੍ਰਾਹਮਣ ਅਤੇ ਨਾਹੀਂ ਇਸਤਰੀ ਲਈ ਕੋਈ ਬੰਦਸ਼ਾਂ ਹੋਣਗੀਆਂ।

ਸਭੇ ਸਾਂਝੀਵਾਲ ਸਦਾਇਨਿ

ਰਾਜੇ ਤੇ ਰੰਕ ਨੂੰ ਇਕੋ ਥਾਂ ਬੈਠਣਾ ਸਿਖਾਉਣ ਵਾਲੀਆਂ ਸੰਗਤ ਤੇ ਪੰਗਤ ਦੀਆਂ ਅਦੁਤੀ ਸੰਸਥਾਵਾਂ ਰਾਹੀਂ ਖਾਲਸੇ ਨੇ ਊਚ ਨੀਚ ਦੇ ਟੋਏ ਟਿੱਬੇ ਪੱਧਰੇ ਕਰ ਦੇਣੇ ਹਨ।

ਏਕ ਪਿਤਾ ਏਕਸ ਕੇ ਹਮ ਬਾਰਿਕ

ਅਵਲਿ ਅਲਾ ਨੂਰੁ ਉਪਾਇਆ ਕੁਦਰਤ ਕੇ ਸਭ ਬੰਦੇ।

Brotherhood of man ਤੇ Fatherhood of God

ਮਨੁੱਖੀ ਸਮਾਨਤਾ, ਬਰਾਬਰਤਾ ਅਤੇ ਭਰਾਤਰੀ ਭਾਵ ਸਿਖ ਧਰਮ ਦੀਆਂ ਕੜੀਆਂ ਹਨ। ਸਾਰੇ ਮਨੁੱਖ ਇਕੋ ਪਿਤਾ ਦੇ ਬੱਚੇ ਹਨ। ਜਨਮ ਕਰਕੇ ਨਾ ਕੋਈ ਵਧੇਰੇ ਚੰਗਾ ਹੈ ਤੇ ਨਾਹੀ ਮੰਦਾ:

ਨਾਨਕ ਉਤਮੁ ਨੀਚੁ ਨ ਕੋਇ।

ਝਗੜਾ ਉਦੋਂ ਪੈਦਾ ਹੁੰਦਾ ਹੈ ਜਦ ਮਨੁੱਖ ਆਪਣੀ ਚੰਗਿਆਈ ਦੇ ਅਭਿਮਾਨ ਵਿਚ ਆਪਣੇ ਆਪ ਨੂੰ ਚੰਗਾ ਦਰਸਾਣ ਲਈ ਦੂਜੇ ਨੂੰ ਬੁਰਾ ਕਹਿੰਦਾ ਹੈ। ਸਾਡੇ ਗੁਰੂ ਸਾਹਿਬ ਨੇ ਮਨੁੱਖਤਾ ਨੂੰ ਨਵੀਂ ਸੋਚ ਦਿੱਤੀ ਹੈ:

ਹਮ ਨਹੀਂ ਚੰਗੇ ਬੁਰਾ ਨਹੀ ਕੋਇ।

ਗੁਰੂ ਨਾਨਕ ਸਾਹਿਬ ਅਨੁਸਾਰ ਸਿਰਜਨਹਾਰ ਨੂੰ ਸਰਬ ਵਿਆਪਕ ਜਾਣਨ ਦੇ ਅਕੀਦੇ ਵਾਲਾ ਬੁਰਾ-ਭਲਾ ਚਿਤਵ ਹੀ ਨਹੀਂ ਸਕਦਾ:

ਬੁਰਾ ਭਲਾ ਕਹੁ ਕਿਸਨੋ ਕਹੀਐ।

ਗੁਰੂ ਨਾਨਕ ਸਾਹਿਬ ਨੇ ਨੀਵੀਂ ਜਾਤ ਵਾਲੇ ਕਿਰਤੀ ਨੂੰ ਸਤਕਾਰਿਆ ਜਿਹੜਾ ਦੂਜਿਆਂ ਦੀ ਮਿਹਨਤ ਤੇ ਨਹੀਂ ਪਲਦਾ ਅਤੇ ਲੋਕ ਸੇਵਾ ਅਤੇ ਪਰਉਪਕਾਰ ਦੇ ਗੁਣਾਂ ਦੇ ਧਾਰਨੀ ਗਰੀਬ ਲੋਕਾਂ ਨਾਲ ਆਪਣੇ ਆਪ ਨੂੰ ਜੋੜਿਆ:

ਨੀਚਾਂ ਅੰਦਰਿ ਨੀਚ ਜਾਤਿ

ਗੁਰੂ ਸਾਹਿਬ ਨੇ ਅਧਿਆਤਮਕ ਮਾਰਗ ਦੀ ਸਫਲਤਾ ਲਈ ਮਨੁੱਖ ਮਾਤਰ ਦੀ ਸੇਵਾ ਇਸਦੀ ਪਹਿਲੀ ਪਉੜੀ ਦੱਸੀ ਹੈ। ਖੁਦਾ ਦੀ ਦਰਗਾਹ ਵਿਚ ਥਾਂ ਤਾਂ ਹੀ ਮਿਲ ਸਕਦੀ ਹੈ ਜੇ ਪਰਮਾਤਮਾ ਦੇ ਸਿਰਜੇ ਮਨੁੱਖ ਮਾਤਰ ਦੀ ਸੇਵਾ ਕੀਤੀ ਜਾਵੇ:

ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ।

Service of man is the service of God

ਅਸੀਂ ਗੁਰੂ ਨਾਨਕ ਸਾਹਿਬ ਦਾ ਅਜੇਹਾ ਰਾਜ ਕਾਇਮ ਕਰਨਾ ਹੈ ਜਿਥੇ ਦੂਜਿਆਂ ਦੀ ਮਿਹਨਤ ਨੂੰ ਚੋਰੀ ਜਾਂ ਧਿਗੋਜ਼ੋਰੀ ਨਾਲ ਖਾਣ ਵਾਲਾ, ਭਾਵੇਂ ਕਿਸੇ ਵੀ ਜਾਤ ਦਾ ਹੈ, ਬੇਈਮਾਨ ਸਮਝਿਆ ਜਾਵੇਗਾ। ਆਪਣੀ ਕਿਰਤ ਜਿਥੇ ਹਲਾਲ ਹੈ ਉਥੇ ਦੂਜੇ ਦੀ ਕਿਰਤ ਹਰਾਮ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।

ਅਸੀਂ ਸਰਬਤ ਦੇ ਭਲੇ ਦਾ ਰਾਜ ਕਾਇਮ ਕਰਨਾ ਹੈ ਜਿਸ ਨਾਲ ਮਨੁੱਖੀ ਹਿਰਦਾ ਵਿਸ਼ਾਲ ਹੁੰਦਾ ਹੈ। ਜੇ ਸਾਰੇ ਸੰਸਾਰ-ਵਾਸੀ ਸਰਬਤ ਦੇ ਭਲੇ ਦੇ ਧਾਰਨੀ ਬਣ ਜਾਣ ਤਾਂ ਸੰਸਾਰ ਵਿਚ ਲੜਾਈ ਦਾ ਖਤਰਾ ਸਦਾ ਲਈ ਖਤਮ ਹੋ ਜਾਵੇ। ਸਰਬਤ ਦਾ ਭਲਾ ਉਹੋ ਹੀ ਮੰਗ ਸਕਦਾ ਹੈ ਜੋ ਦੂਜੇ ਦਾ ਬੁਰਾ ਨਹੀਂ ਚਿਤਵਦਾ। ਅਜੇਹੇ ਸੁਭਾਅ ਵਾਲਾ ਮਨੁੱਖ ਕਿਸੇ ਦਾ ਬੁਰਾ ਨਾ ਕਰਕੇ ਆਪ ਵੀ ਸੁਖੀ ਤੇ ਜਗਤ ਨੂੰ ਵੀ ਸੁਖੀ ਬਣਾ ਸਕਦਾ ਹੈ:

ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ।

ਜਾਂ

ਪਰ ਕਾ ਬੁਰਾ ਨ ਰਾਖਹੁ ਚੀਤਿ।

ਹੁਣ ਸੁਆਲ ਉਠਦਾ ਹੈ ਕਿ ਖਾਲਸਾ ਰਾਜ ਦੀਆਂ ਸਿਧਾਂਤਕ ਸੰਸਥਾਵਾਂ ਕਿਸ ਤਰ੍ਹਾਂ ਦੀਆਂ ਹੋਣਗੀਆਂ ਅਤੇ ਉਨ੍ਹਾਂ ਦਾ ਗੈਰਸਿੱਖਾਂ ਸੰਬੰਧੀ ਕੀ ਦ੍ਰਿਸ਼ਟੀਕੋਨ ਹੋਵੇਗਾ? ਅਜ਼ਾਦ ਖਾਲਿਸਤਾਨ ਵਰਤਮਾਨ ਨੌਕਰਸ਼ਾਹੀ (Bureaucracy) ਦੀ ਥਾਂ ਅਸਲੀ ਅਰਥਾਂ ਵਿਚ ਜਮਹੂਰੀ ਦੇਸ਼ ਹੋਵੇਗਾ ਜਿਸ ਵਿਚ 'ਸਰਬਤ ਦਾ ਭਲ' ਸਾਡੀ ਮੰਜ਼ਲ ਹੋਵੇਗੀ। ਮ: ਰਣਜੀਤ ਸਿੰਘ ਵਰਗਾ ਪੰਜਾਬੀ ਰਾਜ ਪਰ ਜਮਹੂਰੀ ਅਤੇ ਸਿੱਖ ਰਿਵਾਇਤਾਂ ਤੇ ਆਧਾਰਤ ਰਾਜ ਹੋਵੇਗਾ, ਜਿਸ ਵਿਚ ਸਭ ਧਰਮਾਂ ਨੂੰ ਅਜ਼ਾਦੀ ਹੋਵੇਗੀ, ਕਿਸੇ ਧਰਮ ਵਿਰੁੱਧ ਕੋਈ ਅਧਿਕਾਰੀ ਅਨਿਆਏ ਨਹੀਂ ਕਰ ਸਕੇਗਾ, ਆਰਥਕ ਤੌਰ ਤੇ ਵਸੋਂ ਦੇ ਹਰ ਵਰਗ ਨੂੰ ਬਰਾਬਰਤਾ ਦੇ ਪੂਰੇ ਮੌਕੇ ਮਿਲਣਗੇ ।

ਖਾਲਸਾ ਰਾਜ ਦੀ ਪ੍ਰਬੰਧ-ਪ੍ਰਣਾਲੀ ਤੇ ਵਿਚਾਰ ਕਰਨ ਤੋਂ ਪਹਿਲਾਂ ਸਾਨੂੰ ਇਸਦੇ ਪਿਛੋਕੜ ਸੰਬੰਧੀ ਕੁਝ ਜਾਣਕਾਰੀ ਕਰ ਲੈਣੀ ਚਾਹੀਦੀ ਹੈ।

ਸਿੱਖ ਧਰਮ ਦੀ ਬੁਨਿਆਦ ਸੰਗਤ ਹੈ। ਇਹ ਇਕ ਧਰਮੀ ਤੇ ਚੰਗੇ ਲੋਕਾਂ (ਗੁਰਮੁਖਾਂ) ਦਾ ਸਮੂਹ ਹੈ। ਇਸ ਵਿਚ ਬੈਠਕੇ ਫੈਸਲੇ ਕਰਨੇ ਸਿੱਖ ਧਰਮ ਦਾ ਬੁਨਿਆਦੀ ਅਸੂਲ ਹੈ। ਸੰਗਤ ਵਿਚ ਸਤਿਗੁਰ ਆਪ ਮੌਜੂਦ ਹਨ। ਸਤਿਗੁਰੂ ਦੀ ਮੌਜੂਦਗੀ ਕਾਰਨ ਵਾਹਿਗੁਰੂ ਆਪ ਸੰਗਤ ਵਿਚ ਵਸਦਾ ਹੈ ਜਿਸਦੀ ਗਵਾਹੀ ਗੁਰਬਾਣੀ ਇੰਜ ਭਰਦੀ ਹੈ:

ਸਾਧ ਸੰਗਤ ਸਚੁਖੰਡ ਵਿਚਿ ਸਤਿਗੁਰ ਪੁਰਖੁ ਵਸੈ ਨਿਰੰਕਾਰ।

....

ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ।

ਗੁਰਮੁਖਾਂ ਨੂੰ ਹੁਕਮ ਹੈ ਕਿ ਜੇ ਕੋਈ ਦੁਬਿਧਾ ਹੋਵੇ ਤਾਂ ਸੰਗਤ ਵਿਚ ਬੈਠਕੇ ਇਕ ਮਨ ਇਕ ਚਿਤ ਹੋਕੇ ਵਿਚਾਰ ਕਰਨ। ਕਿਉਂਕਿ ਇਕੱਲਾ ਆਗੂ ਤਾਂ ਦੁਚਿੱਤੀ ਵਿਚ ਪੈ ਸਕਦਾ ਹੈ ਪਰ ਸੰਗਤ (ਲੋਕ ਸਮੂਹ) ਨਹੀਂ।

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ।

ਸੰਗਤ ਵਿਚ ਵਿਚਾਰ ਵਟਾਂਦਰੇ ਨਾਲ ਹਾਜ਼ਰ ਮਨੁੱਖ (ਗੁਰਮੁਖ) ਹਰ ਕਿਸਮ ਦੇ ਵਿਚਾਰਾਂ ਤੋਂ ਜਾਣੂ ਹੋ ਜਾਣ ਕਾਰਨ ਉਸਦੇ ਗਿਆਨ-ਭੰਡਾਰ ਵਿਚ ਵਾਧਾ, ਮਨ ਵਿਚ ਦ੍ਰਿੜਤਾ ਅਤੇ ਵਿਸ਼ਵਾਸ ਵਿਚ ਪਕਿਆਈ ਆ ਜਾਂਦੀ ਹੈ। ਭਾਈਚਾਰਕ ਪਿਆਰ ਵਿਚ ਵਾਧਾ, ਨੇੜਤਾ ਅਤੇ ਸਾਂਝੀਵਾਲਤਾ ਦੀ ਭਾਵਨਾ ਪੈਦਾ ਹੁੰਦੀ ਹੈ:

ਸਾਧ ਸੰਗਤਿ ਮਿਲਿ ਬੁਧਿ ਬਿਬੇਕ।

ਬਿਸਰ ਗਈ ਸਭ ਤਾਤਿ ਪਰਾਈ ਜਬ ਤੇ ਸਾਧ ਸੰਗਤਿ ਮੋਹਿ ਪਾਈ।
ਨਾ ਕੋ ਬੈਰੀ ਨਾਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।

ਸੰਗਤ ਸਰਬ-ਸਮਰੱਥ ਹੈ, ਕੋਈ ਵੀ ਫੈਸਲਾ ਲੈ ਸਕਦੀ ਹੈ। ਗੁਰੂ ਸਾਹਿਬ ਨੇ ਸੰਗਤ ਨੂੰ ਇੱਕੀ ਵਿਸਵੇ ਅਤੇ ਆਪਣੇ ਆਪ ਨੂੰ ਵੀਹ ਵਿਸਵੇ ਦਾ ਦਰਜਾ ਦਿੱਤਾ ਹੈ; ਭਾਵ ਕਿ ਸੰਗਤ ਗੁਰੂ ਨਾਲੋਂ ਵੱਡੀ ਹੈ ਜਿਹੜੀ ਕਿ ਸਿੱਖ ਗਣਰਾਜ ਦੀ ਬੁਨਿਆਦ ਹੈ। ਹੁਣ ਅਸੀਂ ਖਾਲਸਾ ਰਾਜ ਦੀ ਪ੍ਰਬੰਧ-ਪ੍ਰਣਾਲੀ ਦੇ ਵਿਚਾਰ ਵੱਲ ਆਉਂਦੇ ਹਾਂ।

ਖਾਲਸਾ ਸਾਜੇ ਜਾਣ ਨਾਲ ਤਿੰਨ ਸੰਸਥਾਵਾਂ ਵਜੂਦ ਵਿਚ ਆਈਆਂ: ਸਰਬੱਤ ਖਾਲਸਾ, ਗੁਰਮਤਾ ਅਤੇ ਸ੍ਰੀ ਅਕਾਲ ਤਖਤ ਸਾਹਿਬ। ਇਹ ਸਾਰੀਆਂ ਸੰਸਥਾਵਾਂ ਸਿੱਖ ਧਰਮ ਵਿਚ ਪਹਿਲਾਂ ਹੀ ਮੌਜੂਦ ਸਨ ਜਿਨ੍ਹਾਂ ਨੂੰ ਪਹਿਲਾਂ ਇਸ ਤਰ੍ਹਾਂ ਜਾਣਿਆ ਜਾਂਦਾ ਸੀ:

ਹੁਣ ਦਾ ਨਾਂ ਤੇ ਰੂਪ	ਪਹਿਲਾਂ ਦਾ ਨਾਂ ਤੇ ਰੂਪ
ਖਾਲਸਾ	ਗੁਰਮੁਖ
ਸਰਬੱਤ ਖਾਲਸਾ	ਸੰਗਤ
ਗੁਰਮਤਾ (ਸਰਬੱਤ ਖਾਲਸਾ ਦਾ ਸਰਬ-ਸੰਮਤੀ ਨਾਲ ਪਾਸ ਹੋਇਆ ਫੈਸਲਾ)	ਸੰਗਤ ਦਾ ਸਰਬ ਸੰਮਤੀ ਵਾਲਾ ਫੈਸਲਾ

ਪਹਿਲੇ ਪੰਜ ਗੁਰੂ ਸਾਹਿਬਾਨ ਨੇ ਸਿੱਖਾਂ ਅੰਦਰ ਸਰਬਪੱਖੀ ਚੇਤਨਤਾ ਅਤੇ ਜਾਗਰਤੀ ਪੈਦਾ ਕੀਤੀ।

ਗੁਰੂ ਹਰ ਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨ ਕੇ ਅਕਾਲ ਤਖਤ ਦੀ ਸਾਜਨਾ ਕੀਤੀ ਜੋ ਸਿਖਾਂ ਦੇ ਕੌਮੀ ਮਸਲਿਆਂ ਦੇ ਫੈਸਲੇ ਦਾ ਕੇਂਦਰ ਬਣਿਆ।

ਗੁਰੂ ਗੋਬਿੰਦ ਸਿੰਘ ਸਾਹਿਬ ਤੱਕ, ਇਹ ਫੈਸਲੇ ਸੰਗਤਾਂ ਗੁਰੂ ਸਾਹਿਬਾਨ ਦੇ ਨਿਵਾਸ ਅਸਥਾਨਾਂ ਤੇ ਇਕੱਤਰ ਹੋ ਕੇ ਕਰਿਆ ਕਰਦੀਆਂ ਸਨ ਪਰ ਸ਼ਖਸੀ ਗੁਰਿਆਈ ਦੇ ਬੰਦ ਕਰ ਦੇਣ ਮਗਰੋਂ ਖਾਲਸੇ ਦੀ ਇਕਤਰਤਾ ਅਕਾਲ ਤਖਤ ਤੇ ਹੋਣੀ ਨਿਯਤ ਕੀਤੀ ਗਈ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਖਸੀ ਗੁਰਿਆਈ ਨੂੰ ਖਤਮ ਕਰਕੇ ਖਾਲਸਾ ਪੰਥ ਅਤੇ ਗੁਰੂ ਗਰੰਥ ਸਾਹਿਬ ਵਿਚ ਸਮਿਲਤ ਕਰ ਦਿੱਤੀ ਜਿਸ ਰਾਹੀਂ ਖਾਲਸੇ ਵਿਚ ਇਹ ਵਿਸ਼ਵਾਸ ਪਰਪੱਕ ਕੀਤਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੁੜਿਆ ਖਾਲਸਾ ਜੋ ਫੈਸਲਾ ਕਰਦਾ ਹੈ ਉਹ ਗੁਰੂ ਦਾ ਫੈਸਲਾ ਹੈ। ਗੁਰਮਤੇ ਦਾ ਭਾਵਅਰਥ ਵੀ ਇਹੀ ਹੈ: ਗੁਰੂ ਦਾ ਮਤਾ ਜਾਂ ਗੁਰੂ ਦਾ ਫੈਸਲਾ ਜਿਸਨੂੰ ਮੰਨਣਾ ਹਰ ਸਿੱਖ ਲਈ ਲਾਜ਼ਮੀ ਹੈ।

ਸਰਬੱਤ ਖਾਲਸੇ ਦੇ ਸਰਬ-ਸੰਮਤੀ ਨਾਲ ਕੀਤੇ ਫੈਸਲੇ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ। ਇਥੇ ਇਸ ਗੱਲ ਵਲ ਖਾਸ ਧਿਆਨ ਦੇਣ ਦੀ ਲੋੜ ਹੈ ਕਿ ਮਤੇ ਨੂੰ ਗੁਰਮਤੇ ਦੀ ਪਵਿੱਤਰ ਸਰਬ-ਸੰਮਤੀ ਦੇ ਫੈਸਲੇ ਵਿਚ ਹੀ ਮਾਨਤਾ ਮਿਲਦੀ ਹੈ ਨਾਕਿ ਬਹੁਗਿਣਤੀ ਦੇ ਫੈਸਲੇ ਵਿਚ।

ਇਹੀ ਮੁੱਖ ਅੰਤਰ ਹੈ ਖਾਲਸੇ ਦੀ ਸਰਬਸੰਮਤੀ ਦੀ ਸਿਧੀ ਜਮਹੂਰੀਅਤ (Direct Democracy) ਅਤੇ ਪ੍ਰਚੱਲਤ ਅਸਿਧੀ ਜਮਹੂਰੀਅਤ (Indirect Democracy)। ਅਸਿਧੀ ਜਮਹੂਰੀਅਤ ਵਿਚ ਨਾਮ ਤਾਂ ਜ਼ਰੂਰ ਜਮਹੂਰੀਅਤ ਦਾ ਵਰਤਿਆ ਜਾਂਦਾ ਹੈ ਪਰ ਅਸਲ ਵਿਚ ਤਾਨਾਸ਼ਾਹੀ ਇਕ ਪਾਰਟੀ ਦੀ ਹੀ ਚਲਦੀ ਹੈ।

ਮਿਸਾਲ ਵਜੋਂ ਬਰਤਾਨੀਆਂ ਵਿਚ 58 ਫੀਸਦੀ ਵੋਟਾਂ ਲੈਣ ਵਾਲੀਆਂ ਦੋ ਪਾਰਟੀਆਂ ਨਾਲੋਂ 42 ਫੀਸਦੀ ਵੋਟਾਂ ਲੈਣ ਵਾਲੀ ਇਕ ਪਾਰਟੀ ਦੇ ਐਮ.ਪੀ.ਜ਼ ਵੱਧ ਚੁਣੇ ਜਾਂਦੇ ਹਨ। ਇਸ ਤਰ੍ਹਾਂ 42 ਫੀਸਦੀ ਵੋਟਾਂ ਲੈਣ ਵਾਲੀ ਪਾਰਟੀ 58 ਫੀਸਦੀ ਵੋਟ ਲੈਣ ਵਾਲੀਆਂ ਦੋ ਪਾਰਟੀਆਂ ਦੀ ਬਹੁਗਿਣਤੀ ਤੇ ਆਪਣੀ ਮਰਜ਼ੀ ਠੋਸਦੀ ਹੈ।

ਖਾਲਸੇ ਦੀ ਸਰਬਸੰਮਤੀ ਦੇ ਗੁਰਮਤੇ ਦੀ ਸਿੱਧੀ ਜਮਹੂਰੀਅਤ ਹੈ। ਖਾਲਸੇ ਦੀ ਸਰਬ ਸੰਮਤੀ ਤੋਂ ਹੀ ਇਸਦਾ ਨਾਂ 'ਸਰਬੱਤ ਖਾਲਸਾ' ਪਿਆ ਹੈ। ਸਰਬੱਤ ਖਾਲਸੇ ਦੇ ਜਥੇਦਾਰ (ਪ੍ਰਤੀਨਿਧ) ਸਾਰੇ ਖਾਲਸੇ (ਸਿੱਖ ਕੌਮ) ਦੀ ਅਵਾਜ਼ ਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਜੁੜੇ ਖਾਲਸੇ (ਜਥੇਦਾਰਾਂ) ਵਿਚੋਂ ਹੀ ਸਰਬਸੰਮਤੀ ਨਾਲ ਪੰਜ ਪਿਆਰੇ ਚੁਣ ਲਏ ਜਾਂਦੇ ਹਨ ਜੋ ਇਸ ਦੀ ਕਾਰਵਾਈ ਚਲਾਉਂਦੇ ਹਨ। ਸੰਬੰਧਤ ਮਸਲਿਆਂ ਸੰਬੰਧੀ ਕੀਤੇ ਫੈਸਲਿਆਂ ਨੂੰ ਗੁਰਮਤਾ ਕਿਹਾ ਜਾਂਦਾ ਹੈ ਜਿਸਦੀ ਪੁਸ਼ਟੀ ਲਈ ਪੰਜ ਪਿਆਰੇ ਸਰਬ ਖਾਲਸੇ ਨੂੰ ਇਹ ਪੜ੍ਹਕੇ ਸੁਣਾਉਂਦੇ ਹਨ। ਪਾਸ ਹੋਇਆ ਗੁਰਮਤਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜਾਰੀ ਹੋ ਜਾਣ ਮਗਰੋਂ ਇਹ ਹੁਕਮਨਾਮੇ ਦਾ ਰੂਪ ਧਾਰ ਲੈਂਦਾ ਹੈ।

ਗੁਰਮਰਯਾਦਾ ਅਨੁਸਾਰ (Through Proper Channel) ਪਾਸ ਹੋਣ ਤੋਂ ਪਹਿਲਾਂ ਇਸਨੂੰ ਮਤਾ ਆਖਿਆ ਜਾਂਦਾ ਹੈ। ਪਾਸ ਹੋ ਜਾਣ ਮਗਰੋਂ ਇਹ ਗੁਰਮਤਾ ਬਣ ਜਾਂਦਾ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋ ਜਾਣ ਮਗਰੋਂ ਇਹ ਹੁਕਮਨਾਮਾ ਬਣ ਜਾਂਦਾ ਹੈ।

ਸਰਬਤ ਖਾਲਸੇ ਦੀ ਇਕੱਤਰਤਾ ਕਿਸੇ ਵੀ ਤਖਤ ਸਾਹਿਬ ਤੇ ਹੋ ਸਕਦੀ ਹੈ ਅਤੇ ਸੰਕਟ ਵੇਲੇ ਕਿਸੇ ਵੀ ਥਾਂ ਤੇ ਕੀਤੀ ਜਾ ਸਕਕੀ ਹੈ ਪਰ ਇਸ ਦੇ ਪਾਸ ਹੋਏ ਗੁਰਮਤੇ ਦਾ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਣਾ ਲਾਜ਼ਮੀ ਹੈ, ਨਹੀਂ ਤਾਂ ਇਹ ਹੁਕਮਨਾਮਾ ਨਹੀਂ ਬਣ ਸਕਦਾ ਅਤੇ ਕੇਵਲ ਗੁਰਮਤਾ ਹੀ ਰਹੇਗਾ।

ਖਾਲਸਾ ਰਾਜ ਦੀ ਸਰਬ-ਉਚ ਅਦਾਲਤ ਸਰਬਤ ਖਾਲਸਾ ਹੀ ਹੈ ਜਿਸ ਨੂੰ ਆਪਣੇ ਹੀ ਵਿਚੋਂ ਚੁਣੇ ਪੰਜ ਪਿਆਰੇ ਚਲਾਉਣਗੇ। ਸਿਖ ਧਰਮ ਅਨੁਸਾਰ ਧਰਮ ਤੇ ਰਾਜਨੀਤੀ ਇਕੱਠੇ ਰਹਿਣਗੇ ਪਰ ਧਰਮ ਤੇ ਰਾਜਨੀਤੀ ਦੀਆਂ ਸ਼ਕਤੀਆਂ ਦਾ ਮਾਲਕ ਕੇਵਲ ਸਰਬਤ ਖਾਲਸਾ ਹੀ ਰਹੇਗਾ ਅਤੇ ਆਪਣੇ ਚੁਣੇ ਪੰਜ ਪਿਆਰਿਆਂ ਰਾਹੀਂ ਇਨ੍ਹਾਂ ਦੀ ਨਿਗਰਾਨੀ ਕਰੇਗਾ।

ਖਾਲਸਾ ਸਰਕਾਰ ਕੋਲ ਕੇਵਲ ਰਾਜਨੀਤਕ ਸ਼ਕਤੀ ਹੋਵੇਗੀ, ਧਾਰਮਕ ਅਧਿਕਾਰ ਨਹੀਂ ਜਿਵੇਂ ਕਿ ਸਿਖ ਮਿਸਲਾਂ ਦੇ ਸਰਦਾਰ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਕੇਵਲ ਰਾਜਨੀਤਕ ਸ਼ਕਤੀਆਂ ਦੇ ਮਾਲਕ ਹੀ ਰਹੇ ਸਨ ਅਤੇ ਧਾਰਮਕ ਖੇਤਰ ਇਨ੍ਹਾਂ ਤੋਂ ਬਿਲਕੁਲ ਅਜ਼ਾਦ ਰਿਹਾ ਸੀ। ਇਸੇ ਤਰ੍ਹਾਂ ਅੱਜ ਕੱਲ ਅਕਾਲੀ ਦਲ ਕੇਵਲ ਰਾਜਨੀਤੀ ਦਾ ਅਧਿਕਾਰੀ ਹੋਣਾ ਚਾਹੀਦਾ ਹੈ, ਧਾਰਮਕ ਸ਼ਕਤੀ ਦਾ ਨਹੀਂ। ਇਨ੍ਹਾਂ ਦੋਹਾਂ ਸ਼ਕਤੀਆਂ ਦਾ ਅਧਿਕਾਰੀ ਕੇਵਲ ਸਰਬੱਤ ਖਾਲਸਾ ਹੈ।

ਖਾਲਸਾ ਸਰਕਾਰ ਦੇ ਢਾਂਚੇ ਵਿਚ ਲੋੜ ਅਨੁਸਾਰ ਤਬਦੀਲੀਆਂ ਤਾਂ ਕੀਤੀਆਂ ਜਾ ਸਕਦੀਆਂ ਹਨ ਪਰ ਸਰਬੱਤ ਖਾਲਸਾ, ਗੁਰਮਤਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀਆਂ ਸੰਸਥਾਵਾਂ ਜੋ ਸਿਖ ਪੰਥ ਦੀਆਂ ਸਭ ਤੋਂ ਉਚੀਆਂ ਤੇ ਆਖਰੀ ਅਦਾਲਤਾਂ ਹਨ ਇਨ੍ਹਾਂ ਵਿਚ ਕਿਸੇ ਕਿਸਮ ਦੀ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।


ਸਰਬੱਤ ਖਾਲਸਾ ਵਿਚੋਂ ਚੁਣੀ ਹੋਈ ਸੁਪਰੀਮ ਖਾਲਸਾ ਕੌਂਸਲ ਦੇ ਦੋ ਵਿਭਾਗ ਹੋਣਗੇ। ਰਾਜਸੀ ਵਿਭਾਗ (ਖਾਲਸਾ ਸਰਕਾਰ) ਅਤੇ ਧਾਰਮਕ ਵਿਭਾਗ। ਦੋਹਾਂ ਵਿਭਾਗਾਂ ਵਿਚ ਚੁਣੇ ਹੋਏ ਪ੍ਰਤੀਨਿਧ ਹੋਣਗੇ ਪਰ ਧਾਰਮਕ ਵਿਭਾਗ ਵਿਚ ਚੁਣੇ ਜਾਣ ਦਾ ਹੱਕ ਕੇਵਲ ਪੂਰਨ ਅੰਮ੍ਰਿਤਧਾਰੀ ਸਿੰਘਾਂ ਤੇ ਸਿੰਘਣੀਆਂ ਨੂੰ ਹੀ ਹੋਵੇਗਾ।

ਖਾਲਸਾ ਸਰਕਾਰ ਵੋਟਾਂ ਨਾਲ ਚੁਣੀ ਹੋਈ ਲੋਕ ਸਰਕਾਰ ਹੋਵੇਗੀ ਜਿਸਦੀ ਪਾਰਲੀਮੈਂਟ ਲਈ ਕੋਈ ਵੀ ਖਾਲਿਸਤਾਨ-ਨਿਵਾਸੀ ਖੜਾ ਹੋ ਸਕਦਾ ਹੈ ਜਿਸ ਵਿਚ ਪਿੰਡਾਂ ਤੇ ਸ਼ਹਿਰਾਂ ਨੂੰ ਵਸੋਂ ਦੀ ਇਕਾਈ ਮੰਨ ਕੇ ਬਰਾਬਰਤਾ ਦੀ ਪ੍ਰਤੀਨਿਧਤਾ ਦਿੱਤੀ ਜਾਵੇਗੀ। ਖਾਲਸਾ ਸਰਕਾਰ ਦੀ ਵਜ਼ੀਰ ਮੰਡਲੀ ਵਿਦਿਅਕ ਯੋਗਤਾ, ਸਿਆਸੀ ਸੂਝਬੂਝ ਅਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਸਾਹਮਣੇ ਰੱਖਕੇ ਚੁਣੀ ਜਾਵੇਗੀ।

ਖਾਲਸਾ ਸਰਕਾਰ ਕਾਰਜ-ਕਰਨੀ ਕੌਂਸਲ, ਕਾਨੂੰਨ ਘੜਨੀ ਕੌਂਸਲ ਅਤੇ ਨਿਆਂਕਾਰੀ ਕੌਂਸਲ ਵਿਚ ਵੰਡੀ ਜਾ ਸਕਦੀ ਹੈ ਜਿਸਦਾ ਮੁਖੰਤਵ ਕਿਰਤੀ, ਕਾਮੇ ਅਤੇ ਧਰਮੀ ਲੋਕਾਂ ਦੀ ਦੇਖਭਾਲ ਕਰਨਾ ਹੋਵੇਗਾ। ਸ਼ਹਿਰਾਂ ਵਿਚ ਨਗਰਪਾਲਕਾ ਅਤੇ ਪਿੰਡਾਂ ਵਿਚ ਪੰਚਾਇਤਾਂ ਰਾਹੀਂ ਖਾਲਸਾ ਸਰਕਾਰ ਦੇ ਪਾਸ ਹੋਏ ਕਾਨੂੰਨਾਂ ਨੂੰ ਜਿਲਾ ਅਫਸਰ ਲਾਗੂ ਕਰੇਗਾ।

ਖਾਲਸਾ ਸਰਕਾਰ ਦਾ ਮੁੱਖ-ਮੰਤਵ ਸਰਬ-ਸੰਮਤੀ ਦੇ ਫੈਸਲਿਆਂ ਵਾਲਾ ਸਿਧਾਂਤ ਲਾਗੂ ਕਰਨਾ ਹੋਵੇਗਾ। ਇਸਦੇ ਹਰ ਵਿਭਾਗ ਵਿਚ ਭਾਰੀ ਮਾਤਰਾ ਵਿਚ ਸਲਾਹਕਾਰ ਕਮੇਟੀਆਂ ਹੋਣਗੀਆਂ ਜੋ ਸੰਬੰਧਤ ਵਿਭਾਗ ਦੇ ਮੁਖੀ ਨਾਲ ਮਿਲਕੇ ਵਿਚਾਰ ਵਟਾਂਦਰੇ ਮਗਰੋਂ ਹੀ ਫੈਸਲੇ ਲੈ ਸਕਣਗੀਆਂ। ਇਸ ਤਰ੍ਹਾਂ ਸੰਬੰਧਤ ਮਹਿਕਮੇ ਦੇ ਮੁਖੀ ਨਿੱਜੀ ਫੈਸਲੇ ਦੇਣ ਦੇ ਸਮਰਥ ਨਹੀਂ ਰਹਿਣਗੇ।

ਖਾਲਸਾ ਸਰਕਾਰ ਦਾ ਢਾਂਚਾ


ਸ੍ਰੀ ਦਰਬਾਰ ਸਾਹਿਬ
ਸ੍ਰੀ ਅਕਾਲ ਤਖਤ ਸਾਹਿਬ
ਬਾਕੀ ਦੇ ਤਖਤ ਸਾਹਿਬਾਨ
ਸਰਬੱਤ ਖਾਲਸਾ
ਪੰਜ ਪਿਆਰੇ
(ਸੁਪਰੀਮ ਖਾਲਸਾ ਕੌਂਸਲ)
ਰਾਜਸੀ ਵਿਭਾਗ (ਖਾਲਸਾ ਸਰਕਾਰ)
ਧਰਮ ਵਿਭਾਗ
ਚੁਣੇ ਹੋਏ ਸ਼ਹਿਰੀ ਪ੍ਰਤੀਨਿਧ
ਖਾਲਸਾ ਪਾਰਲੀਮੈਂਟ
ਚੁਣੇ ਹੋਏ ਪਿੰਡਾਂ ਦੇ ਪ੍ਰਤੀਨਿਧ
ਪਿੰਡਾਂ ਤੇ ਸ਼ਹਿਰਾਂ ਦੇ ਚੁਣੇ ਹੋਏ ਪ੍ਰਤੀਨਿਧ ਗੁਰਦਵਾਰਾ ਪ੍ਰਬੰਧਕ ਕਮੇਟੀ
ਕਾਰਜਕਰਨੀ ਕੌਂਸਲ
ਕਾਨੂੰਨਘੜਨੀ ਕੌਂਸਲ
ਨਿਆਂਕਰਨੀ ਕੌਂਸਲ
ਜ਼ਿਲ੍ਹਾ ਅਧਿਕਾਰੀ
ਨਗਰ ਪਾਲਿਕਾ
ਪੰਚਾਇਤ
ਧਾਰਮਕ ਵਿਦਿਆ
ਗੁਰਦਵਾਰਿਆਂ ਦਾ ਪ੍ਰਬੰਧ

ਖਾਲਸਾ ਸਰਕਾਰ ਦਾ ਆਪਣਾ ਸੁਤੰਤਰ ਬੈਂਕ ਆਫ਼ ਖਾਲਿਸਤਾਨ ਹੋਵੇਗਾ। ਨਾਨਕਸ਼ਾਹੀ ਸਿੱਕੇ ਚੱਲਣਗੇ। ਇਸੇ ਤਰ੍ਹਾਂ ਹੀ ਸੁਤੰਤਰ ਖਾਲਿਸਤਾਨ ਦੀ ਨਿਆਂ-ਪ੍ਰਣਾਲੀ ਹੋਵੇਗੀ। ਜਿਸ ਵਿਚ ਹਰ ਇਕ ਨੂੰ ਬਿਨਾਂ ਕਿਸੇ ਭਿੰਨ ਭੇਦ ਦੇ ਸੇਵਾ-ਭਾਵ ਨਾਲ ਨਿਆਂ ਮਿਲੇਗਾ।

ਹਿੰਦੁਸਤਾਨ ਵਾਂਗ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਸਾਬਤ ਕਰਨ ਵਾਲੀਆਂ ਨਿਕੰਮੀਆਂ ਲੋਕ-ਵਿਰੋਧੀ ਅਦਾਲਤਾਂ ਦੀ ਕੋਈ ਥਾਂ ਨਹੀਂ ਹੋਵੇਗੀ। ਲੋਕਾਂ ਦਾ ਪੈਸਾ ਤੇ ਵਕਤ ਵਿਅਰਥ ਖਰਾਬ ਨਹੀਂ ਹੋਣ ਦਿੱਤਾ ਜਾਵੇਗਾ। ਸੇਵਾ-ਭਾਵ ਨਾਲ ਇਹ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਕਿ ਲੋਕਾਂ ਦੇ ਆਪਸੀ ਝਗੜਿਆਂ ਨੂੰ ਵੱਧ ਤੋਂ ਵੱਧ ਮਾਤਰਾ ਵਿਚ, ਪਿੰਡਾਂ ਵਿਚ ਪੰਚਾਇਤਾਂ ਰਾਹੀਂ ਅਤੇ ਸ਼ਹਿਰਾਂ ਵਿਚ ਨਗਰਪਾਲਕਾ ਰਾਹੀਂ ਸਰਬ-ਸੰਮਤੀ ਨਾਲ ਨਜਿੱਠ ਲਿਆ ਜਾਵੇ।

ਖਾਲਿਸਤਾਨ ਦੀ ਨਿਆਂ-ਪ੍ਰਣਾਲੀ ਦੇ ਕਾਬਲ ਜੱਜਾਂ ਤਕ ਕੇਵਲ ਸਪੈਸ਼ਲ ਤੇ ਔਖੇ ਕੇਸ ਹੀ ਜਾਇਆ ਕਰਨਗੇ ਜਿਨ੍ਹਾਂ ਨੂੰ ਉਹ ਇਕ ਹਫ਼ਤੇ ਦੇ ਵਿਚ ਵਿਚ ਹੀ ਖਤਮ ਕਰਨ ਦੀ ਕੋਸ਼ਿਸ਼ ਕਰਨਗੇ। ਹਫ਼ਤੇ ਦੇ ਵਿਚ ਵਿਚ ਹਰ ਕੇਸ ਨੂੰ ਸੇਵਾ-ਭਾਵ ਨਾਲ ਨਿਪਟਾ ਦੇਣ ਦਾ ਟੀਚਾ ਰਖਿਆ ਜਾਵੇਗਾ ਜਿਸ ਲਈ ਜੱਜਾਂ ਤੇ ਕੋਰਟ ਦੇ ਅਮਲੇ ਪਾਸੋਂ ਪ੍ਰਣ ਲਿਆ ਜਾਵੇਗਾ।

ਆਦਰਸ਼ਕ ਵਿੱਦਿਆ ਪ੍ਰਣਾਲੀ ਦੀਆਂ ਨੀਹਾਂ ਰੱਖੀਆਂ ਜਾਣਗੀਆਂ। ਸਦਾਚਾਰਕ ਜੀਵਨ ਵਾਲੇ ਅਧਿਆਪਕ ਰਖੇ ਜਾਣਗੇ ਜਿਨ੍ਹਾਂ ਦੀ ਤਨਖਾਹ ਇਕ ਸਾਇੰਦਾਨ ਤੇ ਜੱਜ ਦੇ ਬਰਾਬਰ ਹੋਵੇਗੀ। ਦਿਆਨਤਦਾਰ ਤੇ ਸਦਾਚਾਰਕ ਜੀਵਨ ਵਾਲੇ ਉਸਤਾਦ ਹੀ ਦਿਆਨਤਦਾਰ ਜੱਜ ਪੈਦਾ ਕਰ ਸਕਦੇ ਹਨ। ਸਾਰੀ ਕੌਮ ਦੀ ਬੁਨਿਆਦ ਇਨ੍ਹਾਂ ਨਵੀਆਂ ਵਿਦਿਅਕ ਅਤੇ ਸਦਾਚਾਰਕ ਕਦਰਾਂ-ਕੀਮਤਾਂ ਤੇ ਰਖੀ ਜਾਵੇਗੀ। ਖਾਲਿਸਤਾਨ ਦੇ ਹਰ ਕਰਮਚਾਰੀ ਤੋਂ ਉਚ ਅਮਲੀ ਸਦਾਚਾਰਕ ਜੀਵਨ ਦੀ ਆਸ ਰਖੀ ਜਾਵੇਗੀ। ਰਿਸ਼ਵਤਖੋਰੀ ਤੇ ਚੋਰਬਾਜ਼ਾਰੀ ਨੂੰ ਬਿਲਕੁਲ ਖਤਮ ਕਰ ਦਿੱਤਾ ਜਾਵੇਗਾ। ਸੱਚ ਦਾ ਹੀ ਬੋਲਬਾਲਾ ਹੋਵੇਗਾ।

ਖਾਲਿਸਤਾਨ ਇਕ ਆਦਰਸ਼ਕ ਨਿਆਂਕਾਰੀ ਰਾਜ-ਪ੍ਰਬੰਧ ਚਲਾਏਗਾ ਜਿਥੇ ਜ਼ੋਰ ਨਹੀਂ, ਜਬਰ ਨਹੀਂ, ਡਰ ਨਹੀਂ, ਸਹਿਮ ਨਹੀਂ, ਕੋਈ ਫ਼ਰੇਬ ਨਹੀਂ, ਧੋਖਾ ਨਹੀਂ ਅਤੇ ਕੋਈ ਚੋਰੀ ਨਹੀਂ ਹੋਵੇਗੀ। ਮਨੁੱਖਾਂ ਦੀਆਂ ਤਲਾਸ਼ੀਆਂ ਤੇ ਤ੍ਰਿਸਕਾਰ ਨੂੰ ਸਤਿਕਾਰ ਤੇ ਆਦਰ ਵਿਚ ਬਦਲ ਦਿੱਤਾ ਜਾਵੇਗਾ। ਸਰਕਾਰੀ ਕਰਮਚਾਰੀ ਤੇ ਪੁਲਸ ਲੋਕ-ਸੇਵਕ ਬਣਕੇ ਹੀ ਸਰਕਾਰੀ ਪਦਵੀ ਤੇ ਕਾਇਮ ਰਹਿ ਸਕਣਗੇ। ਖਾਲਿਸਤਾਨ ਦੇ ਹਰ ਕਰਮਚਾਰੀ ਨੂੰ ਦਿਲੋਂ ਲੋਕ-ਸੇਵਾ ਦਾ ਪ੍ਰਣ ਕਰਨਾ ਪਵੇਗਾ। ਅਸੀਂ ਗੁਰੂ ਪਾਤਸ਼ਾਹ ਦਾ 'ਹਲੇਮੀ ਰਾਜ' ਕਾਇਮ ਕਰਨਾ ਹੈ ਜਿਸ ਵਿਚ ਕਿਸੇ ਦੇ ਹੰਝੂ ਨਹੀਂ ਵਗਣ ਦੇਣੇ, ਕਿਸੇ ਨੂੰ ਭੁੱਖਾ ਨਹੀਂ ਸੌਣ ਦੇਣਾ, ਹਰ ਇਕ ਨੂੰ ਕੰਮ ਮਿਲੇਗਾ, ਕੁੱਲੀ, ਗੁੱਲੀ ਤੇ ਜੁੱਲੀ ਲਈ ਖਾਲਿਸਤਾਨ ਦੀ ਸਰਾਕਰ ਬਚਨਬੱਧ ਰਹੇਗੀ।

ਸਰਬਤ ਖਾਲਸਾ ਦੇ ਧਰਮ ਵਿਭਾਗ ਵਿਚ ਵੀ ਪਿੰਡਾਂ ਤੇ ਸ਼ਹਿਰਾਂ ਵਿਚੋਂ ਚੁਣੇ ਹੋਏ ਪ੍ਰਤੀਨਿਧ ਹੋਣਗੇ ਪਰੰਤੂ ਇਸ ਵਿਚ ਪੂਰਨ ਅੰਮ੍ਰਿਤਧਾਰੀ ਹੀ ਹਿੱਸਾ ਲੈ ਸਕਣਗੇ।

ਇਨ੍ਹਾਂ ਵਿਚੋਂ ਹੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਜਾਣਗੇ ਜਿਨ੍ਹਾਂ ਦਾ ਮੁਖਮੰਤਵ ਹੇਠ ਲਿਖੇ ਆਸ਼ਿਆਂ ਨੂੰ ਸੰਪੂਰਣਤਾ ਦੇਣੀ ਹੋਵੇਗੀ:

1. ਗੁਰਦਵਾਰਾ-ਪ੍ਰਬੰਧ ਪ੍ਰਣਾਲੀ ਨੂੰ ਗੁਰਮਤ ਅਨੁਸਾਰ ਸੁਚੱਜੇ ਢੰਗ ਨਾਲ ਚਲਾਣਾ।

2. ਗੁਰਮਤ ਵਿਦਿਆ ਨੂੰ ਵਿਗਿਆਨਕ ਖੋਜ ਦੇ ਆਧਾਰ ਤੇ ਚਲਾਕੇ ਪੜ੍ਹੇ-ਲਿਖੇ ਵਿਦਵਾਨ ਪ੍ਰਚਾਰਕ ਤਿਆਰ ਕਰਨੇ।

3. ਸਿਖ ਇਤਹਾਸ ਦੀ ਖੋਜ ਕਰਕੇ ਇਸਨੂੰ ਵਿਗਿਆਨਕ ਢੰਗ ਨਾਲ ਪੰਜਾਬੀ, ਅੰਗਰੇਜ਼ੀ ਅਤੇ ਹੋਰ ਬੋਲੀਆਂ ਵਿਚ ਪੇਸ਼ ਕਰਨਾ ਆਦਿ।

4. ਖਾਲਿਸਤਾਨ ਸੰਘਰਸ਼ ਦੇ ਸਾਰੇ ਸ਼ਹੀਦ ਸਿੰਘਾਂ, ਸਿੰਘਣੀਆਂ, ਬੱਚਿਆਂ, ਬੱਚੀਆਂ ਅਤੇ ਬਜ਼ੁਰਗਾਂ ਦਾ ਇਤਹਾਸ ਲਿਖਵਾਕੇ ਪੂਰੀ ਤਰ੍ਹਾਂ ਹਰ ਇਕ ਨੂੰ ਸਤਕਾਰਿਆ ਜਾਣਾ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਉਮਰ ਭਰ ਲਈ ਪੈਨਸ਼ਨਾਂ ਦਿੱਤੀਆਂ ਜਾਣੀਆਂ।

ਖਾਲਿਸਤਾਨ ਦੇ ਸੰਘਰਸ਼ ਤੇ ਇਕ ਪੜਚੋਲਵੀਂ ਝਾਤ

ਖਾਲਿਸਤਾਨ ਦੀ ਜਦੋਜਹਿਦ ਤੇ ਝਾਤ ਮਾਰਨ ਤੋਂ ਪਹਿਲਾਂ ਸਾਨੂੰ ਇਸਦੇ ਪਿਛੋਕੜ ਨੂੰ ਜਾਣਨਾ ਜ਼ਰੂਰੀ ਬਣਦਾ ਹੈ।

ਬੇਇਨਸਾਫ਼ੀ, ਜ਼ੁਲਮ, ਜਬਰ ਤੇ ਅਤਿਆਚਾਰ ਮਗਰੋਂ ਜਦ ਕਿਸੇ ਕੌਮ ਦੀ ਗ਼ੈਰਤ, ਅਣਖ ਅਤੇ ਸਵੈਮਾਨ ਤੇ ਸੱਟ ਵਜਦੀ ਹੈ ਤਾਂ ਉਦੋਂ ਉਸ ਕੌਮ ਸਾਹਮਣੇ ਸੰਘਰਸ਼ ਜਾਂ ਜਦੋਜਹਿਦ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਬਾਕੀ ਨਹੀਂ ਰਹਿ ਜਾਂਦਾ।

ਅਣਖ ਤੇ ਗ਼ੈਰਤ ਦੀ ਭਾਵਨਾ ਜਿੰਨੀ ਪੰਜਾਬੀ ਕੌਮ ਤੇ ਖਾਸ ਕਰਕੇ ਸਿੱਖ ਕੌਮ ਅੰਦਰ ਹੈ ਇੰਨੀ ਭਾਰਤ ਦੀ ਕਿਸੇ ਹੋਰ ਕੌਮ ਅੰਦਰ ਨਹੀਂ। ਸਿੱਖ ਕੌਮ ਦੀ ਬੁਨਿਆਦ ਅਜੇਹੇ ਧਰਮ ਤੇ ਹੈ ਜਿਹੜਾ ਧਾਰਮਕ, ਸਭਿਆਚਾਰ ਅਤੇ ਰਾਜਨੀਤਕ ਸਰਬ-ਪੱਖੀ ਸੁਤੰਤਰਤਾ ਪ੍ਰਦਾਨ ਕਰਦਾ ਹੈ। ਜਿਥੇ ਇਹ ਧਰਮ ਦਾ ਰਾਹ ਉਲੀਕਦਾ ਹੈ ਉਥੇ ਇਸਦੇ ਸਭਿਆਚਾਰਕ ਅਤੇ ਰਾਜਨੀਤਕ ਹੱਕਾਂ ਤੇ ਪਹਿਰਾ ਦੇਕੇ ਇਨ੍ਹਾਂ ਦਾ ਜ਼ਾਮਨ ਵੀ ਬਣਦਾ ਹੈ।

ਅਜ਼ਾਦੀ ਦਾ ਸੰਕਲਪ ਸਿੱਖੀ ਦਾ ਧੁਰਾ ਹੈ। ਸਿੱਖਾਂ ਦੇ ਮਨਾਂ ਅੰਦਰੋਂ ਅਜ਼ਾਦ ਸਿੱਖ ਕੌਮ ਦਾ ਸੰਕਲਪ ਕਦੇ ਨਹੀਂ ਗਿਆ, ਸਗੋਂ ਇਨ੍ਹਾਂ ਦੇ ਮਨਾਂ ਅੰਦਰ ਹਮੇਸ਼ਾ ਉਸਲਵੱਟੇ ਲੈਂਦਾ ਰਿਹਾ ਹੈ। ਸੁਤੰਤਰ ਵਿਅਕਤੀ ਜਾਂ ਸੁਤੰਤਰਤਾ ਲਈ ਜੂਝ ਰਿਹਾ ਵਿਅਕਤੀ ਕਦੇ ਵੀ ਆਪਣੇ ਸਾਹਮਣੇ ਜ਼ੁਲਮ ਹੁੰਦਾ ਨਹੀਂ ਵੇਖ ਸਕਦਾ, ਇਹ ਜ਼ੁਲਮ ਭਾਵੇਂ ਉਸਦੇ ਵਿਰੋਧੀ ਲੋਕਾਂ ਤੇ ਵੀ ਕਿਉਂ ਨਾ ਹੋਵੇ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਮੂਲ-ਕਾਰਨ ਹੀ ਇਹੋ ਸੀ। ਸਿੱਖਾਂ ਦਾ ਨਾਦਰ ਸ਼ਾਹ ਤੋਂ ਹਿੰਦੂ ਇਸਤਰੀਆਂ ਨੂੰ ਅਜ਼ਾਦ ਕਰਕੇ ਘਰੋ-ਘਰੀਂ ਪਹੁੰਚਾਣਾ ਵੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ। ਸਰਬ-ਪੱਖੀ ਅਜ਼ਾਦੀ ਸਿੱਖ ਧਰਮ ਦੀ ਬੁਨਿਆਦ ਹੈ। ਇਸ ਵਿਚਾਰ ਨੂੰ ਸਪਸ਼ਟ ਕਰਨ ਲਈ ਇਕ ਇਤਿਹਾਸਕ ਮਿਸਾਲ ਲੈਂਦੇ ਹਾਂ।

ਕਰੋੜਾਂ ਦੀ ਆਬਾਦੀ ਵਾਲੀ ਹਿੰਦੂ ਕੌਮ ਨੇ ਮੁੱਠੀ ਭਰ ਬਾਹਰੋਂ ਆਈ ਮੁਸਲਮਾਨਾਂ ਦੀ ਫੌਜ ਤੋਂ ਹਾਰ ਖਾਕੇ ਸਦੀਆਂ ਲਈ ਗੁਲਾਮੀ ਦਾ ਪਟਾ ਗਲ ਵਿਚ ਪਾਈ ਰਖਿਆ। ਅਠਾਰਵੀਂ ਸਦੀ ਵਿਚ ਅਜੇਹਾ ਸਮਾਂ ਵੀ ਆਇਆ ਕਿ ਸਿੱਖਾਂ ਦੀ ਵਸੋਂ ਘਟਕੇ ਦੋ ਹਜ਼ਾਰ ਤੱਕ ਰਹਿ ਗਈ ਸੀ ਪਰ ਇਹ ਦੋ ਹਜ਼ਾਰ ਵਾਲੀ ਸਿੱਖ ਕੌਮ ਉਤਨੀ ਦੇਰ ਤੱਕ ਗੁਰੀਲਾ ਲੜਾਈਆਂ ਲੜਦੀ ਰਹੀ ਜਿਤਨੀ ਦੇਰ ਤੱਕ ਇਸ ਨੇ ਆਪਣਾ ਅਜ਼ਾਦ ਰਾਜ ਸਥਾਪਤ ਨਹੀਂ ਕਰ ਲਿਆ। ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਸਿੱਖ ਇਤਿਹਾਸ ਹੈ ਹੀ ਅਜ਼ਾਦੀ ਦੇ ਸੰਘਰਸ਼ ਦਾ ਇਤਿਹਾਸ: ਮੁਗਲਾਂ ਤੋਂ ਬਾਦ ਅੰਗਰੇਜ਼ ਅਤੇ ਅੰਗਰੇਜ਼ਾਂ ਮਗਰੋਂ ਹੁਣ ਹਿੰਦੂ ਸਾਮਰਾਜ ਨਾਲ।

ਇਕ ਹੋਰ ਇਤਿਹਾਸਕ ਮਿਸਾਲ: ਡੋਗਰਿਆਂ ਦੇ ਵਿਸਾਹਘਾਤ ਕਾਰਨ ਅੰਗਰੇਜ਼ ਸਭ ਤੋਂ ਬਾਦ ਵਿਚ ਸਿੱਖਾਂ ਨੂੰ ਗੁਲਾਮ ਬਣਾਉਣ ਵਿਚ ਕਾਮਯਾਬ ਹੋਏ। ਸਿੱਖ ਗੁਲਾਮ ਬਣੇ ਪਰ ਆਪਣੀ ਅਜ਼ਾਦੀ ਦੀ ਲੜਾਈ ਨੂੰ ਵੀ ਜਾਰੀ ਰਖਿਆ।

ਅੰਗਰੇਜ਼ਾਂ ਤੇ ਸਿੱਖਾਂ ਦੀ ਦੂਜੀ ਜੰਗ ਪਿਛੋਂ ਭਾਈ ਮਹਾਰਾਜ ਸਿੰਘ ਜੀ ਨੇ ਅੰਗਰੇਜ਼ ਅਗੇ ਹਥਿਆਰ ਨਹੀਂ ਸੁੱਟੇ। ਉਨ੍ਹਾਂ ਨੇ ਐਲਾਨ ਕੀਤਾ ਕਿ ਜੇ ਸਾਰੀ ਸਿੱਖ ਕੌਮ ਨੇ ਵੀ ਉਨ੍ਹਾਂ ਦਾ ਸਾਥ ਨਾ ਦਿੱਤਾ ਤਾਂ

ਵੀ ਉਹ ਇਕੱਲਿਆਂ ਅਜ਼ਾਦੀ ਦਾ ਸੰਘਰਸ਼ ਜਾਰੀ ਰਖਣਗੇ।

ਗੁਲਾਮੀ ਦੇ ਅੱਠ ਸਾਲਾਂ ਮਗਰੋਂ 13 ਅਪ੍ਰੈਲ 1857 ਨੂੰ ਅਜ਼ਾਦੀ ਦਾ ਝੰਡਾ ਉਚਾ ਕਰਨ ਵਾਲੇ ਬਾਬਾ ਰਾਮ ਸਿੰਘ ਹੀ ਨਿਕਲੇ। ਦੋ ਪ੍ਰਤੀਸ਼ਤ ਤੋਂ ਵੀ ਘਟ ਆਬਾਦੀ ਵਾਲੀ ਕੌਮ ਨੇ ਦੇਸ਼ ਦੀ ਅਜ਼ਾਦੀ ਲਈ 85 ਫੀਸਦੀ ਕੁਰਬਾਨੀਆਂ ਦਿੱਤੀਆਂ ਕਿਉਂਕਿ ਅਜ਼ਾਦੀ ਸਿੱਖ ਧਰਮ ਦਾ ਖਾਸਾ ਹੈ।

ਸੰਘਰਸ਼ ਭਾਵੇਂ ਹਥਿਆਰਬੰਦ ਹੋਵੇ ਤੇ ਭਾਵੇਂ ਸ਼ਾਂਤਮਈ, ਇਹ ਕਦੇ ਵੀ ਦ੍ਰਿੜਤਾ ਅਤੇ ਤਿਆਗ ਦੀ ਭਾਵਨਾ ਤੋਂ ਬਿਨਾਂ ਨਹੀਂ ਚਲਾਇਆ ਜਾ ਸਕਦਾ ਅਤੇ ਨਾਹੀਂ ਇਸ ਵਿਚ ਕਦੇ ਗਿਣਤੀਆਂ-ਮਿਣਤੀਆਂ ਕੰਮ ਕਰਦੀਆਂ ਹਨ। ਦ੍ਰਿੜਤਾ ਅਤੇ ਵਿਸ਼ਵਾਸ ਦਾ ਹੋਣਾ ਲਾਜ਼ਮੀ ਹੈ। ਖਾਲਸਾ ਵਿਸ਼ਵਾਸੀ ਹੈ, ਭਰਮੀ ਨਹੀਂ। ਇਸੇ ਤਰ੍ਹਾਂ ਇਹ ਦ੍ਰਿੜ ਚਿੱਤ ਹੈ, ਡਾਵਾਂਡੋਲ ਨਹੀਂ। ਇਹੀ ਕਾਰਨ ਹੈ ਕਿ ਸਿੱਖ ਜਦ ਕਿਸੇ ਕੰਮ ਲਈ ਲੱਕ ਬੰਨ੍ਹ ਲੈਂਦੇ ਹਨ ਜਾਂ ਕਿਸੇ ਦੀ ਤੜ ਜਾਂ ਵੰਗਾਰ ਨੂੰ ਕਬੂਲ ਕਰ ਲੈਂਦੇ ਹਨ ਤਾਂ ਕੀਤੇ ਪ੍ਰਣ ਨੂੰ ਸਿਰੇ ਚੜ੍ਹਾਨ ਲਈ ਸਭ ਕੁਝ ਕਰ ਗੁਜ਼ਰਦੇ ਹਨ। ਕੋਈ ਵੀ ਤਾਕਤ ਦਾ ਦਾਬਾ ਸਿੱਖਾਂ ਨੂੰ ਦਬਾਅ ਨਹੀਂ ਸਕਦਾ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਿਖ ਕੌਮ ਦੇ ਇਸ ਖਾਸੇ ਨੂੰ ਪਛਾਣਨ ਵਿਚ ਇਸ ਚਤੁਰ ਹਿੰਦੂ ਨੇ ਵੀ ਉਹੀ ਗਲਤੀ ਖਾਧੀ ਜਿਹੜੀ ਕਿ ਮੁਗਲਾਂ ਤੇ ਅੰਗਰੇਜ਼ਾਂ ਨੇ। ਇਸਨੇ ਵੀ ਸਿੱਖ ਦਾ ਨਾਂ ਨਿਸ਼ਾਨ ਮਿਟਾ ਦੇਣ ਦਾ ਰਾਹ ਚੁਣਿਆ ਅਤੇ ਸਿਖ ਕੌਮ ਨੂੰ ਮਾਰ ਮੁਕਾਉਣ ਦੀਆਂ ਗੋਂਦਾਂ ਗੁੰਦੀਆਂ।

ਅਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਦੇ ਪਹਿਲੇ ਇਵਜ਼ਾਨੇ ਵਜੋਂ ਸਿੱਖਾਂ ਦੇ ਗਲਿਆਂ ਵਿਚ ਜਰਾਇਮ-ਪੇਸ਼ਾ ਦਾ ਹਾਰ ਪਾਇਆ ਗਿਆ ਅਤੇ ਇਸ ਗੁਲਾਮੀ ਦੇ ਫੱਟੇ ਨਾਲ ਇਨ੍ਹਾਂ ਨੂੰ ਹੀਣਿਆਂ ਬਣਾਉਣਾ ਸ਼ੁਰੂ ਕੀਤਾ ਗਿਆ। ਪੰਜਾਬ ਤੇ ਸਿਖ ਕੌਮ ਨੂੰ ਆਰਥਕ, ਸਭਿਆਚਾਰਕ ਅਤੇ ਰਾਜਨੀਤਕ ਤੌਰ ਤੇ ਕੰਗਾਲ ਕੀਤਾ ਗਿਆ।

ਸਾਡੇ ਸ਼ਕਤੀ ਦੇ ਸੋਮੇ ਸ੍ਰੀ ਅਕਾਲ ਤਖਤ ਨੂੰ ਢਾਹਿਆ ਗਿਆ, ਸਾਡੇ ਗੁਰਦਵਾਰੇ ਸਾੜੇ ਗਏ, ਸਾਡੇ ਇਤਿਹਾਸਕ ਵਿਰਸੇ ਸਾੜਕੇ ਸੁਆਹ ਕੀਤੇ ਗਏ। ਸਾਰੇ ਭਾਰਤ ਵਿਚ ਪੁਲਸ ਤੇ ਸਰਕਾਰੀ ਅਧਿਕਾਰੀਆਂ ਸਾਹਮਣੇ ਸਿੱਖਾਂ ਦਾ ਕਤਲਾਮ ਕੀਤਾ ਗਿਆ ਅਤੇ ਸਿਖ ਕੌਮ ਦਾ ਅਪਮਾਨ ਤੇ ਹੇਠੀ ਕੀਤੀ ਗਈ।

ਕੋਈ ਵੀ ਖੁੱਦਾਰ ਕੌਮ ਅਜੇਹੀਆਂ ਧਾਂਦਲੀਆਂ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਤੇ ਫਿਰ ਸਿੱਖਾਂ ਵਰਗੀ ਬਹਾਦਰ ਕੌਮ ਜਿਸਦੀ ਬਹਾਦਰੀ ਦੀਆਂ ਧਾਕਾਂ ਯੂਰਪ ਤੱਕ ਮਸ਼ਹੂਰ ਹਨ। ਇਸਦੀਆਂ ਕੀਤੀਆਂ ਕੁਰਬਾਨੀਆਂ ਬਦਲੇ ਮਿਲਣਾ ਚਾਹੀਦਾ ਸੀ ਮਾਨ, ਮਿਲਿਆ ਅਪਮਾਨ।

ਸਾਡੇ ਅਕਾਲ ਤਖਤ ਸਾਹਿਬ ਦੇ ਢਾਹੇ ਜਾਣ, ਸਾਡੇ ਇਤਿਹਾਸਕ ਵਿਰਸਿਆਂ ਨੂੰ ਸਾੜਨ ਅਤੇ ਦਿੱਲੀ ਦੇ ਘਲੂਘਾਰੇ ਦੀ ਧੁਖ ਰਹੀ ਅੱਗ ਕਦੀ ਵੀ ਲਾਟ ਬਣ ਸਕਦੀ ਹੈ। ਸਿੱਖਾਂ ਨੂੰ ਪੰਜਾਬ ਦੇ ਕਤਲਾਮ, ਦਿੱਲੀ ਦੇ ਕਤਲਾਮ, ਕਾਨਪੁਰ, ਬਿਦਰ ਅਤੇ ਕਲਕੱਤੇ ਦੇ ਕਤਲਾਮਾਂ ਦੇ ਬਦਲੇ ਦੀਆਂ ਲਾਟਾਂ ਤੜਪਾ ਰਹੀਆਂ ਹਨ।

ਸਾਡੀ ਬੋਲੀ ਤੇ ਪਾਬੰਦੀਆਂ, ਸਾਡੀਆਂ ਦਸਤਾਰਾਂ ਤੇ ਪਾਬੰਦੀਆਂ, ਸਾਡੇ ਗੁਰਦਵਾਰਿਆਂ ਤੇ ਪਾਬੰਦੀਆਂ, ਸਾਡੇ ਜਲੂਸਾਂ ਤੇ ਪਾਬੰਦੀਆਂ, ਸਾਡੇ ਗੁਰਦਵਾਰਿਆਂ ਦੀਆਂ ਤਲਾਸ਼ੀਆਂ ਤੇ ਬੇਹੁਰਮਤੀਆਂ, ਸਾਡੇ ਘਰਾਂ ਦੀਆਂ ਤਲਾਸ਼ੀਆਂ, ਸਾਡੀਆਂ ਕਾਰਾਂ ਤੇ ਬੱਸਾਂ ਦੀਆਂ ਤਲਾਸ਼ੀਆਂ, ਸਾਡੇ ਟਰੈਕਟਰਾਂ ਦੀਆਂ ਤਲਾਸ਼ੀਆਂ, ਸਾਡੀਆਂ ਪਗੜੀਆਂ ਲੁਹਾਕੇ ਤਲਾਸ਼ੀਆਂ ਕਰਨ ਦਾ ਅਪਮਾਨ

ਕਰਨਾ ਅਤੇ ਫਿਰ ਇਸਨੂੰ ਜਮਹੂਰੀਅਤ ਆਖਣਾ, ਲਾਅਨਤ ਹੈ ਅਜੇਹੀ ਜਮਹੂਰੀਅਤ ਤੇ ਅਤੇ ਫਿਟਕਾਰ ਹੈ ਇਸਨੂੰ ਜਮਹੂਰੀਅਤ ਆਖਣ ਵਾਲੇ ਤੇ।

ਜਿਥੇ ਸਿੱਖ ਹੋਣਾ ਪਾਪ ਹੈ, ਜਿਥੇ ਸਿੱਖ ਹੋਣਾ ਦੂਜੇ ਦਰਜੇ ਦਾ ਸ਼ਹਿਰੀ ਹੋਣਾ ਹੈ, ਜਿਥੇ ਅੰਮ੍ਰਿਤਧਾਰੀ ਹੋਣਾ ਪਾਪ ਹੈ ਅਤੇ ਆਪਣੀ ਮੌਤ ਦੇ ਵਾਰੰਟ ਕਢਵਾਣਾ ਹੈ, ਜਿਥੇ ਹੋਰ ਕਿਸੇ ਧਰਮ ਨੂੰ ਕੋਈ ਅਜ਼ਾਦੀ ਨਹੀਂ ਉਸਨੂੰ ਧਰਮ-ਨਿਰਪੇਖਤਾ ਆਖਣ ਵਾਲੇ ਨੂੰ ਵੀ ਲਾਅਨਤ ਹੈ।

ਸਾਡੀ ਵਫਾਦਾਰੀ ਤੇ ਸ਼ੱਕ ਕੀਤਾ ਗਿਆ ਜਿਨ੍ਹਾਂ ਆਪਣੀਆਂ ਜਾਨਾ ਵਾਰਕੇ ਤਿੰਨ ਲੜਾਈਆਂ ਜਿੱਤ ਕੇ ਦਿੱਤੀਆਂ, ਸਾਡੀ ਨਿਮ੍ਰਤਾ ਨੂੰ ਠੋਕਰਾਂ ਮਾਰ ਮਾਰ ਕੇ ਰੋਲਿਆ ਗਿਆ, ਸਾਡੀ ਬਹਾਦਰੀ ਦਾ ਮਜ਼ਾਕ ਉਡਾਇਆ ਗਿਆ ਅਤੇ ਸਾਡੀਆਂ ਦਸਤਾਰਾਂ ਨੂੰ ਹੱਥ ਪਾਇਆ ਗਿਆ। ਇਹ ਸਭ ਕੁਝ ਇਕੱਲਿਆਂ ਬ੍ਰਾਹਮਣਵਾਦ ਨੇ ਨਹੀਂ ਕੀਤਾ। ਸੰਨ 1978 ਵਿਚ ਇਸਦੀਆਂ ਸਕੀਮਾਂ ਨੂੰ ਸਿਰੇ ਚਾੜ੍ਹਨ ਵਾਲੇ ਇਸਦੇ ਭਾਈਵਾਲ ਡੋਗਰੇ ਅਕਾਲੀ ਲੀਡਰ ਸਨ। ਸ੍ਰੀ ਅੰਮ੍ਰਿਤਸਰ ਵਿਚ ਵਿਸਾਖੀ ਦੇ ਸਮਾਗਮ ਕਰਨ ਦੀ ਇਜਾਜ਼ਤ ਦੇਣ ਵਾਲਾ ਅਤੇ ਗੁਰਬਚਨ ਸਿੰਘ ਨਿਰੰਕਾਰੀ ਨੂੰ ਉਥੋਂ ਸਹੀ ਸਲਾਮਤ ਕਢਵਾਉਣ ਵਾਲਾ ਨਾਮਨਿਹਾਦ ਅਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੀ ਤਾਂ ਸੀ। ਨਕਸਲਵਾੜੀਆਂ ਨੂੰ ਖਤਮ ਕਰਨ ਦੇ ਬਹਾਨੇ ਸੈਂਕੜੇ ਨਿਰਦੋਸ਼ ਸਿੱਖ ਨੌਜਵਾਨਾਂ ਦੇ ਖੂਨ ਨਾਲ ਹੱਥ ਰੰਗਣ ਵਾਲੀ ਬਾਦਲ ਸਰਕਾਰ ਹੀ ਸੀ।

ਬਰਨਾਲਾ ਸਰਕਾਰ ਨੇ 13 ਵਾਰੀ ਦਰਬਾਰ ਸਾਹਿਬ ਵਿਚ ਪੁਲਸ ਭੇਜੀ, ਸੈਂਕੜੇ ਨੌਜਵਾਨ ਸਿੱਖਾਂ ਦਾ ਖੂਨ ਕਰਵਾਇਆ। ਇਹ ਬੇਸ਼ਰਮ ਤੇ ਖੁਦਗਰਜ਼ ਵਜ਼ੀਰੀਆਂ ਖਾਤਰ ਨਿਰਦੋਸ਼ ਸਿੱਖ ਨੌਜਵਾਨਾਂ ਦੇ ਕਾਤਲਾਂ ਦੀਆਂ ਗਵਾਹੀਆਂ ਭਰਦੇ ਰਹੇ।

ਸਿੱਖ ਕੌਮ ਨੇ ਜਦੋਂ ਵੀ ਮਾਰ ਖਾਧੀ ਆਪਣੇ ਹੀ ਲੀਡਰਾਂ ਦੀ ਗ਼ਦਾਰੀ ਅਤੇ ਵਿਸਾਹਘਾਤ ਕਾਰਨ। ਦੁਸ਼ਮਣ ਸਾਹਮਣਿਓਂ ਸਿੱਖਾਂ ਦੇ ਮਨੋਬਲ ਅਤੇ ਬਾਹੂਬਲ ਨੂੰ ਕਦੀ ਨਹੀਂ ਤੋੜ ਸਕਿਆ ਸਗੋਂ ਆਪਣੇ ਹੀ ਆਗੂਆਂ ਦੀ ਛੁਰੀ ਨੇ ਪਿਠ ਤੇ ਜ਼ਖਮ ਕੀਤਾ ਹੈ।

ਜੁਝਾਰੂ ਸਿੰਘਾਂ ਨੇ ਹਮੇਸ਼ਾ ਛਾਤੀਆਂ ਤਾਣ ਕੇ ਸ਼ਹੀਦੀਆਂ ਦਿੱਤੀਆਂ ਅਤੇ ਸਿੱਖੀ ਰਵਾਇਤਾਂ ਨੂੰ ਕਾਇਮ ਰਖਿਆ ਹੈ। ਜਦੋਂ ਵੀ ਸਿੱਖ ਕੌਮ ਨੂੰ ਨਿਸ਼ਕਾਮ ਲੀਡਰ ਮਿਲਿਆ, ਇਨ੍ਹਾਂ ਬਹਾਦਰ ਸੂਰਮਿਆਂ ਕਰਾਮਾਤਾਂ ਕਰ ਵਿਖਾਈਆਂ। ਪਰ ਬਦਕਿਸਮਤੀ ਨਾਲ ਇਨ੍ਹਾਂ ਸੁਆਰਥੀ ਡੋਗਰੇ ਲੀਡਰਾਂ ਨੇ ਪਦਵੀਆਂ, ਕੁਰਸੀਆਂ ਅਤੇ ਅਹੁਦਿਆਂ ਦੇ ਲਾਲਚ ਵਿਚ ਆਕੇ ਕੌਮ ਦੀ ਧੌਣ ਵੀ ਭੰਨੀ ਹੈ ਅਤੇ ਕੌਮ ਦਾ ਸਿਰ ਵੀ ਨੀਵਾਂ ਕੀਤਾ ਹੈ।

ਅਜ਼ਾਦੀ ਮਗਰੋਂ ਖੁਦਗਰਜ਼ ਅਕਾਲੀ ਲੀਡਰਾਂ ਆਪਣੇ ਨਿੱਜੀ ਲਾਭਾਂ ਖਾਤਰ ਕੌਮੀ ਅਣਖ ਅਤੇ ਕੌਮੀ ਵਕਾਰ ਨੂੰ ਵੇਚਦੇ ਰਹੇ। ਇਨ੍ਹਾਂ ਦੀ ਸਰਕਾਰ ਵੇਲੇ ਸ੍ਰੀ ਦਰਬਾਰ ਸਾਹਿਬ ਦੀ ਹਾਨੀ ਹੋਈ, ਹਜ਼ਾਰਾਂ ਸਿੱਖ ਗਭਰੂਆਂ ਨੂੰ ਅੱਤਵਾਦ ਦੀ ਆੜ ਥੱਲੇ ਕੋਹਿਆ ਗਿਆ, ਧੀਆਂ-ਭੈਣਾਂ ਦੀਆਂ ਇਜ਼ਤਾਂ ਲੁੱਟੀਆਂ ਗਈਆਂ, ਧਰਮੀ ਕੈਦੀਆਂ ਤੇ ਅਜ਼ਾਬ ਢਾਹੇ ਗਏ, ਸਿੰਘ ਸਿੰਘਣੀਆਂ ਨੂੰ ਤਸੀਹੇ ਦੇ ਦੇ ਕੇ ਕਤਲ ਕੀਤਾ ਗਿਆ, ਸਾਰੀ ਸਿੱਖ ਕੌਮ ਦੀ ਹੇਠੀ ਕੀਤੀ ਗਈ, ਸਾਡਾ ਕੌਮੀ ਵਿਰਸਾ ਸਾੜਕੇ ਸੁਆਹ ਕਰ ਦਿੱਤਾ ਗਿਆ ਪਰ ਇਨ੍ਹਾਂ ਬੇਸ਼ਰਮ ਤੇ ਖੁਦਗਰਜ਼ ਡੋਗਰਿਆਂ (ਅਕਾਲੀਆਂ) ਨੂੰ ਕਿਸੇ ਪੜਾਅ ਤੇ ਵੀ ਸ਼ਰਮ ਨਹੀਂ ਆਈ ਅਤੇ ਅਖਾਂ ਮੀਟ ਕੇ ਇਹ ਕੇਂਦਰ ਦੀ ਹਾਂ ਵਿਚ ਹਾਂ ਮਿਲਾ ਕੇ ਆਪਣੀਆਂ ਕੁਰਸੀਆਂ ਨਾਲ ਚੰਬੜੇ ਰਹੇ ਅਤੇ ਲੀਡਰੀਆਂ ਨੂੰ ਕਾਇਮ ਰਖਣ ਲਈ ਨਿਤ ਨਵੇਂ ਸਿਆਸੀ ਹਥਕੰਡੇ ਵਰਤਦੇ ਤੇ ਪੈਂਤੜੇ ਬਦਲਦੇ ਰਹੇ।

ਅਜ਼ਾਦੀ ਤੋਂ ਲੈਕੇ ਅਜ ਤੱਕ ਤਕਲੀਫ਼ਾਂ ਤੋਂ ਮੂੰਹ ਫੇਰਨਾ, ਮੁਸ਼ਕਲਾਂ ਅਗੇ ਝੁਕਣਾ, ਔਕੜਾਂ ਦੇ ਟਾਕਰੇ ਤੋਂ ਘਬਰਾਣਾ ਅਤੇ ਵਿਰੋਧੀ ਦੀ ਤਾਕਤ ਤੋਂ ਭੈ-ਖਾਣਾ ਇਨ੍ਹਾਂ ਡੋਗਰਿਆਂ ਦਾ ਕਿਰਦਾਰ ਰਿਹਾ ਹੈ। ਸਿੱਖ ਕੌਮ ਦੀਆਂ ਰਗਾਂ ਵਿਚੋਂ ਗ਼ੈਰਤ, ਅਣਖ ਤੇ ਸਵੈਮਾਨ ਦਾ ਖ਼ੂਨ ਠੰਢਾ ਕਰਨ ਵਾਲਿਆਂ ਇਨ੍ਹਾਂ ਬੇਗੈਰਤ ਲੀਡਰਾਂ ਦੀਆਂ ਗ਼ੱਦਾਰੀਆਂ ਹੀ ਸਨ। ਕੌਮ ਨੂੰ ਨਿਰਾਸ਼ਾ ਦੀ ਖੱਡ ਵਿਚ ਸੁਟਣ ਵਾਲੇ ਵੀ ਇਹੀ ਸਨ। ਜਿਨ੍ਹਾਂ ਦੇ ਮੋਢਿਆਂ ਤੇ ਪੈਰ ਰੱਖਕੇ ਇਹ ਉਚੇ ਹੋਏ ਉਨ੍ਹਾਂ ਦਾ ਹੀ ਇਨ੍ਹਾਂ ਨੇ ਖ਼ੂਨ ਕਰਵਾਇਆ।

ਇਥੇ ਇਹ ਸਪਸ਼ਟ ਕਰਦਾ ਜਾਵਾਂ ਕਿ ਸਿੱਖ ਕੌਮ ਅੰਦਰ, ਜਿਸ ਵਿਚ ਅਕਾਲੀ ਵੀ ਹਨ, ਕੌਮੀ ਕੁਰਬਾਨੀਆਂ ਦਾ ਜਜ਼ਬਾ ਜਿਉਂ ਦਾ ਤਿਉਂ ਹੈ ਪਰ ਇਨ੍ਹਾਂ ਅਕਾਲੀ ਲੀਡਰਾਂ ਦੇ ਮੂੰਹ ਵਿਚ ਵਜ਼ੀਰੀਆਂ ਤੇ ਅਹੁਦਿਆਂ ਦੀ ਅਜੇਹੀ ਹੱਡੀ ਪਾ ਦਿੱਤੀ ਗਈ ਹੈ ਕਿ ਇਹ ਹਲਕੇ ਹੋਏ ਚੌਹੀਂ ਪਾਸੀਂ ਉਸ ਲਈ ਮੂੰਹ ਅੱਡੀ ਫਿਰਦੇ ਹਨ।

ਧੀਆਂ-ਭੈਣਾਂ ਦੀਆਂ ਬੇਪਤੀਆਂ ਹੋਣ, ਸਿੱਖ ਜਵਾਨੀ ਦਾ ਕਤਲਾਮ ਹੋਵੇ ਜਾਂ ਕਿਸਾਨਾਂ ਦੀਆਂ ਕੁਰਕੀਆਂ ਹੋਣ, ਇਨ੍ਹਾਂ ਨੂੰ ਕੁਰਸੀਆਂ ਦਾ ਲਾਲਚ ਨਕੇਲ ਪਾਈ ਖਿਚੀ ਫਿਰਦਾ ਹੈ ਅਤੇ ਇਹ ਚੋਗੇ ਪਿਛੇ ਤੋਤੇ ਵਾਂਗ ਮਾਲਕ ਦੀ ਬੋਲੀ ਬੋਲਣ ਲਈ ਹਰ ਘੜੀ ਤਿਆਰ ਰਹਿੰਦੇ ਹਨ।

ਹੁਣ ਸੁਆਲ ਉਠਦਾ ਹੈ ਕਿ ਅਜੇਹੇ ਹਾਲਾਤ ਵਿਚ ਸਿੱਖ ਕੌਮ ਦਾ ਕੀ ਦ੍ਰਿਸ਼ਟੀਕੋਨ ਹੋਣਾ ਚਾਹੀਦਾ ਹੈ? ਸਿੱਖ ਕੌਮ ਸਾਹਮਣੇ ਦੋ ਰਾਹ ਹਨ। ਦੋਹਾਂ ਵਿਚੋਂ ਇਕ ਦੀ ਚੋਣ ਕਰਨੀ ਪੈਣੀ ਹੈ। ਹੋਰ ਕੋਈ ਰਾਹ ਬਾਕੀ ਰਹਿ ਵੀ ਨਹੀਂ ਗਿਆ।

ਸਿੱਖਾਂ ਨੇ ਆਪਣੀ ਅਜ਼ਾਦ ਹਸਤੀ ਕਾਇਮ ਰਖਣੀ ਹੈ ਜਾਂ ਇਸ ਨੂੰ ਬ੍ਰਾਹਮਣਵਾਦ ਵਿਚ ਮਿਟ ਜਾਣ ਦੇਣਾ ਹੈ?

ਅਜ਼ਾਦ ਰਹਿਣਾ ਹੈ ਜਾਂ ਗੁਲਾਮ ਬਣਕੇ?

ਸਿੱਖ ਬਣਕੇ ਰਹਿਣਾ ਹੈ ਜਾਂ ਹਿੰਦੂ ਬਣਕੇ?

ਅਕਾਲ ਤਖਤ ਸਾਹਿਬ ਦੇ ਹੁਕਮ ਨਾਲ ਚਲਣਾ ਹੈ ਜਾਂ ਦਿੱਲੀ ਦੇ ਤਖਤ ਦੇ ਹੁਕਮ ਨਾਲ?

ਸੱਚ ਦਾ ਰਾਹੀਂ ਬਣਨਾ ਹੈ ਜਾਂ ਝੂਠ ਤੇ ਫ਼ਰੇਬ ਦਾ?

ਸਿੱਖ ਕੌਮ ਨਾਲ ਜੁੜਨਾ ਹੈ ਜਾਂ ਸਿੱਖ ਕੌਮ ਦੇ ਕਾਤਲਾਂ ਨਾਲ?

'ਮੂੰਹ ਵਿਚ ਰਾਮ ਰਾਮ ਤੇ ਬਗਲ ਵਿਚ ਛੁਰੀ' ਵਾਲੇ ਕਸਾਈਆਂ ਦਾ ਸਾਥ ਦੇਣਾ ਹੈ ਜਾਂ ਸਚਿਆਰੇ ਸਿੱਖਾਂ ਦਾ?

ਅਕਾਲ ਤਖਤ ਦੇ ਸਿਧਾਂਤ ਨਾਲ ਜੁੜਨਾ ਹੈ ਕਿ ਦਿੱਲੀ ਦੇ ਵਿਧਾਨ ਨਾਲ ਜਿਸ ਵਿਚ ਸਿੱਖ ਦਾ ਨਾਂ ਹੀ ਨਹੀਂ ਹੈ?

ਤਲਾਸ਼ੀਆਂ ਲੈਣ ਵਾਲਿਆਂ ਦਾ ਸਾਥ ਦੇਣਾ ਹੈ ਜਾਂ ਸਿੱਖ ਕੌਮ ਦੇ ਰਖਵਾਲਿਆਂ ਦਾ?

ਸਿੱਖ ਮਰਯਾਦਾ ਨਾਲ ਰਹਿਣਾ ਹੈ ਜਾਂ ਹਿੰਦੂ ਮਰਯਾਦਾ ਨਾਲ?

ਕਿਰਪਾਨ ਪਾਕੇ ਜੀਣਾ ਹੈ ਜਾਂ ਜੰਜੂ ਤੇ ਤਿਲਕ ਲਾਕੇ?

ਅਣਖ ਤੇ ਗੈਰਤ ਨਾਲ ਜੀਣਾ ਹੈ ਕਿ ਬ੍ਰਾਹਮਣ ਦੇ ਦੁਬੈਲ ਬਣਕੇ?

ਨਿਰਸੰਦੇਹ ਉਪਰਲੇ ਸਾਰੇ ਸੁਆਲਾਂ ਦਾ ਜਵਾਬ ਇਹ ਸਾਬਤ ਕਰਦਾ ਹੈ ਕਿ ਸਿਖਾਂ ਦੀ ਇਹ ਜਦੋਜਹਿਦ ਸੱਚ ਤੇ ਨਿਆਂ ਦੇ ਅਸੂਲਾਂ ਤੇ ਖੜੀ ਹੈ। ਇਸਦੀ ਸਫਲਤਾ ਕੌਮ ਲਈ ਨਵੀਂ ਸਵੇਰ ਚਾੜ੍ਹ ਸਕਦੀ ਹੈ ਅਤੇ ਇਸਦੀ ਹਾਰ ਡਰਾਉਣੀ ਰਾਤ ਵਿਚ ਵੀ ਬਦਲ ਸਕਦੀ ਹੈ।

ਇਤਹਾਸ ਗਵਾਹ ਹੈ ਕਿ ਸੰਸਾਰ ਦੇ ਕਿਸੇ ਵੀ ਕੌਮ ਜਾਂ ਮੁਲਕ ਨੇ ਜਦੋਜਹਿਦ ਕੀਤੇ ਬਿਨਾਂ ਅਜ਼ਾਦੀ ਪ੍ਰਾਪਤ ਨਹੀਂ ਕੀਤੀ। ਰੋਏ ਬਿਨਾਂ ਤਾਂ ਮਾਂ ਵੀ ਆਪਣੇ ਬੱਚੇ ਨੂੰ ਦੁਧ ਨਹੀਂ ਦਿੰਦੀ। ਮੰਗਿਆਂ ਕਦੀ ਕਿਸੇ ਨੂੰ ਅਜ਼ਾਦੀ ਨਹੀਂ ਮਿਲੀ। ਅਜ਼ਾਦੀ ਹਮੇਸ਼ਾ ਲੜਕੇ ਲਈ ਜਾਂਦੀ ਹੈ। ਸਾਨੂੰ ਅਜੇਹਾ ਰਾਹ ਹੀ ਅਪਨਾਉਣਾ ਚਾਹੀਦਾ ਹੈ:

ਕੋਈ ਕਿਸੀ ਕਉ ਰਾਜ ਨਾ ਦੈ ਹੈ
ਜੋ ਲੈ ਹੈ ਨਿਜ ਬਲ ਸੇ ਲੈ ਹੈ

ਜਦੋ-ਜਹਿਦ ਕੀਤੇ ਬਿਨਾਂ ਅਜ਼ਾਦੀ ਨਹੀਂ ਮਿਲਦੀ। ਅਜ਼ਾਦ ਰਹਿਣ ਦੀਆਂ ਚਾਹਵਾਨ ਕੌਮਾਂ ਹੀ ਜਦੋਜਹਿਦ ਦਾ ਰਾਹ ਚੁਣਦੀਆਂ ਹਨ। ਇਹ ਇਕ ਇਤਹਾਸਕ ਸਚਾਈ ਹੈ ਕਿ ਜਾਬਰ ਕੋਲੋਂ ਕਦੇ ਇਨਸਾਫ ਨਹੀਂ ਮਿਲਿਆ ਕਰਦਾ। ਜਾਬਰ ਕੇਵਲ ਤਲਵਾਰ ਦੀ ਜ਼ਬਾਨ ਹੀ ਜਾਣਦਾ ਹੈ। ਤਲਵਾਰ ਦੀ ਲੜਾਈ ਤਲਵਾਰ ਨਾਲ ਹੀ ਜਿੱਤੀ ਜਾਂਦੀ ਹੈ। ਗੁਰੀਲਾ ਲੜਾਈਆਂ ਅਸੀਂ ਲੜੀਆਂ ਹਨ ਅਤੇ ਅਸੀਂ ਲੜਨੀਆਂ ਜਾਣਦੇ ਹਾਂ। ਮਤ ਕੋਈ ਸਮਝੇ ਕਿ ਬਦਲਾ ਲਊ ਕੁਝ ਮੁੰਡੇ ਵਕਤੀ ਤੌਰ ਤੇ ਲੜ ਰਹੇ ਹਨ। ਮੈਦਾਨੇ ਜੰਗ ਤੋਂ ਆਏ ਲੇਖਾਂ ਦੀ ਸਿਧਾਂਤਕ ਸੋਚਣੀ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਇਸ ਹਥਿਆਰਬੰਦ ਜਦੋਜਹਿਦ ਪਿਛੇ ਬੜੇ ਗੰਭੀਰ ਸੁਚੇਤ ਅਤੇ ਉਸਾਰੂ ਦਿਮਾਗ਼ ਹਨ।

ਸਾਡਾ ਦੁਸ਼ਮਣ ਨਾ ਕੇਵਲ ਚਤੁਰ ਤੇ ਸਿਆਣਾ ਹੈ ਸਗੋਂ ਆਪਣੀ ਖਾਨਦਾਨੀ ਚਾਣਕੀਆ ਨੀਤੀ ਵਿਚ ਵੀ ਨਿਪੁੰਨ ਹੈ। ਜਿਥੇ ਉਸਨੂੰ ਸਾਡੇ ਬਾਹੂਬਲ ਦਾ ਪਤਾ ਹੈ ਉਥੇ ਉਸਨੂੰ ਸਾਡੀਆਂ ਕਮਜ਼ੋਰੀਆਂ ਦਾ ਵੀ ਪੂਰਾ ਗਿਆਨ ਹੈ। ਹਿੰਦੂ ਸਾਮਰਾਜ ਨੇ ਸਿਖ ਕੌਮ ਦੀ ਹੋਂਦ ਨੂੰ ਖਤਮ ਕਰਨ ਲਈ ਖਤਰਨਾਕ ਅਤੇ ਵਿਸਾਹਘਾਤਕ ਚਾਲਾਂ ਚਲੀਆਂ। ਸਿਖਾਂ ਨੂੰ ਹੀਣੇ ਬਣਾਕੇ ਸਦਾ ਦਾਸ ਬਣਾਈ ਰਖਣ ਲਈ ਸਾਰੇ ਹੀਲੇ ਹਰਬੇ ਵਰਤੇ। ਸਿਖ ਕੌਮ ਦੀ ਤਾਕਤ ਨੂੰ ਖੇਰੂ ਖੇਰੂ ਕਰਨ ਲਈ ਸਾਰੇ ਸਿਆਸੀ ਹਥਕੰਡੇ ਵਰਤੇ ਅਤੇ ਕਈ ਪੈਂਤੜੇ ਬਦਲੇ ਜਿਨ੍ਹਾਂ ਦਾ ਸਾਰ ਇਹ ਸੀ:

ੳ. ਸਿਖ ਕੌਮ ਦੀ ਤਾਕਤ ਨੂੰ ਨਸ਼ਟ ਕਰਨ ਲਈ ਇਨ੍ਹਾਂ ਨੂੰ ਮੋਰਚਿਆਂ ਵਿਚ ਉਲਝਾਈ ਰਖਣਾ।

ਅ. 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਨੁਸਾਰ ਸਿਖਾਂ ਅੰਦਰ ਫੁੱਟ ਪੈਦਾ ਕਰਕੇ ਇਕ ਦੂਜੇ ਨਾਲ ਲੜਾਕੇ ਕਮਜ਼ੋਰ ਕਰਨਾ।

ੲ. ਸਿਖ ਗੁਰਦਵਾਰਿਆਂ ਤੇ ਆਪਣੇ ਪਿਠੂਆਂ ਦਾ ਕਬਜ਼ਾ ਕਰਵਾਕੇ ਸਿਖ ਸਟੇਜਾਂ ਨੂੰ ਆਪਣੇ ਲਾਭ ਲਈ ਵਰਤਣਾ

ਸ. ਸਿਖਾਂ ਵਿਚ ਧਾਰਮਕ-ਭੁਲੇਖੇ ਪਾਉਣੇ। ਲੱਖਾਂ ਰੁਪੈ ਨਿਰੰਕਾਰੀਆਂ ਨੂੰ ਦੇਕੇ ਸਿਖ ਧਰਮ ਵਿਚ ਪਾੜਾ ਪਾਣਾ ਇਸੇ ਨੀਤੀ ਦਾ ਹਿਸਾ ਹੈ

ਹ. ਸਖਤੀ ਨਾਲ ਕਾਬੂ ਕਰਨ ਦੀ ਕੋਸ਼ਿਸ਼ ਕਰਨੀ। ਇਸ ਨੀਤੀ ਵਿਚ ਇਕ ਹਥ ਨਾਲ ਸਖਤੀ ਤੇ ਦੂਜੇ ਨਾਲ ਪਿਆਰ ਸਹਿਤ ਪਲੋਸਣਾ ਸ਼ਾਮਿਲ ਹੈ।

ਕ. ਜੇ ਕੋਈ ਪਿਆਰ ਨਾਲ ਵੀ ਕਾਬੂ ਨਾ ਆਵੇ ਤਾਂ ਉਸ ਅਗੇ ਅਹੁਦਿਆ ਤੇ ਪੈਸਿਆਂ ਦਾ ਚੋਗਾ ਪਾਣਾ।

ਖ. ਸ਼ਰਾਬ ਤੇ ਅਫ਼ੀਮ ਸਮਗਲ ਕਰਕੇ ਪੰਜਾਬ ਵਿਚ ਅੰਬਾਰ ਲਾ ਦੇਣੇ। ਸੰਨ 1965-66 ਤੋਂ 1979—1980 ਤੱਕ ਬਦੇਸ਼ੀ ਸ਼ਰਾਬ ਦੀ ਵਰਤੋਂ ਦਸ ਗੁਣਾ ਵਧੀ। ਇਹ ਸਾਰਾ ਸਰਕਾਰੀ ਏਜੰਸੀ ਦਾ ਹੀ ਕੰਮ ਹੈ।

ਸਿਖ ਜਦੋਜਹਿਦ ਨੂੰ ਕੁਚਲਨ ਲਈ ਅਜੇਹੀਆਂ ਡੂੰਘੀਆਂ ਚਾਲਾਂ ਚਲੀਆਂ ਗਈਆਂ ਕਿ ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਨੂੰ ਵੀ ਅੰਧੇਰੇ ਵਿਚ ਰਖਿਆ ਗਿਆ। ਪੰਜਾਬ ਵਿਚ ਅਮਨ ਦੀ ਜ਼ਿਮੇਵਾਰੀ ਤਾਂ ਪੰਜਾਬ ਪੁਲਸ ਦੀ ਹੈ ਪਰ ਸੀ. ਆਰ. ਪੀ. ਅਤੇ ਬੀ. ਐਸ. ਐਫ. ਨੂੰ ਕੇਂਦਰ ਦੇ ਅਧੀਨ ਰਖਿਆ ਗਿਆ। ਪੰਜਾਬ ਪੁਲਸ ਵਿਚ ਸਿਪਾਹੀ ਬਹੁਤੇ ਸਿੱਖ ਅਤੇ ਅਫਸਰ ਬਹੁਤੇ ਹਿੰਦੂ ਹਨ ਇਨ੍ਹਾਂ ਕੋਲੋਂ ਸਿੱਖਾਂ ਨੂੰ ਮਰਵਾਉਣ ਲਈ ਦਹਿਸ਼ਤ-ਪਸੰਦਾਂ ਦਾ ਨਾਂ ਵਰਤਿਆ ਜਾਂਦਾ ਹੈ। ਹੁਕਮ ਦੇਣ ਵਾਲੇ ਹਿੰਦੂ ਪੁਲਸ ਅਫਸਰਾਂ ਦੀਆਂ ਅਖਾਂ ਸਾਹਮਣੇ ਤਾਂ ਸਾਰੇ ਹੀ ਅੰਮ੍ਰਿਤਧਾਰੀ ਸਿਖ ਦਹਿਸ਼ਤਪਸੰਦ ਹਨ।

ਸੀ. ਆਰ. ਪੀ. ਤੇ ਬੀ. ਐਸ. ਐਫ. ਅਸਲੀ ਅਰਥਾਂ ਵਿਚ ਕੇਂਦਰ ਸਰਕਾਰ ਦੀ ਪਰਾਈਵੇਟ ਥਰਡ ਏਜੰਸੀ ਦੇ ਦੋ ਵਿੰਗ ਹਨ। ਸੀ. ਆਰ. ਪੀ. ਦਾ ਕੰਮ ਦੱਸਣ ਨੂੰ ਅੰਦਰੂਨੀ ਰਖਿਆ ਕਰਨਾ ਅਤੇ ਬੀ .ਐਸ. ਐਫ. ਦਾ ਸਰਹਦਾਂ ਦੀ ਰਖਿਆ ਕਰਨਾ ਹੈ ਪਰ ਇਨ੍ਹਾਂ ਦੋਹਾਂ ਦਾ ਮੁੱਖ ਕੰਮ ਘਟਗਿਣਤੀਆਂ ਦਾ ਸਫਾਇਆ ਕਰਨਾ, ਖਾੜਕੂਆਂ ਵਿਚ ਜਸੂਸ ਵਾੜਨੇ ਅਤੇ ਸਿੱਖਾਂ ਦੇ ਕਾਤਲ ਆਰ. ਐੱਸ. ਐੱਸ. ਦੇ ਮੈਂਬਰਾਂ ਨੂੰ ਪਨਾਹ ਦੇਣੀ ਆਦਿ ਹਨ। ਝੂਠੇ ਮੁਕਾਬਲੇ ਬਣਾ ਕੇ ਸਿੱਖਾਂ ਦਾ ਕਤਲਾਮ ਕਰਨਾ ਵੀ ਇਸੇ ਨੀਤੀ ਦੀ ਇਕ ਕੜੀ ਹੈ। ਮੁਸਲਮਾਨਾਂ ਨਾਲ ਵੀ ਇਨ੍ਹਾਂ ਇਹੀ ਕੁਝ ਕੀਤਾ ਜੋ ਸਿੱਖਾਂ ਨਾਲ ਕੀਤਾ ਅਤੇ ਕਰ ਰਹੇ ਹਨ।

ਇਨ੍ਹਾਂ ਵਿਚ 95 ਫੀਸਦੀ ਹਿੰਦੂ ਜਵਾਨ ਅਤੇ ਅਫਸਰ ਭਰਤੀ ਕੀਤੇ ਜਾਂਦੇ ਹਨ। ਇਨ੍ਹਾਂ ਕੋਲ ਕਾਲੇ ਕਾਨੂੰਨਾਂ ਵਾਲੇ ਸਾਰੇ ਅਧਿਕਾਰ ਹੁੰਦੇ ਹਨ। ਜਦੋਂ ਮਰਜ਼ੀ, ਜਿਸਨੂੰ ਮਰਜ਼ੀ (ਭਾਵੇਂ ਉਹ ਡੀ. ਸੀ. ਵੀ ਕਿਉਂ ਨਾ ਹੋਵੇ) ਅਤੇ ਜਿਥੇ ਮਰਜ਼ੀ ਬਿਨਾਂ ਕਿਸੇ ਸਬੂਤ ਦੇ ਕਿ ਉਹ ਅੱਤਵਾਦੀ ਹੈ ਜਾਂ ਨਹੀਂ, ਗੋਲੀ ਮਾਰ ਸਕਦੇ ਹਨ, ਜੇਲ੍ਹਾਂ ਵਿਚ ਸੁਟ ਸਕਦੇ ਹਨ, ਕੁਟਾਪੇ ਚਾੜ ਸਕਦੇ ਹਨ, ਘਰਾਂ ਦੀ ਤਲਾਸ਼ੀ ਲੈ ਸਕਦੇ ਹਨ ਅਤੇ ਗੁਰਦਵਾਰਿਆਂ ਦੀ ਵੀ ਤਲਾਸ਼ੀ ਲੈ ਸਕਦੇ ਹਨ। ਪੰਜਾਬ ਦਾ ਕੋਈ ਅਫਸਰ ਤੇ ਕੋਈ ਵਜ਼ੀਰ ਇਨ੍ਹਾਂ ਨੂੰ ਕੁਝ ਪੁੱਛਣ ਦਾ ਹੱਕ ਨਹੀਂ ਰਖਦਾ।

ਮੋਟਾ ਅੰਦਾਜ਼ਾ ਲਗਾਇਆ ਗਿਆ ਹੈ ਕਿ ਪਿਛਲੇ ਅਠਾਂ ਸਾਲਾਂ ਵਿਚ ਇਨ੍ਹਾਂ ਦੋਹਾਂ ਸੰਸਥਾਵਾਂ ਨੇ ਕੋਈ ਪੰਜਾਹ ਹਜ਼ਾਰ ਸਿੱਖ ਜਵਾਨਾਂ, ਇਸਤਰੀਆਂ ਅਤੇ ਬੱਚਿਆਂ ਦਾ ਕਤਲਾਮ ਕੀਤਾ ਹੈ। ਇਨ੍ਹਾਂ ਦੇ ਅਫਸਰ ਚਿੱਟੇ ਕਪੜਿਆਂ ਵਿਚ ਲੁਟਮਾਰ ਅਤੇ ਡਾਕਿਆਂ ਦੀ ਅਗਵਾਈ ਕਰਦੇ ਹਨ।

ਬੀ. ਐਸ. ਐਫ. ਦੇ ਮੁੱਖ ਕੰਮ ਪਾਕਿਸਤਾਨ ਤੋਂ ਹਥਿਆਰ, ਬਦੇਸ਼ੀ ਸ਼ਰਾਬ ਤੇ ਅਫ਼ੀਮ ਸਮਗਲ ਕਰਨੀ, ਡਾਕੂਆਂ ਤੋਂ ਬੈਂਕਾਂ ਤੇ ਡਾਕੇ ਮਰਵਾਣੇ, ਲੁਟਾਂ, ਚੋਰੀਆਂ ਆਦਿ ਕਰਵਾਣੀਆਂ, ਖਾੜਕੂਆਂ ਨਾਲੋਂ ਤੋੜਨ ਲਈ ਖਾਂਦੇ-ਪੀਂਦੇ ਸਿੱਖਾਂ ਕੋਲੋਂ ਖਾੜਕੂਆਂ ਦੇ ਭੇਸ ਵਿਚ ਬੰਦੂਕ ਦੀ ਨੋਕ ਤੇ ਪੈਸੇ

ਬਟੋਰਨੇ, ਸਿਖ ਟੱਬਰਾਂ ਨੂੰ ਮਕਾਨਾਂ ਵਿਚ ਡੱਕ ਕੇ ਅੱਗਾਂ ਲਾ ਦੇਣੀਆਂ ਅਤੇ ਹਿਦੂਆਂ ਸਿਖਾਂ ਦੇ ਸਿਆਸੀ ਕਤਲ ਕਰਵਾਣੇ ਆਦਿ ਹਨ। ਇਹ ਸਭ ਕੁਝ ਕਰਕੇ ਨਾਮ ਖਾੜਕੂਆਂ ਦਾ ਲਾ ਦਿੱਤਾ ਜਾਂਦਾ ਹੈ।

ਇਹ ਕਦੀ ਕਿਆਸਿਆ ਵੀ ਨਹੀਂ ਜਾ ਸਕਦਾ ਕਿ ਸਰਕਾਰ ਦੀ ਥਰਡ ਏਜੰਸੀ ਤੋਂ ਬਿਨਾਂ ਇਤਨੀ ਵਡੀ ਮਾਤਰਾ ਵਿਚ ਹਥਿਆਰ, ਅਫ਼ੀਮ ਅਤੇ ਬਦੇਸ਼ੀ ਸ਼ਰਾਬ ਆਦਿ ਸਮਗਰਲ ਕੀਤੇ ਜਾ ਸਕਦੇ ਹਨ। ਇਹ ਲੁੱਟਮਾਰ ਤੇ ਸਮਗਲਰ ਦਾ ਅਰਬਾਂ ਰੁਪੇ ਦਾ ਧੰਦਾ ਕਰਦੀ ਹੈ ਜਿਸ ਦਾ ਨਾ ਕੋਈ ਹਿਸਾਬ ਹੈ ਤੇ ਨਾਹੀ ਲੇਖਾ ਜੋਖਾ।

ਸਰਕਾਰ ਆਪਣੀ ਥਾਂ ਤੇ ਖੁਸ਼ ਹੈ ਕਿ ਬਿਨਾਂ ਕੁਝ ਖਰਚੇ ਇਸ ਦੇ ਕਾਲੇ ਕਾਰੇ ਸਿਰੇ ਚਾੜ੍ਹੇ ਜਾ ਰਹੇ ਹਨ ਅਤੇ ਏਜੰਸੀ ਦੇ ਮੁਖੀ ਉਸ ਨਾਲੋਂ ਵੀ ਵੱਧ ਖੁਸ਼ ਹਨ ਕਿ ਉਹ ਮਾਲੋ-ਮਾਲ ਹੋ ਰਹੇ ਹਨ ਜਿਨ੍ਹਾਂ ਲਈ ਨਾ ਕੋਈ ਟੈਕਸ ਦਾ ਫ਼ਿਕਰ ਤੇ ਨਾਹੀ ਕਾਨੂੰਨ ਦਾ ਫਿਕਰ। ਜੇ ਕਤਲ ਹੋਣ ਤਾਂ ਪੰਜਾਬ ਦੇ ਸਿਖ, ਜੇ ਲੁਟੀਣ ਤਾਂ ਪੰਜਾਬ ਦੇ ਸਿਖ, ਜੇ ਵਿਧਵਾ ਹੋਣ ਤਾਂ ਸਿਘਣੀਆਂ, ਜੇ ਯਤੀਮ ਹੋਣ ਤਾਂ ਸਿੱਖਾਂ ਦੇ ਬੱਚੇ ਅਤੇ ਵੀਰ ਮਰਨ ਤਾਂ ਸਿਖ ਭੈਣਾਂ ਦੇ। ਇਹੀ ਕੁਝ ਇਹ ਫਿਰਕੂ ਸਰਕਾਰ ਚਾਹੁੰਦੀ ਹੈ।

ਪੰਜਾਬ ਪੁਲਸ ਸੀ. ਆਰ. ਪੀ. ਅਤੇ ਬੀ. ਐਸ. ਐਫ. ਆਧੁਨਿਕ ਹਥਿਆਰਾਂ ਨਾਲ ਲੈਸ ਹੋ ਕੇ ਅਤੇ ਕਾਲੇ ਕਾਨੂਨਾਂ ਦੇ ਸਾਰੇ ਅਧਿਕਾਰਾਂ ਦੇ ਹੁੰਦਿਆਂ ਹੋਇਆ ਵੀ ਖਾੜਕੂਆਂ ਦਾ ਮਨੋਬਲ ਅਤੇ ਬਾਹੂਬਲ ਨਹੀਂ ਤੋੜ ਸਕੇ।

ਮਤ ਕੋਈ ਸਮਝੇ ਕਿ ਸਿਖ ਹਿੰਦੂ ਬਣਕੇ ਗੁਲਾਮ ਰਹਿਣਗੇ। ਜਦ ਤੱਕ ਇਕ ਵੀ ਸਿੱਖ ਸੰਸਾਰ ਅੰਦਰ ਜ਼ਿੰਦਾ ਹੈ ਇਹ ਲੜਾਈ ਓਨਾ ਚਿਰ ਜਾਰੀ ਰਹੇਗੀ। ਉਸ ਦਿਨ ਤਕ ਆਜ਼ਾਦੀ ਦਾ ਇਹ ਸੰਘਰਸ਼ ਜਾਰੀ ਰਹੇਗਾ ਜਿਸ ਦਿਨ ਤਕ ਅਜ਼ਾਦ ਖਾਲਿਸਤਾਨ ਤੇ ਕੇਸਰੀ ਝੰਡਾ ਝੂਲਣ ਨਹੀਂ ਲੱਗ ਜਾਂਦਾ। 'ਨਿਸਚੈ ਕਰ ਅਪਨੀ ਜੀਤ ਕਰੋਂ' ਦੇ ਨਾਅਰੇ ਉਦੋਂ ਤੱਕ ਗੂੰਜਦੇ ਰਹਿਣਗੇ ਜਦੋਂ ਤੱਕ ਖਾਲਿਸਤਾਨ ਦਿੱਲੀ ਦੇ ਕਾਤਲਾਂ ਤੋਂ ਅਜ਼ਾਦ ਨਹੀਂ ਹੋ ਜਾਂਦਾ।

ਖਾਲਿਸਤਾਨ ਜ਼ਿੰਦਾ ਬਾਦ!

ਖਾਲਿਸਤਾਨ ਜਦੋਜਹਿਦ ਲਈ ਕੁਝ ਸੁਝਾਅ

ਇਸਤੋਂ ਪਹਿਲਾਂ ਕਿ ਮੈਂ ਜਦੋਜਹਿਦ ਤੇ ਕੁਝ ਵਿਚਾਰ ਆਪ ਨਾਲ ਸਾਂਝੇ ਕਰਾਂ, ਮੈਂ ਇਸ ਜਦੋਜਹਿਦ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਯੋਗਦਾਨ ਪਾਉਣ ਵਾਲੇ ਸਾਰੇ ਜੁਝਾਰੂ ਸਿੰਘਾਂ, ਸਿੰਘਣੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਅਗੇ ਸਤਕਾਰ ਨਾਲ ਆਪਣਾ ਸਿਰ ਝੁਕਾਉਣ ਦਾ ਮੌਕਾ ਲੈਂਦਾ ਹਾਂ ਜਿਹੜੇ ਕੌਮੀ ਅਣਖ ਤੇ ਗੈਰਤ ਦੇ ਗਵਾਚੇ ਵਕਾਰ ਨੂੰ ਬਹਾਲ ਕਰਨ ਖਾਤਰ ਸਿਰ ਤਲੀ ਤੇ ਧਰਕੇ ਮੈਦਾਨ ਵਿਚ ਨਿਤਰੇ ਹਨ।

ਇਸ ਤਰ੍ਹਾਂ ਮੈਦਾਨ ਵਿਚ ਨਿੱਤਰਣ ਵਾਲੇ ਇਹ ਸੂਰਮੇ ਕੋਈ ਸਾਧਾਰਨ ਸਿੰਘ ਨਹੀਂ ਹਨ ਸਗੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸਿਧਾਂਤਕ ਟਕਸਾਲ ਵਿਚੋਂ ਰਾਜਨੀਤਕ ਚੇਤਨਤਾ ਦੀ ਸੂਝਬੂਝ ਦੀ ਡਿਗਰੀ ਪ੍ਰਾਪਤ ਕਰ ਚੁੱਕੇ ਸਿੰਘ ਹਨ। ਸਿਧਾਂਤਕ ਸੂਝ-ਬੂਝ ਵਾਲਾ ਸਿੰਘ ਹੀ ਅਣਖੀਲਾ ਤੇ ਗੈਰਤਮੰਦ ਹੋ ਸਕਦਾ ਹੈ ਅਤੇ ਆਪਣੀ ਤੇ ਕੌਮੀ ਗੈਰਤ ਖਾਤਰ ਸਿਰ ਵੀ ਤਲੀ ਤੇ ਉਹੀ ਧਰ ਸਕਦਾ ਹੈ। ਮੈਦਾਨੇਜੰਗ ਤੋਂ ਆਏ ਤਿੰਨ ਚਾਰ ਲੇਖਾਂ ਨੇ ਮੇਰੇ ਇਸ ਵਿਚਾਰ ਦੀ ਪੁਸ਼ਟੀ ਵੀ ਕਰ ਦਿੱਤੀ ਹੈ।

ਆਮ ਲੇਖਾਂ ਵਿਚ ਜੁਝਾਰੂਆਂ ਨੂੰ ਦਿੱਤੀਆਂ ਗਈਆਂ ਨਸੀਹਤਾਂ ਪੜ੍ਹੀਆਂ ਹਨ। ਉਸਾਰੂ ਨੁਕਤਾਚੀਨੀ ਵਾਜਿਬ ਹੈ ਪਰ ਅਸਲੀਅਤ ਨੂੰ ਜਾਣੇ ਬਿਨਾਂ ਨੁਕਤਾਚੀਨੀ ਕਰਨਾ ਉਨ੍ਹਾਂ ਜੁਝਾਰੂਆਂ ਦੇ ਹੌਸਲਿਆਂ ਨੂੰ ਡੇਗਣਾ ਹੈ ਜਿਨ੍ਹਾਂ ਕੋਲ ਨਾ ਖਾਣ ਦਾ ਕੋਈ ਸਮਾ ਹੈ ਨਾ ਚਾਹ ਪੀਣ ਦਾ ਅਤੇ ਨਾਹੀ ਸੌਣ ਦਾ ਕੋਈ ਸਮਾ ਹੈ, ਜਿਨ੍ਹਾਂ ਨੂੰ ਰਾਤ ਦਿਨ ਬਿਖੜੇ ਪੈਂਡਿਆਂ ਦਾ ਰਾਹੀ ਬਣਨਾ ਪੈਂਦਾ ਹੈ, ਜਿਨ੍ਹਾਂ ਦੇ ਸਿਰ ਤੇ ਮੌਤ ਦੀ ਤਲਵਾਰ ਹਰ ਵੇਲੇ ਲਟਕੀ ਰਹਿੰਦੀ ਹੈ ਅਤੇ ਜਿਨ੍ਹਾਂ ਨੂੰ ਆਧੁਨਿਕ ਹਥਿਆਰਾਂ ਨਾਲ ਲੇਸ ਹੋਏ ਬੁੱਚੜਾਂ ਨਾਲ ਲੜਨਾ ਪੈਂਦਾ ਹੈ।

ਸਾਡਾ ਦੁਸ਼ਮਨ ਚਤੁਰ ਤੇ ਚਾਲਾਕ ਹੈ। ਹਿੰਦੂ 'ਥਿੰਕ ਟੈਂਕ' ਜੁਝਾਰੂਆਂ ਨੂੰ ਲੋਕਾਂ ਤੋਂ ਤੋੜਨ ਲਈ ਅਤੇ ਬਦਨਾਮ ਕਰਨ ਲਈ ਰਾਤ ਦਿਨ ਨਿਤ ਨਵੀਆਂ ਸਕੀਮਾਂ ਘੜਦਾ ਰਹਿੰਦਾ ਹੈ। ਕਾਤਲਾਂ, ਲੁਟੇਰਿਆਂ ਅਤੇ ਸਮਗਲਰਾਂ ਦੀ ਸਰਕਾਰੀ ਏਜੰਸੀ ਤਾਂ ਬਹੁਤ ਪੁਰਾਣੀ ਖੇਡ ਹੈ ਜਿਨ੍ਹਾਂ ਦਾ ਕੰਮ ਚੋਰੀਆਂ ਕਰਨਾ, ਡਾਕੇ ਮਾਰਨੇ, ਖਾਂਦੇ-ਪੀਂਦੇ ਸਿੱਖਾਂ ਤੋਂ ਪੈਸੇ ਬਟੋਰਨੇ, ਇਸਤਰੀਆਂ ਤੇ ਬੱਚੇ ਅਗਵਾ ਕਰਨੇ ਅਤੇ ਸਿੱਖਾਂ ਦੀਆਂ ਧੀਆਂ ਭੈਣਾਂ ਤੇ ਬੱਚਿਆਂ ਨੂੰ ਮਕਾਨਾਂ ਵਿਚ ਬੰਦ ਕਰਕੇ ਸਾੜ ਦੇਣਾ ਆਦਿ ਹਨ।

ਪੰਜਾਬ ਵਿਚ ਜਿਤਨੇ ਵੀ ਸਿਆਸੀ ਕਤਲ ਹੋਏ ਹਨ ਉਹ ਸਾਰੇ ਇਨ੍ਹਾਂ ਨੀਚ ਦੁਸ਼ਟਾਂ ਦੇ ਕਾਰੇ ਹਨ। ਆਪਣੇ ਸਿਆਸੀ ਲਾਭ ਲਈ ਲੋਕਾਂ ਦਾ ਕਤਲ ਕਰ ਦੇਣਾ ਇਨ੍ਹਾਂ ਦਾ ਰੋਜ਼ ਦਾ ਕੰਮ ਹੈ। ਆਮ ਲੋਕਾਂ ਦੇ ਦਿਲਾਂ ਵਿਚੋਂ ਜੁਝਾਰੂਆਂ ਦਾ ਸਤਕਾਰ ਘਟਾਉਣ ਲਈ ਸਰਕਾਰ ਦੇ ਜਾਸੂਸ ਕਾਤਲਾਂ ਨੇ ਨੀਚਤਾ ਦੇ ਸਾਰੇ ਹਥਕੰਡੇ ਵਰਤੇ ਹਨ। ਇਸਦੀ ਰੋਕ ਲਈ ਆਪਣੀਆਂ ਸਿਧਾਂਤਕ ਸਿੱਖ ਰਵਾਇਤਾਂ ਨੂੰ ਮਜ਼ਬੂਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਸਰਕਾਰੀ ਕਾਲੀਆਂ ਭੇਡਾਂ ਦੀ ਪਛਾਣ ਹੋ ਸਕੇ।

ਇਨ੍ਹਾਂ ਕਾਤਲਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਨੰਗਿਆਂ ਕਰਨਾ ਲੇਖਕਾਂ ਤੇ ਪੱਤਰਕਾਰਾਂ ਦਾ ਫਰਜ਼ ਬਣਦਾ ਹੈ। ਕਲਮ ਨਾਲ ਇਹ ਸੰਘਰਸ਼ ਬੁਧੀਜੀਵੀ ਹੀ ਲੜ ਸਕਦੇ ਹਨ ਅਤੇ ਤਲਵਾਰ ਨਾਲ ਜੁਝਾਰੂ। ਇਹ ਲੜਾਈ ਜਿਤਨੀ ਬੰਦੂਕ ਦੀ ਨੋਕ ਨਾਲ ਲੜੀ ਜਾਣੀ ਜ਼ਰੂਰੀ ਹੈ ਉਸਤੋਂ ਵੀ ਵਧ ਕਲਮ ਦੀ ਦੀ ਨੋਕ ਨਾਲ।

ਸਿੱਖ ਜੁਝਾਰਵਾਦ ਨਾਲ ਸੰਯੁਗਤ ਸਿੱਖ ਲਿਖਾਰੀਆਂ ਤੇ ਵਿਦਵਾਨਾਂ ਨਾਲ ਭਾਰਤ ਸਰਕਾਰ ਕਿਵੇਂ ਨਿਬੜਦੀ ਹੈ ਉਸਦੀ ਪ੍ਰਤੱਖ ਮਿਸਾਲ ਇੰਜਨੀਅਰ-ਇਤਿਹਾਸਕਾਰ ਅਜੀਤ ਸਿੰਘ ਬਾਘਾ ਹਨ। ਅਠਾਰਾਂ

ਅਕਤੂਬਰ 1984 ਨੂੰ ਉਹ ਜਸਟਸ ਆਰ. ਐੱਸ. ਨਰੂਲਾ, ਗਿਆਨੀ ਗੁਰਦਿੱਤ ਸਿੰਘ, ਸ. ਨੌਰੰਗ ਸਿੰਘ ਅਤੇ ਹੋਰ ਸੱਜਣਾਂ ਨਾਲ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਜੂਨ 1984 ਦੇ ਘੱਲੂਘਾਰੇ ਦੇ ਸੰਦਰਭ ਵਿਚ ਉਸਦੇ ਕਮਜ਼ੋਰ ਰੋਲ ਬਾਰੇ ਉਲ੍ਹਾਮਾ ਦੇਣ ਗਏ। ਉਸੇ ਰਾਤ ਗਵਾਲੀਅਰ ਵਿਚ ਬਾਘਾ ਸਾਹਿਬ ਤੇ ਤੜਕਸਾਰ ਚਾਰ ਸਰਕਾਰੀ ਗੁੰਡਿਆਂ ਨੇ ਪਿਸਤੌਲਾਂ ਅਤੇ ਛੁਰਿਆਂ ਨਾਲ ਵਾਰ ਕੀਤੇ। ਆਪਣੀਆਂ ਲਿਖਤਾ ਵਿਚ ਬਾਘਾ ਸਾਹਿਬ ਹਿੰਦੂ ਸਮਾਗਮਾਂ ਵਿਚ ਹਾਜ਼ਰੀ ਭਰਨ ਵਾਲੇ ਗਿਆਨੀ ਜ਼ੈਲ ਸਿੰਘ ਅਤੇ ਦੇਵੀ-ਪੂਜ ਪ੍ਰਕਾਸ਼ ਸਿੰਘ ਬਾਦਲ ਦੇ ਪੋਲ ਉਘਾੜਦੇ ਰਹੇ ਸਨ। ਸੋ ਉਪਰੋਕਤ ਦੋਹਾਂ ਵਿਅਕਤੀਆਂ ਨੇ ਉਨ੍ਹਾਂ ਉਪਰ ਵਾਰ ਕਰਾਉਣੇ ਹੀ ਕਰਾਉਣੇ ਸਨ। ਖੈਰ, ਗਵਾਲੀਅਰ ਦੀ ਸਾਧਸੰਗਤ ਨੇ ਬਾਘਾ ਸਾਹਿਬ ਨੂੰ ਫੌਰਨ ਹਸਪਤਾਲ ਪਹੁੰਚਾਇਆ। ਬਾਘਾ ਸਾਹਿਬ ਦੇ ਪੇਟ ਤੇ ਭਾਰਤ ਸਰਕਾਰ ਦੇ ਸਿੱਖਾਂ ਤੇ ਕੀਤੇ ਜ਼ੁਲਮ ਦੀ ਗੁਆਹੀ ਦੇ ਰੂਪ ਵਿਚ ਅੱਠ ਇੰਚ ਲੰਮੀ ਜ਼ਖ਼ਮ ਦੇ ਘਾਉ ਦੀ ਲਕੀਰ ਪ੍ਰਾਪਤ ਹੈ। ਸੋ ਇਹ ਨਹੀਂ ਕਿ ਲੇਖਕ ਆਪਣੀ ਕਲਮ ਦੀ ਨੋਕ ਨਾਲ ਜੁਝਾਰਵਾਦ ਵਿਚ ਯੋਗਦਾਨ ਨਹੀਂ ਪਾਉਂਦੇ। ਸਰਕਾਰ ਸਿੱਖ ਸਰੂਪ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹੈ: ਉਨ੍ਹਾਂ ਨੇ ਸਿੱਖ ਵਿਦਵਾਨਾਂ ਨਾਲ ਭੀ ਉਹ ਸਲੂਕ ਕਰਨਾ ਹੈ ਜੋ ਉਹ ਸਾਧਾਰਨ ਸਿੱਖਾਂ ਨਾਲ ਕਰਦੀ ਹੈ।

ਸੰਘਰਸ਼ ਭਾਵੇਂ ਹਥਿਆਰਬੰਦ ਹੋਵੇ ਅਤੇ ਭਾਵੇਂ ਸ਼ਾਂਤਮਈ, ਇਹ ਕਦੇ ਵੀ ਦ੍ਰਿੜਤਾ ਅਤੇ ਤਿਆਗ ਦੀ ਭਾਵਨਾ ਤੋਂ ਬਿਨਾਂ ਨਹੀਂ ਚਲਾਇਆ ਜਾ ਸਕਦਾ। ਸੰਘਰਸ਼ ਦੌਰਾਨ ਗਿਣਤੀਆਂ-ਮਿਣਤੀਆਂ ਕੰਮ ਨਹੀ ਕਰਦੀਆਂ ਸਗੋਂ ਦ੍ਰਿੜਤਾ ਅਤੇ ਵਿਸ਼ਵਾਸ ਦੇ ਧਾਰਨੀ ਕੁਝ ਸੂਰਮੇ ਲੱਖਾਂ ਦੀ ਫੌਜ ਨੂੰ ਹਰਾ ਕੇ ਰਖ ਦਿੰਦੇ ਹਨ।

ਖਾਲਸਾ ਵਿਸ਼ਵਾਸੀ ਹੈ, ਭਰਮੀ ਨਹੀਂ। ਇਹ ਦ੍ਰਿੜਚਿਤ ਹੈ, ਡਾਵਾਂਡੋਲ ਨਹੀਂ। ਸਿੱਖਾਂ ਵਿਚ ਦ੍ਰਿੜਤਾ ਤੇ ਹੱਠ ਸਿਖਰ ਦੀ ਹੈ। ਮੁਗਲਾਂ ਦੇ ਆਰਿਆਂ ਨੇ ਸਿੱਖਾਂ ਦੇ ਸਰੀਰ ਨੂੰ ਚੀਰ ਕੇ ਦੋਫਾੜ ਤਾਂ ਕਰ ਦਿੱਤਾ ਪਰ ਇਨ੍ਹਾਂ ਦੇ ਵਿਸ਼ਵਾਸ ਤੇ ਦ੍ਰਿੜਤਾ ਦੇ ਸਟੀਲ ਨਾਲ ਟਕਰਾ ਕੇ ਆਪ ਟੁੱਟ ਗਏ। ਜਲਾਦਾਂ ਦੇ ਟੋਕਿਆਂ ਨੇ ਸਿੱਖਾਂ ਦੇ ਬੰਦ ਬੰਦ ਤਾਂ ਕੱਟ ਲਏ ਪਰ ਇਨ੍ਹਾਂ ਦੀ ਦ੍ਰਿੜਤਾ ਅਤੇ ਵਿਸ਼ਵਾਸ ਦੇ ਟੁਕੜੇ ਨਾ ਕਰ ਸਕੇ।

ਹਿੰਦੂ ਸਾਮਰਾਜ ਨੇ ਵੀ ਜੁਝਾਰੂਆਂ ਨੂੰ ਮਾਰ-ਮੁਕਾਉਣ ਲਈ ਹਰ ਹੀਲਾ-ਹਰਬਾ ਵਰਤਿਆ। ਇਨ੍ਹਾਂ ਦੇ ਬਾਹੂਬਲ ਨੂੰ ਤੋੜਨ ਲਈ ਸਾਰੇ ਹਥਕੰਡੇ ਵਰਤ ਕੇ ਵੇਖ ਲਏ ਪਰ ਇਹ ਸਿੱਖਾਂ ਦੀ ਦ੍ਰਿੜਤਾ ਅਤੇ ਵਿਸ਼ਵਾਸ ਨੂੰ ਨਹੀਂ ਤੋੜ ਸਕਿਆ, ਉਹ ਦ੍ਰਿੜਤਾ ਅਤੇ ਹੱਠ ਜੋ ਕਿਸੇ ਕੌਮ ਦੀ ਆਨ ਤੇ ਸ਼ਾਨ ਦਾ ਮਹੱਤਵਪੂਰਨ ਅੰਗ ਹੁੰਦੇ ਹਨ।

ਹੁਣ ਮੈਂ ਇਸ ਹੱਕ ਤੇ ਸੱਚ ਦੀ ਚੱਲ ਰਹੀ ਜਦੋਜਹਿਦ ਸੰਬੰਧੀ, ਆਪਣੀ ਤੁਛ ਬੁਧੀ ਅਨੁਸਾਰ ਕੁਝ ਸੁਝਾਅ ਦੇਣ ਦੀ ਕੋਸ਼ਿਸ਼ ਕਰਦਾ ਹਾਂ:

ਸਾਡੀ ਇਹ ਜਦੋਜਹਿਦ ਬਹੁਤ ਲੰਮੀ ਹੈ: ਇਸ ਲਈ ਇਸਦੀ ਲੜਾਈ ਦੀ ਵਿਉਂਤਬੰਦੀ ਵੀ ਲੰਮੇ ਸਮੇਂ ਦੀ ਹੀ ਹੋਣੀ ਚਾਹੀਦੀ ਹੈ। ਇਤਹਾਸ ਗਵਾਹ ਹੈ ਕਿ ਕੋਈ ਵੀ ਸਾਮਰਾਜ ਆਪਣੀ ਗੁਲਾਮ ਕੌਮ ਨੂੰ ਅਸਾਨੀ ਨਾਲ ਅਜ਼ਾਦ ਨਹੀਂ ਹੋਣ ਦਿੰਦਾ।

ਅੰਗਰੇਜ਼ਾਂ ਨੇ ਭਾਰਤ ਅਤੇ ਬਾਕੀ ਕਾਲੋਨੀਆਂ ਨੂੰ ਉਦੋਂ ਹੀ ਆਜ਼ਾਦ ਕੀਤਾ ਜਦੋਂ ਦੂਜੇ ਸੰਸਾਰ ਯੁਧ ਨੇ ਇਨ੍ਹਾਂ ਨੂੰ ਨਿਢਾਲ ਕਰਕੇ ਰਖ ਦਿੱਤਾ, ਜਿਸ ਨਾਲ ਇਨ੍ਹਾਂ ਅੰਦਰੋਂ ਆਪਣੀਆਂ ਕਾਲੋਨੀਆਂ ਨੂੰ ਸਾਂਭਣ ਦਾ ਸਾਹ-ਸਤ ਮੁੱਕ ਗਿਆ ਸੀ।

ਜਿਹੜੇ ਸੁਖ ਤੇ ਆਰਾਮ ਇਕ ਮਾਲਕ ਨੂੰ ਅਪਣੇ ਗੁਲਾਮ ਕੋਲੋਂ ਮਿਲਦੇ ਹਨ ਉਨ੍ਹਾਂ ਦੇ ਖੁੱਸ ਜਾਣ ਨਾਲ ਮਾਲਕ ਦੀ ਅਰਾਮਦਿਹ ਜ਼ਿੰਦਗੀ ਵਿਚ ਉਥਲ-ਪੁਥਲ ਆ ਜਾਂਦੀ ਹੈ। ਫਿਰ ਸਿੱਖਾਂ ਨੇ ਤਾਂ ਹਿੰਦੂ ਸਾਮਰਾਜ ਨੂੰ ਮੰਗਤੇ ਤੋਂ ਰਾਜਾ ਬਣਾ ਦਿੱਤਾ ਹੈ। ਇਸ ਲਈ ਸਿੱਖਾਂ ਨੂੰ ਗੁਲਾਮ ਬਣਾਈ ਰੱਖਣ ਲਈ ਇਸ ਬੇਦਰਦ ਸਾਮਰਾਜ ਨੇ ਅਜੇ ਬਹੁਤ ਕੁਝ ਕਰਨਾ ਹੈ।

ਇਸ ਲੰਮੀ ਲੜਾਈ ਨੂੰ ਲੜਨ ਵਾਸਤੇ ਲੋਕਾਂ ਨੂੰ ਆਪਣੇ ਨਾਲ ਜੋੜੀ ਰਖਣਾ ਬਹੁਤ ਜ਼ਰੂਰੀ ਹੈ। ਲੋਕ ਸਾਡੇ ਨਾਲ ਤਾਂ ਹੀ ਜੁੜਨਗੇ ਜੇ ਅਸੀਂ ਉਨ੍ਹਾਂ ਦੀ ਖੁਸ਼ੀ, ਗਮੀ ਤੇ ਇਜ਼ਤ ਦੇ ਭਾਈਵਾਲ ਬਣਾਂਗੇ ਅਤੇ ਲੋਕਾਂ ਦੇ ਰਾਖੇ ਬਣਕੇ ਲੋਕਾਂ ਦੀ ਰਖਿਆ ਕਰਾਂਗੇ। ਅਸੀਂ ਅਜੇਹੇ ਹਾਲਾਤ ਪੈਦਾ ਕਰਨੇ ਹਨ ਕਿ ਜੁਝਾਰੂ ਸਿਘ ਨਜ਼ਰ ਆਉਂਦਿਆਂ ਹੀ ਲੋਕ ਆਪਣੇ ਆਪ ਨੂੰ ਸੁਰਖਿਅਤ ਸਮਝਣ ਲਗ ਜਾਣ। ਇਹ ਸਭ ਕੁਝ ਤਦ ਹੀ ਹੋ ਸਕਦਾ ਹੈ ਜੇ ਅਸੀਂ ਉੱਚੇ ਤੇ ਸੁੱਚੇ ਖਾਲਸਈ ਆਚਰਨ ਦੀ ਪਾਲਨਾ ਕਰਦੇ ਹੋਏ ਲੋਕਾਂ ਦੀ ਇਜ਼ਤ ਤੇ ਪਹਿਰਾ ਦੇਵਾਂਗੇ।

ਸਾਡੀ ਲੜਾਈ ਜ਼ਾਲਮ ਸਰਕਾਰ ਨਾਲ ਹੈ, ਨਾਂਕਿ ਲੋਕਾਂ ਨਾਲ। ਜ਼ਾਲਮ ਸਾਡਾ ਦੁਸ਼ਮਣ ਹੈ ਅਤੇ ਮਜ਼ਲੂਮ ਸਾਡਾ ਸਾਥੀ, ਭਾਵੇਂ ਉਹ ਹਿਦੂ, ਹੋਵੇ ਭਾਵੇਂ ਮੁਸਲਮਾਨ। ਅਸੀਂ ਲੋਕਾਂ ਦੀ ਰਾਖੀ ਕਰਨੀ ਹੈ ਕਿਉਂਕਿ 'ਸਰਬੱਤ ਦਾ ਭਲਾ' ਸਾਡੀ ਮੰਜ਼ਲ ਹੈ।

ਲੋਕ ਸਿਆਸੀ ਲੜਾਈਆਂ ਦਾ ਪਾਸਾ ਬਦਲ ਕੇ ਰਖ ਦੇਣ ਦੀ ਤਾਕਤ ਰਖਦੇ ਹਨ। 'ਸਭੇ ਸਾਂਝੀਵਾਲ ਸਦਾਇਨ' ਦੇ ਅਸੀਂ ਧਾਰਨੀ ਹਾਂ ਜਿਸ ਦਾ ਸਹੀ ਪਰਚਾਰ ਕਰਕੇ ਅਸੀਂ ਪੰਜਾਬ ਦੇ ਸਾਰੇ ਲੋਕਾਂ ਨੂੰ ਆਪਣੇ ਨਾਲ ਜੋੜਨਾ ਹੈ। ਗੁਰੂ ਗੋਬਿੰਦ ਸਿਘ ਜੀ ਦੀ ਹਿੰਦੂ ਰਾਜਿਆਂ ਅਤੇ ਮੁਗਲਾਂ ਦੇ ਜ਼ੁਲਮ ਵਿਰੁਧ ਲੜੀ ਅਜ਼ਾਦੀ ਦੀ ਲੜਾਈ ਵਿਚ ਹਿਦੂਆਂ ਤੇ ਮੁਸਲਮਾਨਾਂ ਦੋਹਾਂ ਨੇ ਪੂਰਾ ਪੂਰਾ ਹਿਸਾ ਪਾਇਆ ਸੀ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿਘ ਦੇ ਸਰਬ-ਸਾਂਝੇ ਪੰਜਾਬੀ ਰਾਜ ਦੀ ਉਸਾਰੀ ਵਿਚ ਹਿਦੂ, ਮੁਸਲਮਾਨਾਂ ਤੇ ਸਿਖਾਂ ਸਭ ਨੇ ਮਿਲ ਕੇ ਹਿਸਾ ਪਾਇਆ ਸੀ। ਸਾਡੇ ਖਾਲਸਈ ਕਿਰਦਾਰ ਨੂੰ ਪੁਰਾਤਨ ਮੁਸਲਮਾਨ ਇਤਿਹਾਸਕਾਰਾਂ ਨੇ ਵੀ ਸਲਾਹਿਆ ਹੈ। ਅਠਾਰਵੀਂ ਸਦੀ ਵਿਚ ਬੰਦਾ ਸਿਘ ਬਹਾਦਰ ਦੀ ਸ਼ਹਾਦਤ ਮਗਰੋਂ ਸਿਖਾਂ ਨੂੰ ਚੁਣ ਚੁਣ ਕੇ ਕਤਲ ਕੀਤਾ ਗਿਆ, ਕਹਿਰਾਂ ਦੇ ਜ਼ੁਲਮ ਢਾਹੇ ਗਏ, ਇਸਦੇ ਬਾਵਜੂਦ ਸਿਖਾਂ ਨੇ ਆਪਣੀਆਂ ਖਾਲਸਈ ਰਿਵਾਇਤਾਂ ਨੂੰ ਕਾਇਮ ਰਖਿਆ ਅਤੇ ਇਨ੍ਹਾਂ ਕਿਸੇ ਵੀ ਮੁਸਲਮਾਨ ਇਸਤਰੀ ਜਾਂ ਬੱਚੇ ਉੱਤੇ ਹਥ ਨਹੀਂ ਉਠਾਇਆ। ਵਕਤ ਆਇਆ, ਹਿਦੂ ਤੇ ਮੁਸਲਮਾਨ ਦੋਹਾਂ ਨੇ ਸਿਖਾਂ ਦੇ ਕਥਨੀ ਤੇ ਕਰਨੀ ਦੇ ਕਿਰਦਾਰ ਦਾ ਸਾਥ ਦਿੱਤਾ।

ਲੋਕਾਂ ਦੇ ਉਭਾਰ ਨੂੰ ਦੁਨੀਆਂ ਦੀਆਂ ਸਭ ਤੋਂ ਵੱਧ ਤਾਕਤਵਰ ਹਕੂਮਤਾਂ ਵੀ ਨਹੀਂ ਰੋਕ ਸਕੀਆਂ। ਕੱਲ੍ਹ ਦੀ ਗੱਲ ਨਹੀਂ ਅਸੀਂ ਅੱਜ ਦੀ ਗੱਲ ਕਰਦੇ ਹਾਂ। ਇਰਾਨ ਵਿਚ ਅਮਰੀਕਾ ਦਾ ਸਾਰਾ ਧਨ, ਸਾਰੀ ਮਿਲਟਰੀ ਦੀ ਸ਼ਕਤੀ, ਸੀ. ਆਈ. ਏ. ਦੀ ਸਾਰੀ ਤਾਕਤ ਅਤੇ ਇਰਾਨ ਦੇ ਸ਼ਾਹ ਦੀਆਂ ਸਾਰੀਆਂ ਤੋਪਾਂ ਲੋਕਾਂ ਦੇ ਹੜ੍ਹ ਨੂੰ ਠੱਲ੍ਹ ਨਾ ਪਾ ਸਕੀਆਂ।

ਫਿਲਪਾਈਨ ਵਿਚ ਲੋਕਾਂ ਆਪਣੇ ਏਕੇ ਨਾਲ ਡਿਕਟੇਟਰ ਦੀਆਂ ਸਾਰੀਆਂ ਤੋਪਾਂ ਨੂੰ ਚੁਪ ਕਰਾਕੇ ਰੱਖ ਦਿੱਤਾ।

ਪੋਲੈਂਡ ਦੇ ਬਹਾਦਰ ਲੋਕਾਂ ਦੇ ਏਕੇ ਨੇ ਰੂਸੀ ਸਾਮਰਾਜ ਨੂੰ ਠੁੱਡੇ ਮਾਰ ਕੇ ਕੱਢ ਦੇਣ ਦੀ ਅਜੇਹੀ ਪਿਰਤ ਪਾਈ ਕਿ ਸਾਰੇ ਈਸਟਰਨ ਬਲਾਕ ਦੇ ਮੁਲਕਾਂ ਨੇ ਵਾਰੋਵਾਰੀ ਰੂਸੀ ਸਾਮਰਾਜ ਦਾ ਜਨਾਜ਼ਾ ਕੱਢ ਕੇ ਰੱਖ ਦਿੱਤਾ ਅਤੇ ਸਾਰੇ ਅਜ਼ਾਦ ਹੋ ਗਏ। ਹੁਣ ਤਾਂ ਰੂਸੀ ਸਾਮਰਾਜ ਦੇ ਵੀ ਟੁਕੜੇ ਹੋਣੇ ਸ਼ੁਰੂ ਹੋ ਗਏ ਹਨ। ਲੀਥੋਨੀਆਂ ਦੇ ਲੋਕਾਂ ਦੇ ਏਕੇ ਨੇ ਅਜ਼ਾਦੀ ਦਾ ਐਲਾਨ ਕਰ ਦਿੱਤਾ ਹੈ, ਇਸਟੋਨੀਆਂ ਕਰਨ ਵਾਲੀ ਹੈ। ਆਜ਼ਾਦੀ ਦੀਆਂ ਹਨੇਰੀਆਂ ਝੁਲ ਰਹੀਆਂ ਹਨ ਹਰ ਪਾਸੇ।

ਹਰ ਪੰਜਾਬੀ ਨੂੰ ਆਪਣੇ ਵਿਸ਼ਵਾਸ ਵਿਚ ਲੈਣਾ ਓਨਾ ਹੀ ਜ਼ਰੂਰੀ ਹੈ ਜਿੰਨੀਆਂ ਜ਼ਰੂਰੀ ਬੰਦੂਕਾਂ ਹਨ। ਲੋਕਾਂ ਨੂੰ ਨਾਲ ਲੈਣ ਲਈ ਸਿਆਸੀ ਸੂਝਬੂਝ ਦੀ ਲੋੜ ਹੈ। ਸਾਡਾ ਸ਼ਾਨਦਾਰ ਇਤਿਹਾਸ ਤੇ ਖਾਲਸਈ ਰਿਵਾਇਤਾਂ ਸਾਡੀ ਗਵਾਹੀ ਦੇ ਸਕਦੇ ਹਨ। ਸਿਖ ਰਾਜ ਵਿਚ ਕੋਈ ਮਸਜਿਦ ਜਾਂ ਮੰਦਰ ਨਹੀਂ ਢਾਹਿਆ ਗਿਆ ਸਗੋਂ ਸਰਕਾਰੀ ਖਰਚ ਨਾਲ ਇਨ੍ਹਾਂ ਦੀਆਂ ਉਸਾਰੀਆਂ ਕੀਤੀਆਂ ਗਈਆਂ ਸਨ। ਨਿਰਪੱਖ ਮੁਸਲਮ ਇਤਿਹਾਸਕਾਰ ਇਨ੍ਹਾਂ ਗੱਲਾਂ ਦੀ ਪੁਸ਼ਟੀ ਕਰਦੇ ਹਨ।

ਇਸ ਹਕੀਕਤ ਨੂੰ ਲੋਕਾਂ ਤੱਕ ਸਿਰਫ ਪਹੁੰਚਾਣ ਦੀ ਲੋੜ ਹੈ। ਲੋਕ ਭਲਾਈ ਸਾਡੇ ਧਰਮ ਦਾ ਅੰਗ ਹੈ। ਅਸੀਂ ਤਾਂ ਹਾਂ ਹੀ ਸਾਰੇ ਜਗਤ ਦਾ ਭਲਾ ਮੰਗਣ ਵਾਲੇ। ਜੇ ਮੌਜੂਦਾ ਪ੍ਰੈੱਸ ਸਾਥ ਨਹੀਂ ਦੇਂਦਾ ਤਾਂ ਨਾ ਸਹੀ, ਦ੍ਰਿੜਤਾ ਹੋਣੀ ਚਾਹੀਦੀ ਹੈ। ਇਹ ਸੰਦੇਸ਼ ਇਸ਼ਤਹਾਰਾਂ ਰਾਹੀਂ, ਗੁਰਦਵਾਰਿਆਂ ਵਿਚ ਪ੍ਰਚਾਰਕਾਂ ਰਾਹੀਂ ਅਤੇ ਇਕ ਦੂਜੇ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾ ਸਕਦਾ ਹੈ। ਕਿਸੇ ਅਗਲੇ ਪੜਾਅ ਤੇ ਸਾਨੂੰ ਪ੍ਰੈੱਸ ਦੀ ਘਾਟ ਭੀ ਪੂਰੀ ਕਰਨੀ ਚਾਹੀਦੀ ਹੈ।

ਸਿੱਖ ਕੌਮ ਦਾ ਐਸ ਵੇਲੇ ਇਕ ਹੋਰ ਵੱਡਾ ਦੁਖਾਂਤ ਇਹ ਹੈ ਕਿ ਇਹ ਆਪਣੀ ਤਾਕਤ ਦਾ ਬਹੁਤ ਵਡਾ ਹਿਸਾ ਸੰਪਰਦਾਇਕ ਵਖਰੇਵਿਆਂ ਵਿਚ ਨਸ਼ਟ ਕਰ ਰਹੀ ਹੈ। ਇਸਦੇ ਆਪੂੰ ਬਣੇ ਆਗੂਆਂ ਨੂੰ ਸੁਆਰਥ ਦਾ ਘੁਣ ਲੱਗ ਚੁੱਕਾ ਹੈ ਅਤੇ ਇਹ ਸਿੱਖ ਰਵਾਇਤਾਂ ਤੇ ਸਿੱਖ ਸਿਧਾਂਤਾਂ ਨੂੰ ਤਿਲਾਂਜਲੀ ਦੇਈ ਬੈਠੇ ਹਨ।

ਜਿਸ ਕੌਮ ਅੰਦਰ ਧਨ ਦੀ ਕਦਰ ਮਨੁੱਖੀ ਕਦਰ ਨਾਲੋਂ ਵੱਧ ਹੋਣ ਲੱਗ ਪਏ ਤਾਂ ਸਮਝੋ ਕਿ ਉਸ ਕੌਮ ਦੇ ਸਦਾਚਾਰਕ ਜੀਵਨ ਵਿਚ ਪਤਨ ਆ ਚੁੱਕਾ ਹੈ। ਧਾਰਮਕ ਜੀਵਨ ਪਤਿਤ ਹੋਣ ਨਾਲ ਸਦਾਚਾਰਕ ਜੀਵਨ ਵਿਚ ਪਤਨ ਆ ਜਾਂਦਾ ਹੈ। ਸਦਾਚਾਰਕ ਜੀਵਨ ਵਿਚ ਪਤਨ ਆ ਜਾਣ ਨਾਲ ਕਥਨੀ ਤੇ ਕਰਨੀ ਵਿਚ ਫਰਕ ਆ ਜਾਂਦਾ ਹੈ। ਇਸ ਤਰ੍ਹਾਂ ਸੁਆਰਥ ਮਨੁੱਖ ਦਾ ਮੁਖ ਧਰਮ ਬਣ ਜਾਂਦਾ ਹੈ ਅਤੇ ਸੁਆਰਥ ਮਨੁੱਖ ਨੂੰ ਨਕੇਲ ਪਾਈ ਜਿਧਰ ਚਾਹੁੰਦਾ ਹੈ ਖਿਚੀ ਫਿਰਦਾ ਹੈ।

ਸੁਆਰਥ ਤੇ ਮਨਮਤ ਹਉਮੈ ਨੂੰ ਜਨਮ ਦਿੰਦੇ ਹਨ। ਸਾਰੇ ਪੁਆੜਿਆਂ ਦੀ ਜੜ੍ਹ ਹਉਮੈ ਤੇ ਮਨਮਤ ਹੈ ਜੋ ਏਕਤਾ ਨੂੰ ਅਨੇਕਤਾ ਵਿਚ ਪਾੜਦੀ ਹੈ। ਐਸ ਵੇਲੇ ਸਿੱਖ ਕੌਮ ਦੇ ਆਗੂਆਂ ਅੰਦਰ ਹਉਮੈ ਦੀ ਬੀਮਾਰੀ ਹੈ ਜਿਹੜੀ ਇਨ੍ਹਾਂ ਨੂੰ ਇਕਠਿਆਂ ਨਹੀਂ ਹੋਣ ਦਿੰਦੀ। ਜਦੋਂ ਕਦੀ ਇਹ ਏਕਤਾ ਦੀ ਗੱਲ ਕਰਦੇ ਵੀ ਹਨ ਤਾਂ ਉਹ ਇਕ ਜ਼ਬਾਨੀ ਜਮ੍ਹਾ-ਖਰਚ ਵਾਲੀ ਗੱਲ ਹੀ ਹੁੰਦੀ ਹੈ।

ਸਾਰੀ ਕੌਮ ਟੁਕੜਿਆਂ ਵਿਚ ਨਹੀਂ ਸਗੋਂ ਨਿੱਕੀਆਂ ਨਿੱਕੀਆਂ ਟੁਕੜੀਆਂ ਵਿਚ ਵੰਡੀ ਪਈ ਹੈ। ਕਈ ਜੁਝਾਰੂ ਜਥੇਬੰਦੀਆਂ ਹਨ। ਉਨ੍ਹਾਂ ਦੇ ਵੀ ਅਗੇ ਕਈ ਗਰੁੱਪ ਬਣੇ ਹੋਏ ਹਨ। ਕਈ ਪੰਥਕ ਕਮੇਟੀਆਂ ਹਨ, ਉਨ੍ਹਾਂ ਵਿਚ ਵੀ ਗਰੁੱਪ ਬਣ ਗਏ ਹਨ, ਕਈ ਅਕਾਲੀ ਦਲ ਹਨ ਅਤੇ ਕਈ ਜਥੇਦਾਰ ਹਨ। ਕੌਮ ਖੇਰੂੰ ਖੇਰੂੰ ਹੋਈ ਪਈ ਹੈ।

ਐਸ ਵੇਲੇ ਕੌਮੀ ਭਾਵਨਾਵਾਂ ਨੂੰ ਸੁਰਜੀਤ ਕਰਨ ਅਤੇ ਖਾਲਿਸਤਾਨ ਦੁਆਲੇ ਕੇਂਦਰਤ ਕਰਨ ਦੀ ਫੌਰੀ ਲੋੜ ਹੈ। ਕੌਮ ਦੀ ਬੇੜੀ ਨੂੰ ਇਸ ਘੁੰਮਣਘੇਰੀ ਵਿਚੋਂ ਕਢ ਕੇ ਕਿਨਾਰੇ ਲਾ ਸਕਣ ਵਾਲੇ ਨਿਸ਼ਕਾਮ ਮਲਾਹਾਂ ਦੀ ਲੋੜ ਹੈ, ਪਰ ਇਹ ਕਰੇ ਕੌਣ?

ਬੁੱਢੀ, ਭ੍ਰਿਸ਼ਟ ਅਤੇ ਨਕਾਰਾ ਹੋ ਚੁੱਕੀ ਮਸੰਦਾਂ ਦੀ ਲੀਡਰਸ਼ਿਪ ਵਿਚ ਨਾ ਤਾਂ ਕੋਈ ਸਾਹ-ਸਤ ਬਾਕੀ ਹੈ ਤੇ ਨਾਹੀ ਉਹ ਸਮੇਂ ਦੀ ਮੰਗ ਪੂਰੀ ਕਰਨਯੋਗ ਹਨ। ਇਸ ਤੋਂ ਵੀ ਵੱਧ ਦੁਖ ਦੀ ਗੱਲ ਇਹ ਹੈ ਕਿ ਇਨ੍ਹਾਂ ਸੁਆਰਥੀ ਲੀਡਰਾਂ ਨੇ ਕਿਸੇ ਦਿਆਨਤਦਾਰ ਤੇ ਨਿਸ਼ਕਮ ਆਗੂ ਨੂੰ ਸਿੱਖ ਸਿਆਸਤ ਦੇ ਲਾਗੇ ਹੀ ਨਹੀਂ ਫਟਕਣ ਦਿੱਤਾ।

ਜੇ ਕੋਈ ਕੌਮ-ਦਰਦੀ ਆਗੂ ਹੈ ਵੀ ਤਾਂ ਉਸ ਨੂੰ ਇਨ੍ਹਾਂ ਟੁਕੜੀਆਂ ਦੀ ਸਿਆਸਤ ਹੀ ਅਗੇ ਨਹੀਂ ਆਉਣ ਦਿੰਦੀ ਜਾਂ ਉਸ ਨੂੰ ਇਨ੍ਹਾਂ ਟੁਕੜੀਆਂ ਨੂੰ ਇਕਠਿਆਂ ਕਰਨ ਤੋਂ ਹੀ ਵਿਹਲ ਨਹੀਂ ਮਿਲਦੀ। ਸਿੱਟੇ ਵਜੋਂ ਇਸ ਕੌਮੀ ਜਦੋਜਹਿਦ ਨੂੰ ਸੱਟਾਂ ਵੱਜ ਰਹੀਆਂ ਹਨ।

ਵਿਦੇਸ਼ ਵਿਚ ਇਸ ਪਖੋਂ ਸਿੱਖ ਕੌਮ ਦੀ ਹਾਲਤ ਹੋਰ ਵੀ ਮਾੜੀ ਹੈ। ਸਭ ਨੇ ਆਪਣੇ ਆਪ ਨੂੰ ਪੰਜਾਬ ਦੀ ਕਿਸੇ ਟੁਕੜੀ ਨਾਲ ਜੋੜ ਰਖਿਆ ਹੈ ਅਤੇ ਆਪਣੀ ਵਿਤ ਅਨੁਸਾਰ ਪੈਸਾ ਇਕੱਠਾ ਕਰਕੇ ਉਸ ਟੁਕੜੀ ਦੇ ਜੁਝਾਰੂਆਂ ਨੂੰ ਭੇਜਦੇ ਰਹਿੰਦੇ ਹਨ ਜਿਸਦੀ ਯੋਗ ਵਰਤੋਂ ਕੀਤੀ ਜਾਂਦੀ ਹੈ ਜਾਂ ਨਹੀਂ ਇਹ ਇਕ ਵਖਰਾ

ਵਿਸ਼ਾ ਹੈ। ਪਰ ਇਹ ਲੋਕ ਆਪੋ-ਆਪਣੀ ਜਥੇਬੰਦਕ ਖਿਚੋਤਾਣ ਵਿਚ ਹੀ ਉਲਝੇ ਰਹਿੰਦੇ ਹਨ। ਇਨ੍ਹਾਂ ਕੋਲ ਨਾ ਤਾਂ ਕੋਈ ਕੌਮਾਂਤਰੀ ਪਧਰ ਦੀ ਸੂਝਬੂਝ ਹੈ ਤੇ ਨਾਹੀ ਇਤਨਾ ਵਕਤ। ਜੇ ਜੁਝਾਰੂ ਸਿੰਘ ਆਪਣੇ ਅੰਦਰ ਸੱਚੇ ਦਿਲੋਂ ਏਕਤਾ ਕਰਨ ਤਾਂ ਵਿਦੇਸ਼ੀ ਜਥੇਬੰਦੀਆਂ ਵਿਚ ਏਕਤਾ ਆਪਣੇ ਆਪ ਹੋ ਜਾਵੇਗੀ।

ਇਹੀ ਕਾਰਨ ਹੈ ਕਿ ਸਿਖ ਕੌਮ ਵਿਦੇਸ਼ਾਂ ਵਿਚ ਰਹਿਕੇ ਵੀ ਕੌਮਾਂਤਰੀ ਪੱਧਰ ਤੇ ਕੋਈ ਮਜ਼ਬੂਤ ਜਥੇਬੰਦੀ ਨਹੀਂ ਬਣਾ ਸਕੀ ਜਿਹੜੀ ਕਿ ਸਿਖ ਕੌਮ ਦੀ ਅਜ਼ਾਦੀ ਦੀ ਜਦੋਜਹਿਦ ਨੂੰ ਸੰਸਾਰ ਬਰਾਦਰੀ ਸਾਹਮਣੇ ਰਖ ਸਕੇ। ਇਸ ਦੇ ਨਾਮਨਿਹਾਦ ਆਗੂ ਗੁਰਦਵਾਰਿਆਂ ਵਿਚ ਗੋਲਕ ਲਈ ਰੌਲਾ ਪਾਣ ਜੋਗੇ ਹੀ ਹਨ। ਸੰਸਾਰ-ਬਰਾਦਰੀ ਵਿਚ ਕੌਮ ਲਈ ਨਾ ਤਾਂ ਆਪ ਕੁਝ ਕਰ ਸਕਦੇ ਹਨ ਅਤੇ ਨਾਹੀ ਕਿਸੇ ਨੂੰ ਕਰਨ ਦੇਂਦੇ ਹਨ।

ਸਾਡੀ ਜਦੋਜਹਿਦ ਇਕ ਸਥਾਨਕ ਜਦੋਜਹਿਦ ਬਣਕੇ ਰਹਿ ਗਈ ਹੈ ਕਿਉਂਕਿ ਅਸੀਂ ਸੰਸਾਰ ਬਰਾਦਰੀ ਅਗੇ ਆਪਣਾ ਸਿਆਸੀ ਕੇਸ ਤਿਆਰ ਕਰਕੇ ਨਹੀਂ ਰਖ ਸਕੇ। ਜਦ ਤੱਕ ਅਸੀਂ ਸੰਸਾਰ ਬਰਾਦਰੀ ਦਾ ਦਰਵਾਜ਼ਾ ਨਹੀਂ ਖੜਕਾਉਂਦੇ ਅਤੇ ਸੀ. ਆਰ. ਪੀ. ਤੇ ਬੀ. ਐਸ. ਐਫ. ਦੇ ਝੂਠੇ ਮੁਕਾਬਲੇ ਬਣਾਕੇ ਬੇਗੁਨਾਹ ਸਿਖ ਨੌਜਵਾਨਾਂ ਦੇ ਕਤਲਾਮ ਦੀਆਂ ਧਾਂਦਲੀਆਂ ਨੂੰ ਨੰਗਿਆਂ ਨਹੀਂ ਕਰਦੇ ਅਤੇ ਮਾਸੂਮ ਬੱਚਿਆਂ ਤੇ ਇਸਤਰੀਆਂ ਨਾਲ ਕੀਤੇ ਜਾ ਰਹੇ ਅਣਮਨੁੱਖੀ ਵਤੀਰਿਆਂ ਦਾ ਵਿਦੇਸ਼ੀ ਮੁਲਕਾਂ ਵਿਚ ਪੋਲ ਨਹੀਂ ਖੋਲ੍ਹਦੇ, ਓਨਾ ਚਿਰ ਕੌਮ ਦੇ ਵਡਮੁਲੇ ਜੁਝਾਰੂ ਸਿੰਘਾਂ ਤੇ ਸਿੰਘਣੀਆਂ ਦਾ ਖੂਨ ਅਜਾਈਂ ਡੁਲ੍ਹਦਾ ਰਹਿਣਾ ਹੈ।

ਸਿਆਸੀ ਅਤੇ ਮਨੁਖਤਾ ਦੇ ਪਖੋਂ ਕੇਸ ਸਾਡਾ ਬਹੁਤ ਮਜ਼ਬੂਤ ਹੈ। ਜੇ ਕੋਈ ਕਮੀ ਹੈ ਤਾਂ ਉਹ ਹੈ ਚੰਗੀ ਤਰ੍ਹਾਂ ਤਿਆਰ ਕਰਕੇ ਇਸਨੂੰ ਪੇਸ਼ ਕਰਨ ਦੀ। ਸਾਨੂੰ ਇਹ ਗੱਲ ਵੀ ਕਦੀ ਨਹੀਂ ਭੁੱਲਣੀ ਚਾਹੀਦੀ ਕਿ ਸੰਸਾਰ ਬਰਾਦਰੀ ਦੇ ਦਬਾਅ ਬਿਨਾਂ ਸਾਡੀ ਹੱਕ ਤੇ ਸੱਚ ਦੀ ਇਹ ਜਦੋਜਹਿਦ ਬਹੁਤ ਲੰਮੀ ਹੋ ਸਕਦੀ ਹੈ।

ਪਿਛਲੇ ਛੇ ਸਾਲਾਂ ਤੋਂ ਚੱਲ ਰਹੀ ਸਾਡੀ ਅਜ਼ਾਦੀ ਦੀ ਜਦੋਜਹਿਦ ਸੰਸਾਰ ਬਰਾਦਰੀ ਦਾ ਧਿਆਨ ਆਪਣੇ ਵਲ ਨਹੀਂ ਖਿਚ ਸਕੀ। ਇਸ ਦੀ ਚਰਚਾ ਤਾਂ ਸੰਸਾਰ ਪ੍ਰੈੱਸ ਵਿਚ ਚਲਦੀ ਰਹੀ ਹੈ ਪਰੰਤੂ ਬਹੁਤਾ ਚਿਰ ਇਹ ਕੇਂਦਰਤ ਹੋਕੇ ਟਿਕ ਨਹੀਂ ਸਕੀ ਕਿਉਂਕਿ ਇਸ ਪਿਛੇ ਕੋਈ ਸੂਝਵਾਨ ਸਿਖ ਪ੍ਰੈੱਸ ਜਥੇਬੰਦੀ ਕੰਮ ਨਹੀਂ ਕਰ ਰਹੀ। ਨਤੀਜੇ ਵਜੋਂ ਪਿਛਲੇ ਛੇ ਸਾਲਾਂ ਵਿਚ ਸੰਸਾਰ ਬਰਾਦਰੀ ਦੇ ਕਿਸੇ ਇਕ ਮੁਲਕ ਨੇ ਵੀ ਇਸਨੂੰ ਮਾਨਤਾ ਨਹੀਂ ਦਿੱਤੀ। ਇਹ ਵਿਸ਼ਾ ਸਾਡਾ ਫੌਰੀ ਧਿਆਨ ਮੰਗਦਾ ਹੈ।

ਕੌਮ ਦੀ ਹੋਣੀ ਵੇਖ ਕੇ ਜੁਝਾਰੂ ਸਿੰਘ ਮੈਦਾਨੇ ਜੰਗ ਵਿਚ ਨਿੱਤਰੇ। ਕੌਮ ਨੇ ਅਜ ਤੱਕ ਉਨ੍ਹਾਂ ਨੂੰ ਬੰਦੂਕਾਂ ਦੀ ਘਾਟ ਨਹੀਂ ਆਉਣ ਦਿੱਤੀ। ਜਦੋਜਹਿਦ ਜਾਰੀ ਹੈ। ਇਸੇ ਤਰ੍ਹਾਂ, ਮੇਰਾ ਪੱਕਾ ਵਿਸ਼ਵਾਸ ਹੈ ਕਿ ਜੇ ਬੁਧੀਜੀਵੀ ਕੌਮਾਂਤਰੀ ਪੱਧਰ ਤੇ ਆਪਣੀ ਕਲਮ ਨਾਲ ਸਿਆਸੀ ਜਦੋਜਹਿਦ ਆਰੰਭ ਕਰਨ ਤਾਂ ਕੌਮ ਉਨ੍ਹਾਂ ਨੂੰ ਕਿਸੇ ਗੱਲੋਂ ਘਾਟਾ ਨਹੀਂ ਆਣ ਦੇਵੇਗੀ। ਇਹ ਵਕਤ ਦੀ ਮੰਗ ਹੈ ਕਿ ਬੁਧੀਜੀਵੀ ਆਪਣੇ ਫ਼ਰਜ਼ਾਂ ਤੋਂ ਮੂੰਹ ਮੋੜਕੇ ਮਸੰਦਾਂ ਦਾ ਟੋਲਾ ਬਣਨ ਦੀ ਥਾਂ ਅਗੇ ਹੋ ਕੇ ਇਸ ਸੰਕਟ ਵਿਚ ਕੌਮ ਦੀ ਸੇਵਾ ਕਰਨ।

ਬਾਹਰਲੇ ਮੁਲਕਾਂ ਵਿਚ ਬੈਠੇ ਸਿੱਖਾਂ ਨੂੰ ਇਕ ਸਾਂਝਾ ਪਲੇਟਫਾਰਮ ਬਣਾਕੇ ਇਸ ਘਾਟੇ ਨੂੰ ਪੂਰਾ ਕਰਨ ਵੱਲ ਫੌਰੀ ਧਿਆਨ ਦੇਣਾ ਚਾਹੀਦਾ ਹੈ — ਨਹੀਂ ਤਾਂ ਸਮੁੱਚੀ ਸਿਖ ਕੌਮ ਦੀ ਹੋਂਦ ਖਤਰੇ ਵਿਚ ਪੈ ਸਕਦੀ ਹੈ। ਕੌਮੀ ਜਦੋਜਹਿਦ ਕੁਰਬਾਨੀਆਂ ਮੰਗਦੀ ਹੈ। ਪੰਜ ਜਾਂ ਦਸ ਪੌਂਡ ਦੀ ਉਗਰਾਹੀ ਦੇਣ ਨਾਲ ਕੌਮੀ ਅਜ਼ਾਦੀ ਦੀਆਂ ਲੜਾਈਆਂ ਨਹੀਂ ਲੜੀਆਂ ਜਾਂਦੀਆਂ। ਜੇ ਅਸੀਂ ਇਥੇ ਬੈਠਕੇ ਵੀ ਆਪਣੀ ਕੌਮੀ ਜਦੋਜਹਿਦ ਨੂੰ ਸੰਸਾਰ-ਕਚਹਿਰੀ ਤੱਕ ਨਾ ਲਿਜਾ ਸਕੇ ਤਾਂ ਆਉਣ ਵਾਲੀਆਂ ਸਾਡੀਆਂ ਨਸਲਾਂ ਸਾਨੂੰ ਕਦੀ ਮੁਆਫ਼ ਨਹੀਂ ਕਰਨਗੀਆਂ ਜੇਕਰ ਅਸੀਂ ਆਪਣਾ ਇਹ ਫ਼ਰਜ਼ ਪੂਰਾ ਨਾ ਕੀਤਾ।

ਜੇ ਸੰਸਾਰ ਬਰਾਦਰੀ ਅਫ਼ਗਾਨਿਸਤਾਨ ਦੇ ਮੁਜਾਹਦੀਨਾਂ ਦੀ ਅਜ਼ਾਦੀ ਲਈ ਅਵਾਜ਼ ਉਠਾ ਸਕਦੀ ਹੈ ਤਾਂ ਸਿਖਾਂ ਲਈ ਕਿਉਂ ਨਹੀਂ?

ਇਸੇ ਤਰ੍ਹਾਂ ਫਲਸਤੀਨੀ ਨਸਲ ਵਜੋਂ ਅਰਬ ਅਤੇ ਮਜ਼ਹਬ ਵਲੋਂ ਮੁਸਲਮ ਹੋਣ ਕਾਰਨ ਸਾਰੇ ਅਰਬ ਮੁਲਕਾਂ ਵਿਚ ਖਿਲਰ ਕੇ ਵਸੇ ਹੋਏ ਹਨ। ਉਹ ਯੂ.ਐਨ. ਓ. ਦੇ ਕੈਂਪਾਂ ਵਿਚ ਵੀ ਵਸ ਰਹੇ ਹਨ। ਜੇ 40-50 ਲਖ ਆਬਾਦੀ ਵਾਲੇ ਫਲਸਤੀਨੀਆਂ ਨੂੰ ਅੰਤਰ-ਰਾਸ਼ਟਰੀ ਮਾਨਤਾ ਮਿਲ ਸਕਦੀ ਹੈ ਤਾਂ ਸਿਖਾਂ ਨੂੰ ਕਿਉਂ ਨਹੀਂ ਜਿਨ੍ਹਾਂ ਕੋਲ ਨਾ ਹੋਰ ਕੋਈ ਰਹਿਣ ਦੀ ਥਾਂ ਹੈ ਤੇ ਨਾਹੀ ਕੋਈ ਹੋਰ ਮੁਲਕ ਸਹਾਇਤਾ ਦੇਣ ਨੂੰ ਤਿਆਰ ਹੈ?

ਤਾਮਲਨਾਡੂ ਦੇ ਕੋਈ 25 ਲਖ ਤਾਮਲ ਲੰਕਾ ਵਿਚ ਜਾ ਵਸੇ। ਉਨ੍ਹਾਂ ਨੂੰ ਅਜ਼ਾਦ ਜਾਫ਼ਨਾ ਦਿਵਾਉਣ ਲਈ ਹਿੰਦੁਸਤਾਨ ਆਪਣੀਆਂ ਫੌਜਾਂ ਚਾੜ੍ਹ ਲੈ ਗਿਆ ਪਰ ਸਿੱਖਾਂ ਨੂੰ ਆਪਣੇ ਘਰ ਵਿਚ ਵੀ ਅਜ਼ਾਦੀ ਦੇਣ ਨੂੰ ਤਿਆਰ ਨਹੀ।

ਜੇ ਲੰਕਾ ਦੀ ਸਰਕਾਰ ਜਾਫ਼ਨਾ ਵਿਚ ਤਾਮਲਾਂ ਵਿਰੁਧ ਕਾਰਵਾਈ ਕਰੇ ਤਾਂ ਉਹ ਕਤਲਾਮ ਬਣ ਜਾਂਦਾ ਹੈ ਪਰ ਜੇ ਹਿੰਦੁਸਤਾਨ ਦੀ ਸਰਕਾਰ ਛੇ ਡਵੀਯਨਾਂ ਫੌਜ ਚਾੜ੍ਹਕੇ ਦਰਬਾਰ ਸਾਹਿਬ ਵਿਚ ਅਤੇ ਸਾਰੇ ਪੰਜਾਬ ਵਿਚ ਹਜ਼ਾਰਾਂ ਸਿਖਾਂ ਦਾ ਕਤਲਾਮ ਵੀ ਕਰੇ ਤਾਂ ਉਹ ਫ਼ਰਜ਼ ਪੂਰਾ ਕਰਦੀ ਹੈ।

ਜੇ ਡੇਢ ਲਖ ਤੁਰਕੀ ਸਪਾਰੀਆਂ ਲਈ ਯੂ. ਐਨ. ਓ. ਦਖਲ-ਅੰਦਾਜ਼ੀ ਕਰ ਸਕਦੀ ਹੈ ਤਾਂ ਸਿਖਾਂ ਲਈ ਕਿਉਂ ਨਹੀਂ? ਜਿਹੜੇ ਦੋ ਲੱਖ ਤੋਂ ਵੱਧ ਗ੍ਰਿਫਤਾਰੀਆਂ ਦੇ ਚੁਕੇ ਹੋਣ ਅਤੇ ਪੰਜ ਲੱਖ ਤੋਂ ਵੱਧ ਮੁਜ਼ਾਹਰੇ ਕਰ ਚੁਕੇ ਹੋਣ।

ਆਪਣੇ ਆਪ ਨੂੰ ਜਮਹੂਰੀਅਤ ਤੇ ਅਜ਼ਾਦੀ ਦੇ ਰਾਖੇ ਸਮਝਣ ਵਾਲਿਆਂ ਕੋਲੋਂ ਸਾਨੂੰ ਪੁੱਛਣਾ ਚਾਹੀਦਾ ਹੈ ਕਿ ਦੋ ਕਰੋੜ ਸਿਖਾਂ ਦੀ ਅਜ਼ਾਦੀ ਲਈ ਤੁਹਾਡੀ ਜ਼ਬਾਨ ਤੇ ਤੁਹਾਡਾ ਪ੍ਰੈੱਸ ਕਿਉਂ ਚੁੱਪ ਹੋ ਜਾਂਦਾ ਹੈ? ਜਿਹੜੀ ਸਰਕਾਰ ਆਪਣੀ ਹੀ ਘਟ ਗਿਣਤੀ ਦਾ ਕਤਲਾਮ ਕਰਦੀ ਹੈ ਕੀ ਅਜੇਹੀ ਖੂਨੀ ਸਰਕਾਰ ਨੂੰ ਜਮਹੂਰੀਅਤ ਦਾ ਦਰਜਾ ਦੇਵੋਗੇ?

ਜਿੱਥੋਂ ਤੱਕ ਵਿਦੇਸ਼ਾਂ ਦਾ ਸੰਬੰਧ ਹੈ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਅਸਲ ਵਿਚ ਜਮਹੂਰੀਅਤ ਅਤੇ ਅਜ਼ਾਦੀ ਦੇ ਪਰਦੇ ਪਿਛੇ ਇਨ੍ਹਾਂ ਮੁਲਕਾਂ ਦੇ ਆਰਥਕ ਲਾਭ ਛੁਪੇ ਹੋਏ ਹੁੰਦੇ ਹਨ ਜਿਨ੍ਹਾਂ ਵਾਸਤੇ ਇਹ ਉਥੋਂ ਦੀ ਅਜ਼ਾਦੀ ਲਈ ਅਵਾਜ਼ ਉਚੀ ਕਰਦੇ ਹਨ। ਜਿਥੋਂ ਇਨ੍ਹਾਂ ਨੂੰ ਆਰਥਕ ਲਾਭ ਦੀ ਆਸ ਨਾ ਹੋਵੇ ਉਥੇ ਇਹ ਉਸ ਮੁਲਕ ਦਾ ਅੰਦਰੂਨੀ ਮਸਲਾ ਕਹਿਕੇ ਚੁਪ ਸਾਧ ਲੈਂਦੇ ਹਨ।

ਅਜੇਹੀ ਹਾਲਤ ਵਿਚ ਅਜ਼ਾਦ ਪ੍ਰੈੱਸ ਤੇ ਜਮਹੂਰੀਅਤ ਦੀਆਂ ਦਾਅਵੇਦਾਰ ਸਰਕਾਰਾਂ ਨੂੰ ਹਿਲਜੁੱਲ ਵਿਚ ਲਿਆਉਣ ਦਾ ਇਕ ਹੋਰ ਤਰੀਕਾ ਵੀ ਹੈ। ਉਹ ਹੈ ਗੈਰ-ਸਰਕਾਰੀ ਤੇ ਆਮ ਲੋਕਾਂ ਦੀਆਂ ਸੰਸਥਾਵਾਂ ਰਾਹੀਂ ਜਿਵੇਂ ਪੰਜਾਬ ਵਿਚ ਇਸਤਰੀਆਂ ਤੇ ਹੋ ਰਹੇ ਜ਼ੁਲਮ ਵਿਰੁੱਧ ਸੰਸਾਰ ਇਸਤਰੀ ਸਭਾਵਾਂ ਦੁਆਰਾ, ਬੱਚਿਆਂ ਤੇ ਹੋ ਰਹੇ ਜ਼ੁਲਮ (ਜਿਵੇਂ ਦਿੱਲੀ ਵਿੱਚ ਜੀਉਂਦੇ ਸਾੜੇ ਗਏ ਸਨ) 'ਸੇਵ ਦਾ ਚਿਲਡਰਨ' ਸੰਸਥਾ ਦੁਆਰਾ ਅਤੇ ਸਿਖਾਂ ਦੀਆਂ ਸੜਕਾਂ ਤੇ ਤਲਾਸ਼ੀਆਂ ਤੇ ਘਰਾਂ ਦੀਆਂ ਤਲਾਸ਼ੀਆਂ ਆਦਿ ਲਈ ਸਿਵਲ ਲਿਬਰਟੀਜ਼ ਸੰਸਥਾਵਾਂ ਦੁਆਰਾ ਆਪਣਾ ਪੱਖ ਲੋਕਾਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ।

ਜਦ ਇਹ ਸੰਸਥਾਵਾਂ ਕਿਸੇ ਅਖਬਾਰ ਵਿਚ ਖਬਰ ਭੇਜਦੀਆਂ ਹਨ ਤਾਂ ਦੂਜੇ ਅਖਬਾਰਾਂ ਵਾਲੇ ਅਜੇਹੀ ਖਬਰ ਛਾਪਣ ਲਈ ਉਤਾਵਲੇ ਹੋ ਜਾਂਦੇ ਹਨ। ਇਸ ਤਰ੍ਹਾਂ ਸਾਰੇ ਪ੍ਰੈੱਸ ਵਿਚ ਖਬਰ ਛਪਣ ਲੱਗ ਜਾਂਦੀ ਹੈ। ਫਿਰ ਜਮਹੂਰੀਅਤ ਦੀ ਦਾਅਵੇਦਾਰ ਸਰਕਾਰ ਦੇ ਕੰਨ ਤੇ ਵੀ ਜੂੰ ਸਰਕਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਸ ਸਰਕਾਰ ਨੂੰ ਅਜੇਹੇ ਮਾਮਲਿਆਂ ਵਿਚ ਲੋਕਾਂ ਦੀ ਤਸੱਲੀ ਕਰਨੀ ਪੈਂਦੀ ਹੈ। ਪਰ ਗੱਲ ਇਥੇ ਨਹੀਂ ਖਤਮ ਹੋ ਜਾਂਦੀ। ਇਨ੍ਹਾਂ ਮਾਮਲਿਆਂ ਨੂੰ ਪ੍ਰੈੱਸ ਵਿਚ ਜਿੰਦਾ ਰੱਖਣ ਲਈ ਇਕ ਮਜ਼ਬੂਤ ਜਥੇਬੰਦੀ ਦੀ ਲੋੜ ਹੁੰਦੀ ਹੈ। ਇਸ ਹਿੰਦੂ ਸਾਮਰਾਜ ਨੇ ਕਰੋੜਾਂ ਰੁਪੇ ਖਰਚ ਕੇ ਦੇਸ਼ ਵਿਚ ਅਤੇ ਵਿਦੇਸ਼ਾਂ ਵਿਚ ਸਿਖਾਂ ਨੂੰ ਬਦਨਾਮ ਕਰਨ

ਲਈ ਅੱਤਵਾਦੀ ਅਤੇ ਵਖਵਾਦੀ ਹੋਣ ਦਾ ਪ੍ਰਚਾਰ ਕੀਤਾ ਹੈ ਤਾਂ ਜੋ ਸਾਡੀ ਹੱਕ ਤੇ ਸੱਚ ਦੀ ਤਹਿਰੀਕ ਨੂੰ ਕਮਜ਼ੋਰ ਕੀਤਾ ਜਾ ਸਕੇ।

ਸਿੱਟੇ ਵਜੋਂ ਪੰਜਾਬ ਤੋਂ ਬਾਹਰ ਹਿੰਦੁਸਤਾਨ ਵਿਚ ਸਿੱਖਾਂ ਦੀ ਹੁਣ ਕੋਈ ਇੱਜ਼ਤ ਨਹੀਂ ਰਹੀ। ਹਰ ਪਾਸੇ ਸਿੱਖਾਂ ਨੂੰ ਸ਼ਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਸਾਡੀਆਂ ਤਲਾਸ਼ੀਆਂ ਤਾਂ ਪੰਜਾਬ ਵਿਚ ਵੀ ਹਰ ਵੇਲੇ ਲਈਆਂ ਜਾਂਦੀਆਂ ਹਨ, ਬਾਹਰ ਦੀ ਤਾਂ ਗੱਲ ਹੀ ਛਡੋ। ਅੰਤਰ-ਰਾਸ਼ਟਰੀ ਖੇਤਰ ਵਿਚ ਸਿੱਖਾਂ ਨੂੰ ਹੁਣ ਦਹਿਸ਼ਤਪਸੰਦ (Terrorists) ਸਮਝਕੇ ਵਖਰੀ ਕਤਾਰ ਵਿਚ ਖੜਾ ਕਰ ਦਿੱਤਾ ਜਾਂਦਾ ਹੈ। ਇਹ ਹੈ ਕਰਾਮਾਤ ਸਾਰੇ ਪ੍ਰੈੱਸ ਤੇ ਰੇਡੀਓ ਦੀ!— ਇਕ ਪਾਸੇ ਸਾਡਾ ਕਤਲਾਮ ਕੀਤਾ ਜਾ ਰਿਹਾ ਹੈ ਦੂਜੇ ਪਾਸੇ ਸਾਡੇ ਵਿਰੁਧ ਨਫ਼ਰਤ ਫੈਲਾਈ ਜਾ ਰਹੀ ਹੈ ਤਾਂ ਜੋ ਸਾਡੀ ਅਜ਼ਾਦੀ ਦੀ ਜਦੋਜਹਿਦ ਨਾਲ ਕਿਸੇ ਦੀ ਹਮਦਰਦੀ ਨਾ ਉਠ ਪਵੇ। ਜੇ ਇਹ ਗਲ ਨਾ ਹੁੰਦੀ ਤਾਂ ਇਸ ਹਿੰਦੂ 'ਥਿੰਕ ਟੈਂਕ' ਨੇ ਕਰੋੜਾਂ ਰੁਪੈ ਪ੍ਰੈੱਸ ਤੇ ਨਹੀਂ ਸੀ ਰੋੜ੍ਹਨੇ।

ਨਾ ਸਾਡੇ ਕੋਲ ਪ੍ਰੈਸ ਹੈ ਅਤੇ ਨਾਹੀਂ ਅਸੀਂ ਇਸਦੀ ਅਹਿਮੀਅਤ ਵੱਲ ਕਦੀ ਧਿਆਨ ਹੀ ਦਿੱਤਾ ਹੈ। ਸਾਡੇ ਲੀਡਰਾਂ ਨੂੰ ਤਾਂ ਆਪਣੀਆਂ ਜਥੇਬੰਦਕ ਉਲਝਣਾਂ ਤੋਂ ਹੀ ਵਿਹਲ ਨਹੀਂ ਮਿਲਦੀ। ਇਸ ਲਈ ਇਸਦੀ ਜ਼ਿਮੇਵਾਰੀ ਸਿਖ ਬੁਧੀਜੀਵੀਆਂ ਤੇ ਆ ਪੈਂਦੀ ਹੈ।

ਹੋਰ ਤਾਂ ਹੋਰ ਅਸੀਂ ਆਪਣੀ ਜਦੋਜਹਿਦ ਦੇ ਨਿਸ਼ਾਨਿਆਂ ਦੀ ਵੀ ਘਟ ਵੱਧ ਹੀ ਕਦੀ ਵਿਆਖਿਆ ਕੀਤੀ ਹੈ। ਸਾਡੀ ਜਦੋਜਹਿਦ ਸਚਾਈ ਉਤੇ ਖੜੀ ਹੈ ਇਸ ਵਿਚ ਕਾਮਯਾਬੀ ਵੀ ਹੋਣੀ ਜ਼ਰੂਰੀ ਹੈ ਅਜ ਜਾਂ ਕੱਲ! ਸਿਖ ਕੌਮ ਦਾ ਖੁਰਾ-ਖੋਜ ਮਿਟਾਉਂਦੇ ਮਿਟਾਉਂਦੇ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਵਰਗੇ ਆਪ ਹੀ ਮਿਟ ਗਏ, ਅੰਗਰੇਜ਼ਾਂ ਨੇ ਵੀ ਸਿਖ ਕੌਮ ਦੀ ਹਸਤੀ ਨੂੰ ਖਤਮ ਕਰਨ ਲਈ ਕਹਿਰਾਂ ਦਾ ਜ਼ੁਲਮ ਕੀਤਾ ਪਰ ਉਨ੍ਹਾਂ ਨੂੰ ਵੀ ਬਿਸਤਰਾ ਗੋਲ ਕਰਨਾ ਪਿਆ। ਹੁਣ ਵੀ ਫ਼ਤਹਿ ਸਚ ਦੀ ਹੀ ਹੋਣੀ ਹੈ। ਇਸ ਕਾਤਲ ਬ੍ਰਾਹਮਣਵਾਦ ਦੇ ਵੀ ਦਿਨ ਥੋੜੇ ਹਨ ਪਰ ਲੋੜ ਹੈ ਆਪਣੇ ਏਕੇ ਦੀ ਅਤੇ ਲੋਕਾਂ ਨੂੰ ਨਾਲ ਲੈਣ ਦੀ।

ਸਾਨੂੰ ਆਪਣੇ 'ਸਰਬੱਤ ਦੇ ਭਲੇ' ਦੀ ਮੰਜ਼ਲ ਦੇ ਨਿਸ਼ਾਨੇ ਤੋਂ ਕਦੀ ਨਹੀਂ ਥਿੜਕਨਾ ਚਾਹੀਦਾ। ਗੁਰਬਾਣੀ ਦੀ ਸਿਧਾਂਤਕ ਅਗਵਾਈ ਵਿਚ ਸਿੰਘਾਂ ਵਾਲੇ ਕਿਰਦਾਰਾਂ ਅਤੇ ਕਰਤੱਵਾਂ ਰਾਹੀਂ ਇਹ ਸਚਾਈ ਦੀ ਲੜਾਈ ਲੜੀ ਜਾਣੀ ਚਾਹੀਦੀ ਹੈ ਅਤੇ ਸਾਨੂੰ ਭਗਤੀ ਤੇ ਸ਼ਕਤੀ ਨਾਲ ਜੋੜੀ ਰੱਖਣ ਵਾਲੇ ਸੰਤ-ਸਿਪਾਹੀਆਂ ਦੀਆਂ ਰਾਹਾਂ ਤੇ ਚਲਣਾ ਚਾਹੀਦਾ ਹੈ ਤਾਂ ਜੋ ਪੰਥ ਦੀ ਲੱਥੀ ਪਤ ਨੂੰ, ਕੌਮ ਦੀ ਹੋਈ ਹੇਠੀ ਨੂੰ ਅਤੇ ਆਪਣੇ ਗਵਾਚੇ ਸਿੱਖੀ ਵਕਾਰ ਨੂੰ ਦੁਬਾਰਾ ਕਾਇਮ ਕੀਤਾ ਜਾ ਸਕੇ।

ਸਾਡੀ ਅਜ਼ਾਦੀ ਦੀ ਲੜਾਈ ਲੰਮੀ ਹੈ। ਸਾਡਾ ਦੁਸ਼ਮਣ ਵੀ ਬਹੁਤ ਚਤੁਰ ਤੇ ਚਲਾਕ ਹੈ ਜਿਸ ਕੋਲ ਪ੍ਰੈੱਸ, ਰੇਡੀਓ, ਟੀ. ਵੀ. ਅਤੇ ਪੈਸਾ ਆਦਿ ਸਾਰੇ ਵਿਗਿਆਨਕ ਹਥਿਆਰ ਮੌਜੂਦ ਹਨ। ਅਜੇਹੇ ਦੁਸ਼ਮਨ ਨਾਲ ਲੜਨ ਲਈ ਸਾਨੂੰ ਵਿਉਂਤਬੰਦੀ ਤੋਂ ਕੰਮ ਲੈਣਾ ਚਾਹੀਦਾ ਹੈ। ਆਪਣੇ ਆਪਨੂੰ ਫੌਜੀ ਢੰਗਾਂ ਨਾਲ ਜਥੇਬੰਦ ਕਰਕੇ ਗੁਰੀਲਾ ਲੜਾਈਆਂ ਦੇ ਦਾਅ-ਪੇਚ ਹੀ ਵਰਤੇ ਜਾਣੇ ਚਾਹੀਦੇ ਹਨ। ਗੁਰੀਲਾ ਲੜਾਈਆਂ ਤੇ ਕਿਤਾਬਾਂ ਲਿਖੀਆਂ ਜਾ ਚੁਕੀਆਂ ਹਨ ਅਤੇ ਲਿਖੀਆਂ ਵੀ ਜਾ ਰਹੀਆਂ ਹਨ ਜਿਹੜੀਆਂ ਕਿ ਇਸ ਸੰਘਰਸ਼ ਵਿਚ ਬਹੁਤ ਲਾਭਕਾਰੀ ਸਾਬਤ ਹੋ ਸਕਦੀਆਂ ਹਨ।

ਸਾਨੂੰ ਆਪਣੇ ਦੁਸ਼ਮਣ ਦੀ ਪਛਾਣ ਹੋਣੀ ਵੀ ਬਹੁਤ ਜ਼ਰੂਰੀ ਹੈ। ਸਾਡਾ ਦੁਸ਼ਮਣ ਹਿੰਦੂ ਨਹੀਂ ਸਗੋਂ ਸਾਮਰਾਜ ਹੈ। ਇਕ ਸਿਪਾਹੀ ਮਰਨ ਨਾਲ ਸੌ ਹੋਰ ਸਿਪਾਹੀ ਭਰਤੀ ਹੋਣ ਲਈ ਤਿਆਰ ਖੜੇ ਹਨ। ਸਾਡੀ ਜਦੋਜਹਿਦ ਨੂੰ ਖਤਮ ਕਰਨ ਦੀਆਂ ਵਿਉਂਤਬੰਦੀਆਂ ਕਰਨ ਵਾਲਾ ਸਾਡਾ ਅਸਲੀ ਦੁਸ਼ਮਣ ਹੈ। ਮੁਖਬਰ ਸਾਡੇ ਦੁਸ਼ਮਣ ਹਨ ਪਰ ਮੁਖਬਰਾਂ ਦੀ ਭਰਤੀ ਕਰਨ ਵਾਲਾ ਸਾਡਾ ਅਸਲੀ ਦੁਸ਼ਮਣ ਹੈ। ਆਪਣੇ ਦੁਸ਼ਮਣ ਨੂੰ ਸਜ਼ਾ ਦੇਣੀ ਚਾਹੀਦੀ ਹੈ ਖੁੱਲ੍ਹੇ ਤੌਰ ਤੇ, ਪਰ ਬੇਗੁਨਾਹਾਂ ਨੂੰ ਨਹੀਂ। ਪੂਰੀ ਛਾਣਬੀਣ ਮਗਰੋਂ ਹੀ ਅਜੇਹਾ ਕਦਮ ਚੁੱਕਣਾ ਚਾਹੀਦਾ ਹੈ।

ਜੇ ਦੁਸ਼ਮਣ ਨੂੰ ਕਮਜ਼ੋਰ ਕਰਨਾ ਹੈ ਤਾਂ ਉਸਦੀ ਆਰਥਕਤਾ ਤੇ ਕਾਰੀ ਸੱਟ ਮਾਰਨੀ ਬਹੁਤ ਜ਼ਰੂਰੀ ਹੈ ਪਰ ਪੰਜਾਬ ਦੀ ਆਰਥਕਤਾ ਤੇ ਸੱਟ ਨਹੀਂ ਲਗਣ ਦੇਣੀ ਚਾਹੀਦੀ ਸਗੋਂ ਇਸਦੀ ਆਰਥਕਤਾ ਵਿਚ ਹਿਸਾ ਪਾਉਣ ਵਾਲੇ ਹਿਦੂਆਂ ਨੂੰ ਵੀ ਪੂਰਨ ਸੁਰਖਸ਼ਾ ਮਿਲਣੀ ਚਾਹੀਦੀ ਹੈ। ਦੁਸ਼ਮਣ ਦੇ ਘਰ ਵਿਚ ਜਾਕੇ ਉਸਦੀ ਆਰਥਕਤਾ ਤੇ ਸੱਟਾਂ ਮਾਰਨੀਆਂ ਚਾਹੀਦੀਆਂ ਹਨ। ਹਿਂਦੂ ਸਾਮਰਾਜ ਪੰਜਾਬ ਨੂੰ ਉਦੋਂ ਹੀ ਅਜ਼ਾਦ ਕਰਨ ਦੀ ਸੋਚੇਗਾ ਜਦੋਂ ਇਹ ਪੰਜਾਬ ਨੂੰ ਕਾਬੂ ਰਖਣ ਦੇ ਯੋਗ ਨਹੀਂ ਰਹੇਗਾ।

ਭਾਰਤ ਦੇ ਦੂਜੇ ਪ੍ਰਾਂਤਾਂ ਦੇ ਉਨ੍ਹਾਂ ਲੋਕਾਂ ਨਾਲ ਤਾਲਮੇਲ ਰਖਣਾ ਵੀ ਬਹੁਤ ਜ਼ਰੂਰੀ ਹੈ ਜਿਹੜੇ ਅਜ਼ਾਦੀ ਲਈ ਲੜ ਰਹੇ ਹਨ ਜਿਵੇਂ ਕਸ਼ਮੀਰੀ ਅਜ਼ਾਦ ਕਸ਼ਮੀਰ ਲਈ, ਨਾਗੇ ਨਾਗਾਲੈਂਡ ਲਈ। ਅਜ਼ਾਦ ਕਸਮੀਰ ਦੀ ਜਦੋਜਹਿਦ ਅਤੇ ਖਾਲਿਸਤਾਨ ਦੀ ਜਦੋਜਹਿਦ ਇਕ ਦੂਜੇ ਲਈ ਬਹੁਤ ਲਾਭਕਾਰੀ ਸਾਬਤ ਹੋ ਸਕਦੀਆਂ ਹਨ। ਇਸ ਪਾਸੇ ਵਲ ਫ਼ੌਰੀ ਧਿਆਨ ਦੇਣ ਦੀ ਲੋੜ ਹੈ।

ਮੈਂ ਬ੍ਰਾਹਮਣ ਵਾਣੀ ਨੂੰ ਵੀ ਇਕ ਗੱਲ ਸਾਫ਼ ਕਰ ਦੇਣੀ ਚਾਹੁੰਦਾ ਹਾਂ ਕਿ ਸੰਸਾਰ ਵਿਚ ਜਦ ਤੱਕ ਇਕ ਵੀ ਸਿਖ ਜ਼ਿਦਾ ਹੈ ਉਹ ਖਾਲਿਸਤਾਨ ਨੂੰ ਅਜ਼ਾਦ ਕਰਾ ਲੈਣ ਤੱਕ ਇਸ ਜਦੋਜਹਿਦ ਨੂੰ ਜਾਰੀ ਰਖੇਗਾ। ਜੇ ਪੰਜਾਬ ਤੇ ਸਿਖ ਕੌਮ ਨਾ ਬਚੇ ਤਾਂ ਬਚਣੀ ਧੋਤੀ ਤੇ ਟੋਪੀ ਵੀ ਨਹੀਂ! ਮਤ ਖਿਆਲ ਕਰੋ ਕਿ ਤੁਸੀਂ ਸਿਖ ਕੌਮ ਨੂੰ ਗੁਲਾਮ ਬਣਾ ਸਕੋਗੇ। ਤੁਸੀਂ ਆਪਣੇ ਸਾਰੇ ਕਸਾਈਆਂ ਵਾਲੇ ਤੇ ਕਾਤਲਾਂ ਵਾਲੇ ਹਥਿਆਰ ਵੀ ਵਰਤ ਕੇ ਵੇਖ ਲਏ ਹਨ। ਸਿਖ ਕੌਮ ਆਪਣੀ ਹੱਕ ਤੇ ਸੱਚ ਦੀ ਲੜਾਈ ਜਿਉਂ ਦੀ ਤਿਉਂ ਲੜੀ ਜਾ ਰਹੀ ਹੈ ਅਤੇ ਲੜਦੀ ਹੀ ਜਾਵੇਗੀ।

ਅਸੀਂ ਇਕ ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਤੋਂ ਨਹੀਂ ਡਰਦੇ। ਨਾ ਅਸੀਂ ਕਿਸੇ ਨੂੰ ਡਰਾਉਂਦੇ ਹਾਂ ਅਤੇ ਨਾਹੀ ਕਿਸੇ ਤੋਂ ਡਰਦੇ ਹਾਂ। ਸਾਡੇ ਗੁਰੂਆਂ ਦਾ ਇਹ ਪਹਿਲਾ ਸਬਕ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ।

ਭਲਾਈ ਦੋਹਾਂ ਦੀ ਇਸੇ ਵਿਚ ਹੈ ਕਿ ਹਿਦੁਸਤਾਨ ਦੀ ਆਜ਼ਾਦੀ ਲਈ ਸਾਡੇ ਤਾਰੇ ਮੁੱਲ ਦਾ, ਆਜ਼ਾਦ ਹੋਣ ਬਾਅਦ ਇਸਦੀ ਆਰਥਕਤਾ ਵਿਚ ਪਾਏ ਸਾਡੇ ਹਿੱਸੇ ਦਾ ਅਤੇ ਇਸ ਦੀ ਰਖਵਾਲੀ ਲਈ ਜੰਗਾਂ ਵਿਚ ਦਿੱਤੀਆਂ ਸਾਡੀਆਂ ਜਾਨਾਂ ਦਾ ਬਣਦਾ ਸਾਡਾ ਹੱਕ ਸਾਡੇ ਹਵਾਲੇ ਕਰੋ। ਸਾਡੇ ਗੁਰੂ ਦਾ ਦੂਸਰਾ ਸਬਕ ਇਹ ਹੈ:

ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ।

ਸਾਡੇ ਗੁਰੂ ਨੇ ਤਾਂ ਸਾਨੂੰ ਇਹ ਅਰਦਾਸ ਕਰਨੀ ਸਿਖਾਈ ਹੈ ਕਿ ਅਸੀਂ ਕਿਸੇ ਕਿਸਮ ਦਾ ਡਰ ਨਾ ਮੰਨੀਏ ਅਤੇ ਸਾਨੂੰ ਇਸ ਗੱਲ ਤੇ ਦ੍ਰਿੜ ਵਿਸ਼ਵਾਸ ਹੋਵੇ ਕਿ ਜਿਤ ਸਾਡੀ ਹੋਵੇਗੀ। ਜੇ ਵਾਹਿਗੁਰੂ ਨੂੰ ਇਹ ਪ੍ਰਵਾਨ ਨਾ ਹੋਵੇ ਤਾਂ ਫਿਰ ਦੂਜੀ ਅਰਦਾਸ ਇੰਜ ਕਰਨੀ ਹੈ: 'ਅਤਿ ਹੀ ਰਣ ਮੈਂ ਤਬ ਜੂਝ ਮਰੋਂ।'

ਸਰੀਰਕ ਮੌਤ ਅਜ ਵੀ ਹੋ ਸਕਦੀ ਹੈ ਤੇ ਕੱਲ ਵੀ, ਚਾਰ ਦਿਨ ਅੱਗੇ ਕੀ ਤੇ ਪਿਛੇ ਕੀ? ਮਰਨਾ ਤਾਂ ਆਖਿਰ ਹੈ ਹੀ — ਫਿਰ ਕਿਉਂ ਨਾ ਅਸੀਂ ਆਪਣੀ ਕੌਮ ਦੀ ਆਨ ਤੇ ਸ਼ਾਨ ਲਈ ਜੂਝ ਕੇ ਮਰੀਏ?

ਇਕ ਗੱਲ ਮੈਂ ਸੁਆਰਥ ਦੀ ਦਲਦਲ ਵਿਚ ਖੁਭੇ ਲੀਡਰਾਂ ਨੂੰ ਵੀ ਕਹਿਦਾ ਹਾਂ ਕਿ ਬੇਸ਼ਰਮੀ ਦੀ ਵੀ ਆਖਿਰ ਕੋਈ ਤਾਂ ਹੱਦ ਹੁੰਦੀ ਹੈ। ਸ੍ਰੀ ਅਕਾਲ ਤਖਤ ਸਾਹਿਬ ਢੁਆਹ ਕੇ, ਦਰਬਾਰ ਸਾਹਿਬ ਦੀ ਹਾਨੀ ਕਰਵਾਕੇ, ਹਜ਼ਾਰਾਂ ਸਿੱਖਾਂ ਦਾ ਕਤਲਾਮ ਕਰਵਾਕੇ, ਆਪਣਾ ਅਪਮਾਨ ਕਰਵਾਕੇ ਅਤੇ ਕੌਮ ਦੀ ਹੇਠੀ ਕਰਵਾਕੇ ਵੀ ਤੁਹਾਡੀ ਤਸੱਲੀ ਨਹੀਂ ਹੋਈ? ਤੁਹਾਡੇ ਦਰਗਾਹੋਂ ਭੁੱਖਿਆਂ ਦੇ ਢਿੱਡ ਅਜੇ ਤੱਕ ਨਹੀਂ ਭਰੇ ਅਤੇ ਅਜੇ ਵੀ ਤੁਸੀਂ ਕੌਮ ਦੇ ਕਾਤਲਾਂ ਵਲੋਂ ਤੁਹਾਡੇ ਸਾਹਮਣੇ ਵਜ਼ੀਰੀਆਂ ਦੀ ਸੁੱਟੀ ਹੱਡੀ ਲਈ ਮੂੰਹ ਅੱਡੀ ਬੈਠੇ ਹੋ? ਤੁਹਾਨੂੰ ਤਾਂ ਚਪਣੀ ਦੇ ਪਾਣੀ ਵਿਚ ਨੱਕ ਡੋਬ ਕੇ ਮਰ ਜਾਣਾ ਚਾਹੀਦਾ ਹੈ।

ਤੁਹਾਨੂੰ ਆਪਣੀਆਂ ਬੁੱਕਲਾਂ ਵਿਚ ਝਾਤੀ ਮਾਰਨੀ ਚਾਹੀਦੀ ਹੈ ਅਤੇ ਆਪਣੀਆਂ ਕਾਲੀਆਂ ਕਰਤੂਤਾਂ ਦੇ ਕਾਲਖ ਦੇ ਧਬੇ ਧੋ ਸੁਟਣੇ ਚਾਹੀਦੇ ਹਨ ਤਾਂ ਜੋ ਸੁਰਖਰੂ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਪਹੁੰਚ ਸਕੋ; ਨਹੀਂ ਤਾਂ ਗਦਾਰੀਆਂ ਦੇ ਕਲੰਕ ਨਾਲ ਇਥੇ ਵੀ ਫਿਟਕਾਰਾਂ ਤੇ ਲਾਅਨਤਾਂ ਪੈਂਦੀਆਂ ਰਹਿਣਗੀਆਂ ਅਤੇ ਗੁਰੂ ਦੇ ਦਰਬਾਰ ਵਿਚ ਵੀ। ਸ਼ਹੀਦਾਂ ਦੇ ਖ਼ੂਨ ਦਾ ਮੁੱਲ ਵੱਟਣ ਵਾਲਿਆਂ ਨੂੰ ਫਿਟਕਾਰਾਂ ਪੈਂਦੀਆਂ ਹੀ ਰਹਿੰਦੀਆਂ ਹਨ।

ਅਜ ਤੁਹਾਡਾ ਹੈ ਕੱਲ ਦਾ ਪਤਾ ਨਹੀਂ! ਪੈਸਾ ਸਭ ਇਥੇ ਹੀ ਰਹਿ ਜਾਣਾ ਹੈ। ਅਰਬਾਂ ਰੁਪੈ ਕਮਾਕੇ ਛੱਡ ਜਾਣ ਵਾਲਾ ਬਲਦੇਵ ਸਿੰਘ ਅੱਜ ਕੌਮੀ ਗ਼ਦਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਪਰ ਸੰਤ ਭਿੰਡਰਾਂਵਾਲਿਆਂ ਸਾਹਮਣੇ ਲੋਕ ਸਤਕਾਰ ਨਾਲ ਸਿਰ ਝੁਕਾ ਰਹੇ ਹਨ। ਆਓ ਜੂਝ ਰਹੇ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸਪੁੱਤਰਾਂ ਦੀਆਂ ਬਾਹਾਂ ਬਣੋ। ਇਕਵਾਰ ਖੁੰਝਿਆ ਇਹ ਮੌਕਾ ਫਿਰ ਹੱਥ ਨਹੀਂ ਆਉਣਾ।

10. ਮੈਂ ਆਪਣੀ ਕੌਮ ਦੇ ਭੈਣ-ਭਰਾਵਾਂ ਤੇ ਮਾਤਾਵਾਂ ਨਾਲ ਵੀ ਇਕ ਗੱਲ ਕਰ ਲਵਾਂ! ਤੁਸੀਂ ਹਰ ਮੌਕੇ ਤੇ ਕੌਮ ਲਈ ਕੁਰਬਾਨੀਆਂ ਦਿੱਤੀਆਂ ਪਰ ਤੁਹਾਡੇ ਆਗੂਆਂ ਤੇ ਜਥੇਦਾਰਾਂ ਨੇ ਗ਼ਦਾਰੀਆਂ ਕੀਤੀਆਂ। ਇਨ੍ਹਾਂ ਤੋਂ ਬਚਣ ਦਾ ਸੌਖਾ ਤਰੀਕਾ ਤਾਂ ਇਹ ਹੈ ਕਿ ਆਪਣੇ ਅੰਦਰ ਸਿਆਸੀ ਸੂਝ ਪੈਦਾ ਕਰੋ। ਆਪਣੀ ਮੰਜ਼ਲ ਸਦਾ ਸਾਹਮਣੇ ਰੱਖੋ। ਆਪਣੀ ਮੰਜ਼ਲ ਦਾ ਆਦਰਸ਼ ਸਾਹਮਣੇ ਰੱਖਣ ਨਾਲ ਕੋਈ ਜਥੇਦਾਰ ਤੁਹਾਨੂੰ ਧੋਖਾ ਨਹੀਂ ਦੇ ਸਕੇਗਾ, ਤੁਹਾਨੂੰ ਆਪਣੇ ਰਾਹ ਤੋਂ ਨਹੀਂ ਥਿੜਕਾ ਸਕੇਗਾ। ਗੁਰਬਾਣੀ ਦੇ ਇਸ ਵਿਸ਼ਵਾਸ ਨੂੰ ਸਦਾ ਚੇਤੇ ਰਖੋ।

ਜਿਸਦੈ ਹੋਵੈ ਵਲਿ ਸੁ ਕਦੇ ਨਾ ਹਾਰਦਾ।

ਅਸੀਂ ਗੁਰੂ ਸਾਹਿਬ ਦੇ ਹੁਕਮ ਨੂੰ ਭੁੱਲ ਬੈਠੇ ਹਾਂ। ਜਦ ਅਸੀਂ ਆਪਣਾ ਸਿਖੀ ਦਾ ਕਰਮ ਹੀ ਛੱਡ ਦਿੱਤਾ ਹੈ 'ਸਾਚਾ ਸਤਿਗੁਰੁ ਕਿਆ ਕਰੇ'?— ਸਤਿਗੁਰੂ ਤਾਂ ਲੜ ਲੱਗਿਆਂ ਦੀ ਹੀ ਬਾਂਹ ਫੜਦਾ ਹੈ। ਜੇ ਅਸੀਂ ਸਤਿਗੁਰੂ ਦਾ ਲੜ ਛੱਡਕੇ 'ਬਿਪਰਨ ਕੀ ਰੀਤ' ਵਿਚ ਜਾ ਵੜੀਏ ਤਾਂ ਸਤਿਗੁਰੂ ਨੇ ਤਾਂ ਇਸਦੀ ਪਹਿਲਾਂ ਹੀ ਚਿਤਾਵਨੀ ਦੇ ਦਿੱਤੀ ਹੋਈ ਹੈ:

ਮੈਂ ਨ ਕਰਉ ਇਨ ਕੀ ਪਰਤੀਤ

ਸਤਿਗੁਰੂ ਦਾ ਸਿਖ ਲਈ ਫੁਰਮਾਨ ਹੈ ਕਿ 'ਪ੍ਰਿਥਮ ਭਗਉਤੀ ਸਿਮਰਕੈ' ਦੇ ਉਪਦੇਸ਼ ਨੂੰ ਸਦਾ ਚੇਤੇ ਰੱਖੋ। ਵਾਹਿਗੁਰੂ ਦੇ ਅਨੇਕ ਗੁਣਾਂ ਵਿਚੋਂ ਸ਼ਕਤੀ (ਬਲ-ਸਮਰਥਾ) ਦੇ ਗੁਣ ਨੂੰ ਹੋਰ ਸਾਰੇ ਗੁਣਾਂ ਤੋਂ ਸ੍ਰੇਸ਼ਟ ਮੰਨੋ। ਸ਼ਕਤੀ ਵਾਹਿਗੁਰੂ ਦੇ ਭਰੋਸੇ ਦੇ ਜਾਪ ਅਤੇ ਸ਼ਸਤਰਾਂ ਦੁਆਰਾ ਪ੍ਰਾਪਤ ਹੁੰਦੀ ਹੈ, ਇਸ ਲਈ ਸ਼ਸਤਰ ਵੀ ਪੀਰਾਂ ਵਾਂਗ ਪੂਜਣਯੋਗ ਹਨ। ਇਸ ਗੱਲ ਦੀ ਪੁਸ਼ਟੀ ਸਤਿਗੁਰਾਂ ਨੇ ਆਪਣੇ ਬਚਨਾਂ ਦੁਆਰਾ ਇੰਜ ਕੀਤੀ ਹੈ:

1. **ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰ ਉਪਾਇਆ।**

ਚੰਡੀ ਦੀ ਵਾਰ, ਦਸਮ ਗ੍ਰੰਥ ਸਾਹਿਬ

2. ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ
ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ।

ਸਸਤਰ ਨਾਮਮਾਲਾ, ਦਸਮ ਗ੍ਰੰਥ ਸਾਹਿਬ

'ਪ੍ਰਿਥਮ ਭਗਉਤੀ ਸਿਮਰਕੈ' ਦੀ ਅਸੀਂ ਸਵੇਰੇ ਸ਼ਾਮ ਅਰਦਾਸ ਕਰਦੇ ਹਾਂ। ਅੰਮ੍ਰਿਤ ਛਕਣ ਸਮੇਂ ਤੋਂ ਸਾਨੂੰ ਸਦਾ ਕਿਰਪਾਨ ਧਾਰਨ ਕਰਨ ਦਾ ਹੁਕਮ ਹੈ। ਇਹ ਸਾਡਾ ਧਾਰਮਕ ਸ਼ਸਤਰ ਅਤੇ ਧਾਰਮਕ ਚਿੰਨ੍ਹ ਹੈ ਜਿਸਦੇ ਰਖਣ ਤੇ ਨਾ ਕੋਈ ਪਾਬੰਦੀ ਹੈ ਅਤੇ ਨਾਹੀ ਵਰਤਣ ਤੇ। ਸਤਿਗੁਰਾਂ ਨੇ ਸਿਖ ਨੂੰ ਸ਼ਸਤਰਧਾਰੀ ਬਣਾਕੇ ਹਰ ਵੇਲੇ ਤਿਆਰ-ਬਰ-ਤਿਆਰ ਰਹਿਣ ਦਾ ਆਦੇਸ਼ ਦਿੱਤਾ। ਕੇਸਾਂ ਤੇ ਸ਼ਸਤਰਾਂ ਤੋਂ ਬਿਨਾਂ ਤਾਂ

ਗੁਰੂ ਸਾਹਿਬ ਸਿਖ ਦੇ ਦਰਸ਼ਨ ਵੀ ਨਹੀਂ ਕਰਨਾ ਚਾਹੁੰਦੇ:

1. **ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ।**

ਗੁਰ ਬਿਲਾਸ ਭਾਈ ਸੁੱਖਾ ਸਿੰਘ

2. **ਬਿਨਾ ਸ਼ਸਤ੍ਰ ਕੇਸੰ ਦਿਉ ਨ ਦਿਦਾਰੇ।**

—ਸੈਨਾਪਤਿ

ਹੁਣ ਸੁਆਲ ਉਠਦਾ ਹੈ ਕਿ ਸਾਡੇ ਵਿਚ ਕਿੰਨੇ ਕੁ ਸਿੰਘ ਹਨ ਜੋ ਗੁਰੂ ਦੇ ਇਸ ਹੁਕਮ ਦੀ ਪਾਲਨਾ ਕਰਦੇ ਹੋਏ ਆਪਣੇ ਕੋਲ ਜਾਂ ਆਪਣੇ ਘਰ ਕ੍ਰਿਪਾਨ ਰਖਦੇ ਹਨ? ਜਿਹੜੇ ਰਖਦੇ ਹਨ ਉਨ੍ਹਾਂ ਵਿਚੋਂ ਕਿੰਨਿਆਂ ਨੇ ਆਪਣੀ, ਆਪਣੀਆਂ ਧੀਆਂ, ਭੈਣਾਂ ਤੇ ਬਚਿਆਂ ਦੀ ਰਖਿਆ ਲਈ, ਘਰਾਂ-ਬਾਰਾਂ ਨੂੰ ਫੂਕੇ ਜਾਣ ਤੋਂ ਬਚਾਉਣ ਲਈ ਅਤੇ ਗੁਰਦਵਾਰਿਆਂ ਤੇ ਗੁਰੂ ਸਰੂਪ ਦੀ ਬੇਹੁਰਮਤੀ ਹੋਣੋ ਰੋਕਣ ਲਈ ਇਸਦੀ ਵਰਤੋਂ ਕੀਤੀ?

ਆਪਣੇ ਬਚਾਓ ਲਈ ਇਸਦੀ ਵਰਤੋਂ ਕਰਨੀ ਜੁਰਮ ਵੀ ਨਹੀਂ ਹੈ। ਜਿੱਥੇ ਕਿਤੇ ਵੀ ਸਿੰਘਾਂ ਨੇ ਆਪਣਾ ਫ਼ਰਜ਼ ਪਛਾਣਿਆ ਤੇ ਕ੍ਰਿਪਾਨਾਂ ਧੂਹ ਲਈਆਂ ਉੱਥੋਂ ਬਲਵਈ ਪਤਰਾ ਵਾਚ ਗਏ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਜਾਨ ਤੇ ਮਾਲ ਦਾ ਬਚਾਅ ਹੋ ਗਿਆ।

ਕਿਤਨੇ ਦੁਖ ਦੀ ਗੱਲ ਹੈ ਕਿ ਸਾਡੇ ਘਰਾਂ ਵਿਚ ਟੈਲੀਵੀਯਨ, ਰੇਡੀਓ ਤੇ ਟੇਪਰੀਕਾਰਡ ਆਦਿ ਦੁਨੀਆਂ ਦੇ ਸਾਰੇ ਮੌਜ-ਮੇਲੇ ਤੇ ਸੁਖ ਦੇ ਸਾਮਾਨ ਦੀ ਭਰਮਾਰ ਹੈ, ਸਾਡੇ ਕੋਲ ਫਿਲਮਾਂ ਵੇਖਣ ਲਈ ਅਤੇ ਸ਼ਰਾਬਾਂ ਪੀਣ ਲਈ ਵਕਤ ਵੀ ਹੈ ਤੇ ਪੈਸਾ ਵੀ ਪਰ ਘਰ ਵਿਚ ਅਸੀਂ ਕ੍ਰਿਪਾਨ ਰਖਣ ਦੀ ਨਾ ਹੀਂ ਲੋੜ ਸਮਝੀ ਤੇ ਨਾ ਹੀਂ ਇਸਦੀ ਵਰਤੋਂ ਦੀ ਜਾਚ ਸਿਖਣ ਦੀ ਕੋਸ਼ਿਸ਼ ਕੀਤੀ। ਸਾਡੇ ਕੋਲ ਇਸ ਵਾਸਤੇ ਨਾ ਪੈਸਾ ਹੈ ਤੇ ਨਾ ਹੀਂ ਵਿਹਲ।

ਅਸੀਂ ਗੁਰੂ ਦੇ ਹੁਕਮ ਭੁਲਾ ਦਿੱਤੇ ਅਤੇ ਸੁਖ ਅਰਾਮ ਦੀ ਨੀਂਦੇ ਸੁੱਤੇ ਰਹੇ ਪਰ ਸਾਡਾ ਦੁਸ਼ਮਣ ਸਾਡੀਆਂ ਜੜ੍ਹਾਂ ਵੱਢਦਾ ਰਿਹਾ। ਸਿੱਟੇ ਵਜੋਂ ਜੋ ਕੌਮ ਨਾਲ ਵਾਪਰਿਆ ਉਹ ਸਭ ਦੇ ਸਾਹਮਣੇ ਹੈ। ਜੇ ਅਸੀਂ ਗੁਰੂ ਦਾ ਹੁਕਮ ਮੰਨਿਆ ਹੁੰਦਾ ਤਾਂ ਜੂਨ ਅਤੇ ਨਵੰਬਰ 1984 ਦੇ ਘਲੂਘਾਰਿਆਂ ਦੇ ਵਹਿਸ਼ੀਆਨਾ ਕਤਲਾਮ ਦਾ ਟਾਕਰਾ ਕਰ ਸਕਦੇ ਅਤੇ ਇਸ ਤਰ੍ਹਾਂ ਸਿੱਖ ਕੌਮ ਦਾ ਨਾ ਤਾਂ ਇਤਨਾ ਜਾਨੀ ਤੇ ਮਾਲੀ ਨੁਕਸਾਨ ਹੋਣਾ ਸੀ ਅਤੇ ਨਾਹੀ ਇਤਨਾ ਅਪਮਾਨ।

ਇਨ੍ਹਾਂ ਘਲੂਘਾਰਿਆਂ ਨੇ ਕੌਮ ਨੂੰ ਹਲੂਣਿਆ ਹੈ। ਸਾਨੂੰ ਜਾਗਣ ਦੀ ਲੋੜ ਹੈ। ਸਾਰੇ ਹਿੰਦੁਸਤਾਨ ਵਿਚੋਂ ਕਿਸੇ ਇਕ ਪ੍ਰਾਂਤਕ ਜਾਂ ਨੈਸ਼ਨਲ ਪਾਰਟੀ, ਪ੍ਰੈੱਸ ਜਾਂ ਸੰਸਥਾ ਨੇ ਸਾਡੇ ਲਈ ਆਹ ਦਾ ਨਾਅਰਾ ਨਹੀਂ ਮਾਰਿਆ। 'ਜਬੈ ਬਾਣ ਲਾਗਯੋ, ਤਬੈ ਰੋਸ ਜਾਗਯੋ' ਅਨੁਸਾਰ ਹੁਣ ਸਾਨੂੰ ਆਪਣੇ ਆਪ ਨੂੰ ਸੰਭਾਲਣ ਦੀ ਲੋੜ ਹੈ।

ਆਓ! ਆਪਣੇ ਗੁਰੂ ਨਾਲ ਸਾਂਝ ਪਾਈਏ ਅਤੇ ਆਪਣੇ ਆਪ ਨੂੰ ਗੁਰੂ ਦੇ ਹੁਕਮ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰੀਏ। ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਕੇ ਰਹੀਏ। ਸ਼ਸਤਰਧਾਰੀ ਹੋਣਾ ਗੁਰੂ ਦਾ ਹੁਕਮ ਹੈ। ਇਸ ਲਈ ਸਿੱਖ ਭਾਵੇਂ ਪੰਜਾਬ ਵਿਚ ਹੈ ਤੇ ਭਾਵੇਂ ਭਾਰਤ ਦੇ ਕਿਸੇ ਹੋਰ ਪ੍ਰਾਂਤ ਵਿਚ, ਘਰ ਵਿਚ ਨਾ ਕੇਵਲ ਸ੍ਰੀ ਸਾਹਿਬ ਦਾ ਹੋਣਾ ਲਾਜ਼ਮੀ ਹੈ ਸਗੋਂ ਇਸਦੀ ਵਰਤੋਂ ਕਰ ਸਕਣਾ ਵੀ ਜ਼ਰੂਰੀ ਹੈ। ਇਸ ਤੋਂ ਬਿਨਾਂ ਹਰ ਸਿੱਖ ਲਈ ਲਾਈਸੈਂਸ ਲੈਕੇ ਘਰ ਵਿਚ ਬੰਦੂਕ ਰਖਣੀ ਵੀ ਜ਼ਰੂਰੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸਪੁਤਰ ਤੇ ਸੁਪਤਰੀਆਂ ਬਣਿਆਂ ਹੀ ਅਸਾਂ ਅਣਖ ਤੇ ਗੈਰਤ ਨਾਲ ਜੀਅ ਸਕਣਾ ਹੈ। ਭੇਡਾਂ ਬੱਕਰੀਆਂ ਦੇ ਇੱਜੜਾਂ ਲਈ ਇਕ ਸ਼ੇਰ ਜਾਂ ਸ਼ੇਰਨੀ ਹੀ ਕਾਫ਼ੀ ਹੁੰਦੀ ਹੈ। ਜਿਥੇ ਵੀ ਬੈਠੇ ਹੋ ਆਪਣੇ ਆਪ ਨੂੰ ਸ਼ਸਤਰਧਾਰੀ ਬਣਾਓ।

ਸਾਡੇ ਗੁਰੂ ਦਾ ਸਿੱਖਾਂ ਲਈ ਹੁਕਮ ਹੈ ਕਿ ਸ਼ਸਤਰਧਾਰੀ ਹੋ ਕੇ ਤਿਆਰ-ਬਰ-ਤਿਆਰ ਹੋ ਕੇ ਹਰ ਥਾਂ ਤੇ ਵਿਚਰਨਾ ਹੈ। ਅੰਗਰੇਜ਼ੀ ਸਰਕਾਰ ਨੇ ਸੰਨ 1914 ਵਿਚ ਕ੍ਰਿਪਾਨ ਨੂੰ ਹਿੰਦੁਸਤਾਨੀ ਹਥਿਆਰਾਂ ਦੀ ਲਿਸਟ ਵਿਚੋਂ ਕੱਢ ਕੇ ਸੰਨ 1917 ਵਿਚ ਇਹ ਕਾਨੂੰਨ ਪਾਸ ਕੀਤਾ ਕਿ ਸਿੱਖ ਕ੍ਰਿਪਾਨ ਪਾ ਕੇ ਹਰ ਥਾਂ ਆ ਜਾ ਸਕਦੇ ਹਨ। ਹਿੰਦੂ ਸਾਮਰਾਜ ਦੇ ਵਿਧਾਨ ਵਿਚ ਵੀ ਇਹ ਹੱਕ ਸਿੱਖਾਂ ਨੂੰ ਦਿੱਤਾ ਗਿਆ ਹੈ ਪਰ ਲਿਖੇ ਦੀ ਹੋਰ ਗੱਲ ਹੈ ਤੇ ਅਮਲ ਦੀ ਹੋਰ ਗੱਲ। ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਪਾਰਲੀਮੈਂਟ ਵਿਚ ਆਪਣੇ ਧਾਰਮਕ ਚਿੰਨ੍ਹ ਨਾਲ ਅੰਦਰ ਨਹੀਂ ਜਾਣ ਦਿੱਤਾ ਗਿਆ। ਜਿਹੜੀ ਪਾਰਲੀਮੈਂਟ ਆਪ ਹੀ ਵਿਧਾਨ ਨੂੰ ਨਹੀਂ ਮੰਨਦੀ ਉਹ ਦੂਜਿਆਂ ਤੋਂ ਕੀ ਉਮੀਦ ਰੱਖ ਸਕਦੀ ਹੈ?

ਸ: ਮਾਨ ਨੇ ਤਾਂ ਸਟੈਂਡ ਲਿਆ ਕਿ ਉਹ ਪਾਰਲੀਮੈਂਟ ਵਿਚ ਜਾਣਗੇ ਤਾਂ ਕ੍ਰਿਪਾਨ ਨਾਲ, ਨਹੀਂ ਤਾਂ ਨਹੀਂ, ਪਰ 'ਬਿਪਰਨ ਦੀ ਰੀਤ' ਵਿਚ ਭ੍ਰਿਸ਼ਟ ਹੋ ਚੁੱਕੀ ਬੁੱਢੀ ਅਕਾਲੀ ਲੀਡਰਸ਼ਿਪ ਦਾ ਕਹਿਣਾ ਹੈ ਕਿ 'ਕ੍ਰਿਪਾਨ ਦੀ ਅੜੀ' ਤਾਂ ਐਵੇਂ ਵਾਧੂ ਦੀ ਹੈ, ਸ: ਮਾਨ ਨੂੰ ਪਾਰਲੀਮੈਂਟ ਵਿਚ ਜਾ ਕੇ ਲੋਕਾਂ ਦੀ ਪ੍ਰਤੀਨਿਧਤਾ ਕਰਨੀ ਚਾਹੀਦੀ ਹੈ।'

ਭਲਾ ਕੋਈ ਪੁੱਛੇ ਇਨ੍ਹਾਂ ਬੇਸ਼ਰਮਾਂ ਨੂੰ! ਗੁਰੂ ਸਾਹਿਬ ਦਾ ਤਾਂ ਹੁਕਮ ਹੈ ਸ਼ਸਤਰਬੱਧ ਹੋ ਕੇ ਹਰ ਥਾਂ ਵਿਚਰਨਾ ਤੇ ਤੁਸੀ ਇਸ ਨੂੰ ਵਾਧੂ ਦੀ ਅੜੀ ਕਹਿ ਰਹੇ ਹੋ।

ਪਿਛਲੇ ਬਤਾਲੀ ਸਾਲਾਂ ਵਿਚ ਤੁਸੀਂ ਸਿੱਖਾਂ ਦੀ ਪ੍ਰਤੀਨਿਧਤਾ ਕਰਕੇ ਕਿਹੜੀ ਖੱਟੀ ਕੀਤੀ ਹੈ ਜੋ ਸ: ਮਾਨ ਨਹੀਂ ਕਰ ਸਕੇ? ਪਾਰਲੀਮੈਂਟ ਦੇ 531 ਹਿੰਦੂ ਸਾਮਰਾਜੀ ਵੱਗ ਅੰਦਰ ਨੌਂ ਸਿੱਖਾਂ ਦੀ ਕਿਸ ਸੁਣਨੀ ਹੈ? ਸਿੱਖਾਂ ਲਈ ਇਹ ਪਾਰਲੀਮੈਂਟ ਇਕ ਫਰਾਡ ਹੈ, ਧੋਖਾ ਹੈ, ਜਾਲ ਹੈ — ਹੋਰ ਕੁਝ ਨਹੀਂ!

ਸਮਾਂ ਹੁਣ ਦਿਲ ਹਾਰਨ ਦਾ ਨਹੀਂ ਸਗੋਂ ਸ਼ਸਤਰਧਾਰੀ ਹੋ ਕੇ ਗੁਰੂ ਨਾਲ ਜੁੜਨ ਦੀ ਲੋੜ ਹੈ। ਇਸੇ ਵਿਚ ਹੀ ਸਮੁੱਚੀ ਕੌਮ ਦੀ ਭਲਾਈ ਹੈ ਅਤੇ ਇਸੇ ਵਿਚ ਸਾਡੀ ਜਾਤੀ ਭਲਾਈ ਹੈ।

ਜਦੋਜਹਿਦ ਵਿਚ ਇਸਤਰੀ ਵਿੰਗ

ਸਾਡੇ ਗੁਰੂ ਸਾਹਿਬਾਨ ਨੇ ਹਜ਼ਾਰਾਂ ਸਾਲਾਂ ਦੀ ਦੱਬੀ-ਕੁਚਲੀ ਔਰਤ ਨੂੰ ਘਿਰਣਾ ਦੇ ਪਹਾੜਾਂ ਥਲਿਉਂ ਕੱਢਕੇ ਉਦੋਂ ਇਸ ਨੂੰ ਮਰਦ ਬਰਾਬਰ ਲਿਆ ਖੜਾ ਕੀਤਾ ਸੀ ਜਦੋਂ ਅਜੇ ਪੱਛਮੀ ਦੇਸ਼ਾਂ ਨੂੰ ਇਸਤਰੀ-ਬਰਾਬਰਤਾ ਦਾ ਸੁਪਨਾ ਵੀ ਨਹੀਂ ਸੀ ਆਇਆ।

ਕਿਸੇ ਕੌਮ ਦੇ ਆਚਰਣ ਨੂੰ ਬਣਾਉਣ ਵਾਲੀਆਂ ਉਸ ਕੌਮ ਦੀਆਂ ਇਸਤਰੀਆਂ ਜਾਂ ਮਾਵਾਂ ਹੀ ਹੁੰਦੀਆਂ ਹਨ। ਸਿੱਖ ਧਰਮ ਵਿਚ ਇਸਤਰੀ ਨੂੰ ਸਤਕਾਰ-ਭਰੀ ਬਰਾਬਰਤਾ ਦੀ ਪਦਵੀ ਹਾਸਲ ਹੈ। ਇਸ ਵਿਚ ਇਸਤਰੀ ਲਈ ਉਹ ਸਭ ਮੌਕੇ ਹਨ ਜੋ ਮਰਦਾਂ ਲਈ ਹਨ।

ਸਿੱਖ ਧਰਮ ਵਿਚ ਇਸਤਰੀ ਸੰਤ-ਸਿਪਾਹੀ ਵੀ ਬਣ ਸਕਦੀ ਹੈ ਅਤੇ ਜਰਨੈਲ ਵੀ, ਧਰਮ-ਪਰਚਾਰਕ ਵੀ ਬਣ ਸਕਦੀ ਹੈ ਅਤੇ ਨੀਤੀਵਾਨ ਵੀ। ਸਿੱਖ ਇਤਿਹਾਸ ਦੀਆਂ ਬਹਾਦਰ ਤੇ ਆਦਰਸ਼ਕ ਇਸਤਰੀਆਂ ਨੇ ਰਬ ਦੇ ਇਸ ਕਮਾਲ ਨੂੰ ਸਾਬਤ ਕਰਕੇ ਰੱਖ ਦਿੱਤਾ ਹੈ ਕਿ ਇਸਤਰੀਆਂ ਲੋੜ ਪੈਣ ਤੇ ਮਰਦਾਂ ਦੇ ਬਰਾਬਰ ਉਤਰ ਸਕਣ ਦੀ ਸ਼ਕਤੀ ਰਖਦੀਆਂ ਹਨ।

ਮਾਈ ਭਾਗੋ ਨੇ ਅਨੰਦਪੁਰ ਸਾਹਿਬ ਤੋਂ ਭੱਜੇ ਸਿੱਖਾਂ ਨੂੰ ਇਕੱਠੇ ਕਰਕੇ ਮੁਕਤਸਰ ਦੀ ਲੜਾਈ ਵਿਚ ਅਗਵਾਈ ਕੀਤੀ। ਮਿਸਲਾਂ ਵੇਲੇ ਆਪਣੇ ਘਰਾਂ ਦੀ ਰਾਖੀ ਲਈ ਸਿੱਖ ਇਸਤਰੀਆਂ ਦੇ ਹਥਿਆਰਬੰਦ ਮੁਕਾਬਲਿਆਂ ਦੀਆਂ ਹਜ਼ਾਰਾਂ ਮਿਸਾਲਾਂ ਮਿਲਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ ਤੇ ਕਬਜ਼ਾ ਅਤੇ ਵਿਰੋਧੀਆਂ ਨੂੰ ਖਤਮ ਕਰ ਸਕਣ ਪਿਛੋਂ ਉਸਦੀ ਸੱਸ ਰਾਣੀ ਸਦਾ ਕੌਰ ਦੀ ਸਿਆਸੀ

ਚਤੁਰਾਈ ਅਤੇ ਫੌਜੀ ਮਦਦ ਸੀ। ਹੌਸਲਾ, ਦ੍ਰਿੜਤਾ ਅਤੇ ਤੀਖਣ ਬੁੱਧੀ ਵਜੋਂ ਉਸ ਵੇਲੇ ਦੀ ਇਕ ਹੋਰ ਬਹੁਤ ਪ੍ਰਸਿਧ ਸਿਖ ਇਸਤਰੀ ਰਾਜਿੰਦਰ ਕੌਰ ਨਾਂ ਦੀ ਵੀ ਹੋਈ ਹੈ।

ਸੰਨ 1793 ਵਿਚ ਜਦ ਮਰਹਟਿਆਂ ਦਾ ਟਿੱਡੀ ਦਲ ਤੋਪਾਂ ਨਾਲ ਲੈਸ ਹੋਕੇ ਪਟਿਆਲੇ ਵੱਲ ਮਾਰੋਮਾਰ ਕਰਦਾ ਵਧਦਾ ਆ ਰਿਹਾ ਸੀ ਤਾਂ ਬੀਬੀ ਸਾਹਿਬ ਕੌਰ ਨੇ ਨੰਗੀ ਤਲਵਾਰ ਸੂਤਕੇ ਆਪਣੀ ਮੁਠੀ ਭਰ ਪਟਿਆਲੇ ਦੀ ਸਿਖ ਫੌਜ ਦੀ ਅਗਵਾਈ ਕੀਤੀ। ਇਸ ਬਹਾਦਰ ਤੇ ਨੀਤੀਵਾਨ ਸਿੱਖ ਬੀਬੀ ਨੇ ਮਰਹਟਿਆਂ ਦੇ ਲਸ਼ਕਰ ਨੂੰ ਮੈਦਾਨੇ-ਜੰਗ ਵਿਚੋਂ ਮਾਰ ਭਜਾਇਆ ਜਿਹੜੇ ਨਠਦਿਆਂ ਆਪਣੀਆਂ ਤੋਪਾਂ, ਦਾਰੂ-ਸਿੱਕਾ, ਰਾਸ਼ਨ ਦੇ ਗੱਡੇ ਅਤੇ ਖਜ਼ਾਨਾ ਵੀ ਛੱਡ ਗਏ। ਇਸੇ ਤਰ੍ਹਾਂ ਹੋਰ ਹਜ਼ਾਰਾਂ ਸਿਦਕਵਾਨ, ਬਹਾਦਰ ਅਤੇ ਨੀਤੀਵਾਨ ਸਿੰਘਣੀਆਂ ਦੇ ਨਾਂ ਸੁਨਹਿਰੀ ਅਖਰਾਂ ਵਿਚ ਲਿਖਣ ਵਾਲੇ ਹਨ ਪਰ ਇਥੇ ਮੇਰਾ ਇਹ ਵਿਸ਼ਾ ਨਹੀਂ ਹੈ ਜਿਸ ਕਰਕੇ ਮੈਂ ਆਪਣੇ ਅਸਲਾ ਨੁਕਤੇ ਵਲ ਆਉਂਦਾ ਹਾਂ।

ਸਾਡੀ ਜਦੋਜਹਿਦ ਵਿਚ ਇਸਤਰੀ ਵਿੰਗ ਦਾ ਹੋਣਾ ਨਾ ਕੇਵਲ ਜ਼ਰੂਰੀ ਹੈ ਸਗੋਂ ਲਾਜ਼ਮੀ ਹੈ ਜਿਸ ਨੂੰ ਅਗੇ ਦੋ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ: ਜੁਝਾਰੂ ਵਿੰਗ ਅਤੇ ਪਰਚਾਰਕ ਵਿੰਗ। ਜੁਝਾਰੂ ਵਿੰਗ ਦਾ ਕੰਮ ਜੁਝਾਰੂ ਸਿੰਘਾਂ ਨਾਲ ਤਾਲ-ਮੇਲ ਰਖਣਾ ਅਤੇ ਪਰਚਾਰਕ ਵਿੰਗ ਦਾ ਕੰਮ ਆਮ ਲੋਕਾਂ ਵਿਚ ਵਿਚਰਕੇ ਉਨ੍ਹਾਂ ਨੂੰ ਜਦੋਜਹਿਦ ਦੀ ਸੇਧ ਤੋਂ ਸੁਚੇਤ ਰਖਣਾ ਹੋਣਾ ਚਾਹੀਦਾ ਹੈ। ਫ਼ਲਸਤੀਨੀ ਮੁਜਾਹਿਦਾਂ ਨੇ ਆਪਣੀ ਅਜ਼ਾਦੀ ਦੀ ਲੜਾਈ ਲੜਨ ਵਾਸਤੇ ਇਕ ਸਪੈਸ਼ਲ ਇਸਤਰੀ ਵਿੰਗ ਬਣਾਇਆ ਹੋਇਆ ਹੈ ਜੋ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜਕੇ ਆਪਣੀ ਅਜ਼ਾਦੀ ਦੀ ਲੜਾਈ ਲੜ ਰਿਹਾ ਹੈ। ਸਾਨੂੰ ਵੀ ਆਪਣੀ ਜਦੋਜਹਿਦ ਨੂੰ ਮਜ਼ਬੂਤ ਬਣਾਉਣ ਲਈ ਸਿੰਘਣੀਆਂ ਦਾ ਇਕ ਵਿੰਗ ਜਲਦੀ ਤੋਂ ਜਲਦੀ ਵਜੂਦ ਵਿਚ ਲਿਆਉਣਾ ਚਾਹੀਦਾ ਹੈ। ਇਸਦੇ ਨਾਲ ਨਾਲ ਮਿਸਲਾਂ ਦੇ ਸੰਕਲਪ ਨੂੰ ਸੁਰਜੀਤ ਕਰਕੇ ਇਸਨੂੰ ਮੀਲ-ਪਥਰ ਬਣਾਕੇ ਅਗੇ ਵਧਣਾ ਚਾਹੀਦਾ ਹੈ।

ਅੰਤਮ ਬੇਨਤੀ

ਮੈਂ ਅੰਤ ਵਿਚ ਸਾਰੇ ਜੁਝਾਰੂਆਂ ਅਗੇ ਇਕ ਵਾਰ ਫਿਰ ਬੇਨਤੀ ਕਰਣੀ ਚਾਹਾਂਗਾ ਕਿ ਭਗਤੀ ਤੇ ਸ਼ਕਤੀ ਵਾਲੇ ਸੰਤ ਸਿਪਾਹੀ ਬਣੇ ਰਹਿਣਾ, ਸਰਬਤ ਦੇ ਭਲੇ ਦੀ ਮੰਜ਼ਲ-ਖਾਲਿਸਤਾਨ ਨੂੰ ਸਦਾ ਸਾਹਮਣੇ ਰਖਣਾ ਅਤੇ ਗੁਰੂ ਦੀ ਓਟ ਲੈਕੇ ਸਦਾ ਵਿਚਰਨਾ ਆਪ ਦਾ ਕੰਮ ਹੈ ਅਤੇ ਬਹੁੜੀ ਕਰਨਾ ਦਸਮੇਸ਼ ਪਿਤਾ ਦਾ ਬਿਰਦ ਹੈ। ਅਜ਼ਾਦ ਖਾਲਿਸਤਾਨ ਸਾਡਾ ਨਿਸ਼ਾਨਾ ਹੈ। ਜਦ ਤੱਕ ਪੰਜਾਬ ਤੇ ਕੇਸਰੀ ਨਿਸ਼ਾਨ ਨਹੀਂ ਝੂਲਦਾ ਅਸੀਂ ਆਪਣੀ ਮੰਜ਼ਲ ਵੱਲ ਵਧਦੇ ਹੀ ਰਹਿਣਾ ਹੈ।

ਇਹ ਸਭ ਕੁਝ ਤਦ ਹੀ ਹੋ ਸਕਦਾ ਹੈ ਜੇ ਅਸੀਂ ਆਪਣੇ ਸੋਮਾ-ਸਰੋਤ ਸ੍ਰੀ ਅਕਾਲ ਤਖਤ ਸਾਹਿਬ ਨੂੰ ਮਜ਼ਬੂਤ ਕਰੀਏ, ਜਿਸਦਾ ਜਥੇਦਾਰ ਪੂਰਨ ਸਿਖ-ਮਰਯਾਦਾ ਦਾ ਧਾਰਨੀ, ਅਮਲੀ ਜੀਵਨ ਵਾਲਾ, ਆਪਾ-ਵਾਰੂ ਅਤੇ ਸੂਝ-ਬੂਝ ਰੱਖਣ ਵਾਲਾ ਪੜ੍ਹਿਆ ਲਿਖਿਆ ਗੁਰਸਿਖ ਹੀ ਬਣਨਾ ਚਾਹੀਦਾ ਹੈ ਜੋ ਲੋੜ ਪੈਣ ਤੇ ਸਿਰ ਤਲੀ ਤੇ ਧਰਕੇ ਕੌਮ ਦੇ ਸ਼ਹੀਦਾਂ ਦੀ ਅਗਵਾਈ ਕਰ ਸਕਦਾ ਹੋਵੇ।

ਸ੍ਰੀ ਅਕਾਲ ਤਖਤ ਸਾਹਿਬ ਦਾ ਜੱਥੇਦਾਰ ਸ਼ਹੀਦ ਭਾਈ ਮਨੀ ਸਿੰਘ ਵਾਂਗ ਸੂਝਵਾਨ, ਨੀਤੀਵਾਨ ਅਤੇ ਆਪਾਵਾਰੂ ਹੋਣਾ ਚਾਹੀਦਾ ਹੈ ਜਿਹੜਾ ਕੌਮ ਨੂੰ ਖਤਰੇ ਵਿਚ ਵੇਖਕੇ ਪੰਥ ਨੂੰ ਸਮੇਂ ਸਿਰ ਸੁਚੇਤ ਕਰੇ ਅਤੇ ਕੌਮੀ ਆਨ-ਸ਼ਾਨ ਨੂੰ ਕਾਇਮ ਰੱਖਣ ਲਈ ਆਪਣੇ ਬੰਦ ਬੰਦ ਕਟਵਾ ਸਕਦਾ ਹੋਵੇ।

ਅਕਾਲ ਤਖਤ ਸਾਹਿਬ ਦਾ ਜਥੇਦਾਰ ਕਿਸੇ ਇਕ ਗਰੁੱਪ ਦਾ ਨਹੀਂ ਹੋਣਾ ਚਾਹੀਦਾ, ਸਗੋਂ ਸਾਰੀ ਕੌਮ

ਵਲੋਂ ਹੋਣਾ ਚਾਹੀਦਾ ਹੈ ਜਿਹੜਾ ਸਾਰੀਆਂ ਸਿਖ ਸੰਪਰਦਾਵਾਂ ਨੂੰ ਇਕ ਫੁਲਵਾੜੀ ਵਾਂਗ ਸਮਝੇ ਅਤੇ ਕੌਮ ਦੀ ਹਰ ਸੰਪਰਦਾ ਦੇ ਫੁੱਲ ਨੂੰ ਇਸਦੀ ਯੋਗ ਥਾਂ ਦੇਕੇ ਇਕ ਸ਼ਾਨਦਾਰ ਕੌਮੀ ਗੁਲਦਸਤਾ ਬਣਾ ਸਕਣ ਦੀ ਯੋਗਤਾ ਰਖਦਾ ਹੋਵੇ। ਬੁਲਿਟ-ਪਰੂਫ਼ ਜਾਕਟਾਂ ਪਾਣ ਵਾਲਾ ਅਤੇ ਸਰਕਾਰੀ ਬੰਦੂਕਾਂ ਦੀ ਛਾਂ ਥੱਲੇ ਵਿਚਰਨ ਵਾਲਾ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਹੀਂ ਹੋਣਾ ਚਾਹੀਦਾ। ਗਰੁਪ-ਨਿਰਲੇਪ, ਸੂਝਵਾਨ, ਨੀਤੀਵਾਨ, ਵਿਦਵਾਨ ਅਤੇ ਨਿਧੜਕ ਜਰਨੈਲ ਹੀ ਜੱਥੇਦਾਰ ਬਣਨਾ ਚਾਹੀਦਾ ਹੈ। ਇਥੋਂ ਨਿਕਲਿਆ ਏਕੇ ਦਾ ਫ਼ੁਰਮਾਨ ਕੌਮ ਦੀ ਕਿਸਮਤ ਬਦਲ ਕੇ ਰਖ ਦੇਣ ਦੀ ਸ਼ਕਤੀ ਰਖਦਾ ਹੈ। ਅਕਾਲ ਤਖਤ ਦੀ ਅਗਵਾਈ ਹੀ ਕੌਮ ਨੂੰ ਇਸ ਘੋਰ ਸੰਕਟ ਵਿਚੋਂ ਕੱਢ ਸਕਦੀ ਹੈ।

ਜਿਹੜਾ ਵੀ ਸਿਖ ਮੰਤਰੀ ਜਾਂ ਕੋਈ ਸਿਖ ਪੁਲਸ ਅਫ਼ਸਰ ਕਿਸੇ ਵੀ ਗੁਰਦਵਾਰੇ ਦੀ ਹਾਨੀ ਕਰਨ ਵਿਚ ਜਾਂ ਕਰਾਉਣ ਵਿਚ ਸਿਧੇ ਜਾ ਅਸਿਧੇ ਤੌਰ ਤੇ ਜ਼ਿਮੇਵਾਰ ਸਾਬਤ ਹੋ ਜਾਵੇ ਤਾਂ ਉਸ ਨੂੰ ਕੌਮੀ ਗ਼ਦਾਰ ਕਰਾਰ ਦੇਕੇ ਸਿਖ ਬਰਾਦਰੀ ਵਿਚੋਂ ਛੇਕ ਦੇਣਾ ਚਾਹੀਦਾ ਹੈ ਅਤੇ ਸਿੰਘ ਉਸਦੇ ਨਾਮ ਨਾਲੋਂ ਹਟਾ ਦਿੱਤੇ ਜਾਣ ਦਾ ਆਦੇਸ਼ ਦੇਣਾ ਚਾਹੀਦਾ ਹੈ।

ਅਜ਼ਾਦੀ ਸਾਡਾ ਨਿਸ਼ਾਨਾ ਹੈ। ਗੁਲਾਮੀ ਦੇ ਸੰਗਲ ਅਸੀਂ ਹੁਣ ਤੋੜ ਕੇ ਹੀ ਸਾਹ ਲੈਣਾ ਹੈ। ਸਿੱਖਾਂ ਹਿੰਦੂ ਬਣਨਾ ਨਹੀਂ, ਲੜਾਈ ਖਤਮ ਹੋਣੀ ਨਹੀਂ। ਰਾਹ ਹੈ ਇਕੋ ਤੇ ਉਹ ਹੈ ਅਜ਼ਾਦ ਖਾਲਿਸਤਾਨ ਦਾ। ਅਵੇਰੇ ਜਾਂ ਸਵੇਰੇ ਇਨ੍ਹਾਂ ਕਾਤਲਾਂ ਤੇ ਕਸਾਈਆਂ ਤੋਂ ਛੁਟਕਾਰਾ ਪਾ ਕੇ ਹੀ ਅਸੀਂ ਹੁਣ ਦਮ ਲੈਣਾ ਹੈ। ਅਜ਼ਮਾਏ ਹੋਏ ਅਕ੍ਰਿਤਘਣਾਂ ਨੂੰ ਅਸੀ ਫਿਰ ਨਹੀਂ ਅਜ਼ਮਾਣਾ ਚਾਹੁੰਦੇ।

ਜੇ ਬ੍ਰਾਹਮਣਵਾਦ ਦੇ ਝਾਂਸਿਆਂ ਵਿਚ ਆਕੇ ਸਿੱਖਾਂ ਨੇ ਹਿੰਦੁਸਤਾਨ ਵਾਸਤੇ ਲੜਾਈਆਂ ਨਾ ਲੜੀਆਂ ਹੁੰਦੀਆਂ ਤਾਂ ਕਸ਼ਮੀਰ ਕਦੋਂ ਦਾ ਅਜ਼ਾਦ ਹੋ ਗਿਆ ਹੁੰਦਾ।

ਜੇ ਸਿੱਖ ਇਤਨੀ ਕਣਕ ਪੈਦਾ ਕਰਕੇ ਵਿਦੇਸ਼ੀ ਕਰੰਸੀ ਨਾ ਬਚਾਂਦੇ ਤਾਂ ਹੁਣ ਤੱਕ ਇਸ ਹਿੰਦੂ ਸਾਮਰਾਜ ਦਾ ਦਿਵਾਲਾ ਨਿਕਲ ਗਿਆ ਹੁੰਦਾ ਅਤੇ ਠੂਠੇ ਅੱਡ ਕੇ ਮੰਗਤਾ ਬਣਿਆ ਹੋਇਆ ਹੁੰਦਾ।

ਜੇ ਸਿੱਖ ਵਿਦੇਸ਼ਾਂ ਤੋਂ ਹਰ ਸਾਲ ਲੱਖਾਂ ਪੌਂਡ ਹਿੰਦੁਸਤਾਨ ਨਾ ਭੇਜਦੇ ਤਾਂ ਫਿਰਕੂ ਸਾਮਰਾਜ ਦੀ ਹੋਸ਼ ਟਿਕਾਣੇ ਆ ਗਈ ਹੁੰਦੀ। ਜਿਨ੍ਹਾਂ ਭੁੱਖਿਆ ਦਾ ਢਿੱਡ ਭਰਿਆ ਉਨ੍ਹਾਂ ਹੀ ਅਕ੍ਰਿਘਣਾਂ ਨੇ ਫੌਜਾਂ ਚਾੜ੍ਹਕੇ ਸਾਡੇ ਅਕਾਲ ਤਖਤ ਸਾਹਿਬ ਨੂੰ ਆ ਢਾਹਿਆ।

ਇਸ ਲਈ ਸੱਪਾਂ ਨੂੰ ਹੋਰ ਦੁੱਧ ਪਿਆਣਾ ਆਪਣੀ ਮੌਤ ਆਪ ਸਹੇੜਣਾ ਹੈ। ਨਾ ਤਾਂ ਅਸੀਂ ਆਪਣੇ ਧਰਮ ਦੀ ਹੋਰ ਹਾਨੀ ਕਰਾਣੀ ਹੈ ਅਤੇ ਨਾਹੀਂ ਆਪਣੀ ਕੌਮ ਨੂੰ ਹੋਰ ਲਹੂ-ਲੁਹਾਨ ਕਰਾਣਾ ਹੈ। ਹੁਣ ਤਾਂ ਅਸਾਂ ਕਾਤਲਾਂ ਤੇ ਅਕ੍ਰਿਤਘਣਾਂ ਤੋਂ ਦੂਰ ਬਹੁਤ ਦੂਰ ਆਪਣਾ ਅਜ਼ਾਦ ਖਾਲਿਸਤਾਨ ਬਣਾਨਾ ਹੈ।

ਕੌਮੀ ਦਰਦ ਰਖਣ ਵਾਲੇ ਸਾਰੇ ਸਿਖ ਵੀਰਾਂ ਤੇ ਭੈਣਾਂ ਨੂੰ ਸਾਵਧਾਨ ਹੋਣ ਦੀ ਲੋੜ ਹੈ। ਹਿੰਦੂ ਸਾਮਰਾਜ ਸਿਖ ਕੌਮ ਨੂੰ ਨਿੱਕੀਆਂ ਨਿੱਕੀਆਂ ਫਿਰਕੂ ਟੁਕੜੀਆਂ ਵਿਚ ਵੰਡਣ ਲਈ ਨਿੱਤ ਨਵੇਂ ਹਥਕੰਡੇ ਵਰਤਣ ਵਿਚ ਰੁੱਝਿਆ ਹੋਇਆ ਹੈ। ਸਿਖ ਧਰਮ ਨੂੰ ਢਾਹ ਲਾਉਣ ਲਈ ਇਸਨੇ ਲੱਖਾਂ ਰੁਪੈ ਖਰਚ ਕੇ ਰਾਧਾ ਸਵਾਮੀਆਂ ਤੇ ਨਿਰੰਕਾਰੀਆਂ ਨੂੰ ਸਾਹਮਣੇ ਲਿਆਂਦਾ ਹੈ ਅਤੇ ਸਿੱਖਾਂ ਨੂੰ ਆਪਸ ਵਿਚ ਪਾੜ ਕੇ ਅਨੇਕਾਂ ਸਿਆਸੀ ਗਰੁੱਪਾਂ ਵਿਚ ਵੰਡ ਦਿੱਤਾ ਹੈ। ਇਥੇ ਹੀ ਬਸ ਨਹੀਂ ਸਿਖ ਕੌਮ ਨੂੰ ਪਾੜਨ ਲਈ ਹੁਣ ਸਿੱਖਾਂ ਅੰਦਰ ਜੱਟ ਅਤੇ ਗੈਰ-ਜੱਟ ਦੇ ਵਖਰੇਵੇਂ ਨਾਲ ਪਾੜੇ ਦੀਆਂ ਵਿੱਥਾਂ ਚੌੜੀਆਂ ਕੀਤੀਆਂ ਜਾ ਰਹੀਆਂ ਹਨ।

ਪਰ ਅਸਾਂ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ ਨੂੰ ਸਦਾ ਸਾਹਮਣੇ ਰਖਣਾ ਹੈ। ਅੰਮ੍ਰਿਤ ਛਕਣ ਮਗਰੋਂ ਖਾਲਸਾ ਪਹਿਲੇ ਪੰਜ ਸੰਸਕਾਰਾਂ ਤੋਂ ਮੁਕਤ ਹੋ ਜਾਂਦਾ ਹੈ।

ੳ. ਪੁਰਾਣੇ ਧਰਮ ਤੋਂ   ਅ. ਪਹਿਲੇ ਕਰਮਾਂ ਤੋਂ

ੲ. ਜਾਤ, ਕਬੀਲੇ ਤੇ ਨਸਲ ਤੋਂ   ਸ. ਪਹਿਲੇ ਬੰਧਨਾਂ ਤੋਂ

ਹ. ਵਹਿਮਾਂ ਭਰਮਾਂ ਤੇ ਕਰਮ ਕਾਂਡਾਂ ਤੋਂ।

ਖਾਲਸੇ ਦੇ ਅੰਮ੍ਰਿਤ ਛਕਣ ਨਾਲ ਜ਼ਾਤਪਾਤੀ ਕਲੰਕ ਸਾਰੇ ਧੋਤੇ ਜਾਂਦੇ ਹਨ:

ਖਾਲਸਾ ਸੋਇ ਪੰਚ ਕਉ ਮਾਰੈ।
ਖਾਲਸਾ ਸੋਇ ਭਰਮ ਕਉ ਸਾੜੈ।
ਖਾਲਸਾ ਸੋਇ ਮਾਨ ਜੋ ਤਿਆਗੈ।
ਖਾਲਸਾ ਸੋ ਪ੍ਰਤ੍ਰਿਆ ਤੇ ਭਾਗੈ।

ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤਿਆਗਣ ਵਾਲੇ ਖਾਲਸੇ ਨੂੰ ਤਾਂ ਗੁਰੂ ਸਾਹਿਬ ਨੇ ਆਪਣਾ ਰੂਪ ਸਮਝਿਆ ਅਤੇ ਉਸਨੂੰ ਆਪਣਾ ਗੁਰੂ ਵੀ ਸਵੀਕਾਰਿਆ:

ਖਾਲਸਾ ਮੇਰੋ ਰੂਪ ਹੈ ਖਾਸ

....

ਖਾਲਸਾ ਮੇਰੋ ਸਤਿਗੁਰ ਪੂਰਾ

ਆਪਣੇ ਜੁਝਾਰੂ ਸਿੰਘਾਂ ਅਗੇ ਇਕ ਵਾਰ ਫਿਰ ਇਹ ਬੇਨਤੀ ਕਰ ਦੇਣੀ ਠੀਕ ਸਮਝਦਾ ਹਾਂ ਕਿ ਲੜਾਈ ਸਾਡੀ ਲੰਮੀ ਹੈ। ਆਪਣੇ ਆਪ ਨੂੰ ਅਜੇਹੀ ਅਵਸਥਾ ਵਿਚ ਨਹੀਂ ਪਾਣਾ ਕਿ ਕਦਮ ਵਾਪਸ ਨਾ ਮੋੜਿਆ ਜਾ ਸਕੇ। ਆਪਣੀ ਤਾਕਤ ਨੂੰ ਵਰਤਣ ਵੇਲੇ ਹਮੇਸ਼ਾ ਇਸ ਅਸੂਲ ਨੂੰ ਚੇਤੇ ਰਖਣਾ ਹੈ ਕਿ ਜਿਸ ਤਰ੍ਹਾਂ ਲੰਪ ਦੀ ਬੱਤੀ ਓਡੀ ਹੀ ਉਚੀ ਕਰਨੀ ਚਾਹੀਦੀ ਹੈ ਜਿੱਡੀ ਨਾਲ ਨਾ ਚਿਮਨੀ ਧੂੰਏਂ ਨਾਲ ਕਾਲੀ ਹੋਵੇ ਤੇ ਨਾਹੀਂ ਟੁੱਟੇ।

ਜਿੱਤ ਹਮੇਸ਼ਾ ਸੱਚ ਦੀ ਹੀ ਹੁੰਦੀ ਆਈ ਹੈ। ਜਿੱਤ ਹੁਣ ਵੀ ਸੱਚ ਦੀ ਹੀ ਹੋਣੀ ਹੈ। ਅਵੇਰੇ ਜਾਂ ਸਵੇਰੇ ਫਤਹਿ ਸਿੰਘਾਂ ਦੀ ਹੈ: ਦੇਰ ਲਗ ਸਕਦੀ ਹੈ, ਪਰ ਫਤਹਿ ਜ਼ਰੂਰੀ ਹੋਣੀ ਹੈ। 'ਨਿਸਚੇ ਕਰ ਅਪਨੀ ਜੀਤ ਕਰੋਂ' ਦੇ ਨਾਅਰੇ ਉਦੋਂ ਤੱਕ ਲਗਦੇ ਰਹਿਣਗੇ ਜਦੋਂ ਤੱਕ ਕਿ ਪੰਜਾਬ ਤੇ ਕੇਸਰੀ ਨਿਸ਼ਾਨ ਝੁੱਲਣ ਨਹੀਂ ਲੱਗ ਜਾਂਦਾ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

ਖਾਲਿਸਤਾਨ ਜਿੰਦਾਬਾਦ!

Sardar S.S. Narang has packed in a single volume authoritative multi-faceted information on Khalistan movement in Panjab. I find his approach passionately subjective as well as statistically objective. This work fulfils a long overdue need of the Sikh masses. I believe that an English version of this work will by and large benefit students of religio-political history in East and West.

--Research-Scholar Angela Kaur

ਸਰਦਾਰ ਸਰੂਪ ਸਿੰਘ ਜੀ ਨਾਰੰਗ ਨੇ ਇਸ ਪੁਸਤਕ ਵਿਚ ਆਪਣੇ ਤੱਥ-ਪੂਰਤ ਵਿਚਾਰਾਂ ਦੁਆਰਾ ਸਿਖ-ਪੰਥ ਦੇ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਸੀ ਨਿਸ਼ਾਨੇ ਸਪਸ਼ਟ ਕੀਤੇ ਹਨ। ਇਹ ਪੁਸਤਕ ਇਕ ਮਹੱਤਵਮਈ ਸ਼ਿਲਾਲੇਖ ਹੈ ਜਿਸ ਵਿਚ ਆਉਣ ਵਾਲੇ ਪੰਜਾਹ ਸਾਲਾਂ ਵਿਚ ਪੰਜਾਬ ਅੰਦਰ ਵਾਪਰਨ ਵਾਲੀਆਂ ਘਟਨਾਵਾਂ ਦਾ ਟ੍ਰੇਲਰ ਪੇਸ਼ ਹੈ।

— ਬੈਰਿਸਟਰ ਹਰਜੀਤ ਸਿੰਘ

ਦਸਮ ਪਿਤਾ ਦੇ ਦਿਲ-ਦਿਮਾਗ ਵਿਚ ਖਾਲਸਾ ਪੰਥ ਦੀ ਨੁਹਾਰ ਅਤੇ ਖਾਲਸਾ ਪੰਥ ਦੇ ਦਰ-ਘਰ ਦੀ ਜੋ ਤਸਵੀਰ ਉਭਰੀ ਸੀ, ਸਰਦਾਰ ਸਰੂਪ ਸਿੰਘ ਨਾਰੰਗ ਜੀ ਦੀ ਇਸ ਪੁਸਤਕ ਵਿਚ ਉਸਦੀ ਸੁਚੱਜੀ ਵਿਆਖਿਆ ਪ੍ਰਾਪਤ ਹੈ। ਇਸ ਪੁਸਤਕ ਵਿਚ ਜੁਝਾਰਵਾਦ ਦੇ ਅਜੋਕੇ ਮੀਲ-ਪੱਥਰ ਦੀ ਵਾਰਤਾ ਅੱਖਰਬੱਧ ਹੈ।

— ਬਲਬੀਰ ਸਿੰਘ ਕੰਵਲ

.... ਸ: ਸਰੂਪ ਸਿੰਘ ਨਾਰੰਗ ਦਾ ਇਹ ਉਦਮ ਸਿਖ ਵਿਦਵਾਨਾਂ ਨੂੰ ਚਣੌਤੀ ਹੈ। .... ਇਹ ਸਮੱਸਿਆ 'ਚਲ ਹਊ' ਵਾਲੀ ਗੱਲ ਨਹੀਂ ਹੈ। ਸਰੂਪ ਸਿੰਘ ਦਾ ਕੰਮ ਸ਼ਲਾਘਾਯੋਗ ਹੈ। ਆਸ ਹੈ ਸਿਖ ਜਗਤ ਇਸ ਖੋਜ-ਪ੍ਰਸੰਗ ਨੂੰ ਜੀ ਆਇਆਂ ਆਖੇਗਾ।

— ਸ਼ਿਵਚਰਨ ਗਿੱਲ

Printed by:
COMPOSET PRINTERS
478 LADY MARGARET ROAD,
SOUTHALL, MIDDX., UB1 2NW, U.K.
Tel: 081 575 8694 Fax: 081 575 8659